PANJAB TIMES
£2
# ਪੰਜਾਬ ਟਾਈਮਜ਼
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
28th August - 4th September 2025 • Issue No. 3095 Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

# ਪੰਜਾਬ ਵਿੱਚ ਹੜ੍ਹਾਂ ਨਾਲ ਆਮ ਜਨ-ਜੀਵਨ ਲੀਹੋਂ ਲੱਥਾ, ਸੈਂਕੜੇ ਪਿੰਡਾਂ ਨਾਲ ਸੰਪਰਕ ਟੁੱਟਿਆ

## ਪੌਂਗ, ਭਾਖੜਾ ਅਤੇ ਰਣਜੀਤ ਸਾਗਰ ਡੈਮ ਵਿੱਚੋਂ ਪਾਣੀ ਛੱਡਣ ਦਾ ਸਿਲਸਿਲਾ ਜਾਰੀ; ਸਰਹੱਦੀ ਜ਼ਿਲ੍ਹਿਆਂ ਦੇ ਕੁਝ ਇਲਾਕਿਆਂ ਵਿਚ ਸਕੂਲ ਬੰਦ

### ਬਾਬੇ ਨਾਨਕ ਦੀ ਧਰਤੀ ਤੇ ਹੜ੍ਹ ਦਾ ਕਹਿਰ


ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨਾਰੋਵਾਲ ਦੇ ਕੁਝ ਸਾਲ ਪਹਿਲਾਂ ਬਣੇ ਨਵੇਂ ਕੰਪਲੈਕਸ ਵਿਖੇ ਸਥਿਤ ਲੰਗਰ ਘਰ, ਪਰਿਕਰਮਾ ਸਰੋਵਰ, ਸਰਾਵਾਂ ਆਦਿ ਵਿਖੇ ਪੰਜ ਤੋਂ ਸੱਤ ਸੱਤ ਫੁੱਟ ਤੱਕ ਪਾਣੀ ਭਰ ਗਿਆ ਹੈ।



### ਮੁੱਖ ਮੰਤਰੀ ਵੱਲੋਂ 27 ਤੋਂ 30 ਅਗਸਤ ਤੱਕ ਪੰਜਾਬ ਦੇ ਸਾਰੇ ਸਕੂਲ ਬੰਦ ਰੱਖਣ ਦੇ ਦਿੱਤੇ ਹੁਕਮ

**ਪੰਜਾਬ ਵਿੱਚ ਲਗਾਤਾਰ ਹੋ ਰਹੀ ਭਾਰੀ ਬਾਰਿਸ਼ ਅਤੇ ਹੜ੍ਹਾਂ ਦੇ ਵਧ ਰਹੇ ਖ਼ਤਰੇ ਨੂੰ ਦੇਖਦਿਆਂ ਮੁੱਖ ਮੰਤਰੀ ਨੇ ਐਲਾਨ ਕੀਤਾ ਹੈ ਕਿ ਪੰਜਾਬ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਐਤਵਾਰ ਤੱਕ ਛੁੱਟੀ ਰਹੇਗੀ।**

ਪੰਜਾਬ ਦੇ ਨਾਲ ਲੱਗਦੇ ਪਹਾੜੀ ਇਲਾਕੇ ਵਿੱਚ ਪਿਛਲੇ ਕਈ ਦਿਨਾਂ ਤੋਂ ਪੈ ਰਹੇ ਮੀਂਹ ਕਰਕੇ ਸੂਬੇ ਦੇ ਸਾਰੇ ਡੈਮ ਅਤੇ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਵੱਧ ਗਿਆ ਹੈ ਜਿਸ ਕਰਕੇ ਅੱਧਾ ਦਰਜਨ ਤੋਂ ਵੱਧ ਜ਼ਿਲ੍ਹਿਆਂ ਦੇ ਸੈਂਕੜੇ ਪਿੰਡ ਹੜ੍ਹ ਦੀ ਮਾਰ ਹੇਠ ਆ ਚੁੱਕੇ ਹਨ। ਇਸ ਨਾਲ ਜਿੱਥੇ ਲੋਕਾਂ ਨੂੰ ਆਪਣੇ ਘਰ ਖਾਲੀ ਕਰਨੇ ਪੈ ਰਹੇ ਹਨ ਉੱਥੇ ਹੀ ਕਿਸਾਨਾਂ ਦੀ ਹਜ਼ਾਰਾਂ ਏਕੜ ਫਸਲ ਵੀ ਪਾਣੀ ਵਿੱਚ ਡੁੱਬ ਗਈ ਹੈ। ਹੜ੍ਹਾਂ ਕਰਕੇ ਪੰਜਾਬ ਵਿੱਚ ਆਮ ਜਨ-ਜੀਵਨ ਪ੍ਰਭਾਵਿਤ ਹੋ ਗਿਆ ਹੈ। ਜਾਣਕਾਰੀ ਅਨੁਸਾਰ ਪੰਜਾਬ ਵਿੱਚ ਪਿਛਲੇ 48 ਘੰਟਿਆਂ ਤੋਂ ਰੁਕ ਰੁਕ ਕੇ ਮੀਂਹ ਪੈ ਰਿਹਾ ਹੈ। ਇਸ ਦੇ ਨਾਲ ਹੀ ਪੰਜਾਬ ਵਿੱਚ ਪੌਂਗ ਡੈਮ, ਭਾਖੜਾ ਡੈਮ ਅਤੇ ਰਣਜੀਤ ਸਾਗਰ ਡੈਮ ਵਿੱਚੋਂ ਲਗਾਤਾਰ ਪਾਣੀ ਛੱਡਿਆ ਜਾ ਰਿਹਾ ਹੈ। ਇਸ ਦੇ ਨਾਲ ਵੀ ਰਾਵੀ ਅਤੇ ਬਿਆਸ ਦਰਿਆ ਵੀ ਚੜ੍ਹੇ ਹੋਏ ਹਨ। ਪ੍ਰਸ਼ਾਸਨ ਨੇ ਸਰਹਦੀ ਜ਼ਿਲ੍ਹਿਆਂ ਗੁਰਦਾਸਪੁਰ, ਤਰਨ ਤਾਰਨ, ਕਪੂਰਥਲਾ, ਫਿਰੋਜ਼ਪੁਰ, ਫਾਜ਼ਿਲਕਾ, ਅੰਮ੍ਰਿਤਸਰ ਅਤੇ ਜਲੰਧਰ ਦੇ ਕੁਝ ਇਲਾਕਿਆਂ ਵਿੱਚ ਸਕੂਲ ਬੰਦ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਹਨ। ਇਸ ਦੇ ਨਾਲ ਹੀ ਫਾਜ਼ਿਲਕਾ ਵਿਚ ਦੋ ਦਰਜਨ ਦੇ ਕਰੀਬ ਪਿੰਡਾਂ ਨੂੰ ਖਾਲੀ ਕਰਨ ਦੇ ਹੁਕਮ ਦਿੱਤੇ ਗਏ ਹਨ।

## ਸਾਬਕਾ ਡਿਪਟੀ ਮੇਅਰ ਹਰਲੀਨ ਦੇ ਯਤਨਾਂ ਸਦਕਾ ਹੰਸਲੋ (ਲੰਡਨ) ਵਿਖੇ ਤੀਆਂ ਦਾ ਮੇਲਾ ਲਗਾਇਆ

ਪੂਰੀ ਖਬਰ ਅੰਦਰ ਦੇਖੋ:



ਹੰਸਲੋ ਤੀਆਂ ਦੇ ਮੇਲੇ ਵਿੱਚ ਇਕੱਤਰ ਹੋਈਆਂ ਬੀਬੀਆਂ ਤਸਵੀਰ- ਮਨਪ੍ਰੀਤ ਸਿੰਘ ਬੱਧਨੀ ਕਲਾਂ

## ਪੱਟੀ ਤਹਿਸੀਲ ’ਚ ਸਰਹੱਦੀ ਖੇਤਰ ਦੇ ਅਨੇਕਾਂ ਪਿੰਡਾਂ ਵਿੱਚ ਹੜ੍ਹ ਦੀ ਮਾਰ



ਪੱਟੀ ਤਹਿਸੀਲ ਦੇ ਸਰਹੱਦੀ ਖੇਤਰ ਅੰਦਰ ਇਕ ਰੋਹੀ ਦੇ ਪਾਣੀ ਨੂੰ ਸੀਤੋ-ਮਹਿ-ਝੁੱਗੀਆਂ ਪਿੰਡ ਨੇੜੇ ਸਤਲੁਜ ਦਰਿਆ ਦੇ ਪਾਣੀ ਦੀ ਡਾਫ਼ ਲੱਗਣ ਕਰਕੇ ਰੋਹੀ ਦੇ ਪਾਣੀ ਨੇ ਇਲਾਕੇ ਅੰਦਰ 30 ਦੇ ਕਰੀਬ ਪਿੰਡਾਂ ਨੂੰ ਆਪਣੇ ਘੇਰੇ ਵਿੱਚ ਲੈ ਲਿਆ ਹੈ ਇਸ ਨਾਲ ਚਾਰ ਚੁਫਾਰਿਓਂ ਭਾਰੀ ਤਬਾਹੀ ਦੀਆਂ ਖਬਰਾਂ ਮਿਲ ਰਹੀਆਂ ਹਨ। ਅਨੇਕਾਂ ਪਰਿਵਾਰ ਪਾਣੀ ਅੰਦਰ ਘਿਰ ਗਏ ਹਨ।

# ਸਿਹਤ ਤੇ ਸੁੰਦਰਤਾ



## ਵਾਲਾਂ ਨੂੰ ਝੜਨ ਤੋਂ ਰੋਕਣ 'ਚ ਲਈ ਅਪਨਾਓ ਇਹ ਨੁਸਖੇ



ਅੱਜ-ਕੱਲ੍ਹ ਵਾਲਾਂ ਦਾ ਝੜਨਾ ਇਕ ਆਮ ਸਮੱਸਿਆ ਬਣ ਗਈ ਹੈ। ਇਸ ਦੇ ਕਾਰਨ ਤਣਾਅ, ਪ੍ਰਦੂਸ਼ਣ, ਹਾਰਮੋਨਲ ਅਸੰਤੁਲਨ ਅਤੇ ਪੋਸ਼ਣ ਦੀ ਘਾਟ ਹੋ ਸਕਦੇ ਹਨ। ਤੁਹਾਡੇ ਰਸੋਈ ਘਰ 'ਚ ਹੀ ਕੁਝ ਅਜਿਹੀਆਂ ਚੀਜ਼ਾਂ ਮੌਜੂਦ ਹਨ ਜੋ ਵਾਲਾਂ ਨੂੰ ਮਜ਼ਬੂਤ ਬਣਾਉਣ ਅਤੇ ਝੜਨ ਤੋਂ ਰੋਕਣ 'ਚ ਮਦਦ ਕਰਦੀਆਂ ਹਨ।

2 ਚਮਚ ਮੇਥੀ ਦੇ ਬੀਜ ਰਾਤ ਭਰ ਪਾਣੀ 'ਚ ਭਿਓਂ ਕੇ ਰੱਖੋ। ਸਵੇਰੇ ਇਸ ਦਾ ਪੇਸਟ ਬਣਾ ਕੇ ਸਕੈਲਪ 'ਤੇ ਲਗਾਓ ਅਤੇ 30 ਮਿੰਟ ਬਾਅਦ ਧੋ ਲਓ। ਮੇਥੀ 'ਚ ਪ੍ਰੋਟੀਨ ਅਤੇ ਨਿਕੋਟੀਨਿਕ ਐਸਿਡ ਹੁੰਦਾ ਹੈ ਜੋ ਵਾਲਾਂ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਦਾ ਹੈ ਅਤੇ ਝੜਨ ਤੋਂ ਰੋਕਦਾ ਹੈ।

ਇਕ ਪਿਆਜ਼ ਕਦੂਕਸ ਕਰਕੇ ਇਸ ਦਾ ਰਸ ਕੱਢੋ। ਰੂੰ ਦੀ ਮਦਦ ਨਾਲ ਸਿਰ 'ਤੇ ਲਗਾਓ। 20-30 ਮਿੰਟ ਬਾਅਦ ਮਾਇਲਡ ਸ਼ੈਂਪੂ ਨਾਲ ਧੋ ਲਓ। ਪਿਆਜ਼ 'ਚ ਮੌਜੂਦ ਸਲਫਰ ਵਾਲਾਂ ਦੀ ਗ੍ਰੋਥ ਵਧਾਉਂਦਾ ਹੈ ਅਤੇ ਡੈਂਡਰਫ ਘਟਾਉਂਦਾ ਹੈ।

ਨਾਰੀਅਲ ਦੇ ਤੇਲ ਨੂੰ ਹਲਕਾ ਗਰਮ ਕਰੋ। ਫਿਰ ਹੌਲੀ-ਹੌਲੀ ਸਿਰ ਦੀ ਮਾਲਿਸ਼ ਕਰੋ। ਰਾਤ ਭਰ ਲਈ ਛੱਡ ਦਿਓ ਅਤੇ ਸਵੇਰੇ ਧੋ ਲਓ। ਨਾਰੀਅਲ ਦਾ ਤੇਲ ਵਾਲਾਂ ਨੂੰ ਜੜ੍ਹ ਤੋਂ ਪੋਸ਼ਣ ਦਿੰਦਾ ਹੈ ਅਤੇ ਉਨ੍ਹਾਂ ਨੂੰ ਨਰਮ ਤੇ ਚਮਕਦਾਰ ਬਣਾਉਂਦਾ ਹੈ।

******

## ਡੌਲੇ ਬਣਾਉਣ ਦੇ ਚੱਕਰ ਵਿਚ ਜ਼ਿਆਦਾ ਪ੍ਰੋਟੀਨ ਨਾ ਲਓ, ਨਹੀਂ ਤਾਂ ਹੋਵੇਗਾ ਸਰੀਰ ਦਾ ਨੁਕਸਾਨ

ਅੱਜਕੱਲ੍ਹ ਫਿਟਨੈਸ ਦਾ ਕ੍ਰੇਜ਼ ਕਾਫ਼ੀ ਵਧ ਗਿਆ ਹੈ ਅਤੇ ਲੋਕ ਆਪਣੀ ਡਾਈਟ ਵਿੱਚ ਪ੍ਰੋਟੀਨ ਨੂੰ ਸ਼ਾਮਲ ਕਰ ਰਹੇ ਹਨ। ਪ੍ਰੋਟੀਨ ਸਰੀਰ ਲਈ ਜ਼ਰੂਰੀ ਹੈ, ਪਰ ਇਸ ਦੀ ਜ਼ਿਆਦਾ ਮਾਤਰਾ ਨੁਕਸਾਨਦੇਹ ਹੋ ਸਕਦੀ ਹੈ। ਇਹ ਤੁਹਾਡੇ ਗੁਰਦਿਆਂ 'ਤੇ ਦਬਾਅ ਪਾ ਸਕਦੀ ਹੈ ਅਤੇ ਕਈ ਹੋਰ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ। ਜੇਕਰ ਤੁਸੀਂ ਲੋੜ ਤੋਂ ਵੱਧ ਪ੍ਰੋਟੀਨ ਲੈ ਰਹੇ ਹੋ, ਤਾਂ ਇਹ 5 ਲੱਛਣ ਤੁਹਾਨੂੰ ਅਲਰਟ ਕਰਦੇ ਹਨ:

ਡੀਹਾਈਡਰੇਸ਼ਨ: ਜੇਕਰ ਤੁਹਾਨੂੰ ਬਹੁਤ ਜ਼ਿਆਦਾ ਪਿਆਸ ਲੱਗਦੀ ਹੈ, ਥਕਾਵਟ ਜਾਂ ਚੱਕਰ ਆਉਂਦੇ ਹਨ, ਤਾਂ ਇਹ ਜ਼ਿਆਦਾ ਪ੍ਰੋਟੀਨ ਕਾਰਨ ਹੋ ਸਕਦਾ ਹੈ।

ਪਿਸ਼ਾਬ ਵਿੱਚ ਝੱਗ: ਪਿਸ਼ਾਬ ਵਿੱਚ ਝੱਗ ਜਾਂ ਬੁਲਬੁਲੇ ਪ੍ਰੋਟੀਨੂਰੀਆ ਦਾ ਸੰਕੇਤ ਹੋ ਸਕਦੇ ਹਨ, ਜੋ ਕਿ ਗੁਰਦਿਆਂ ਦੀ ਸਮੱਸਿਆ ਦਾ ਲੱਛਣ ਹੈ।

ਪਾਚਨ ਸਮੱਸਿਆਵਾਂ: ਜ਼ਿਆਦਾ ਪ੍ਰੋਟੀਨ ਨਾਲ ਭਰਪੂਰ ਖੁਰਾਕ ਪਾਚਨ ਪ੍ਰਣਾਲੀ 'ਤੇ ਦਬਾਅ ਪਾਉਂਦੀ ਹੈ, ਜਿਸ ਨਾਲ ਦਸਤ ਜਾਂ ਕਬਜ਼ ਹੋ ਸਕਦੀ ਹੈ।

ਭਾਰ ਵਧਣਾ: ਪ੍ਰੋਟੀਨ ਭੁੱਖ ਘਟਾਉਂਦਾ ਹੈ, ਪਰ ਇਸਦਾ ਜ਼ਿਆਦਾ ਸੇਵਨ ਅਚਾਨਕ ਭਾਰ ਵਧਾ ਸਕਦਾ ਹੈ।



ਗੁਰਦਿਆਂ ਦੀਆਂ ਸਮੱਸਿਆਵਾਂ: ਜ਼ਿਆਦਾ ਪ੍ਰੋਟੀਨ ਨੂੰ ਪ੍ਰੋਸੈਸ ਕਰਨ ਲਈ ਗੁਰਦਿਆਂ ਨੂੰ ਜ਼ਿਆਦਾ ਕੰਮ ਕਰਨਾ ਪੈਂਦਾ ਹੈ, ਜਿਸ ਨਾਲ ਲੰਬੇ ਸਮੇਂ ਵਿੱਚ ਗੁਰਦਿਆਂ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

### ਸਿਹਤ ਲਈ ਪ੍ਰੋਟੀਨ ਦੀ ਮਹੱਤਤਾ ਅਤੇ ਜ਼ਿਆਦਾ ਮਾਤਰਾ ਦੇ ਖ਼ਤਰੇ

ਪ੍ਰੋਟੀਨ ਮਜ਼ਬੂਤ ਹੱਡੀਆਂ, ਮਾਸਪੇਸ਼ੀਆਂ, ਅਤੇ ਚਮੜੀ ਲਈ ਬਹੁਤ ਮਹੱਤਵਪੂਰਨ ਹੈ। ਇਹ ਸਰੀਰ ਦੇ ਸਹੀ ਵਿਕਾਸ ਲਈ ਇੱਕ ਜ਼ਰੂਰੀ ਪੋਸ਼ਕ ਤੱਤ ਹੈ। ਪਰ, ਜੇਕਰ ਤੁਸੀਂ ਆਪਣੀ ਡਾਈਟ ਵਿੱਚ ਲੋੜ ਤੋਂ ਵੱਧ ਪ੍ਰੋਟੀਨ ਸ਼ਾਮਲ ਕਰਦੇ ਹੋ, ਤਾਂ ਇਹ ਸਰੀਰ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਪ੍ਰੋਟੀਨ ਦੀ ਜ਼ਿਆਦਾ ਮਾਤਰਾ ਨਾਲ ਗੁਰਦੇ ਕਮਜ਼ੋਰ ਹੋ ਸਕਦੇ ਹਨ ਤੇ ਡੀਹਾਈਡਰੇਸ਼ਨ, ਪਾਚਨ ਸਮੱਸਿਆਵਾਂ, ਅਤੇ ਭਾਰ ਵਧਣ ਵਰਗੀਆਂ ਕਈ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਪ੍ਰੋਟੀਨ ਦਾ ਸੇਵਨ ਸੰਤੁਲਿਤ ਮਾਤਰਾ ਵਿੱਚ ਹੀ ਕੀਤਾ ਜਾਵੇ।

********

## * ਚੂੰਢੀਆਂ-ਪੋਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਪੂਰੀ ਆਜ਼ਾਦੀ ਚਾਹੀਦੀ ਹੈ ਤਾਂ ਵਿਆਹ ਹੀ ਨਾ ਕਰਵਾਉ- ਸੁਪਰੀਮ ਕੋਰਟ

-ਨਾ ਚੋਰ ਲੱਗੇ, ਨਾ ਕੁੱਤਾ ਭੌਂਕੇ।



*ਪੰਜਾਬ ਸਰਕਾਰ ਵਲੋਂ ਨਸ਼ਿਆਂ ਨੂੰ ਉਤਸ਼ਾਹਿਤ ਕਰਨ ਵਾਲੇ ਕਲਾਕਾਰ ਨੂੰ ਪ੍ਰੋਗਰਾਮ ਲਈ ਸੱਦਾ ਦਿਤਾ ਗਿਆ- ਗਾਇਕ ਜਸਬੀਰ ਜੱਸੀ

-ਦਾਰੂ-ਬੱਤਾ ਜਿੰਨਾ ਵੱਧ ਵਿਕੇਗਾ ਉਨੀ ਸਰਕਾਰ ਨੂੰ ਵੱਧ ਆਮਦਨ ਹੋਵੇਗੀ, ਬਾਈ ਜਸਬੀਰ ਸਿਆਂ!

*ਵਿਰੋਧੀ ਧਿਰ ਨੇ ਮੁੜ ਸੰਸਦ ਕੰਪਲੈਕਸ ਵਿਚ ਐਸ. ਆਈ. ਆਰ. ਵਿਰੁੱਧ ਕੀਤਾ ਰੋਸ ਪ੍ਰਦਰਸ਼ਨ- ਇਕ ਖ਼ਬਰ

-ਸੱਸ ਪਿੱਟਣੀ ਪੰਜੇਬਾਂ ਪਾ ਕੇ, ਜੱਗ ਭਾਵੇਂ ਕਰੇ ਨਿੰਦਿਆ।



*ਭਾਰਤ-ਚੀਨ ਰਿਸ਼ਤੇ ਪਹਿਲਾਂ ਨਾਲੋਂ ਹੋਏ ਬਿਹਤਰ- ਡੋਭਾਲ

-ਮਰਦੀ ਨੇ ਅੱਕ ਚੱਬਿਆ, ਹਾਰ ਕੇ ਜੇਠ ਨਾਲ਼ ਲਾਈਆਂ।



*ਐਸ. ਆਈ. ਆਰ. ਵੋਟ ਚੋਰੀ ਦਾ ਨਵਾਂ ਹਥਿਆਰ- ਰਾਹੁਲ ਗਾਂਧੀ

-ਠੱਗ ਆਉਂਦੇ ਲੋਕਾਂ ਨੂੰ ਠੱਗਦੇ, ਨਵੇਂ ਨਵੇਂ ਰੂਪ ਧਾਰ ਕੇ।



*ਗਿਆਨੀ ਹਰਪ੍ਰੀਤ ਸਿੰਘ ਦੀ ਜਗ੍ਹਾ ਜੇ ਮੈਂ ਹੁੰਦਾ ਤਾਂ ਕਦੇ ਪ੍ਰਧਾਨ ਨਾ ਬਣਦਾ- ਗਿਆਨੀ ਰਘਬੀਰ ਸਿੰਘ

-ਜੇ ਕਣੀ ਹੁੰਦੀ ਤੇਰੇ ਵਿਚ ਤਾਂ ਹੀ ਪ੍ਰਧਾਨ ਬਣਦਾ।

*ਸੰਸਦ ਦੇ ਮਾਨਸੂਨ ਸੈਸ਼ਨ ਵਿਚ ਆਮ ਲੋਕਾਂ ਦੇ ਸਵਾਲ ਰੁਲ ਗਏ- ਇਕ ਖ਼ਬਰ

-ਕੀ ਬਣਦਾ ਛੱਪੜੀਏ ਤੇਰਾ, ਸੰਨ੍ਹ ਦਰਿਆਵਾਂ ਦੇ।



*ਸ੍ਰੀ ਸਾਹਿਬ ਦੀ ਘਟਨਾ ਨੂੰ ਲੈ ਕੇ ਕੇਂਦਰ ਸਰਕਾਰ ਵਲੋਂ ਮਿਲਿਆ ਸਨਮਾਨ ਵਾਪਸ ਕੀਤਾ ਸਰਪੰਚ ਨੇ-ਇਕ ਖ਼ਬਰ

-ਛੱਡ ਦੇ ਲੜ ਪ੍ਰਦੇਸਣ ਦਾ, ਤੈਨੂੰ ਨਿੱਤ ਦਾ ਰੋਣਾ ਪੈ ਜਾਊਗਾ।

*ਸਿਰਸਾ (ਹਰਿਆਣਾ) ਵਿਚ ਬਿਨਾਂ ਪ੍ਰੀਖਿਆ ਦਿੱਤਿਆਂ ਲੋਕਾਂ ਨੇ ਤੀਹ ਹਜ਼ਾਰ ਰੁਪਏ ਵਿਚ ਖ਼ਰੀਦੀਆਂ ਜਾਅਲੀ ਡਿਗਰੀਆਂ- ਇਕ ਖ਼ਬਰ

-ਖੂਹ ਟੋਭੇ ਤੇਰੀ ਹੁੰਦੀ ਚਰਚਾ, ਚਰਚਾ ਨਾ ਕਰਵਾਈਏ।


*ਮੰਤਰੀ ਮੰਡਲ ਨੇ ਜੀ. ਐਸ. ਟੀ. ਵਿਚ ਬਦਲਾਅ ਕਰਨ ਦੀ ਦਿਤੀ ਮੰਨਜ਼ੂਰੀ- ਇਕ ਖ਼ਬਰ

-ਲੰਡੇ ਊਠ ਨੂੰ ਸ਼ਰਾਬ ਪਿਲਾਵੇ, ਭੈਣ ਬਖ਼ਤੌਰੇ ਦੀ।



*ਭਾਰਤ-ਪਾਕਿ ਮੁੱਦੇ 'ਤੇ ਕਿਸੇ ਦੀ ਵਿਚੋਲਗੀ ਮੰਨਜ਼ੂਰ ਨਹੀਂ- ਜੈਸ਼ੰਕਰ

-ਘੜਾ ਚੁੱਕ ਲਊਂ ਪੱਟਾਂ 'ਤੇ ਹੱਥ ਧਰ ਕੇ, ਖਸਮਾਂ ਨੂੰ ਖਾਣ ਕੁੜੀਆਂ।



*ਚੋਣ ਕਮਿਸ਼ਨ ਅਤੇ ਭਾਜਪਾ ਵਿਚਕਾਰ ਭਾਈਵਾਲੀ ਚਲ ਰਹੀ ਹੈ-ਰਾਹੁਲ ਗਾਂਧੀ

-ਗੋਰੇ ਰੰਗ 'ਤੇ ਝਰੀਟਾਂ ਵੱਜੀਆਂ, ਬੇਰੀਆਂ ਦੇ ਬੇਰ ਖਾਣੀਏਂ।

*ਪੰਜਾਬ 'ਚ ਆਰ. ਐਸ. ਐਸ. ਨੂੰ ਅਕਾਲੀ ਦਲ ਨੇ ਦਿਤੀ ਪੰਜਾਬ ਵਿਚ ਥਾਂ- ਸਿੱਖ ਵਿਦਵਾਨ ਖੁਸ਼ਹਾਲ ਸਿੰਘ

-ਮੇਰੇ ਨਰਮ ਕਾਲ਼ਜੇ ਲੜ ਗਏ, ਲੱਡੂ ਖਾ ਲਏ ਤੇਰੇ ਤੇਲ ਦੇ।



*ਪੰਥ ਅਤੇ ਪੰਜਾਬ ਦੇ ਮੁੱਦਿਆਂ ਦੇ ਹੱਲ ਲਈ ਹਰ ਕੋਸ਼ਿਸ਼ ਜਾਰੀ ਰਹੇਗੀ- ਗਿਆਨੀ ਹਰਪ੍ਰੀਤ ਸਿੰਘ

-ਹੱਥ ਪਕੜ ਜੁੱਤੀ ਮੋਢੇ ਮਾਰ ਬੁੱਕਲ, ਰਾਂਝਾ ਹੋ ਤੁਰਿਆ ਵਾਰਸ ਸ਼ਾਹ ਜੇਹਾ।



*ਮੁੱਖ ਚੋਣ ਕਮਿਸ਼ਨਰ ਵਿਰੁੱਧ ਮਹਾਂਦੋਸ਼ ਦਾ ਪ੍ਰਸਤਾਵ ਲਿਆਉਣ ਲਈ ਵਿਰੋਧੀ ਧਿਰਾਂ ਵਿਚਾਰ ਕਰ ਰਹੀਆਂ ਹਨ- ਇਕ ਖ਼ਬਰ

-ਢਿੱਡ ਢਿੱਲ ਲਿਆ ਬੋਸਕੀ ਵਰਗਾ, ਰੋੜਾਂ ਵਾਲੀ ਕੰਧ ਟੱਪਕੇ।

# ਝੂਠੇ ਮੁਕਾਬਲਿਆਂ ਦੇ ਦੋਸ਼ੀ ਪੁਲਿਸ ਅਫਸਰਾਂ ਨੂੰ ਰਿਹਾਈ ਦੀ ਮੰਗ: ਸਿੱਖ ਭਾਈਚਾਰੇ ਵਿੱਚ ਰੋਸ

**✪ ਜਥੇਦਾਰ ਗੜਗੱਜ ਦਾ ਸਖਤ ਵਿਰੋਧ, ਕਿਹਾ ਕਿ ਨਿਆਂ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ✪ ਪੀੜਤ ਪਰਿਵਾਰਾਂ ਨੂੰ ਦੇਰ ਬਾਅਦ ਮਿਲੇ ਨਿਆਂ ਨੂੰ ਪੁਲਿਸ ਐਸੋਸੀਏਸ਼ਨ ਰਦ ਕਰਨ ਵਲ ਤੁਲੀ ✪ ਪੰਜਾਬ ਪੁਲਿਸ ਵੈਲਫੇਅਰ ਐਸੋਸੀਏਸ਼ਨ ਦੀ ਮੰਗ: ਸੰਵਿਧਾਨਕ ਮੁੱਲਾਂ 'ਤੇ ਸਵਾਲ**



## ਨਿਊਜ ਵਿਸ਼ਲੇਸ਼ਣ

ਪੰਜਾਬ ਵਿੱਚ 1980-90 ਦੇ ਦਹਾਕੇ ਵਿੱਚ ਵਾਪਰੇ ਝੂਠੇ ਪੁਲਿਸ ਮੁਕਾਬਲਿਆਂ ਨੇ ਹਜ਼ਾਰਾਂ ਸਿੱਖ ਨੌਜਵਾਨਾਂ ਦੀਆਂ ਜ਼ਿੰਦਗੀਆਂ ਨੂੰ ਨਿਗਲ ਲਿਆ ਸੀ। ਉਹ ਵੇਲਾ ਸੀ ਜਦੋਂ ਖਾਲਿਸਤਾਨ ਅੰਦੋਲਨ ਦੇ ਨਾਂਅ ਤੇ ਪੁਲਿਸ ਵੱਲੋਂ ਬੇਕਸੂਰਾਂ ਨੂੰ ਚੁੱਕ ਕੇ ਮਾਰਨਾ ਆਮ ਹੋ ਗਿਆ ਸੀ। ਅੱਜ ਤੀਹ-ਤੀਹ ਸਾਲ ਬਾਅਦ ਵੀ ਉਹ ਜ਼ਖਮ ਨਹੀਂ ਭਰੇ ਅਤੇ ਹੁਣ ਇੱਕ ਨਵਾਂ ਵਿਵਾਦ ਖੜ੍ਹਾ ਕੀਤਾ ਗਿਆ ਹੈ। ਪੰਜਾਬ ਪੁਲਿਸ ਵੈਲਫੇਅਰ ਐਸੋਸੀਏਸ਼ਨ ਵੱਲੋਂ ਉਹਨਾਂ ਪੁਲਿਸ ਅਫਸਰਾਂ ਨੂੰ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਰਿਹਾਅ ਕਰਨ ਅਤੇ ਉਹਨਾਂ ਨੂੰ ਪੈਨਸ਼ਨ ਵਰਗੀਆਂ ਸਹੂਲਤਾਂ ਬਹਾਲ ਕਰਨ ਦੀ ਮੰਗ ਨੇ ਸਿੱਖ ਭਾਈਚਾਰੇ ਵਿੱਚ ਰੋਸ ਪੈਦਾ ਕਰ ਦਿੱਤਾ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਮੰਗ ਨੂੰ ਗੈਰ-ਇਕਲਾਖੀ ਅਤੇ ਗੈਰ-ਸੰਵਿਧਾਨਕ ਕਹਿ ਕੇ ਸਖਤ ਵਿਰੋਧ ਕੀਤਾ ਹੈ। ਉਹ ਕਹਿੰਦੇ ਹਨ ਕਿ ਇਹ ਪੀੜਤ ਪਰਿਵਾਰਾਂ ਨਾਲ ਬੇਇਨਸਾਫੀ ਹੋਵੇਗੀ ਅਤੇ ਅਦਾਲਤਾਂ ਵੱਲੋਂ ਦਿੱਤੀਆਂ ਸਜ਼ਾਵਾਂ ਤੇ ਅਦਾਲਤੀ ਸਿਸਟਮ ਨੂੰ ਬੇਕਾਰ ਕਰ ਦੇਵੇਗੀ।

ਇਥੇ ਜ਼ਿਕਰਯੋਗ ਹੈ ਕਿ 1980 ਤੋਂ 1990 ਦੇ ਦਹਾਕੇ ਵਿੱਚ ਪੰਜਾਬ ਵਿੱਚ ਖਾਲਿਸਤਾਨ ਅੰਦੋਲਨ ਦੇ ਨਾਂਅ ਤੇ ਪੁਲਿਸ ਅਤੇ ਸੁਰੱਖਿਆ ਬਲਾਂ ਵੱਲੋਂ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਚੁੱਕ ਕੇ ਝੂਠੇ ਮੁਕਾਬਲਿਆਂ ਵਿੱਚ ਮਾਰਨ ਦੇ ਮਾਮਲੇ ਵਾਪਰੇ ਸਨ। ਇਹ ਵੇਲਾ ਪੰਜਾਬ ਲਈ ਬਹੁਤ ਸੰਤਾਪ ਭਰਿਆ ਸੀ। ਪੁਲਿਸ ਅਫਸਰਾਂ ਨੂੰ ਉਹ ਵੇਲੇ ਤੱਕ ਤਰੱਕੀਆਂ ਅਤੇ ਇਨਾਮ ਮਿਲਦੇ ਸਨ ਜੇ ਉਹ ਅਜਿਹੇ ਝੂਠੇ ਮੁਕਾਬਲੇ ਨੂੰ ਸੱਚਾ ਦੱਸ ਕੇ ਨੌਜਵਾਨਾਂ ਨੂੰ ਮਾਰਦੇ ਸਨ। ਪਰ ਬਾਅਦ ਵਿੱਚ ਜਾਂਚਾਂ ਨੇ ਖੁਲਾਸਾ ਕੀਤਾ ਕਿ ਬਹੁਤ ਸਾਰੇ ਮਾਮਲੇ ਝੂਠੇ ਸਨ। ਬੇਕਸੂਰ ਨੌਜਵਾਨਾਂ ਨੂੰ ਘਰਾਂ ਤੋਂ ਚੁੱਕ ਕੇ ਟਾਰਚਰ ਕੀਤਾ ਜਾਂਦਾ ਸੀ ਅਤੇ ਫਿਰ ਉਹਨਾਂ ਨੂੰ ਮੁਕਾਬਲੇ ਵਿੱਚ ਮਾਰਨ ਦਾ ਨਾਟਕ ਰਚਾਇਆ ਜਾਂਦਾ ਸੀ। ਇਹਨਾਂ ਮਾਮਲਿਆਂ ਵਿੱਚ ਸੀਬੀਆਈ ਅਤੇ ਹੋਰ ਅਦਾਲਤਾਂ ਨੇ ਲੰਮੀ ਜਾਂਚ ਤੋਂ ਬਾਅਦ ਪੁਲਿਸ ਅਫਸਰਾਂ ਨੂੰ ਦੋਸ਼ੀ ਠਹਿਰਾਇਆ ਸੀ। ਹਾਲ ਹੀ ਵਿੱਚ ਅਗਸਤ 2025 ਵਿੱਚ ਮੋਹਾਲੀ ਦੀ ਸੀਬੀਆਈ ਅਦਾਲਤ ਨੇ 1993 ਵਿੱਚ ਤਰਨਤਾਰਨ ਵਿੱਚ ਵਾਪਰੇ ਇੱਕ ਫੇਕ ਐਨਕਾਊਂਟਰ ਵਿੱਚ ਪੰਜ ਰਿਟਾਇਰਡ ਪੁਲਿਸ ਅਫਸਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਇਹ ਅਫਸਰ ਹਨ: ਭੂਤਪੂਰਵ ਐੱਸਐੱਸਪੀ ਭੁਪਿੰਦਰਜੀਤ ਸਿੰਘ, ਡੀਐੱਸਪੀ ਦਵਿੰਦਰ ਸਿੰਘ, ਇੰਸਪੈਕਟਰ ਸੂਬਾ ਸਿੰਘ ਅਤੇ ਏਐੱਸਆਈ ਗੁਲਾਬ ਸਿੰਘ ਤੇ ਹੋਰ। ਇਸ ਕੇਸ ਵਿੱਚ ਸੱਤ ਨੌਜਵਾਨਾਂ ਨੂੰ ਚੁੱਕ ਕੇ ਟਾਰਚਰ ਕੀਤਾ ਗਿਆ ਅਤੇ ਫਿਰ ਮਾਰ ਦਿੱਤਾ ਗਿਆ ਸੀ। ਅਦਾਲਤ ਨੇ ਕਿਹਾ ਸੀ ਕਿ ਇਹ ਅਫਸਰਾਂ ਨੇ ਝੂਠੇ ਰਿਕਾਰਡ ਬਣਾਏ ਹਨ ਅਤੇ ਨੌਜਵਾਨਾਂ ਨੂੰ ਬੇਰਹਿਮੀ ਨਾਲ ਮਾਰਿਆ ਸੀ। ਇਹ ਬਹੁਤ ਵੱਡਾ ਅਪਰਾਧ ਹੈ ਸਰਕਾਰੀ ਵਰਦੀ ਵਿਚ ਇਸ ਤੋਂ ਪਹਿਲਾਂ ਜੁਲਾਈ 2025 ਵਿੱਚ ਇੱਕ ਹੋਰ ਕੇਸ ਵਿੱਚ ਭੂਤਪੂਰਵ ਐੱਸਪੀ ਪਰਮਜੀਤ ਸਿੰਘ ਨੂੰ 10 ਸਾਲਾਂ ਦੀ ਸਜ਼ਾ ਮਿਲੀ ਸੀ।

ਹੁਣ ਸਵਾਲ ਇਹ ਹੈ ਕਿ ਹੁਣ ਤੱਕ ਕਿੰਨੇ ਅਜਿਹੇ ਪੁਲਿਸ ਅਫਸਰਾਂ ਨੂੰ ਸਜ਼ਾ ਹੋ ਚੁੱਕੀ ਹੈ? ਸਾਡੀ ਰਿਸਰਚ ਮੁਤਾਬਕ, ਪਿਛਲੇ ਕੁਝ ਸਾਲਾਂ ਵਿੱਚ ਲਗਭਗ 129 ਪੁਲਿਸ ਅਫਸਰਾਂ ਨੂੰ ਅਜਿਹੇ ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਉਹਨਾਂ ਨੂੰ ਸਜ਼ਾਵਾਂ ਮਿਲੀਆਂ ਹਨ। ਇਹ ਅੰਕੜਾ ਬਹੁਤ ਵੱਡਾ ਹੈ ਅਤੇ ਇਹ ਦੱਸਦਾ ਹੈ ਕਿ ਝੂਠੇ ਮੁਕਾਬਲਿਆਂ ਦੀ ਵਿਆਪਕਤਾ ਕਿੰਨੀ ਸੀ। ਉਦਾਹਰਨ ਵਜੋਂ, 1991 ਵਿੱਚ ਪੀਲੀਭੀਤ ਵਿੱਚ 11 ਸਿੱਖ ਯਾਤਰੀਆਂ ਨੂੰ ਮਾਰਨ ਵਾਲੇ ਮਾਮਲੇ ਵਿੱਚ 47 ਪੁਲਿਸ ਅਫਸਰਾਂ ਨੂੰ ਉਮਰ ਕੈਦ ਹੋਈ ਸੀ। ਇਸ ਤੋਂ ਇਲਾਵਾ, 1993 ਕਪੂਰਥਲਾ ਮਾਮਲੇ ਵਿੱਚ ਤਿੰਨ ਅਫਸਰਾਂ ਨੂੰ ਸਜ਼ਾ ਹੋਈ ਸੀ ਅਤੇ ਹੋਰ ਕਈ ਕੇਸਾਂ ਵਿੱਚ ਵੀ ਅਫਸਰਾਂ ਨੂੰ ਉਮਰ ਕੈਦ ਜਾਂ ਲੰਮੀਆਂ ਸਜ਼ਾਵਾਂ ਮਿਲੀਆਂ ਸਨ। ਪਰ ਇਹਨਾਂ ਮਾਮਲਿਆਂ ਵਿੱਚ ਨਿਆਂ ਮਿਲਣ ਵਿੱਚ ਤੀਹ ਸਾਲਾਂ ਤੱਕ ਦਾ ਵਕਤ ਲੱਗ ਗਿਆ ਹੈ। ਪੀੜਤ ਪਰਿਵਾਰਾਂ ਨੇ ਲੰਮੀ ਕਾਨੂੰਨੀ ਲੜਾਈ ਲੜੀ ਹੈ ਅਤੇ ਬਹੁਤ ਕੁਝ ਸਹਿਣਾ ਪਿਆ ਸੀ। ਬਹੁਤ ਸਾਰੇ ਪੀੜਤਾਂ ਦੇ ਮਾਪੇ ਤਾਂ ਨਿਆਂ ਵੇਖੇ ਬਿਨਾਂ ਹੀ ਮਰ ਗਏ ਹਨ। ਇਸ ਵੇਲੇ ਵੀ ਕਈ ਮਾਮਲੇ ਅਦਾਲਤਾਂ ਵਿੱਚ ਲਟਕ ਰਹੇ ਹਨ ਅਤੇ ਪੀੜਤ ਨਿਆਂ ਦੀ ਉਡੀਕ ਵਿੱਚ ਹਨ।

ਹੁਣੇ ਜਿਹੇ ਪੰਜਾਬ ਪੁਲਿਸ ਵੈਲਫੇਅਰ ਐਸੋਸੀਏਸ਼ਨ ਨੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਅਪੀਲ ਕੀਤੀ ਕਿ ਉਹਨਾਂ ਅਫਸਰਾਂ ਨੂੰ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਰਿਹਾਅ ਕੀਤਾ ਜਾਵੇ ਅਤੇ ਉਹਨਾਂ ਨੂੰ ਪੈਨਸ਼ਨ ਅਤੇ ਹੋਰ ਸਹੂਲਤਾਂ ਬਹਾਲ ਕੀਤੀਆਂ ਜਾਣ। ਐਸੋਸੀਏਸ਼ਨ ਦਾ ਕਹਿਣਾ ਹੈ ਕਿ ਉਹ ਅਫਸਰ ਉਸ ਵੇਲੇ ਦੇ ਹਾਲਾਤਾਂ ਵਿੱਚ ਡਿਊਟੀ ਨਿਭਾ ਰਹੇ ਸਨ ਅਤੇ ਹੁਣ ਉਹਨਾਂ ਨੂੰ ਰਾਹਤ ਮਿਲਣੀ ਚਾਹੀਦੀ ਹੈ। ਇਸ ਮੰਗ ਨੇ ਸਿੱਖ ਭਾਈਚਾਰੇ ਵਿੱਚ ਤੂਫਾਨ ਖੜ੍ਹਾ ਕਰ ਦਿੱਤਾ ਹੈ। ਬਹੁਤ ਸਾਰੇ



ਲੋਕ ਇਸ ਨੂੰ ਪੀੜਤਾਂ ਨਾਲ ਮਜ਼ਾਕ ਮੰਨ ਰਹੇ ਹਨ। ਪੀੜਤ ਪਰਿਵਾਰਾਂ ਨੇ ਕਿਹਾ ਹੈ ਕਿ ਜੇ ਅਜਿਹਾ ਹੋਇਆ ਤਾਂ ਉਹ ਵਿਰੋਧ ਕਰਨਗੇ ਅਤੇ ਅੰਦੋਲਨ ਛੇੜਨਗੇ। ਐਸੋਸੀਏਸ਼ਨ ਨੂੰ ਇਸ ਮੰਗ ਨੂੰ ਵਾਪਸ ਲੈਣ ਲਈ ਵੀ ਕਿਹਾ ਜਾ ਰਿਹਾ ਹੈ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਮੰਗ ਨੂੰ ਸਖਤ ਵਿਰੋਧ ਕੀਤਾ ਹੈ। ਉਹਨਾਂ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਮੰਗ ਗੈਰ-ਇਕਲਾਖੀ ਅਤੇ ਗੈਰ-ਸੰਵਿਧਾਨਕ ਹੈ। ਉਹਨਾਂ ਨੇ ਰਾਜਪਾਲ ਨੂੰ ਅਪੀਲ ਕੀਤੀ ਕਿ ਉਹ ਅਜਿਹੀ ਮੰਗ ਨੂੰ ਨਜ਼ਰਅੰਦਾਜ਼ ਕਰਨ ਅਤੇ ਪੀੜਤਾਂ ਨੂੰ ਨਿਆਂ ਯਕੀਨੀ ਬਣਾਉਣ। ਜਥੇਦਾਰ ਨੇ ਕਿਹਾ ਕਿ ਇਹ ਅਫਸਰਾਂ ਨੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਚੁੱਕ ਕੇ ਮਾਰਿਆ ਸੀ ਅਤੇ ਉਹਨਾਂ ਨੂੰ ਸਜ਼ਾ ਮਿਲਣੀ ਜ਼ਰੂਰੀ ਹੈ। ਉਹਨਾਂ ਨੇ ਬਾਬਾ ਚਰਨ ਸਿੰਘ ਕਾਰ ਸੇਵਾ ਵਾਲੇ, ਭਾਈ ਜਸਵੰਤ ਸਿੰਘ ਖਾਲੜਾ ਅਤੇ ਹੋਰਾਂ ਨੂੰ ਮਾਰਨ ਵਾਲੇ ਮਾਮਲਿਆਂ ਨੂੰ ਯਾਦ ਕਰਵਾਇਆ ਅਤੇ ਕਿਹਾ ਕਿ ਇਹਨਾਂ ਵਿੱਚ ਲੰਮੀ ਲੜਾਈ ਤੋਂ ਬਾਅਦ ਨਿਆਂ ਮਿਲਿਆ ਹੈ। ਜੇ ਉਹਨਾਂ ਨੂੰ ਰਿਹਾਅ ਕੀਤਾ ਗਿਆ ਤਾਂ ਇਹ ਪੀੜਤ ਪਰਿਵਾਰਾਂ ਨਾਲ ਬੇਇਨਸਾਫੀ ਹੋਵੇਗੀ। ਬੰਦੀ ਸਿੰਘਾਂ ਨੇ ਤੀਹ ਸਾਲ ਜੇਲ੍ਹਾਂ ਵਿੱਚ ਕੱਟੇ ਹਨ ਅਤੇ ਉਹਨਾਂ ਦੀ ਰਿਹਾਈ ਸੰਵਿਧਾਨ ਅਨੁਸਾਰ ਹੈ, ਜਦਕਿ ਇਹ ਅਫਸਰ ਅਜ਼ਾਦ ਰਹੇ ਹਨ ਅਤੇ ਹੁਣ ਸਜ਼ਾ ਭੁਗਤ ਰਹੇ ਹਨ। ਜਥੇਦਾਰ ਨੇ ਪੰਜਾਬ ਸਰਕਾਰ ਨੂੰ ਵੀ ਚੇਤਾਵਨੀ ਦਿੱਤੀ ਕਿ ਜੇ ਉਹ ਅਜਿਹੀ ਨੀਤੀ ਅਪਣਾਏਗੀ ਤਾਂ ਇਹ ਸਿੱਖਾਂ ਨਾਲ ਅਨਿਆਂ ਕਰਨ ਵਾਲੀ ਨੀਤੀ ਵੱਲ ਇਸ਼ਾਰਾ ਕਰੇਗੀ ਅਤੇ ਸਿੱਖ ਪੰਥ ਵਿਚ ਰੋਸ ਵਧੇਗਾ। ਉਹਨਾਂ ਨੇ ਕਿਹਾ ਕਿ ਇਹ ਮਾਮਲਾ ਮਨੁੱਖੀ ਅਧਿਕਾਰਾਂ ਨਾਲ ਜੁੜਿਆ ਹੈ ਅਤੇ ਫੈਸਲਾ ਸਿੱਖ ਭਾਵਨਾਵਾਂ ਅਨੁਸਾਰ ਹੋਣਾ ਚਾਹੀਦਾ ਹੈ।

ਅਕਾਲੀ ਦਲ ਦੀ ਆਗੂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਝੂਠੇ ਮੁਕਾਬਲਿਆਂ ਨੇ ਪੰਜਾਬ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ ਅਤੇ ਅਜਿਹੇ ਅਫਸਰਾਂ ਨੂੰ ਰਾਹਤ ਨਹੀਂ ਮਿਲਣੀ ਚਾਹੀਦੀ। ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਜੇ ਤੱਕ ਖੁੱਲ੍ਹ ਕੇ ਨਹੀਂ ਬੋਲਿਆ ਪਰ ਪਾਰਟੀ ਵੱਲੋਂ ਕਿਹਾ ਗਿਆ ਹੈ ਕਿ ਅਦਾਲਤੀ ਫੈਸਲੇ ਨੂੰ ਮੰਨਿਆ ਜਾਵੇਗਾ ਅਤੇ ਨਿਆਂ ਨੂੰ ਯਕੀਨੀ ਬਣਾਇਆ ਜਾਵੇਗਾ। ਕਾਂਗਰਸ ਪਾਰਟੀ ਨੇ ਵੀ ਵਿਰੋਧ ਕੀਤਾ ਹੈ ਅਤੇ ਕਿਹਾ ਕਿ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਸਿੱਖ ਨੌਜਵਾਨਾਂ ਦੇ ਕਾਤਲਾਂ ਨੂੰ ਕੋਈ ਰਾਹਤ ਨਹੀਂ ਮਿਲਣੀ ਚਾਹੀਦੀ। ਬੁੱਧੀਜੀਵੀ ਜਸਪਾਲ ਸਿੰਘ ਮੰਝਪੁਰ ਅਤੇ ਹੋਰਾਂ ਨੇ ਕਿਹਾ ਕਿ ਇਹ ਮਾਮਲਾ ਪੰਜਾਬ ਦੇ ਕਾਲੇ ਅਧਿਆਏ ਨੂੰ ਯਾਦ ਕਰਵਾਉਂਦਾ ਹੈ ਅਤੇ ਨਿਆਂ ਨੂੰ ਕਮਜ਼ੋਰ ਨਹੀਂ ਕੀਤਾ ਜਾਣਾ ਚਾਹੀਦਾ।

ਇਸ ਮਾਮਲੇ ਨੇ ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੇ ਮੁੱਦੇ ਨੂੰ ਫਿਰ ਤੋਂ ਉਠਾਇਆ ਹੈ। ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਵਰਗੀਆਂ ਸੰਸਥਾਵਾਂ ਨੇ ਕਿਹਾ ਕਿ ਸਰਕਾਰ ਨੂੰ ਨਿਆਂ ਯਕੀਨੀ ਬਣਾਉਣਾ ਚਾਹੀਦਾ ਹੈ ਅਤੇ ਅਜਿਹੀਆਂ ਮੰਗਾਂ ਨੂੰ ਰੱਦ ਕਰਨਾ ਚਾਹੀਦਾ ਹੈ। ਜੇ ਅਜਿਹਾ ਨਹੀਂ ਹੋਇਆ ਤਾਂ ਇਹ ਅੰਦੋਲਨ ਨੂੰ ਜਨਮ ਦੇ ਸਕਦਾ ਹੈ। ਸਿੱਖ ਭਾਈਚਾਰੇ ਵਿੱਚ ਇਹ ਵੀ ਚਰਚਾ ਹੈ ਕਿ ਸਰਕਾਰ ਪੁਲਿਸ ਨੂੰ ਬਚਾਉਣ ਵਿੱਚ ਲੱਗੀ ਹੈ ਅਤੇ ਨਿਆਂ ਨੂੰ ਕਮਜ਼ੋਰ ਕਰ ਰਹੀ ਹੈ।

ਅੰਤ ਵਿੱਚ, ਇਹ ਮਾਮਲਾ ਪੰਜਾਬ ਦੇ ਇਤਿਹਾਸ ਨੂੰ ਫਿਰ ਤੋਂ ਜਿਉਂਦਾ ਕਰ ਰਿਹਾ ਹੈ। ਪੀੜਤ ਪਰਿਵਾਰਾਂ ਨੂੰ ਨਿਆਂ ਮਿਲਣਾ ਚਾਹੀਦਾ ਹੈ ਅਤੇ ਅਜਿਹੀਆਂ ਮੰਗਾਂ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ। ਜੇ ਸਰਕਾਰ ਨੇ ਅਜਿਹਾ ਨਹੀਂ ਕੀਤਾ ਤਾਂ ਇਹ ਵੱਡੇ ਵਿਰੋਧ ਨੂੰ ਜਨਮ ਦੇ ਸਕਦਾ ਹੈ।

# ਤਾਮਿਲ ਸਿੱਖ ਸੰਗਤ ਦੀ ਮੰਗ: ਘੱਟ ਗਿਣਤੀ ਦਰਜੇ ਦੀ ਜ਼ਰੂਰਤ

## ✪ ਅਧਿਕਾਰੀਆਂ ਦੀ ਨਾਲਾਇਕੀ ਕਾਰਣ ਭਾਈਚਾਰਕ ਸਰਟੀਫਿਕੇਟਾਂ ਵਿਚ ਆ ਰਹੀ ਹੈ ਸਮੱਸਿਆ ✪ ਕਿਰਪਾਨ ਨੂੰ ਲੈ ਕੇ ਪੁਲਿਸ ਨੇ ਪ੍ਰੇਸ਼ਾਨੀ ਵਧਾਈ ✪ ਸਰਕਾਰੀ ਪੱਧਰ 'ਤੇ ਹੱਲ ਦੀ ਉਮੀਦ

ਤਾਮਿਲਨਾਡੂ-ਤਮਿਲ ਸਿੱਖ ਸੰਗਤ ਦੇ ਮੁਖੀ ਸਰਦਾਰ ਜੀਵਨ ਸਿੰਘ, ਜੋ ਕਿ ਬਹੁਜਨ ਦ੍ਰਵਿੜ ਪਾਰਟੀ (ਬੀਡੀਪੀ) ਦੇ ਕੌਮੀ ਪ੍ਰਧਾਨ ਵੀ ਹਨ, ਨੇ ਦੱਸਿਆ ਕਿ ਸੂਬੇ ਦੇ ਦੱਖਣੀ ਜ਼ਿਲ੍ਹਿਆਂ, ਖਾਸਕਰ ਤੂਤੀਕੋਰਿਨ ਵਿੱਚ, ਵੱਡੀ ਗਿਣਤੀ ਵਿੱਚ ਲੋਕ ਸਿੱਖ ਧਰਮ ਨੂੰ ਅਪਣਾ ਰਹੇ ਹਨ। ਉਨ੍ਹਾਂ ਦੀ ਮੁੱਖ ਮੰਗ ਹੈ ਕਿ ਸਰਕਾਰ ਤਾਮਿਲ ਸਿੱਖਾਂ ਨੂੰ ਘੱਟ ਗਿਣਤੀ ਦਾ ਦਰਜਾ ਦੇਵੇ, ਜਿਸ ਨਾਲ ਉਨ੍ਹਾਂ ਨੂੰ ਸੰਵਿਧਾਨਕ ਅਧਿਕਾਰ ਮਿਲ ਸਕਣ। ਸੰਵਿਧਾਨ ਦੇ ਅਨੁਛੇਦ 25 ਤੋਂ 28 ਤੱਕ ਸਿੱਖਾਂ ਨੂੰ ਆਪਣੇ ਧਰਮ ਦੀ ਪਾਲਣਾ ਕਰਨ ਅਤੇ ਆਪਣੀ ਪਛਾਣ ਸਥਾਪਤ ਕਰਨ ਦਾ ਅਧਿਕਾਰ ਦਿੰਦੇ ਹਨ। ਪਰ ਸਰਕਾਰੀ ਅਧਿਕਾਰੀਆਂ ਦੀ ਨਾਲਾਇਕੀ ਅਤੇ ਸਖ਼ਤ ਰਵੱਈਏ ਕਾਰਨ ਸਿੱਖਾਂ ਨੂੰ ਆਪਣੀ ਪਛਾਣ ਸਾਬਤ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜੀਵਨ ਸਿੰਘ ਨੇ ਕਿਹਾ ਕਿ ਭਾਈਚਾਰਕ ਸਰਟੀਫਿਕੇਟ ਵਿੱਚ ਸਿੱਖ ਧਰਮ ਦਾ ਸਪੱਸ਼ਟ ਜ਼ਿਕਰ ਹੋਣਾ ਚਾਹੀਦਾ ਹੈ, ਨਾਲ ਹੀ ਸਮਾਜਕ ਸਥਿਤੀ (ਜਿਵੇਂ ਕਿ ਅਨੁਸੂਚਿਤ ਜਾਤੀ, ਪੱਛੜੀ ਜਾਤੀ ਜਾਂ ਹੋਰ) ਦਾ ਵੀ ਜ਼ਿਕਰ ਹੋਣਾ ਜ਼ਰੂਰੀ ਹੈ। ਪਰ ਮੌਜੂਦਾ ਸਮੇਂ ਵਿੱਚ ਰੈਵੇਨਿਊ ਅਧਿਕਾਰੀ ਅਜਿਹੀਆਂ ਅਰਜ਼ੀਆਂ ਨੂੰ ਰੱਦ ਕਰ ਰਹੇ ਹਨ, ਜਿਸ ਨਾਲ ਸਿੱਖ ਭਾਈਚਾਰੇ ਵਿੱਚ ਨਿਰਾਸ਼ਾ ਪੈਦਾ ਹੋ ਰਹੀ ਹੈ। ਸਿੱਖਾਂ ਦੀ ਇਹ ਮੰਗ ਸਿਰਫ਼ ਇੱਕ ਕਾਨੂੰਨੀ ਮਸਲਾ ਨਹੀਂ, ਸਗੋਂ ਉਨ੍ਹਾਂ ਦੀ ਸਭਿਆਚਾਰਕ ਅਤੇ ਧਾਰਮਿਕ ਪਛਾਣ ਦਾ ਸਵਾਲ ਹੈ।

ਤਮਿਲਨਾਡੂ ਵਿੱਚ ਸਿੱਖ ਧਰਮ ਨੂੰ ਅਪਨਾਉਣ ਵਾਲੇ ਲੋਕਾਂ ਦੀ ਗਿਣਤੀ ਭਾਵੇਂ ਘੱਟ ਹੋਵੇ, ਪਰ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸੰਗਤ ਦਾ ਮੰਨਣਾ ਹੈ ਕਿ ਜੇਕਰ ਸਰਕਾਰ ਉਨ੍ਹਾਂ ਨੂੰ ਘੱਟ ਗਿਣਤੀ ਦਾ ਦਰਜਾ ਦੇ ਦਿੰਦੀ ਹੈ, ਤਾਂ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਸੌਖਾ ਹੋ ਸਕਦਾ ਹੈ। ਇਸ ਦੇ ਨਾਲ ਹੀ, ਸਿੱਖਾਂ ਦੇ ਸੰਵਿਧਾਨਕ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਲਈ ਸਰਕਾਰ ਨੂੰ ਇੱਕ ਸਪੱਸ਼ਟ ਨੀਤੀ ਬਣਾਉਣ ਦੀ ਜ਼ਰੂਰਤ ਹੈ।

### ਭਾਈਚਾਰਕ ਸਰਟੀਫਿਕੇਟਾਂ ਦੀ ਸਮੱਸਿਆ: ਅਧਿਕਾਰੀਆਂ ਦੀ ਨਾਲਾਇਕੀ

ਤਮਿਲ ਸਿੱਖ ਸੰਗਤ ਦੇ ਮੈਂਬਰਾਂ ਨੇ ਦੱਸਿਆ ਕਿ ਸਿੱਖ ਧਰਮ ਅਪਨਾਉਣ ਵਾਲੇ ਲੋਕਾਂ ਨੂੰ ਭਾਈਚਾਰਕ ਸਰਟੀਫਿਕੇਟ ਜਾਰੀ ਕਰਨ ਵਿੱਚ ਰੈਵੇਨਿਊ ਅਧਿਕਾਰੀਆਂ ਦੀ ਨਾਲਾਇਕੀ ਅਤੇ ਸਖ਼ਤੀ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਕ ਉਦਾਹਰਣ ਵਜੋਂ, ਕੋਰਕਈ ਪੀ. ਪਾਲਣੀ ਸਿੰਘ, ਜਿਨ੍ਹਾਂ ਨੇ ਦੋ ਸਾਲ ਪਹਿਲਾਂ ਸਿੱਖ ਧਰਮ ਅਪਣਾਇਆ, ਨੇ ਦੱਸਿਆ ਕਿ ਉਨ੍ਹਾਂ ਨੇ ਵਿਰੁਧੁਨਗਰ ਦੇ ਕਾਰੀਆਪੱਟੀ ਤਹਿਸੀਲਦਾਰ ਦਫ਼ਤਰ ਵਿੱਚ ਸਰਟੀਫਿਕੇਟ ਬਦਲਣ ਲਈ



**ਤਾਮਿਲਨਾਡੂ ਵਿੱਚ ਸਿੱਖ ਭਾਈਚਾਰੇ ਦੀਆਂ ਸਮੱਸਿਆਵਾਂ ਸੰਵਿਧਾਨਕ ਅਧਿਕਾਰਾਂ, ਸਭਿਆਚਾਰਕ ਪਛਾਣ ਅਤੇ ਸਮਾਜਕ ਮਾਨਤਾ ਨਾਲ ਜੁੜੀਆਂ ਹਨ। ਤਾਮਿਲ ਸਿੱਖ ਸੰਗਤ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਸਰਕਾਰ ਨੂੰ ਸਪੱਸ਼ਟ ਨੀਤੀਆਂ ਅਤੇ ਅਧਿਕਾਰੀਆਂ ਨੂੰ ਜਾਗਰੂਕਤਾ ਦੀ ਜ਼ਰੂਰਤ ਹੈ। ਸਟੇਟ ਮਾਈਨੋਰਿਟੀ ਕਮਿਸ਼ਨ ਦੇ ਯਤਨਾਂ ਨਾਲ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਸਿੱਖਾਂ ਦੀਆਂ ਸਮੱਸਿਆਵਾਂ ਦਾ ਜਲਦੀ ਹੱਲ ਹੋਵੇਗਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਸੰਵਿਧਾਨਕ ਅਧਿਕਾਰ ਮਿਲਣਗੇ।**

ਅਰਜ਼ੀ ਦਿੱਤੀ ਸੀ। ਪਰ ਅਧਿਕਾਰੀਆਂ ਨੇ ਉਨ੍ਹਾਂ ਨੂੰ ਸਿੱਖ ਧਰਮ ਦੀ ਬਜਾਏ ਹਿੰਦੂ-ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਜਾਰੀ ਕਰ ਦਿੱਤਾ, ਜਿਸ ਨੂੰ ਉਨ੍ਹਾਂ ਨੇ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ।

ਪਾਲਣੀ ਸਿੰਘ, ਜਿਨ੍ਹਾਂ ਦਾ ਪਹਿਲਾਂ ਨਾਂ ਪੀ. ਪਾਲਣੀਚਾਮੀ ਸੀ, ਨੇ ਦੱਸਿਆ ਕਿ ਤਹਿਸੀਲਦਾਰ ਨੇ ਉਨ੍ਹਾਂ 'ਤੇ ਧੋਖਾਧੜੀ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਖੇਤਰ ਵਿੱਚ ਕੋਈ ਗੁਰਦੁਆਰਾ ਨਹੀਂ ਹੈ, ਜਦਕਿ ਅਧਿਕਾਰੀ ਨੇ ਇਸ ਦੀ ਪੜਤਾਲ ਲਈ ਮੌਕੇ 'ਤੇ ਜਾਣ ਦੀ ਜ਼ਹਿਮਤ ਵੀ ਨਹੀਂ ਕੀਤੀ। ਇਸ ਤੋਂ ਇਲਾਵਾ, ਅਧਿਕਾਰੀ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਦੇ ਸ੍ਰੀ ਦਰਬਾਰ ਸਾਹਿਬ ਤੋਂ ਪਰਿਵਰਤਨ ਸਰਟੀਫਿਕੇਟ ਲਿਆਉਣ ਲਈ ਕਿਹਾ, ਜੋ ਕਿ ਪ੍ਰਕਿਰਿਆ ਨੂੰ ਹੋਰ ਜਟਿਲ ਬਣਾਉਂਦਾ ਹੈ। ਇਸੇ ਤਰ੍ਹਾਂ, ਤਾਮਿਲ-ਸਿੱਖ ਕਲਚਰਲ ਬ੍ਰਦਰਹੁੱਡ ਅਤੇ ਐਜੂਕੇਸ਼ਨਲ ਫਾਊਂਡੇਸ਼ਨ ਦੇ ਚੇਅਰਮੈਨ ਐਸ. ਸੇਲਵਾ ਸਿੰਘ (ਪਹਿਲਾਂ ਸੇਲਵਾਕੁਮਾਰ) ਨੇ ਕਿਹਾ ਕਿ ਸਰਕਾਰ ਨੂੰ ਸਿੱਖਾਂ ਦੇ ਸੰਵਿਧਾਨਕ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਸਪੱਸ਼ਟ ਨੀਤੀ ਬਣਾਉਣ ਦੀ ਜ਼ਰੂਰਤ ਹੈ। ਸਿੱਖ ਧਰਮ ਨੂੰ ਅਪਨਾਉਣ ਵਾਲਿਆਂ ਨੂੰ ਆਪਣੀ ਪਛਾਣ ਸਥਾਪਤ ਕਰਨ ਲਈ ਸਰਕਾਰੀ ਸਹਿਯੋਗ ਦੀ ਲੋੜ ਹੈ, ਪਰ ਅਧਿਕਾਰੀਆਂ ਦੀ ਅਣਜਾਣਕਾਰੀ ਕਾਰਨ ਇਹ ਪ੍ਰਕਿਰਿਆ ਰੁਕਾਵਟ ਬਣ ਰਹੀ ਹੈ।

### ਕਿਰਪਾਨ ਨੂੰ ਲੈ ਕੇ ਪੁਲਿਸ ਦੀ ਪ੍ਰੇਸ਼ਾਨੀ

ਤਮਿਲ ਸਿੱਖ ਸੰਗਤ ਦੇ ਮੈਂਬਰਾਂ ਨੇ ਇੱਕ ਹੋਰ ਅਹਿਮ ਮੁੱਦੇ 'ਤੇ ਰੋਸ ਪ੍ਰਗਟ ਕੀਤਾ, ਜੋ ਕਿ ਸਿੱਖਾਂ ਦੇ ਪੰਜ ਕਕਾਰਾਂ ਵਿੱਚੋਂ ਇੱਕ, ਕਿਰਪਾਨ, ਨੂੰ ਲੈ ਕੇ ਪੁਲਿਸ ਵੱਲੋਂ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਹੈ। ਸਿੱਖ ਧਰਮ ਅਨੁਸਾਰ, ਕਿਰਪਾਨ ਸਿੱਖਾਂ ਦਾ ਇੱਕ ਪਵਿੱਤਰ ਪ੍ਰਤੀਕ ਹੈ, ਜਿਸ ਨੂੰ ਹਰ ਸਮੇਂ ਨਾਲ ਰੱਖਣਾ ਉਨ੍ਹਾਂ ਦਾ ਧਾਰਮਿਕ ਅਧਿਕਾਰ ਹੈ। ਪਰ ਤਮਿਲਨਾਡੂ ਵਿੱਚ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਮਾਲਜ਼, ਜਨਤਕ ਸਥਾਨਾਂ ਅਤੇ ਹੋਰ ਥਾਵਾਂ 'ਤੇ ਕਿਰਪਾਨ ਨਾਲ ਜਾਣ ਸਮੇਂ ਪੁਲਿਸ ਵੱਲੋਂ ਰੋਕਿਆ ਜਾਂਦਾ ਹੈ ਅਤੇ ਸਵਾਲ-ਜਵਾਬ ਕੀਤੇ ਜਾਂਦੇ ਹਨ।

ਇਸ ਸਬੰਧੀ ਸੰਗਤ ਨੇ ਮੰਗ ਕੀਤੀ ਕਿ ਪੁਲਿਸ ਅਧਿਕਾਰੀਆਂ ਨੂੰ ਸਿੱਖ ਧਰਮ ਦੀਆਂ ਪਰੰਪਰਾਵਾਂ ਅਤੇ ਕਿਰਪਾਨ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾਵੇ, ਤਾਂ ਜੋ ਸਿੱਖਾਂ ਨੂੰ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਆਪਣੇ ਧਾਰਮਿਕ ਅਧਿਕਾਰਾਂ ਦੀ ਪਾਲਣਾ ਕਰਨ ਦੀ ਆਜ਼ਾਦੀ ਮਿਲ ਸਕੇ। ਸਟੇਟ ਮਾਈਨੋਰਿਟੀ ਕਮਿਸ਼ਨ ਦੇ ਮਾਹਿਰ ਮੈਂਬਰ



ਰਮੀਤ ਸਿੰਘ ਕਪੂਰ ਨੇ ਇਸ ਮੁੱਦੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਉਹ ਜ਼ਿਲ੍ਹਾ ਪੁਲਿਸ ਨੂੰ ਕਿਰਪਾਨ ਸਬੰਧੀ ਸੂਚਿਤ ਕਰਨਗੇ, ਤਾਂ ਜੋ ਸਿੱਖ ਭਾਈਚਾਰੇ ਨੂੰ ਪ੍ਰੇਸ਼ਾਨ ਨਾ ਕੀਤਾ ਜਾਵੇ।

### ਸਰਕਾਰੀ ਪੱਧਰ 'ਤੇ ਹੱਲ ਦੀ ਉਮੀਦ

ਤਮਿਲਨਾਡੂ ਸਟੇਟ ਮਾਈਨੋਰਿਟੀ ਕਮਿਸ਼ਨ ਦੇ ਮੈਂਬਰ ਰਮੀਤ ਸਿੰਘ ਕਪੂਰ ਨੇ ਦੱਸਿਆ ਕਿ ਸਿੱਖ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਸਿੱਖ ਧਰਮ ਦੱਖਣੀ ਤਮਿਲਨਾਡੂ ਵਿੱਚ ਨਵਾਂ ਹੈ ਅਤੇ ਇਹ ਭਾਈਚਾਰਾ ਅਜੇ ਮਾਈਕਰੋ ਪੱਧਰ 'ਤੇ ਹੈ, ਜਿਸ ਕਾਰਨ ਅਧਿਕਾਰੀਆਂ ਨੂੰ ਇਸ ਦੀਆਂ ਪਰੰਪਰਾਵਾਂ ਅਤੇ ਅਧਿਕਾਰਾਂ ਬਾਰੇ ਪੂਰੀ ਜਾਣਕਾਰੀ ਨਹੀਂ ਹੈ।

ਕਮਿਸ਼ਨ ਨੇ ਵਾਅਦਾ ਕੀਤਾ ਹੈ ਕਿ ਭਾਈਚਾਰਕ ਸਰਟੀਫਿਕੇਟਾਂ ਦੇ ਮੁੱਦੇ 'ਤੇ ਸਰਕਾਰੀ ਪੱਧਰ 'ਤੇ ਨੀਤੀਗਤ ਫੈਸਲਾ ਲਿਆ ਜਾਵੇਗਾ। ਇਸ ਸਬੰਧੀ ਪ੍ਰਿੰਸੀਪਲ ਸਕੱਤਰ ਨੂੰ ਸਿਫਾਰਸ਼ ਭੇਜੀ ਜਾਵੇਗੀ, ਜਿਸ ਨਾਲ ਸਿੱਖਾਂ ਨੂੰ ਅਧਿਕਾਰਤ ਤੌਰ 'ਤੇ ਮਾਨਤਾ ਦੇਣ ਲਈ ਸਰਕਾਰੀ ਹੁਕਮ ਜਾਰੀ ਕੀਤਾ ਜਾ ਸਕੇ। ਇਸ ਦੇ ਨਾਲ ਹੀ, ਪੁਲਿਸ ਅਧਿਕਾਰੀਆਂ ਨੂੰ ਸਿੱਖ ਧਰਮ ਦੀਆਂ ਪਰੰਪਰਾਵਾਂ ਬਾਰੇ ਸਿਖਲਾਈ ਦੇਣ ਦੀ ਵੀ ਯੋਜਨਾ ਹੈ, ਤਾਂ ਜੋ ਭਵਿੱਖ ਵਿੱਚ ਸਿੱਖਾਂ ਨੂੰ ਕਿਰਪਾਨ ਜਾਂ ਹੋਰ ਧਾਰਮਿਕ ਪ੍ਰਤੀਕਾਂ ਨੂੰ ਲੈ ਕੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਅੰਮ੍ਰਿਤਸਰ ਪੁਲਿਸ ਵਲੋਂ ਇਕ ਤਸਕਰ ਪਾਕਿਸਤਾਨ ਤੋਂ ਭਾਰਤ ਪਹੁੰਚੇ ਪੰਜ ਪਿਸਤੌਲਾਂ ਸਮੇਤ ਗ੍ਰਿਫ਼ਤਾਰ

ਅੰਮ੍ਰਿਤਸਰ-ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਪਾਕਿਸਤਾਨ ਤੋਂ ਭਾਰਤ ਪਹੁੰਚੇ ਪੰਜ ਵਿਦੇਸ਼ੀ ਪਿਸਤੌਲਾਂ ਸਮੇਤ ਇੱਕ ਤਸਕਰ ਅਮਿਤ ਕੁਮਾਰ ਨੂੰ ਗ੍ਰਿਫ਼ਤਾਰ ਕੀਤਾ ਹੈ। ਤਸਕਰ ਵਡਾਲੀ ਗੁਰੂ ਪਿੰਡ ਦਾ ਰਹਿਣ ਵਾਲਾ ਹੈ। ਪਤਾ ਲੱਗਾ ਹੈ ਕਿ ਕੁਝ ਦਿਨ ਪਹਿਲਾਂ ਪਾਕਿਸਤਾਨੀ ਤਸਕਰਾਂ ਨੇ ਡਰੋਨ ਰਾਹੀਂ ਘਰਿੰਡਾ ਖੇਤਰ ਵਿੱਚ ਹਥਿਆਰਾਂ ਦੀ ਇਹ ਖੇਪ ਸੁੱਟੀ ਸੀ। ਜਿਸ ਨੂੰ ਤਸਕਰਾਂ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਅਮਿਤ ਕੁਮਾਰ ਨੂੰ ਹੋਰ ਸਪਲਾਈ ਲਈ ਦਿੱਤਾ। ਬਰਾਮਦ ਕੀਤੇ ਗਏ ਪੰਜ ਪਿਸਤੌਲਾਂ ਦੀ ਖੇਪ ਦੇ ਨਾਲ ਚਾਰ ਮੈਗਜ਼ੀਨ ਵੀ ਮਿਲੇ ਹਨ। ਇਸ ਤੋਂ ਪਹਿਲਾਂ ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਸਰਹੱਦੀ ਪਿੰਡ ਪੰਡੋਰੀ ਦੇ ਰਹਿਣ ਵਾਲੇ ਮਲਕੀਤ ਸਿੰਘ ਨੂੰ ਵੀ ਗ੍ਰਨੇਡਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਸੀਪੀ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਦੋਸ਼ੀ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪਿੱਛੇ ਅਤੇ ਅੱਗੇ ਦੇ ਲਿੰਕਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਹਾਈ ਕੋਰਟ ਦਾ ਫੈਸਲਾ: ਗਾਂ ਨੂੰ ਸੱਭਿਆਚਾਰਕ ਵਿਰਾਸਤ ਮੰਨਿਆ ਤੇ ਗਊ ਹੱਤਿਆ ਨੂੰ ਸ਼ਾਂਤੀ ਲਈ ਖ਼ਤਰਾ ਦੱਸਿਆ

## ○ ਵਿਦੇਸ਼ਾ ਵਿਚ ਗਾਂ ਮੀਟ ਸਪਲਾਈ ਉਪਰ ਪਾਬੰਦੀ ਕਿਉਂ ਨਹੀਂ ○ ਮੀਟ ਸਪਲਾਈ ਕਰਨ ਵਾਲੇ ਹਿੰਦੂ ਭਾਈਚਾਰੇ ਨਾਲ ਸਬੰਧਤ ਵਪਾਰੀ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਗਊ ਹੱਤਿਆ ਨਾਲ ਜੁੜੇ ਇੱਕ ਮਾਮਲੇ ਵਿੱਚ ਵੱਡਾ ਫੈਸਲਾ ਸੁਣਾਇਆ ਹੈ, ਜਿਸ ਨੇ ਨਾ ਸਿਰਫ਼ ਕਾਨੂੰਨੀ ਚਰਚਾ ਨੂੰ ਵਧਾਇਆ ਹੈ ਬਲਕਿ ਸੱਭਿਆਚਾਰਕ ਅਤੇ ਆਰਥਿਕ ਪਹਿਲੂਆਂ ਨੂੰ ਵੀ ਛੂਹਿਆ ਹੈ। ਅਦਾਲਤ ਨੇ ਗਾਂ ਨੂੰ ਭਾਰਤ ਦੀ ਧਾਰਮਿਕ, ਸੱਭਿਆਚਾਰਕ ਅਤੇ ਆਰਥਿਕ ਵਿਰਾਸਤ ਵਜੋਂ ਮੰਨਿਆ ਹੈ ਅਤੇ ਇਸ ਨੂੰ ਮਾਰਨ ਨੂੰ ਸਮਾਜ ਵਿੱਚ ਅਸ਼ਾਂਤੀ ਅਤੇ ਅਸਹਿਮਤੀ ਦਾ ਕਾਰਨ ਦੱਸਿਆ ਹੈ। ਇਸ ਫੈਸਲੇ ਨੇ ਇੱਕ ਵਾਰ ਫਿਰ ਗਾਂ ਨਾਲ ਜੁੜੇ ਵਿਵਾਦ ਨੂੰ ਉਭਾਰਿਆ ਹੈ, ਜਿੱਥੇ ਇੱਕ ਪਾਸੇ ਧਾਰਮਿਕ ਭਾਵਨਾਵਾਂ ਹਨ ਅਤੇ ਦੂਜੇ ਪਾਸੇ ਆਰਥਿਕ ਹਕੀਕਤਾਂ ਜਿਵੇਂ ਬੀਫ ਐਕਸਪੋਰਟ। ਇਸ ਅਦਾਲਤ ਦਾ ਫੈਸਲਾ ਅਤੇ ਗਾਂ ਨੂੰ ਵਿਰਾਸਤ ਮੰਨਣ ਦਾ ਆਧਾਰ

ਹਾਈ ਕੋਰਟ ਨੇ ਆਸਿਫ ਨਾਂ ਦੇ ਇੱਕ ਵਿਅਕਤੀ ਦੀ ਅਗਾਊਂ ਜ਼ਮਾਨਤ ਦੀ ਪਟੀਸ਼ਨ ਨੂੰ ਰੱਦ ਕਰਦਿਆਂ ਗਾਂ ਨੂੰ ਭਾਰਤੀ ਸਮਾਜ ਵਿੱਚ ਵਿਸ਼ੇਸ਼ ਸਥਾਨ ਵਾਲਾ ਜੀਵ ਮੰਨਿਆ ਹੈ। ਜਸਟਿਸ ਸੰਦੀਪ ਮੋਦਗਿਲ ਨੇ ਆਪਣੇ ਫੈਸਲੇ ਵਿੱਚ ਲਿਖਿਆ ਕਿ ਗਾਂ ਨਾ ਸਿਰਫ਼ ਖੇਤੀਬਾੜੀ ਅਤੇ ਅਰਥਵਿਵਸਥਾ ਦਾ ਅਹਿਮ ਹਿੱਸਾ ਹੈ ਬਲਕਿ ਇਹ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਵੀ ਹੈ। ਅਦਾਲਤ ਨੇ ਕਿਹਾ ਕਿ ਗਊ ਹੱਤਿਆ ਨੂੰ ਇੱਕ ਸਾਧਾਰਨ ਅਪਰਾਧ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਇਹ ਸਮਾਜ ਵਿੱਚ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ ਅਤੇ ਜਨਤਕ ਸ਼ਾਂਤੀ ਨੂੰ ਖ਼ਤਰੇ ਵਿੱਚ ਪਾਉਂਦੀ ਹੈ। ਇਹ ਫੈਸਲਾ 5 ਅਗਸਤ 2025 ਨੂੰ ਸੁਣਾਇਆ ਗਿਆ ਸੀ ਪਰ ਇਸ ਨੂੰ ਹਾਲ ਹੀ ਵਿੱਚ ਵਧੇਰੇ ਧਿਆਨ ਮਿਲਿਆ ਹੈ।

ਆਸਿਫ ਤੇ ਦੋਸ਼ ਹੈ ਕਿ ਉਸ ਨੇ ਹਰਿਆਣਾ ਤੋਂ ਦੋ ਗਾਵਾਂ ਨੂੰ ਰਾਜਸਥਾਨ ਲਿਜਾ ਕੇ ਉਨ੍ਹਾਂ ਨੂੰ ਮਾਰਨ ਦੀ ਯੋਜਨਾ ਬਣਾਈ ਸੀ। ਇਹ ਮਾਮਲਾ ਹਰਿਆਣਾ ਗਊ ਸੁਰੱਖਿਆ ਅਤੇ ਗਊ ਪ੍ਰਮੋਸ਼ਨ ਐਕਟ 2015 ਅਤੇ ਜਾਨਵਰਾਂ ਪ੍ਰਤੀ ਬੇਰਹਿਮੀ ਰੋਕਥਾਮ ਐਕਟ 1960 ਤਹਿਤ ਦਰਜ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਆਸਿਫ ਦਾ ਪਹਿਲਾਂ ਵੀ ਅਪਰਾਧਿਕ ਰਿਕਾਰਡ ਹੈ ਅਤੇ ਉਸ ਵਿਰੁੱਧ ਤਿੰਨ ਵੱਖਰੇ ਐਫਆਈਆਰ ਦਰਜ ਹਨ, ਜਿਨ੍ਹਾਂ ਵਿੱਚ ਉਸ ਨੂੰ ਜ਼ਮਾਨਤ ਮਿਲ ਚੁੱਕੀ ਸੀ। ਅਦਾਲਤ ਨੇ ਇਹ ਵੀ ਨੋਟ ਕੀਤਾ ਕਿ ਆਸਿਫ ਨੇ ਪਹਿਲਾਂ ਜ਼ਮਾਨਤ ਦੀ ਦੁਰਵਰਤੋਂ ਕੀਤੀ ਹੈ ਅਤੇ ਉਹ ਵਾਰ-ਵਾਰ ਅਜਿਹੇ ਅਪਰਾਧਾਂ ਵਿੱਚ ਸ਼ਾਮਲ ਰਿਹਾ ਹੈ। ਜਸਟਿਸ ਮੋਦਗਿਲ ਨੇ ਕਿਹਾ ਕਿ ਅਗਾਊਂ ਜ਼ਮਾਨਤ ਨਿਰਦੋਸ਼ ਲੋਕਾਂ ਨੂੰ ਬਚਾਉਣ ਲਈ ਹੈ, ਨਾ ਕਿ ਆਦਤਨ ਅਪਰਾਧੀਆਂ ਨੂੰ ਕਾਨੂੰਨ ਤੋਂ ਬਚਾਉਣ ਲਈ।

ਇਸ ਫੈਸਲੇ ਨੇ ਇੱਕ ਵੱਡਾ ਸਵਾਲ ਖੜ੍ਹਾ ਕੀਤਾ ਹੈ: ਜਦੋਂ ਗਾਂ ਬਾਰੇ ਕੋਈ ਸਿੱਧਾ ਕਾਨੂੰਨ ਨਹੀਂ ਹੈ ਜੋ ਉਸ ਨੂੰ ਸੱਭਿਆਚਾਰਕ ਵਿਰਾਸਤ



**ਪੰਜਾਬ ਟਾਈਮਜ਼ ਅਨੁਸਾਰ ਐਕਸਪੋਰਟ ਆਰਥਿਕ ਲਾਭ ਅਤੇ ਧਾਰਮਿਕ ਭਾਵਨਾਵਾਂ ਵਿੱਚ ਟਕਰਾਅ ਨੂੰ ਦਰਸਾਉਂਦਾ ਹੈ। ਭਵਿੱਖ ਵਿੱਚ ਇਹ ਅਦਾਲਤੀ ਫੈਸਲਾ ਹੋਰ ਮਾਮਲਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਗਾਂ ਸੁਰੱਖਿਆ ਕਾਨੂੰਨਾਂ ਨੂੰ ਸਖ਼ਤ ਬਣਾ ਸਕਦਾ ਹੈ। ਪਰ ਆਲੋਚਕ ਕਹਿੰਦੇ ਹਨ ਕਿ ਇਹ ਸੈਕੂਲਰਿਜ਼ਮ ਨੂੰ ਖ਼ਤਰੇ ਵਿੱਚ ਪਾਉਂਦਾ ਹੈ।**

ਘੋਸ਼ਿਤ ਕਰੇ, ਤਾਂ ਅਦਾਲਤ ਇਹ ਕਿਵੇਂ ਕਹਿ ਸਕਦੀ ਹੈ? ਅਸਲ ਵਿੱਚ, ਅਦਾਲਤ ਨੇ ਆਪਣੇ ਤਰਕ ਵਿੱਚ ਸੁਪਰੀਮ ਕੋਰਟ ਦੇ ਪੁਰਾਣੇ ਫੈਸਲਿਆਂ ਦਾ ਹਵਾਲਾ ਦਿੱਤਾ ਹੈ। ਉਦਾਹਰਣ ਵਜੋਂ, 2005 ਵਿੱਚ ਸਟੇਟ ਆਫ ਗੁਜਰਾਤ ਬਨਾਮ ਮਿਰਜ਼ਾਪੁਰ ਮੋਤੀ ਕੁਰੈਸ਼ੀ ਕਸਾਬ ਜਮਾਤ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਗਾਂ ਨੂੰ ਖੇਤੀਬਾੜੀ ਅਤੇ ਅਰਥਵਿਵਸਥਾ ਨਾਲ ਜੋੜ ਕੇ ਉਸ ਤੇ ਪਾਬੰਦੀ ਨੂੰ ਸੰਵਿਧਾਨਕ ਮੰਨਿਆ ਸੀ। ਇਸ ਤੋਂ ਇਲਾਵਾ, ਅਦਾਲਤ ਨੇ ਗਾਂ ਨੂੰ ਹਿੰਦੂ ਧਰਮ ਵਿੱਚ ਪਵਿੱਤਰ ਮੰਨਣ ਵਾਲੀ ਪਰੰਪਰਾ ਨੂੰ ਵੀ ਆਧਾਰ ਬਣਾਇਆ, ਜਿੱਥੇ ਗਾਂ ਨੂੰ ਮਾਂ ਵਾਂਗ ਪੂਜਿਆ ਜਾਂਦਾ ਹੈ। ਪਰ ਵਿਰੋਧੀ ਪੱਖ ਕਹਿੰਦਾ ਹੈ ਕਿ ਗਾਂ ਹੋਰ ਪਸ਼ੂਆਂ ਵਾਂਗ ਇੱਕ ਜਾਨਵਰ ਹੈ ਅਤੇ ਇਸ ਨੂੰ ਵਿਸ਼ੇਸ਼ ਦਰਜਾ ਦੇਣ ਨਾਲ ਧਾਰਮਿਕ ਆਜ਼ਾਦੀ ਤੇ ਅਸਰ ਪੈਂਦਾ ਹੈ। ਇਸ ਫੈਸਲੇ ਨੇ ਗਾਂ ਨੂੰ ਵਿਰਾਸਤ ਮੰਨਣ ਨੂੰ ਇੱਕ ਵਾਰ ਫਿਰ ਚਰਚਾ ਵਿੱਚ ਲਿਆਂਦਾ ਹੈ, ਜਿੱਥੇ ਧਾਰਮਿਕ ਭਾਵਨਾਵਾਂ ਅਤੇ ਵਿਗਿਆਨਕ ਨਜ਼ਰੀਏ ਵਿੱਚ ਟਕਰਾਅ ਵਧ ਰਿਹਾ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਅਜਿਹੇ ਅਪਰਾਧ ਨਾਲ ਸਮਾਜ ਵਿੱਚ ਅਸਹਿਮਤੀ ਵਧ ਸਕਦੀ ਹੈ ਅਤੇ ਇਹ ਜਨਤਕ ਸ਼ਾਂਤੀ ਲਈ ਖ਼ਤਰਾ ਹੈ। ਇਸ ਨੇ ਪਹਿਲਾਂ ਵਾਪਰੇ ਵਿਵਾਦਾਂ ਨੂੰ ਯਾਦ ਕਰਵਾਇਆ ਜਿਵੇਂ ਦਾਦਰੀ ਲਿੰਚਿੰਗ, ਜਿੱਥੇ ਗਾਂ ਨਾਲ ਜੁੜੇ ਮਾਮਲੇ ਨੇ ਵੱਡਾ ਰੂਪ ਧਾਰਨ ਕੀਤਾ ਸੀ। ਫੈਸਲੇ ਵਿੱਚ ਅਦਾਲਤ ਨੇ ਆਸਿਫ ਨੂੰ ਜਾਂਚ ਵਿੱਚ ਦਖਲਅੰਦਾਜ਼ੀ ਕਰਨ ਵਾਲਾ ਮੰਨ ਕੇ ਜ਼ਮਾਨਤ ਰੱਦ ਕੀਤੀ ਅਤੇ ਕਿਹਾ ਕਿ ਨਿੱਜੀ ਆਜ਼ਾਦੀ ਮਹੱਤਵਪੂਰਨ ਹੈ ਪਰ ਆਦਤਨ ਅਪਰਾਧੀ ਨੂੰ ਇਸ ਦਾ ਲਾਭ ਨਹੀਂ ਮਿਲ ਸਕਦਾ। ਇਹ ਫੈਸਲਾ ਹੁਣ ਹੋਰ ਅਦਾਲਤਾਂ ਲਈ ਮਿਸਾਲ ਬਣ ਸਕਦਾ ਹੈ।

### ਗਾਂ ਹੱਤਿਆ ਦੇ ਕਾਨੂੰਨ ਅਤੇ ਸੰਵਿਧਾਨਕ ਪ੍ਰਾਵਧਾਨ

ਭਾਰਤੀ ਸੰਵਿਧਾਨ ਵਿੱਚ ਗਾਂ ਨੂੰ ਸੁਰੱਖਿਆ ਦੇਣ ਵਾਲੇ ਕਈ ਪ੍ਰਾਵਧਾਨ ਹਨ, ਜਿਨ੍ਹਾਂ ਨੂੰ ਅਦਾਲਤ ਨੇ ਆਪਣੇ ਫੈਸਲੇ ਵਿੱਚ ਆਧਾਰ ਬਣਾਇਆ ਹੈ। ਸੰਵਿਧਾਨ ਦੀ ਧਾਰਾ 48 ਵਿੱਚ ਰਾਜ ਨੂੰ ਗਾਂ ਅਤੇ ਬੱਛੇ ਨੂੰ ਸਲਾਟਰ ਤੋਂ ਰੋਕਣ ਲਈ ਨੀਤੀਆਂ ਬਣਾਉਣ ਦਾ ਨਿਰਦੇਸ਼ ਹੈ, ਜੋ ਕਿ ਡਾਇਰੈਕਟਿਵ ਪ੍ਰਿੰਸੀਪਲਜ਼ ਆਫ ਸਟੇਟ ਪਾਲਿਸੀ ਅਧੀਨ ਆਉਂਦੀ ਹੈ। ਇਸ ਤੋਂ ਇਲਾਵਾ, ਧਾਰਾ 51ਏ(ਜੀ) ਹਰ ਨਾਗਰਿਕ ਨੂੰ ਜਾਨਵਰਾਂ ਪ੍ਰਤੀ ਹਮਦਰਦੀ ਰੱਖਣ ਲਈ ਕਹਿੰਦੀ ਹੈ। ਅਦਾਲਤ ਨੇ ਇਨ੍ਹਾਂ ਨੂੰ ਆਧਾਰ ਬਣਾ ਕੇ ਗਾਂ ਨੂੰ ਵਿਰਾਸਤ ਮੰਨਿਆ ਹੈ, ਭਾਵੇਂ ਕੋਈ ਸਿੱਧਾ ਕਾਨੂੰਨ ਨਹੀਂ ਜੋ ਗਾਂ ਨੂੰ 'ਸੱਭਿਆਚਾਰਕ ਵਿਰਾਸਤ' ਘੋਸ਼ਿਤ ਕਰੇ। ਸੁਪਰੀਮ ਕੋਰਟ ਨੇ ਕਈ ਫੈਸਲਿਆਂ ਵਿੱਚ ਇਸ ਨੂੰ ਮੰਨਿਆ ਹੈ, ਜਿਵੇਂ 1958 ਵਿੱਚ ਮਹੰਮਦ ਹਨੀਫ ਕੁਰੈਸ਼ੀ ਬਨਾਮ ਸਟੇਟ ਆਫ ਬਿਹਾਰ ਮਾਮਲੇ ਵਿੱਚ, ਜਿੱਥੇ ਗਾਂ ਨੂੰ ਖੇਤੀ ਨਾਲ ਜੋੜ ਕੇ ਪਾਬੰਦੀ ਨੂੰ ਜਾਇਜ਼ ਠਹਿਰਾਇਆ ਗਿਆ ਸੀ। 2005 ਵਾਲੇ ਫੈਸਲੇ ਵਿੱਚ ਵੀ ਅਦਾਲਤ ਨੇ ਗਾਂ ਨੂੰ ਆਰਥਿਕ ਅਤੇ ਸੱਭਿਆਚਾਰਕ ਅਹਿਮੀਅਤ ਵਾਲਾ ਮੰਨਿਆ। ਪਰ ਵਿਰੋਧੀ ਨਜ਼ਰੀਆ ਇਹ ਹੈ ਕਿ ਇਹ ਪ੍ਰਾਵਧਾਨ ਧਾਰਮਿਕ ਆਜ਼ਾਦੀ (ਧਾਰਾ 25) ਨੂੰ ਪ੍ਰਭਾਵਿਤ ਕਰਦੇ ਹਨ, ਜਿੱਥੇ ਵੱਖਰੇ ਧਰਮਾਂ ਵਿੱਚ ਗਾਂ ਨੂੰ ਵੱਖਰੇ ਨਜ਼ਰੀਏ ਨਾਲ ਵੇਖਿਆ ਜਾਂਦਾ ਹੈ। ਮੁਸਲਿਮ ਅਤੇ ਈਸਾਈ ਭਾਈਚਾਰੇ ਵਿੱਚ ਬੀਫ ਖਾਣਾ ਆਮ ਹੈ, ਅਤੇ ਇਸ ਤੇ ਪਾਬੰਦੀ ਨੂੰ ਧਾਰਮਿਕ ਅਧਿਕਾਰਾਂ ਤੇ ਹਮਲਾ ਮੰਨਿਆ ਜਾਂਦਾ ਹੈ।

ਹਿੰਦੂ ਨੈਸ਼ਨਲਿਸਟ ਗਰੁੱਪ ਇਸ ਫੈਸਲੇ ਨੂੰ ਜਿੱਤ ਵਜੋਂ ਵੇਖ ਰਹੇ ਹਨ, ਜਦਕਿ ਵਿਰੋਧੀ ਇਸ ਨੂੰ ਧਾਰਮਿਕ ਪੱਖਪਾਤ ਵਜੋਂ ਦੇਖਦੇ ਹਨ। ਭਾਰਤ ਵਿੱਚ ਜ਼ਿਆਦਾਤਰ ਰਾਜਾਂ ਵਿੱਚ ਗਾਂ ਹੱਤਿਆ ਤੇ ਪਾਬੰਦੀ ਹੈ, ਪਰ ਇਸ ਨੂੰ ਲਾਗੂ ਕਰਨ ਵਿੱਚ ਅਸਮਾਨਤਾ ਹੈ।

### ਭਾਰਤ ਵਿੱਚ ਬੀਫ ਐਕਸਪੋਰਟ ਦੀ ਹਕੀਕਤ ਅਤੇ ਹਿੰਦੂਆਂ ਦੀ ਭੂਮਿਕਾ

ਗਾਂ ਨੂੰ ਵਿਰਾਸਤ ਮੰਨਣ ਵਾਲੇ ਫੈਸਲੇ ਦੇ ਬਾਵਜੂਦ, ਭਾਰਤ ਵਿਸ਼ਵ ਵਿੱਚ ਬੀਫ ਐਕਸਪੋਰਟ ਦੇ ਵੱਡੇ ਦੇਸ਼ਾਂ ਵਿੱਚੋਂ ਇੱਕ ਹੈ। ਯੂਐਸਡੀਏ ਦੇ ਅਨੁਸਾਰ, 2025 ਵਿੱਚ ਭਾਰਤ ਤੋਂ 1.65 ਮਿਲੀਅਨ ਟਨ ਕੈਰਾਬੀਫ (ਬੱਫਲੋ ਮੀਟ) ਐਕਸਪੋਰਟ ਹੋਣ ਦਾ ਅਨੁਮਾਨ ਹੈ, ਜੋ ਪਿਛਲੇ ਸਾਲ ਨਾਲੋਂ 4% ਵੱਧ ਹੈ। ਇਹ ਐਕਸਪੋਰਟ ਮੇਨਲੀ ਬੱਫਲੋ ਮੀਟ ਹੈ, ਨਾ ਕਿ ਕਾਊ ਬੀਫ, ਪਰ ਵਿਵਾਦ ਇਹ ਹੈ ਕਿ ਕਈ ਵਾਰ ਕਾਊ ਮੀਟ ਵੀ ਮਿਕਸ ਹੋ ਜਾਂਦਾ ਹੈ। ਵੱਡੇ ਐਕਸਪੋਰਟਰਸ ਵਿੱਚ ਅਲਨਸੰਸ ਪ੍ਰਾਈਵੇਟ ਲਿਮਿਟੇਡ, ਫੇਅਰ ਐਕਸਪੋਰਟਸ, ਅਲ-ਹੰਦ ਫੂਡ ਪ੍ਰੋਡਕਟਸ ਅਤੇ ਮਿਰਹਾ ਐਕਸਪੋਰਟਸ ਸ਼ਾਮਲ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਬਹੁਤੇ ਵੱਡੇ ਬੀਫ ਟ੍ਰੇਡਰ ਹਿੰਦੂ ਹਨ। ਰਿਪੋਰਟਾਂ ਮੁਤਾਬਕ, ਛੇ ਵੱਡੇ ਮੀਟ ਸਪਲਾਇਰਾਂ ਵਿੱਚੋਂ ਚਾਰ ਹਿੰਦੂ ਹਨ। ਉੱਤਰ ਪ੍ਰਦੇਸ਼ 43% ਬੀਫ ਪ੍ਰੋਡਿਊਸ ਕਰਦਾ ਹੈ ਅਤੇ ਇਹ ਯੋਗੀ ਅਦਿੱਤਿਆਨਾਥ ਵਰਗੇ ਹਿੰਦੂ ਨੇਤਾ ਵਾਲੇ ਰਾਜ ਵਿੱਚ ਹੈ।

ਇਹ ਪੈਰਾਡੌਕਸ ਹੈ ਕਿ ਇੱਕ ਪਾਸੇ ਗਾਂ ਨੂੰ ਪਵਿੱਤਰ ਮੰਨਿਆ ਜਾਂਦਾ ਹੈ ਅਤੇ ਦੂਜੇ ਪਾਸੇ ਬੀਫ ਐਕਸਪੋਰਟ ਤੋਂ ਅਰਬਾਂ ਰੁਪਏ ਕਮਾਏ ਜਾਂਦੇ ਹਨ। ਹਿੰਦੂ ਨੈਸ਼ਨਲਿਸਟ ਇਸ ਨੂੰ ਸੈਕਰੀਲੇਜੀਅਸ ਮੰਨਦੇ ਹਨ, ਪਰ ਐਕਸਪੋਰਟਰ ਕਹਿੰਦੇ ਹਨ ਕਿ ਇਹ ਬੱਫਲੋ ਮੀਟ ਹੈ ਅਤੇ ਆਰਥਿਕ ਲਾਭ ਵੱਡਾ ਹੈ। ਸਾਬਕਾ ਚੀਫ ਜਸਟਿਸ ਨੇ ਵੀ ਕਿਹਾ ਸੀ ਕਿ 95% ਬੀਫ ਟ੍ਰੇਡਰ ਹਿੰਦੂ ਹਨ। ਅਦਾਲਤ ਨੇ ਇਸ ਫੈਸਲੇ ਵਿੱਚ ਐਕਸਪੋਰਟ ਤੇ ਕੋਈ ਟਿੱਪਣੀ ਨਹੀਂ ਕੀਤੀ, ਪਰ ਵਿਆਖਿਆਕਾਰ ਕਹਿੰਦੇ ਹਨ ਕਿ ਅਜਿਹੇ ਫੈਸਲੇ ਐਕਸਪੋਰਟ ਨੂੰ ਪ੍ਰਭਾਵਿਤ ਨਹੀਂ ਕਰਦੇ ਕਿਉਂਕਿ ਇਹ ਬੱਫਲੋ ਤੇ ਫੋਕਸ ਹੈ। ਪਰ ਵਿਵਾਦ ਵਧ ਰਿਹਾ ਹੈ ਕਿ ਕੀ ਅਦਾਲਤ ਮੀਟ ਐਕਸਪੋਰਟ ਤੇ ਪਾਬੰਦੀ ਲਗਾਏਗੀ। ਅਜੇ ਤੱਕ ਅਜਿਹੀ ਕੋਈ ਨੀਤੀ ਨਹੀਂ ਹੈ, ਅਤੇ ਐਕਸਪੋਰਟ ਮੋਦੀ ਸਰਕਾਰ ਅਧੀਨ ਵੀ ਵਧਿਆ ਹੈ। ਇਹ ਆਰਥਿਕ ਲਾਭ ਅਤੇ ਧਾਰਮਿਕ ਭਾਵਨਾਵਾਂ ਵਿੱਚ ਟਕਰਾਅ ਨੂੰ ਦਰਸਾਉਂਦਾ ਹੈ। ਭਵਿੱਖ ਵਿੱਚ ਇਹ ਅਦਾਲਤੀ ਫੈਸਲਾ ਹੋਰ ਮਾਮਲਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਗਾਂ ਸੁਰੱਖਿਆ ਕਾਨੂੰਨਾਂ ਨੂੰ ਸਖ਼ਤ ਬਣਾ ਸਕਦਾ ਹੈ। ਪਰ ਆਲੋਚਕ ਕਹਿੰਦੇ ਹਨ ਕਿ ਇਹ ਸੈਕੂਲਰਿਜ਼ਮ ਨੂੰ ਖ਼ਤਰੇ ਵਿੱਚ ਪਾਉਂਦਾ ਹੈ।

# ਸਰਹੱਦ ਪਾਰੋਂ ਹਥਿਆਰਾਂ ਦੀ ਸਮਗਲਿੰਗ ਦੇ ਰੈਕਟ ਦਾ ਪਰਦਾਫਾਸ਼-1 ਸਮਗਲਰ ਗ੍ਰਿਫ਼ਤਾਰ

ਅੰਮ੍ਰਿਤਸਰ-ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਇੱਕ ਮੁਲਜ਼ਮ ਨੂੰ ਪੰਜ ਅਤਿ-ਆਧੁਨਿਕ 9 ਐਮ.ਐਮ. ਗਲੋਕ ਪਿਸਤੌਲਾਂ ਤੇ ਚਾਰ ਮੈਗਜ਼ੀਨਾਂ ਸਮੇਤ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਹਥਿਆਰਾਂ ਦੀ ਤਸਕਰੀ ਦੇ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਇਹ ਪ੍ਰਗਟਾਵਾ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਅੱਜ ਇਥੇ ਪੁਲਿਸ ਲਾਈਨ ਵਿਖੇ ਪੱਤਰਕਾਰ ਵਾਰਤਾ ਵਿਚ ਕੀਤਾ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਅਮਿਤ ਸਿੰਘ ਵਾਸੀ ਪਿੰਡ ਗੁਰੂ ਕੀ ਵਡਾਲੀ ਛੇਹਰਟਾ ਜਿਲ੍ਹਾ ਅੰਮਿਬਸਰ ਵਜੋਂ ਹੋਈ ਹੈ। ਇਸ ਪਾਸੋਂ ਹਥਿਆਰ ਬਰਾਮਦ ਕਰਨ ਤੋਂ ਇਲਾਵਾ ਪੁਲਿਸ ਟੀਮਾਂ ਨੇ ਉਸਦਾ ਕਾਲੇ ਰੰਗ ਦਾ ਹੀਰੋ ਸਪਲੈਂਡਰ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ।

ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਆਪਣੇ ਸਾਥੀ ਗੁਰਪ੍ਰੀਤ ਸਿੰਘ ਉਰਫ਼ ਗਿੰਨੀ ਜ਼ਰੀਏ ਪਾਕਿਸਤਾਨ ਅਧਾਰਤ ਤਸਕਰਾਂ ਦੇ ਸੰਪਰਕ ਵਿਚ ਸੀ। ਇਸ ਗ੍ਰਿਫ਼ਤਾਰੀ ਤੇ ਬਰਾਮਦਗੀ ਨੇ ਹਥਿਆਰਾਂ ਦੀ ਤਸਕਰੀ ਦੇ ਵੱਡੇ ਰੈਕੇਟ ਦਾ ਪਰਦਾਫਾਸ਼ ਕਰਨ ਅਤੇ ਖੇਤਰ ਵਿਚ ਇੱਕ ਵੱਡੇ ਅਪਰਾਧ ਨੂੰ ਟਾਲਣ ਵਿਚ ਮਦਦ ਕੀਤੀ ਹੈ।

### ਮਾਮਲਾ 2009 ਦੌਰਾਨ ਜੰਜੂਆ ਨੂੰ ਵਿਜੀਲੈਂਸ ਵਲੋਂ 2 ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਫੜੇ ਜਾਣ ਦਾ

# ਹਾਈਕੋਰਟ ਵਲੋਂ ਭ੍ਰਿਸ਼ਟਾਚਾਰ ਮਾਮਲੇ ਵਿਚ ਪੰਜਾਬ ਸਰਕਾਰ ’ਤੇ ਜੁਰਮਾਨਾ

## ✪ ਹਾਈਕੋਰਟ ਦੇ ਹੁਕਮ ਅਨੁਸਾਰ ਕੇਦਰ ਕੋਲ ਨਹੀਂ ਭੇਜੇ ਗਏ ਦਸਤਾਵੇਜ਼

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ ਪੁਰਾਣੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਅਦਾਲਤ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਲਈ ਪੰਜਾਬ ਸਰਕਾਰ ’ਤੇ 50,000 ਰੁਪਏ ਦਾ ਜੁਰਮਾਨਾ ਲਗਾਇਆ ਹੈ। ਜਸਟਿਸ ਅਲਕਾ ਸਰੀਨ ਨੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਸਰਕਾਰ ਵਾਰ-ਵਾਰ ਸਮਾਂ ਮੰਗ ਕੇ ਕੇਸ ਨੂੰ ਲਮਕਾ ਰਹੀ ਹੈ, ਜਿਸ ਨਾਲ ਨਿਆਇਕ ਪ੍ਰਕਿਰਿਆ ਵਿਚ ਰੁਕਾਵਟ ਆ ਰਹੀ ਹੈ।

ਇਹ ਮਾਮਲਾ 2009 ਦਾ ਹੈ, ਜਦੋਂ ਵਿਜੇ ਕੁਮਾਰ ਜੰਜੂਆ ਆਈਏਐਸ ਨੂੰ ਵਿਜੀਲੈਂਸ ਬਿਊਰੋ ਨੇ 2 ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਫੜਿਆ ਸੀ। ਹੇਠਲੀ ਅਦਾਲਤ ਨੇ 2015 ਵਿਚ ਉਸ ਨੂੰ ਇਸ ਆਧਾਰ ’ਤੇ ਬਰੀ ਕਰ ਦਿੱਤਾ ਸੀ ਕਿ ਮੁਕੱਦਮਾ ਚਲਾਉਣ ਲਈ ਕੇਂਦਰ ਸਰਕਾਰ ਦੀ ਇਜਾਜ਼ਤ ਦੀ ਲੋੜ ਹੈ, ਨਾ



ਕਿ ਰਾਜਪਾਲ ਦੀ।

ਅਦਾਲਤ ਦਾ ਸਖ਼ਤ ਰੁਖ਼ ਤੇ ਅਗਲੀ ਕਾਰਵਾਈ-15 ਸਤੰਬਰ 2023 ਨੂੰ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਸਾਰੇ ਦਸਤਾਵੇਜ਼ ਕੇਂਦਰ ਸਰਕਾਰ ਕੋਲ ਭੇਜਣ ਦੇ ਹੁਕਮ ਦਿੱਤੇ ਸਨ ਤਾਂ ਜੋ ਮੁਕੱਦਮਾ ਚਲਾਉਣ ਦੀ ਇਜਾਜ਼ਤ ਮਿਲ ਸਕੇ। ਇਸ ਦੇ ਬਾਵਜੂਦ, ਸਰਕਾਰ ਨੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਅਤੇ ਵਾਰ-ਵਾਰ ਸੁਣਵਾਈ ਮੁਲਤਵੀ ਕਰਨ ਦੀ ਅਪੀਲ ਕੀਤੀ। 18 ਅਗਸਤ 2025 ਦੀ ਸੁਣਵਾਈ ’ਤੇ ਵੀ ਜਦੋਂ ਸਰਕਾਰ ਨੇ ਹੋਰ ਸਮਾਂ ਮੰਗਿਆ ਤਾਂ ਜਸਟਿਸ ਅਲਕਾ ਸਰੀਨ ਨੇ ਸਖ਼ਤ ਕਦਮ ਚੁੱਕਦੇ ਹੋਏ ਸਰਕਾਰ ’ਤੇ ਜੁਰਮਾਨਾ ਲਗਾਇਆ।

ਇਹ ਜੁਰਮਾਨਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਕਾਨੂੰਨੀ ਸੇਵਾਵਾਂ ਕਮੇਟੀ ਵਿੱਚ ਜਮ੍ਹਾਂ ਕਰਾਉਣ ਦਾ ਨਿਰਦੇਸ਼ ਦਿੱਤਾ ਗਿਆ ਹੈ। ਅਦਾਲਤ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਅੱਗੇ ਵੀ ਹੁਕਮਾਂ ਦੀ ਉਲੰਘਣਾ ਕੀਤੀ ਗਈ ਤਾਂ ਹੋਰ ਸਖ਼ਤ ਕਾਰਵਾਈ ਹੋਵੇਗੀ। ਇਸ ਕੇਸ ਦੀ ਅਗਲੀ ਸੁਣਵਾਈ 8 ਸਤੰਬਰ 2025 ਨੂੰ ਹੋਵੇਗੀ।

# ਭਾਰਤੀ ਵਸਤਾਂ ’ਤੇ 25 ਫ਼ੀਸਦ ਵਾਧੂ ਅਮਰੀਕੀ ਟੈਰਿਫ਼ ਹੋਇਆ ਲਾਗੂ

ਵਾਸ਼ਿੰਗਟਨ-ਭਾਰਤੀ ਵਸਤਾਂ ’ਤੇ ਅਮਰੀਕਾ ਵਿਚ ਵਾਧੂ 25 ਫ਼ੀਸਦ ਟੈਰਿਫ ਭਲਕੇ ਹੋ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ ਵੱਲੋਂ ਰੂਸ ਤੋਂ ਤੇਲ ਖ਼ਰੀਦਣ ਤੋਂ ਬਾਜ਼ ਨਾ ਆਉਣ ਕਾਰਨ 25 ਫ਼ੀਸਦ ਵਾਧੂ ਟੈਰਿਫ ਲਗਾਉਣ ਦਾ ਐਲਾਨ ਕੀਤਾ ਸੀ। ਇਸ ਨਾਲ ਭਾਰਤੀ ਵਸਤਾਂ ’ਤੇ ਟੈਰਿਫ ਵਧ ਕੇ 50 ਫ਼ੀਸਦ ਹੋ ਜਾਵੇਗਾ। ਜੁਲਾਈ ਵਿਚ ਐਲਾਨਿਆ ਗਿਆ 25 ਫ਼ੀਸਦ ਟੈਰਿਫ ਪਹਿਲਾਂ ਹੀ 7 ਅਗਸਤ ਤੋਂ ਲਾਗੂ ਹੋ ਚੁੱਕਿਆ ਹੈ। ਵਾਧੂ ਟੈਰਿਫ ਲਾਗੂ ਹੋਣ ਨਾਲ ਭਾਰਤ ਦੀ ਅਮਰੀਕਾ ਨੂੰ ਬਰਾਮਦਗੀ ’ਤੇ 48.2 ਅਰਬ ਡਾਲਰ ਤੋਂ ਵੱਧ ਦਾ ਅਸਰ ਪੈਣ ਦੀ ਸੰਭਾਵਨਾ ਹੈ। ਭਾਰਤ ਤੋਂ ਇਲਾਵਾ ਅਮਰੀਕਾ ਨੇ ਬ੍ਰਾਜ਼ੀਲ ’ਤੇ 50 ਫ਼ੀਸਦ ਟੈਰਿਫ ਲਗਾਇਆ ਹੈ।

# ਗੁਰਦੁਆਰਾ ਸ੍ਰੀ ਰਵੀਦਾਸ ਸਾਹਿਬ ਵਿੱਚ ਬੇਅਦਬੀ ਹੋਈ

## ✪ ਪਤੀ-ਪਤਨੀ ਖ਼ਿਲਾਫ਼ ਕੇਸ ਦਰਜ ✪ ਔਰਤ ’ਤੇ ਕੱਪੜੇ ਉਤਾਰ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਸੁੱਟਣ ਦਾ ਦੋਸ਼

ਸਾਹਨੇਵਾਲ-ਥਾਣਾ ਸਾਹਨੇਵਾਲ ਦੇ ਇਲਾਕੇ ਵਿੱਚ ਪਿੰਡ ਜੁਗਿਆਣਾ ਸਥਿਤ ਗੁਰਦੁਆਰਾ ਸ੍ਰੀ ਰਵੀਦਾਸ ਸਾਹਿਬ ਵਿੱਚ ਔਰਤ ਵੱਲੋਂ ਗੁਰਦੁਆਰੇ ਦੇ ਹਾਲ ਵਿੱਚ ਕੱਪੜੇ ਉਤਾਰ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਸੁੱਟਣ ਦਾ ਦੋਸ਼ ਹੈ। ਪੁਲੀਸ ਵੱਲੋਂ ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਜਸਵੰਤ ਸਿੰਘ ਚੀਮਾ ਵਾਸੀ ਸੇਖੇਵਾਲ ਦੀ ਸ਼ਿਕਾਇਤ ’ਤੇ ਪ੍ਰਕਾਸ਼ ਕੌਰ ਅਤੇ ਉਸ ਦੇ ਪਤੀ ਹਰਭਜਨ ਸਿੰਘ ਵਾਸੀ ਪਿੰਡ ਜੁਗਿਆਣਾ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਘਟਨਾ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ। ਇਸ ਸਬੰਧੀ ਵੀਡੀਓ ਵੀ



ਵਾਇਰਲ ਹੋ ਗਈ ਹੈ। ਘਟਨਾ ਮਗਰੋਂ ਵੱਖ-ਵੱਖ ਜਥੇਬੰਦੀਆਂ ਦੇ ਆਗੂ ਗੁਰਦੁਆਰੇ ਵਿੱਚ ਪੁੱਜੇ ਜਿੱਥੇ ਉਨ੍ਹਾਂ ਪ੍ਰਬੰਧਕਾਂ ਕੋਲੋਂ ਜਾਣਕਾਰੀ ਲੈਣ ਤੋਂ ਬਾਅਦ ਪੁਲੀਸ ਨੂੰ ਸੂਚਿਤ ਕੀਤਾ। ਚੀਮਾ ਨੇ ਦੱਸਿਆ ਕਿ ਔਰਤ ਪ੍ਰਕਾਸ਼ ਕੌਰ ਆਪਣੇ ਪਤੀ ਹਰਭਜਨ ਸਿੰਘ ਦੀ ਹਾਜ਼ਰੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਆਪਣੇ ਕੱਪੜੇ ਉਤਾਰ ਕੇ ਨਿਰਵਸਤਰ ਹੋ ਗਈ ਅਤੇ ਉਤਾਰੇ ਕੱਪੜੇ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਸੁੱਟ ਦਿੱਤੇ। ਥਾਣੇਦਾਰ ਜਸਪ੍ਰੀਤ ਸਿੰਘ ਨੇ ਦੱਸਿਆ ਹੈ ਕਿ ਪੁਲੀਸ ਵੱਲੋਂ ਕੇਸ ਦਰਜ ਕਰਕੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੁਲੀਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਕਿ ਔਰਤ ਨੇ ਇਹ ਸਭ ਕੁੱਝ ਕਿਉਂ ਕੀਤਾ। ਉਨ੍ਹਾਂ ਦੱਸਿਆ ਕਿ ਫੁਟੇਜ ਅਨੁਸਾਰ ਔਰਤ ਪਹਿਲਾਂ ਉੱਚੀ-ਉੱਚੀ ਬੋਲਦੀ ਹੈ ਅਤੇ ਉਥੇ ਹਾਜ਼ਰ ਸੰਗਤ ਉਸ ਨੂੰ ਰੋਕਦੀ ਹੈ ਪਰ ਉਹ ਅਚਾਨਕ ਹੀ ਆਪਣੇ ਕੱਪੜੇ ਉਤਾਰ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਸੁੱਟਦੀ ਹੈ। ਮਗਰੋਂ ਔਰਤ ਨੂੰ ਸੰਗਤ ਬਾਹਰ ਲੈ ਜਾਂਦੀ ਹੈ।

# ਹੁਣ ਅਮਰੀਕਾ 'ਚ ਝੰਡਾ ਸਾੜਨ ਵਾਲਿਆਂ ਖਿਲਾਫ਼ ਹੋਵੇਗੀ ਸਖ਼ਤ ਕਾਰਵਾਈ

ਅਮਰੀਕਾ: ਅਮਰੀਕੀ ਰਾਸ਼ਟਰਪਤੀ ਟਰੰਪ ਨੇ ਸੋਮਵਾਰ ਨੂੰ ਦੋ ਕਾਰਜਕਾਰੀ ਆਦੇਸ਼ਾਂ 'ਤੇ ਦਸਤਖਤ ਕੀਤੇ। ਪਹਿਲੇ ਆਦੇਸ਼ ਵਿੱਚ, ਮੁਲਜ਼ਮਾਂ ਨੂੰ ਪੈਸੇ ਜਮ੍ਹਾ ਕੀਤੇ ਬਿਨਾਂ ਰਿਹਾਅ ਕਰਨ ਦੀ ਪ੍ਰਣਾਲੀ (ਨਕਦੀ ਰਹਿਤ ਜ਼ਮਾਨਤ) ਖਤਮ ਕਰ ਦਿੱਤੀ ਗਈ ਸੀ। ਜਦੋਂ ਕਿ ਦੂਜੇ ਵਿੱਚ, ਅਮਰੀਕੀ ਝੰਡਾ ਸਾੜਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਵਿਵਸਥਾ ਹੈ।ਟਰੰਪ ਦੇ ਕਾਰਜਕਾਰੀ ਆਦੇਸ਼ ਦੇ ਅਨੁਸਾਰ, ਅਮਰੀਕੀ ਝੰਡਾ ਸਾੜਨ ਵਾਲਿਆਂ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਜਾਣਾ ਚਾਹੀਦਾ ਹੈ ਅਤੇ ਜੇਕਰ ਉਹ ਪ੍ਰਵਾਸੀ (ਵਿਦੇਸ਼ੀ ਨਾਗਰਿਕ) ਹਨ, ਤਾਂ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਣਾ ਚਾਹੀਦਾ ਹੈ। ਅਮਰੀਕੀ ਸੁਪਰੀਮ ਕੋਰਟ ਨੇ 1989 ਵਿੱਚ 5-4 ਦੇ ਫੈਸਲੇ ਵਿੱਚ ਕਿਹਾ ਸੀ ਕਿ ਝੰਡਾ ਸਾੜਨਾ ਪ੍ਰਗਟਾਵੇ ਦੀ ਆਜ਼ਾਦੀ ਦੇ ਅਧੀਨ ਆਉਂਦਾ ਹੈ, ਪਰ ਟਰੰਪ ਨੇ ਅਟਾਰਨੀ ਜਨਰਲ ਪੈਮ ਬੋਂਡੀ ਨੂੰ ਇੱਕ ਅਜਿਹਾ ਕੇਸ ਲੱਭਣ ਲਈ ਕਿਹਾ ਹੈ ਜੋ ਇਸ ਫੈਸਲੇ ਨੂੰ ਚੁਣੌਤੀ ਦੇ ਸਕੇ।ਵ੍ਹਾਈਟ ਹਾਊਸ ਦੇ ਇੱਕ ਅਧਿਕਾਰੀ ਦੇ ਅਨੁਸਾਰ, 2 ਮਹੀਨੇ ਪਹਿਲਾਂ ਲਾਸ ਏਂਜਲਸ ਵਿੱਚ, ਪ੍ਰਦਰਸ਼ਨਕਾਰੀਆਂ ਨੇ ਅਮਰੀਕੀ ਝੰਡੇ ਸਾੜੇ ਸਨ ਅਤੇ ਮੈਕਸੀਕਨ ਝੰਡੇ ਲਹਿਰਾਏ ਸਨ, ਜਿਸ ਨਾਲ ਟਰੰਪ ਨਾਰਾਜ਼ ਸਨ।ਅਮਰੀਕਾ ਵਿੱਚ ਕੈਸ਼ਲੈੱਸ ਜ਼ਮਾਨਤ ਦੇ ਤਹਿਤ, ਜੱਜ ਮੁਲਜ਼ਮਾਂ ਨੂੰ ਬਿਨਾਂ ਕੋਈ ਪੈਸਾ ਜਮ੍ਹਾ ਕੀਤੇ ਰਿਹਾਅ ਕਰ ਸਕਦੇ ਹਨ। ਟਰੰਪ ਨੇ ਇਸ ਪ੍ਰਣਾਲੀ ਨੂੰ ਬਹੁਤ ਲਚਕਦਾਰ ਦੱਸਿਆ ਅਤੇ ਇਸਨੂੰ ਖਤਮ ਕਰਨ ਦਾ ਹੁਕਮ ਦਿੱਤਾ।ਉਨ੍ਹਾਂ ਨੇ ਪੈਮ ਬੋਂਡੀ ਨੂੰ ਉਨ੍ਹਾਂ ਰਾਜਾਂ ਅਤੇ ਸ਼ਹਿਰਾਂ ਦੀ ਪਛਾਣ ਕਰਨ ਲਈ ਕਿਹਾ ਹੈ ਜਿੱਥੇ ਕੈਸ਼ਲੈੱਸ ਜ਼ਮਾਨਤ ਲਾਗੂ ਹੈ। ਕੇਂਦਰੀ ਫੰਡ (ਸਰਕਾਰੀ ਪੈਸਾ) ਇਨ੍ਹਾਂ ਥਾਵਾਂ 'ਤੇ ਰੋਕਿਆ ਜਾਂ ਰੋਕਿਆ ਜਾ ਸਕਦਾ ਹੈ।

# ਪ੍ਰੇਮੀ ਨਾਲ ਮਿਲ ਕੇ ਪਤੀ ਦੀ ਕੀਤੀ ਹੱਤਿਆ

ਮਲੌਦ (ਪੱਤਰ ਪ੍ਰੇਰਕ)-ਥਾਣਾ ਮਲੌਦ ਦੇ ਪਿੰਡ ਸੋਹੀਆਂ ਵਿੱਚ ਇੱਕ ਵਿਅਕਤੀ ਬਹਾਦਰ ਸਿੰਘ ਭੋਲਾ (40) ਦਾ ਕਤਲ ਹੋ ਗਿਆ। ਸੁੱਖੀ ਨੇ ਪੰਚਾਇਤ ਮੈਂਬਰ ਦੀ ਚੋਣ ਲੜੀ ਸੀ, ਜਿਸ ਦੇ ਮ੍ਰਿਤਕ ਦੀ ਪਤਨੀ ਜਸਵੀਰ ਕੌਰ ਨਾਲ ਕਥਿਤ ਸਬੰਧ ਸਨ, ਜੋ ਕਤਲ ਦਾ ਕਾਰਨ ਬਣੇ। ਡੀਐੱਸਪੀ ਹੇਮੰਤ ਕੁਮਾਰ ਮਲਹੋਤਰਾ ਨੇ ਦੱਸਿਆ ਕਿ ਮ੍ਰਿਤਕ ਬਹਾਦਰ ਸਿੰਘ ਦੀ ਪਤਨੀ ਨੇ ਆਪਣੇ ਕਥਿਤ ਪ੍ਰੇਮੀ ਸੁਖਪ੍ਰੀਤ ਸਿੰਘ ਉਰਫ ਸੁੱਖੀ ਨਾਲ ਮਿਲ ਕੇ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ। ਪੁਲੀਸ ਨੇ ਦੋਵਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

# ਸਰਹਦੀ ਰਾਜਾਂ ਵਿੱਚ ਡੈਮੋਗ੍ਰਾਫਿਕ ਬਦਲਾਅ ਤੇਜੀ ਨਾਲ

## ✪ ਪੰਜਾਬ ਵਿੱਚ ਪਰਵਾਸੀ ਮਜ਼ਦੂਰਾਂ ਦੀ ਆਮਦ ਕਾਰਣ ਪੰਜਾਬੀਆਂ ਦੀ ਨਵੀਂ ਚਿੰਤਾ, ਕੀ ਹੈ ਸਾਜਿਸ਼ ਜਾਂ ਆਰਥਿਕ ਜ਼ਰੂਰਤ ?

**ਵਿਸ਼ੇਸ਼ ਰਿਪੋਟ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਿੰਨ ਦਿਨ ਪਹਿਲਾਂ ਆਜ਼ਾਦੀ ਦਿਵਸ ਮੌਕੇ ਆਪਣੇ ਸੰਬੋਧਨ ਵਿੱਚ ਦੇਸ਼ ਦੇ ਸੀਮਾਵਰਤੀ ਇਲਾਕਿਆਂ ਵਿੱਚ ਹੋ ਰਹੇ ਡੈਮੋਗ੍ਰਾਫਿਕ ਬਦਲਾਅ ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਸੀ। ਪੀਐੱਮ ਨੇ ਕਿਹਾ ਕਿ ਨਾਜਾਇਜ਼ ਘੁਸਪੈਠ ਕਰਕੇ ਸਰਹੱਦੀ ਖੇਤਰਾਂ ਵਿੱਚ ਜਨਸੰਖਿਆ ਦਾ ਸੰਤੁਲਨ ਵਿਗੜ ਰਿਹਾ ਹੈ, ਜਿਸ ਨਾਲ ਜ਼ਮੀਨਾਂ ਤੇ ਕਬਜ਼ੇ, ਔਰਤਾਂ ਦੀ ਸੁਰੱਖਿਆ ਅਤੇ ਰਾਸ਼ਟਰੀ ਸੁਰੱਖਿਆ ਨੂੰ ਖ਼ਤਰਾ ਪੈਦਾ ਹੋ ਰਿਹਾ ਹੈ। ਜੇ ਅਸੀਂ ਚਾਰ ਰਾਜਾਂ - ਅਸਮ, ਪੱਛਮੀ ਬੰਗਾਲ, ਉੱਤਰ ਪ੍ਰਦੇਸ਼ ਅਤੇ ਬਿਹਾਰ - ਦੇ ਜਨਗਣਨਾ ਅੰਕੜਿਆਂ ਨੂੰ ਵੇਖੀਏ ਤਾਂ ਅਸਮ ਵਿੱਚ 1951-61 ਵਿੱਚ ਜਨਸੰਖਿਆ ਵਾਧਾ ਦਰ 35 ਫੀਸਦੀ ਸੀ ਜੋ 1991-2001 ਵਿੱਚ ਘਟ ਕੇ 16.9 ਫੀਸਦੀ ਰਹਿ ਗਈ। ਪੱਛਮੀ ਬੰਗਾਲ ਵਿੱਚ ਇਹ 27.6 ਤੋਂ ਘਟ ਕੇ 13.9 ਫੀਸਦੀ ਹੋ ਗਈ। ਜਦਕਿ ਮੱਧ ਭਾਰਤ ਦੇ ਰਾਜ ਉੱਤਰ ਪ੍ਰਦੇਸ਼ ਵਿੱਚ ਇਹ 13.8 ਤੋਂ ਵਧ ਕੇ 20.1 ਫੀਸਦੀ ਅਤੇ ਬਿਹਾਰ ਵਿੱਚ 19.1 ਤੋਂ 25.1 ਫੀਸਦੀ ਹੋ ਗਈ। ਪੂਰੇ ਦੇਸ਼ ਵਿੱਚ ਸੀਮਾਵਰਤੀ ਰਾਜਾਂ ਜਿਵੇਂ ਤ੍ਰਿਪੁਰਾ, ਅਸਾਮ, ਮੇਘਾਲਿਆ, ਮਨੀਪੁਰ, ਮਿਜ਼ੋਰਮ, ਨਾਗਾਲੈਂਡ, ਅਰੁਣਾਚਲ ਪ੍ਰਦੇਸ਼ ਅਤੇ ਸਿੱਕਮ ਵਿੱਚ ਆਜ਼ਾਦੀ ਤੋਂ ਬਾਅਦ ਜ਼ਿਆਦਾਤਰ ਸਮੇਂ ਰਾਸ਼ਟਰੀ ਔਸਤ ਨਾਲੋਂ ਵੱਧ ਵਾਧਾ ਦਰ ਵੇਖੀ ਗਈ। ਤ੍ਰਿਪੁਰਾ ਵਿੱਚ 1951-61 ਵਿੱਚ 78.7 ਫੀਸਦੀ ਵਾਧਾ ਹੋਇਆ ਜੋ 1991-2001 ਵਿੱਚ ਘਟ ਕੇ 14.8 ਫੀਸਦੀ ਰਹਿ ਗਿਆ। ਅਸਮ ਵਿੱਚ ਵੀ ਇਹ ਦਰ ਘਟੀ ਅਤੇ ਨਾਗਾਲੈਂਡ ਵਿੱਚ ਤਾਂ 2001-11 ਵਿੱਚ ਨੈਗੇਟਿਵ ਵਾਧਾ (-0.5 ਫੀਸਦੀ) ਵੇਖਿਆ ਗਿਆ। ਜੰਮੂ-ਕਸ਼ਮੀਰ ਅਤੇ ਪੰਜਾਬ ਵਿੱਚ ਵੀ ਤੇਜ਼ ਵਾਧਾ ਹੋਇਆ ਪਰ ਹਿਮਾਚਲ ਪ੍ਰਦੇਸ਼ ਵਿੱਚ ਇਹ ਰਾਸ਼ਟਰੀ ਔਸਤ ਨੇੜੇ ਰਹੀ।

ਮੱਧ ਭਾਰਤ ਵਿੱਚ ਵੀ ਵਾਧਾ ਸਰਹੱਦੀ ਰਾਜਾਂ ਵਾਂਗ ਹੀ ਰਿਹਾ। ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ ਔਸਤ ਨਾਲੋਂ ਵੱਧ ਵਾਧਾ ਵੇਖਿਆ ਗਿਆ। ਰਾਜਸਥਾਨ ਵਿੱਚ 1951-61 ਵਿੱਚ 28 ਫੀਸਦੀ, 1971-81 ਵਿੱਚ 29.1 ਫੀਸਦੀ ਅਤੇ 1991-2001 ਵਿੱਚ 28.3 ਫੀਸਦੀ ਵਾਧਾ ਹੋਇਆ। ਗੁਜਰਾਤ ਵਿੱਚ 24 ਤੋਂ 27 ਫੀਸਦੀ ਅਤੇ ਮੱਧ ਪ੍ਰਦੇਸ਼ ਵਿੱਚ 21 ਤੋਂ 30 ਫੀਸਦੀ ਤੱਕ ਉਤਰਾਅ-ਚੜ੍ਹਾਅ ਵੇਖਿਆ ਗਿਆ। ਉੱਤਰ ਪ੍ਰਦੇਸ਼ ਅਤੇ ਬਿਹਾਰ ਵਿੱਚ ਵੀ ਕਈ ਜਨਗਣਨਾਵਾਂ ਵਿੱਚ ਰਾਸ਼ਟਰੀ ਔਸਤ ਨਾਲੋਂ ਵੱਧ ਵਾਧਾ ਹੋਇਆ। ਪੱਛਮੀ ਬੰਗਾਲ ਵਿੱਚ ਵਾਧਾ ਦਾ ਵੱਖਰਾ ਪੈਟਰਨ ਵੇਖਿਆ ਗਿਆ ਜਿੱਥੇ 1951-61 ਵਿੱਚ ਸਭ ਤੋਂ ਵੱਧ ਵਾਧਾ ਹੋਇਆ ਪਰ ਬਾਅਦ ਵਿੱਚ ਇਹ ਰਾਸ਼ਟਰੀ ਔਸਤ ਨਾਲੋਂ ਘੱਟ ਰਿਹਾ। ਦੱਖਣੀ ਰਾਜਾਂ ਜਿਵੇਂ ਕੇਰਲ, ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ ਵਿੱਚ ਵਾਧਾ ਦਰ ਘੱਟ ਰਿਹਾ ਜਿੱਥੇ ਕੇਰਲ ਵਿੱਚ ਇਹ 2001-11 ਵਿੱਚ 4.9 ਫੀਸਦੀ ਤੱਕ ਘਟ ਗਿਆ। ਇਹ ਕਮੀ ਤੇਜ਼ ਪ੍ਰਜਨਨ ਘਟਾਅ, ਵੱਧ ਸਾਖਰਤਾ ਅਤੇ ਸ਼ਹਿਰੀਕਰਨ ਨੂੰ ਦਰਸਾਉਂਦੀ ਹੈ। ਕਈ ਇਤਿਹਾਸਿਕ ਘਟਨਾਵਾਂ ਜਿਵੇਂ 1947 ਦੀ ਵੰਡ ਅਤੇ 1971 ਦਾ ਬੰਗਲਾਦੇਸ਼ ਯੁੱਧ ਨੇ ਜਨਸੰਖਿਆ ਵਿੱਚ ਵੱਡੇ ਬਦਲਾਅ ਲਿਆਂਦੇ ਜੋ ਅਸਾਮ, ਤ੍ਰਿਪੁਰਾ ਅਤੇ ਪੱਛਮੀ ਬੰਗਾਲ ਵਿੱਚ ਵਾਧੇ ਵਿਚ ਇਜਾਫਾ ਕਰਦੇ ਰਹੇ। ਮਾਹਿਰਾਂ ਮੁਤਾਬਕ ਜਨਸੰਖਿਆ ਬਦਲਾਅ ਨੂੰ ਸਿਰਫ਼ ਘੁਸਪੈਠ ਨਾਲ ਜੋੜਨਾ ਗਲਤ ਹੈ ਕਿਉਂਕਿ ਇਸ ਵਿੱਚ ਪ੍ਰਾਕ੍ਰਿਤਕ ਵਾਧਾ, ਆਰਥਿਕ ਪ੍ਰਵਾਸ, ਗਰੀਬੀ ਅਤੇ ਅਨਪੜ੍ਹਤਾ ਵਰਗੇ ਕਾਰਨ ਵੀ ਸ਼ਾਮਲ ਹਨ।

> ਪੰਜਾਬ ਵਿਚ ਜਨਸੰਖਿਆ ਬਦਲਾਅ ਇੱਕ ਜਟਿਲ ਮੁੱਦਾ ਹੈ ਜਿਸ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਪੰਜਾਬ ਵਿੱਚ ਪਰਵਾਸੀ ਮਜ਼ਦੂਰ ਆਰਥਿਕ ਵਿਕਾਸ ਲਈ ਜ਼ਰੂਰੀ ਹਨ ਪਰ ਉਨ੍ਹਾਂ ਨੂੰ ਨਿਯਮਤ ਕਰਨ ਅਤੇ ਸਥਾਨਕਾਂ ਨੂੰ ਰੁਜ਼ਗਾਰ ਦੇਣ ਲਈ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ। ਨਹੀਂ ਤਾਂ ਸਮਾਜਿਕ ਤਣਾਅ ਅਤੇ ਰਾਜਨੀਤਿਕ ਅਸਥਿਰਤਾ ਵਧੇਗੀ।



ਪੰਜਾਬ ਵਿਚ ਡੈਮੋਗਰਾਫੀ ਵਿਚ ਵਾਧਾ ਕੀ ਸਾਜਿਸ਼ ਹੈ ?-ਹੁਣ ਪੰਜਾਬ ਵੱਲ ਆਉਂਦੇ ਹਾਂ ਜਿੱਥੇ ਇਹ ਮਾਮਲਾ ਵੱਧ ਗੰਭੀਰ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਅਧਿਐਨ ਮੁਤਾਬਕ ਪਰਵਾਸੀ ਮਜ਼ਦੂਰਾਂ ਦੀ ਪੰਜਾਬ ਵਿੱਚ ਆਮਦ ਸਾਲ 1977-78 ਵਿੱਚ ਸ਼ੁਰੂ ਹੋਈ ਸੀ। ਉਸ ਵੇਲੇ ਪੰਜਾਬ ਵਿੱਚ ਝੋਨੇ ਦੀ ਬੀਜਾਈ ਸ਼ੁਰੂ ਹੋਈ ਅਤੇ ਪੰਜਾਬੀਆਂ ਕੋਲ ਤਜਰਬਾ ਨਹੀਂ ਸੀ ਤਾਂ ਬਿਹਾਰ ਅਤੇ ਯੂਪੀ ਤੋਂ ਮਾਹਿਰ ਮਜ਼ਦੂਰ ਆਏ ਸਨ। ਸਾਲ 1978 ਵਿੱਚ ਪੰਜਾਬ ਵਿੱਚ ਪਰਵਾਸੀ ਮਜ਼ਦੂਰਾਂ ਦੀ ਗਿਣਤੀ 2.18 ਲੱਖ ਸੀ ਜੋ 2015 ਤੱਕ ਵਧ ਕੇ 37 ਲੱਖ ਹੋ ਗਈ ਅਤੇ 2022 ਤੱਕ ਹੋਰ ਵਾਧਾ ਹੋਇਆ ਹੈ। ਹੁਣ 2025 ਵਿੱਚ ਇਹ ਗਿਣਤੀ 40 ਲੱਖ ਤੋਂ ਵੱਧ ਹੋ ਗਈ ਹੈ ਜਿਸ ਵਿੱਚ ਜ਼ਿਆਦਾਤਰ ਯੂਪੀ ਅਤੇ ਬਿਹਾਰ ਤੋਂ ਹਨ। ਪੰਜਾਬ ਸਰਕਾਰ ਦੇ ਸਰਵੇ ਮੁਤਾਬਕ ਲੁਧਿਆਣਾ ਨੇੜੇ ਸਾਹਨੇਵਾਲ ਪਿੰਡ ਵਿੱਚ ਹੀ 50 ਹਜ਼ਾਰ ਪਰਵਾਸੀ ਮਜ਼ਦੂਰ ਰਹਿੰਦੇ ਹਨ। ਭਾਰਤ ਸਰਕਾਰ ਦੇ ਲੇਬਰ ਵਿਭਾਗ ਮੁਤਾਬਕ 1977 ਤੋਂ ਲੈ ਕੇ ਮਜਦੂਰਾਂ ਦਾ ਪੰਜਾਬ ਆਉਣ ਦਾ ਰੁਝਾਨ ਨਿਰੰਤਰ ਜਾਰੀ ਹੈ। ਇਨ੍ਹਾਂ ਵਿੱਚ ਤਿੰਨ ਕਿਸਮਾਂ ਹਨ: ਖੇਤੀ ਮਜ਼ਦੂਰ ਜੋ ਛਿਮਾਹੀ ਆਉਂਦੇ ਜਾਂਦੇ ਰਹਿੰਦੇ ਹਨ, ਫੈਕਟਰੀਆਂ ਅਤੇ ਉਸਾਰੀ ਵਾਲੇ ਜੋ ਵੱਧ ਸਥਾਈ ਰਹਿੰਦੇ ਹਨ ਅਤੇ ਘਰੇਲੂ ਕੰਮ, ਰੇਹੜੀ ਵਾਲੇ ਜਾਂ ਛੋਟੇ ਧੰਦੇ ਵਾਲੇ ਜੋ ਪੂਰੀ ਤਰ੍ਹਾਂ ਵੱਸ ਜਾਂਦੇ ਹਨ। ਉਦਯੋਗਿਕ ਖੇਤਰ ਵਿੱਚ ਪਰਵਾਸੀ ਮਜ਼ਦੂਰਾਂ ਦਾ ਬਹੁਤ ਵੱਡਾ ਯੋਗਦਾਨ ਹੈ। ਇਹ ਖੇਤਰ ਪਰਵਾਸੀ ਮਜ਼ਦੂਰਾਂ ਦੇ ਸਹਾਰੇ ਹੀ ਖੜ੍ਹਾ ਹੈ।

ਪੰਜਾਬ ਦੇ ਉਦਯੋਗਪਤੀਆਂ ਨੂੰ ਖ਼ਦਸ਼ਾ ਹੈ ਕਿ ਜੇਕਰ ਪਰਵਾਸੀ ਮਜ਼ਦੂਰਾਂ ਨੇ ਪੰਜਾਬ ਵਿੱਚ ਆਉਣਾ ਬੰਦ ਕਰ ਦਿੱਤਾ ਤਾਂ ਉਨ੍ਹਾਂ ਲਈ ਵੱਡਾ ਸੰਕਟ ਖੜ੍ਹਾ ਹੋ ਸਕਦਾ ਹੈ।

ਉਹ ਕਹਿੰਦੇ ਹਨ ਕਿ ਇੰਡਸਟਰੀ ਵਿੱਚ ਹਮੇਸ਼ਾ ਹੀ ਮਜ਼ਦੂਰਾਂ ਦੀ ਘਾਟ ਰਹਿੰਦੀ ਹੈ, ਇਸ ਕਰਕੇ ਅਜਿਹੀ ਹਰ ਕੋਸ਼ਿਸ਼ ਨੂੰ ਰੋਕਿਆ ਜਾਣਾ ਚਾਹੀਦਾ ਹੈ, ਜਿਹੜੀ ਪਰਵਾਸੀ ਮਜ਼ਦੂਰਾਂ ਖ਼ਿਲਾਫ਼ ਮਾਹੌਲ ਸਿਰਜੇ।

"ਪਰਵਾਸੀ ਮਜ਼ਦੂਰ ਸਾਡੀ ਆਰਥਿਕਤਾ ਦਾ ਅਹਿਮ ਹਿੱਸਾ ਹਨ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਜਿਹੀ ਹਰ ਕੋਸ਼ਿਸ਼ ਨੂੰ ਰੋਕੇ ਜਿਸਦਾ ਉਦੇਸ਼ ਪਰਵਾਸੀ ਮਜ਼ਦੂਰਾਂ ਨੂੰ ਪੰਜਾਬ ਵਿੱਚ ਆਉਣ ਤੋਂ ਰੋਕਣਾ ਹੈ। ਪਰਵਾਸੀ ਮਜ਼ਦੂਰਾਂ ਬਿਨਾਂ ਸਾਡਾ ਗੁਜ਼ਾਰਾ ਨਹੀਂ ਹੈ।"

ਪੰਜਾਬ ਵਿੱਚ ਇਨ੍ਹਾਂ ਪਰਵਾਸੀਆਂ ਦੇ ਵਧਣ ਪਿੱਛੇ ਕੀ ਸਿਆਸਤ ਹੈ ? ਆਰਥਿਕ ਮਾਹਿਰ ਡਾ. ਆਰਐੱਸ ਘੁੰਮਣ ਮੁਤਾਬਕ ਪੰਜਾਬ ਦੀ ਆਰਥਿਕਤਾ ਤੇ ਇਨ੍ਹਾਂ ਦਾ ਵੱਡਾ ਅਸਰ ਹੈ, ਕਿਉਂਕਿ ਖੇਤੀ ਅਤੇ ਉਦਯੋਗ ਵਿੱਚ ਮਜ਼ਦੂਰਾਂ ਦੀ ਘਾਟ ਹੈ ਅਤੇ ਪੰਜਾਬੀ ਨੌਜਵਾਨ ਵੱਡੇ ਸ਼ਹਿਰਾਂ ਜਾਂ ਵਿਦੇਸ਼ ਵੱਲ ਪ੍ਰਵਾਸ ਕਰ ਰਹੇ ਹਨ। ਪਰ ਕਈ ਵਿਸ਼ਲੇਸ਼ਕਾਂ ਅਤੇ ਰਾਜਨੀਤਿਕ ਨੇਤਾਵਾਂ ਮੁਤਾਬਕ ਇਹ ਇੱਕ ਸਾਜਿਸ਼ ਹੈ ਜਿਸ ਨਾਲ ਪੰਜਾਬੀਆਂ ਦੀ ਗਿਣਤੀ ਘਟਾਈ ਜਾ ਰਹੀ ਹੈ ਅਤੇ ਸਿੱਖ ਬਹੁਗਿਣਤੀ ਨੂੰ ਘੱਟਗਿਣਤੀ ਬਣਾਇਆ ਜਾ ਰਿਹਾ ਹੈ। 2011 ਜਨਗਣਨਾ ਵਿੱਚ ਪੰਜਾਬ ਵਿੱਚ ਸਿੱਖ 57 ਫੀਸਦੀ ਸਨ ਪਰ ਹੁਣ ਇਹ ਘਟ ਕੇ 50 ਫੀਸਦੀ ਨੇੜੇ ਪਹੁੰਚ ਗਏ ਹਨ। ਰੈਡਿਟ ਅਤੇ ਹੋਰ ਪਲੇਟਫ਼ਾਰਮਾਂ ਤੇ ਚਰਚਾ ਹੈ ਕਿ ਕਈ ਪਿੰਡਾਂ ਵਿੱਚ ਪਰਵਾਸੀਆਂ ਦੀ ਗਿਣਤੀ 80 ਫੀਸਦੀ ਤੱਕ ਪਹੁੰਚ ਗਈ ਹੈ ਅਤੇ ਮਸਜਿਦਾਂ ਬਣ ਰਹੀਆਂ ਹਨ।

ਕਾਂਗਰਸ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਜੇ ਅਜਿਹਾ ਚੱਲਦਾ ਰਿਹਾ ਤਾਂ ਪੰਜਾਬੀ ਵਿਦੇਸ਼ਾਂ ਵੱਲ ਭੱਜਣਗੇ ਅਤੇ ਪੰਜਾਬ ਵਿੱਚ ਗੈਰ-ਪੰਜਾਬੀ ਬਹੁਗਿਣਤੀ ਹੋ ਜਾਵੇਗੀ। ਖਹਿਰਾ ਨੇ ਗੈਰ-ਪੰਜਾਬੀਆਂ ਨੂੰ ਖੇਤੀ ਜ਼ਮੀਨ ਖਰੀਦਣ ਤੇ ਰੋਕ ਲਾਉਣ ਲਈ ਕਾਨੂੰਨ ਬਣਾਉਣ ਦੀ ਮੰਗ ਕੀਤੀ ਹੈ।

ਗਿਆਨੀ ਹਰਪ੍ਰੀਤ ਸਿੰਘ, ਜਦੋਂ ਅਕਾਲ ਤਖ਼ਤ ਜਥੇਦਾਰ ਸਨ,ਨੇ ਸਿੱਖਾਂ ਨੂੰ ਆਪਣੀ ਗਿਣਤੀ ਵਧਾਉਣ ਅਤੇ ਪ੍ਰਵਾਸ ਰੋਕਣ ਲਈ ਅਪੀਲ ਕੀਤੀ ਸੀ।

ਪੰਜਾਬ ਵਿਚ ਦੂਜੇ ਰਾਜਾਂ ਦੇ ਲੋਕਾਂ ਦੇ ਪ੍ਰਵਾਸ ਕਾਰਣ ਪੰਜਾਬੀ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਵਧ ਰਹੀ ਹੈ। ਟਾਈਮਜ਼ ਆਫ਼ ਇੰਡੀਆ ਮੁਤਾਬਕ ਪੰਜਾਬ ਵਿੱਚ ਨੌਜਵਾਨ ਬੇਰੁਜ਼ਗਾਰੀ ਦਰ 20.2 ਫੀਸਦੀ ਹੈ ਜੋ ਰਾਸ਼ਟਰੀ ਔਸਤ ਨਾਲੋਂ ਵੱਧ ਹੈ। ਪੇਂਡੂ ਇਲਾਕਿਆਂ ਵਿੱਚ ਇਹ 22.1 ਫੀਸਦੀ ਹੈ। ਅਧਿਐਨ ਮੁਤਾਬਕ ਪਰਵਾਸੀ ਮਜ਼ਦੂਰਾਂ ਦਾ ਖੇਤੀ ਅਤੇ ਉਦਯੋਗ ਵਿੱਚ 70 ਫੀਸਦੀ ਅਨਸਕਿੱਲਡ ਨੌਕਰੀਆਂ ਉਪਰ ਕਬਜ਼ਾ ਹੈ ਜਿਸ ਨਾਲ ਸਥਾਨਕ ਪੰਜਾਬੀ ਨੌਜਵਾਨ ਬੇਰੁਜ਼ਗਾਰ ਹੋ ਰਹੇ ਹਨ ਅਤੇ ਵਿਦੇਸ਼ ਵੱਲ ਪ੍ਰਵਾਸ ਕਰ ਰਹੇ ਹਨ। ਇੱਕ ਰਿਪੋਰਟ ਮੁਤਾਬਕ ਪੰਜਾਬ ਵਿੱਚ ਬੇਰੁਜ਼ਗਾਰੀ ਦਰ 6.1 ਫੀਸਦੀ ਹੈ ਜੋ ਰਾਸ਼ਟਰੀ 3.2 ਫੀਸਦੀ ਨਾਲੋਂ ਵੱਧ ਹੈ। ਲਗਭਗ 10 ਲੱਖ ਪੰਜਾਬੀ ਨੌਜਵਾਨ ਬੇਰੁਜ਼ਗਾਰ ਹਨ ਅਤੇ ਇਸ ਵਿੱਚ ਦੂਜੇ ਰਾਜਾਂ ਦੇ ਪਰਵਾਸੀਆਂ ਦਾ ਵੱਡਾ ਰੋਲ ਹੈ।

ਕਰਾਈਮ ਵੀ ਵਧਿਆ ਹੈ। ਟ੍ਰਿਬਿਊਨ ਅਤੇ ਹਿੰਦੁਸਤਾਨ ਟਾਈਮਜ਼ ਮੁਤਾਬਕ ਲੁਧਿਆਣਾ ਵਿੱਚ ਕਰਾਈਮ ਤੇਜ਼ੀ ਨਾਲ ਵਧਿਆ ਹੈ ਅਤੇ ਜ਼ਿਆਦਾਤਰ ਅਪਰਾਧ ਪਰਵਾਸੀਆਂ ਨਾਲ ਜੁੜੇ ਹਨ। ਬੱਚੀਆਂ ਨਾਲ ਬਲਾਤਕਾਰ ਦੇ ਮਾਮਲੇ 83 ਫੀਸਦੀ ਵਧੇ ਹਨ ਅਤੇ ਜ਼ਿਆਦਾਤਰ ਵਿੱਚ ਪਰਵਾਸੀ ਸ਼ਾਮਲ ਹਨ। ਮੀਡੀਆ ਰਿਪੋਟਾ ਮੁਤਾਬਕ ਮੁਤਾਬਕ ਬੇਕਾਬੂ ਪ੍ਰਵਾਸ ਨੇ ਅਪਰਾਧ ਵਧਾਏ ਹਨ । ਲੁਧਿਆਣਾ ਵਿੱਚ ਪਰਵਾਸੀਆਂ ਅਤੇ ਸਿੱਖਾਂ ਵਿਚਾਲੇ ਟਕਰਾਅ ਦੀਆਂ ਖ਼ਬਰਾਂ ਵੀ ਆਉਂਦੀਆਂ ਰਹਿੰਦੀਆਂ ਹਨ। ਗੋਆ ਵਿੱਚ ਵੀ 90 ਫੀਸਦੀ ਅਪਰਾਧ ਪਰਵਾਸੀਆਂ ਨਾਲ ਜੁੜੇ ਹਨ ਪਰ ਪੰਜਾਬ ਵਿੱਚ ਇਹ ਗੰਭੀਰ ਹੈ।

## ਆਪ ਸਰਕਾਰ ਇਸ ਮਾਮਲੇ ਤੇ ਚੁੱਪ ਕਿਉਂ ਹੈ ?

ਕਾਂਗਰਸ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਆਪ ਸਰਕਾਰ ਪੰਜਾਬੀਆਂ ਦਾ ਪ੍ਰਵਾਸ ਰੋਕਣ ਵਿੱਚ ਨਾਕਾਮ ਰਹੀ ਹੈ ਅਤੇ ਪੰਜਾਬ ਵਿਚ ਬੇਰੁਜ਼ਗਾਰੀ ਵਿਚ ਵਾਧਾ ਹੋਇਆ ਹੈ। ਦੂਜੇ ਰਾਜਾਂ ਤੋਂ ਆਏ ਲੋਕਾਂ ਕਾਰਣ ਪੰਜਾਬ ਦੀ ਡੈਮੋਗਰਾਫੀ ਵਿਚ ਬਦਲਾਅ ਹੋਇਆ ਹੈ। ਆਪ ਸਰਕਾਰ ਇਸ ਨੂੰ ਉਤਸ਼ਾਹਿਤ ਕਰ ਰਹੀ ਹੈ। ਦੂਜੇ ਰਾਜਾਂ ਦੇ ਲੋਕਾਂ ਨੂੰ ਨੌਕਰੀਆਂ ਦੇ ਰਹੀ ਹੈ। ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਅਲੀਗਲ ਇੰਮੀਗ੍ਰੈਂਟਸ ਮਾਮਲੇ ਤੇ ਬੋਲਦਿਆਂ ਕਿਹਾ ਕਿ ਸੂਬਾ ਸਰਕਾਰ ਨੂੰ ਇਸ ਨੂੰ ਰਾਸ਼ਟਰੀ ਮੁੱਦਾ ਕਹਿ ਕੇ ਬਚ ਕੇ ਨਹੀਂ ਨਿਕਲਣਾ ਚਾਹੀਦਾ। ਆਪ ਸਰਕਾਰ ਭਾਜਪਾ ਨਾਲ ਮਿਲ ਕੇ ਡੈਮੋਗ੍ਰਾਫੀ ਬਦਲਣ ਵਿੱਚ ਲੱਗੀ ਹੈ ਅਤੇ ਲੈਂਡ ਪੂਲਿੰਗ ਨੀਤੀ ਨਾਲ ਗੈਰ-ਪੰਜਾਬੀਆਂ ਨੂੰ ਵਸਾਉਣਾ ਚਾਹੁੰਦੀ ਸੀ ਜੋ ਪੰਜਾਬ ਦੇ ਕਿਸਾਨਾਂ ਨੇ ਕਾਮਯਾਬ ਨਹੀਂ ਹੋਣ ਦਿਤੀ। ਆਪ ਨੇਤਾਵਾਂ ਨੇ ਇਸ ਤੇ ਚੁੱਪੀ ਵੱਟੀ ਰੱਖੀ ਹੈ ਜੋ ਸਿਆਸੀ ਰਣਨੀਤੀ ਵਜੋਂ ਵੇਖੀ ਜਾ ਰਹੀ ਹੈ।


ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਸੰਸਾਰ ਨੂੰ ਰੌਸ਼ਨੀ ਦੇਣ ਵਾਲਾ ਸੂਰਜ ਅੰਨ੍ਹੀ ਛਛੂੰਦਰ ਦੀਆਂ ਅੱਖਾਂ ਨੂੰ ਬੁਰਾ ਲਗਦਾ ਹੈ।

# ਅਮਰੀਕੀ ਸੜਕਾਂ ਤੇ ਪੰਜਾਬੀ ਟਰੱਕ ਡਰਾਈਵਰਾਂ ਦੀ ਤਕਦੀਰ: ਹਰਜਿੰਦਰ ਸਿੰਘ ਵਾਲਾ ਕੇਸ ਅਤੇ ਨਸਲੀ ਵਿਤਕਰੇ ਦੇ ਪਰਛਾਂਵੇ

ਅੱਜ ਕੱਲ੍ਹ ਅਮਰੀਕਾ ਵਿੱਚ ਇੱਕ ਨੌਜਵਾਨ ਪੰਜਾਬੀ ਟਰੱਕ ਡਰਾਈਵਰ ਹਰਜਿੰਦਰ ਸਿੰਘ ਨੂੰ ਲੈ ਕੇ ਬਹੁਤ ਵੱਡਾ ਵਿਵਾਦ ਖੜ੍ਹਾ ਹੋਇਆ ਹੈ। ਇਹ ਕੇਸ ਨਾ ਕੇਵਲ ਇੱਕ ਸੜਕ ਹਾਦਸੇ ਨਾਲ ਜੁੜਿਆ ਹੈ, ਸਗੋਂ ਇਸ ਵਿੱਚ ਨਸਲੀ ਵਿਤਕਰਾ, ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਇਮੀਗ੍ਰੇਸ਼ਨ ਪਾਲਿਸੀਆਂ ਅਤੇ ਪੰਜਾਬੀ ਭਾਈਚਾਰੇ ਦੇ ਭਵਿੱਖ ਨੂੰ ਲੈ ਕੇ ਡੂੰਘੇ ਸਵਾਲ ਖੜ੍ਹੇ ਹੋ ਰਹੇ ਹਨ। 12 ਅਗਸਤ 2025 ਨੂੰ ਫਲੋਰੀਡਾ ਦੀ ਟਰਨਪਾਈਕ ਹਾਈਵੇਅ ਤੇ ਵਾਪਰੇ ਇੱਕ ਹਾਦਸੇ ਵਿੱਚ ਤਿੰਨ ਅਮਰੀਕੀ ਨਾਗਰਿਕਾਂ ਦੀ ਮੌਤ ਹੋ ਗਈ ਸੀ, ਜਿਸ ਵਿੱਚ ਹਰਜਿੰਦਰ ਸਿੰਘ ਦੇ ਟਰੱਕ ਨੂੰ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਅਦਾਲਤ ਨੇ ਉਸ ਨੂੰ ਜ਼ਮਾਨਤ ਨਹੀਂ ਦਿੱਤੀ ਅਤੇ ਉਸ ਤੇ ਵਹੀਕੁਲਰ ਹੋਮੀਸਾਈਡ ਅਤੇ ਮੈਨਸਲਾਟਰ ਦੇ ਛੇ ਇਲਜ਼ਾਮ ਲਗਾਏ ਗਏ ਹਨ। ਪਰ ਇਹ ਕੇਸ ਇੱਕ ਸਾਧਾਰਨ ਹਾਦਸੇ ਤੋਂ ਬਹੁਤ ਅੱਗੇ ਨਿਕਲ ਗਿਆ ਹੈ। ਟਰੰਪ ਪ੍ਰਸ਼ਾਸਨ ਨੇ ਇਸ ਨੂੰ ਬਹਾਨਾ ਬਣਾ ਕੇ ਵਿਦੇਸ਼ੀ ਟਰੱਕ ਡਰਾਈਵਰਾਂ ਲਈ ਵਰਕ ਵੀਜ਼ਿਆਂ ਤੇ ਰੋਕ ਲਾ ਦਿੱਤੀ ਹੈ, ਜਿਸ ਨਾਲ ਪੰਜਾਬੀ ਡਰਾਈਵਰਾਂ ਨੂੰ ਸਿੱਧਾ ਨੁਕਸਾਨ ਪਹੁੰਚ ਰਿਹਾ ਹੈ।

ਹਰਜਿੰਦਰ ਸਿੰਘ, ਜੋ ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਰਟੌਲ ਨਾਲ ਸਬੰਧ ਰੱਖਦਾ ਹੈ, 2018 ਵਿੱਚ ਮੈਕਸੀਕੋ ਰਾਹੀਂ ਅਮਰੀਕਾ ਵਿੱਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਇਆ ਸੀ। ਉਸ ਨੇ ਉੱਥੇ ਟਰੱਕ ਡਰਾਈਵਿੰਗ ਦਾ ਕੰਮ ਸ਼ੁਰੂ ਕੀਤਾ ਸੀ ਅਤੇ ਕੈਲੀਫੋਰਨੀਆ ਤੋਂ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਵੀ ਹਾਸਲ ਕੀਤਾ ਸੀ। 12 ਅਗਸਤ ਨੂੰ ਫਲੋਰੀਡਾ ਵਿੱਚ ਉਸ ਦੇ ਸੈਮੀ-ਟਰੱਕ ਨੇ ਇੱਕ ਗੈਰ-ਕਾਨੂੰਨੀ ਯੂ-ਟਰਨ ਲਿਆ ਸੀ, ਜਿਸ ਕਾਰਨ ਇੱਕ ਮਿੰਨੀ ਵੈਨ ਨਾਲ ਟੱਕਰ ਹੋ ਗਈ ਅਤੇ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਫਲੋਰੀਡਾ ਹਾਈਵੇਅ ਪੈਟਰੋਲ ਨੇ ਬਿਆਨ ਜਾਰੀ ਕੀਤਾ ਕਿ ਇਹ ਯੂ-ਟਰਨ ਐਮਰਜੈਂਸੀ ਵਹੀਕਲਾਂ ਲਈ ਰਿਜ਼ਰਵਡ ਜਗ੍ਹਾ ਤੋਂ ਲਿਆ ਗਿਆ ਸੀ ਅਤੇ ਡਰਾਈਵਰ ਲਾਪਰਵਾਹੀ ਨਾਲ ਚੱਲ ਰਿਹਾ ਸੀ। ਹਾਦਸੇ ਤੋਂ ਬਾਅਦ ਹਰਜਿੰਦਰ ਕੈਲੀਫੋਰਨੀਆ ਭੱਜ ਗਿਆ ਪਰ ਯੂਐੱਸ ਮਾਰਸ਼ਲਾਂ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਅਦਾਲਤ ਵਿੱਚ ਜੱਜ ਲੌਰੇਨ ਸਵੀਟ ਨੇ ਉਸ ਨੂੰ "ਅਣਅਧਿਕਾਰਤ ਪਰਦੇਸੀ" ਕਹਿ ਕੇ ਜ਼ਮਾਨਤ ਖਾਰਜ ਕਰ ਦਿੱਤੀ ਅਤੇ ਕਿਹਾ ਕਿ ਉਹ ਫਰਾਰ ਹੋਣ ਦਾ ਵੱਡਾ ਜੋਖਮ ਹੈ।

ਇਸ ਕੇਸ ਵਿੱਚ ਵਿਤਕਰੇ ਦਾ ਪਹਿਲੂ ਬਹੁਤ ਸਪੱਸ਼ਟ ਹੈ। ਹਰਜਿੰਦਰ ਸਿੰਘ ਨਾਲ ਜੋ ਵਿਵਹਾਰ ਕੀਤਾ ਜਾ ਰਿਹਾ ਹੈ, ਉਹ ਇੱਕ ਅਮਰੀਕੀ ਨਾਗਰਿਕ ਨਾਲ ਨਹੀਂ ਕੀਤਾ ਜਾਂਦਾ। ਅਦਾਲਤ ਵਿੱਚ ਉਸ ਨੂੰ ਉਸ ਦੀ ਇਮੀਗ੍ਰੇਸ਼ਨ ਸਟੇਟਸ ਕਾਰਨ ਫਲਾਈਟ ਰਿਸਕ ਮੰਨਿਆ ਗਿਆ ਹੈ, ਜਦਕਿ ਬਹੁਤੇ ਅਮਰੀਕੀ ਡਰਾਈਵਰਾਂ ਨੂੰ ਅਜਿਹੇ ਹਾਦਸਿਆਂ ਵਿੱਚ ਜ਼ਮਾਨਤ ਮਿਲ ਜਾਂਦੀ ਹੈ। ਡੀਐੱਚਐੱਸ ਨੇ ਬਿਆਨ ਜਾਰੀ ਕੀਤਾ ਕਿ ਹਰਜਿੰਦਰ ਦਾ ਭਰਾ ਹਰਨੀਤ ਸਿੰਘ ਵੀ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਹੈ ਅਤੇ ਉਸ ਨੂੰ ਬਾਈਡਨ ਪ੍ਰਸ਼ਾਸਨ ਨੇ ਰਿਲੀਜ਼ ਕੀਤਾ ਸੀ। ਇਹ ਸਭ ਇੱਕ ਨਸਲੀ ਪ੍ਰੋਫਾਈਲਿੰਗ ਵਾਂਗ ਲੱਗਦਾ ਹੈ, ਜਿੱਥੇ ਪੰਜਾਬੀ ਜਾਂ ਸਿੱਖ ਭਾਈਚਾਰੇ ਨੂੰ ਟਾਰਗੇਟ ਕੀਤਾ ਜਾ ਰਿਹਾ ਹੈ। ਕਈ ਸਿੱਖ ਗਰੁੱਪ ਵੀ ਇਸ ਨੂੰ ਨਸਲੀ ਵਿਤਕਰੇ ਵਜੋਂ ਵੇਖ ਰਹੇ ਹਨ। ਅਮਰੀਕਨ ਮੀਡੀਆ ਵਿੱਚ ਵੀ ਇਹ ਵਿਵਾਦ ਚੱਲ ਰਿਹਾ ਹੈ, ਜਿੱਥੇ ਫੌਕਸ ਨਿਊਜ਼ ਨੇ ਇਸ ਨੂੰ ਇਲੀਗਲ ਇਮੀਗ੍ਰੈਂਟ ਦੇ ਰੂਪ ਵਿੱਚ ਪੇਸ਼ ਕੀਤਾ ਹੈ ਅਤੇ ਪਟੀਸ਼ਨ ਨੂੰ ਕ੍ਰਿਟੀਸਾਈਜ਼ ਕੀਤਾ ਹੈ।

ਚੇਂਜ.ਆਰਗ ਤੇ ਇੱਕ ਪਟੀਸ਼ਨ ਵਿੱਚ 2.5 ਮਿਲੀਅਨ ਤੋਂ ਵੱਧ ਲੋਕਾਂ ਨੇ ਸਾਈਨ ਕੀਤੇ ਹਨ, ਜਿੱਥੇ ਕਿਹਾ ਗਿਆ ਹੈ ਕਿ ਇਹ ਜਾਣਬੁੱਝ ਕੇ ਨਹੀਂ ਕੀਤਾ ਗਿਆ ਅਤੇ ਸਜ਼ਾ ਘੱਟ ਕੀਤੀ ਜਾਵੇ। ਲੋਕਾਂ ਦਾ ਮੰਨਣਾ ਹੈ ਕਿ ਇਹ ਇੱਕ ਗਲਤੀ ਹੈ ਅਤੇ ਉਸ ਨੂੰ ਕਾਤਲ ਵਜੋਂ ਨਹੀਂ ਵੇਖਿਆ ਜਾਣਾ ਚਾਹੀਦਾ। ਐੱਨਡੀਟੀਵੀ ਵਰਗੇ ਮੀਡੀਆ ਨੇ ਰਿਪੋਰਟ ਕੀਤਾ ਕਿ ਪਰਿਵਾਰ ਅਤੇ ਪਿੰਡ ਵਾਲੇ ਇਸ ਨੂੰ ਬਦਕਿਸਮਤੀ ਮੰਨਦੇ ਹਨ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਮੰਗ ਰਹੇ ਹਨ। ਪਰ ਦੂਜੇ ਪਾਸੇ, ਵਿਕਟਮਜ਼ ਦੇ ਪਰਿਵਾਰ ਅਤੇ ਅਮਰੀਕੀ ਨਾਗਰਿਕ ਕਹਿ ਰਹੇ ਹਨ ਕਿ ਇਹ ਲਾਪਰਵਾਹੀ ਹੈ ਅਤੇ ਸਖਤ ਸਜ਼ਾ ਮਿਲਣੀ ਚਾਹੀਦੀ ਹੈ। ਮਾਈਕਲ ਨੈਪਲਜ਼ ਨੇ ਇੱਕ ਪਟੀਸ਼ਨ ਸ਼ੁਰੂ ਕੀਤੀ ਹੈ ਜਿੱਥੇ ਉਹ ਮੈਕਸੀਮਮ ਪੈਨਲਟੀ ਮੰਗ ਰਹੇ ਹਨ।

ਹਰਜਿੰਦਰ ਦੇ ਪਰਿਵਾਰ ਵਾਲੇ ਬਹੁਤ ਪਰੇਸ਼ਾਨ ਹਨ। ਉਸ ਦੇ ਭਰਾ ਤੇਜਿੰਦਰ ਸਿੰਘ ਨੇ ਕਿਹਾ ਕਿ ਉਹਨਾਂ ਨੂੰ ਤਿੰਨ ਮੌਤਾਂ ਦਾ ਅਫਸੋਸ ਹੈ ਅਤੇ ਗਲਤੀ ਨੂੰ ਮੰਨਦੇ ਹਨ, ਪਰ ਇਹ ਜਾਣਬੁੱਝ ਕੇ ਨਹੀਂ ਕੀਤਾ ਗਿਆ। ਉਹ ਕਹਿੰਦੇ ਹਨ ਕਿ ਹਰਜਿੰਦਰ ਸਿਰਫ 28 ਸਾਲਾਂ ਦਾ ਹੈ ਅਤੇ ਇਹ ਉਸ ਦੀ ਬਦਕਿਸਮਤੀ ਸੀ। ਪਿੰਡ ਵਾਲੇ ਅਤੇ ਪਰਿਵਾਰ ਨੇ ਔਨਲਾਈਨ ਮੁਹਿੰਮ ਚਲਾਈ ਹੈ ਅਤੇ ਫੰਡ ਇਕੱਠੇ ਕਰ ਰਹੇ ਹਨ। ਉਹ ਭਾਰਤ ਸਰਕਾਰ ਤੋਂ ਅਪੀਲ ਕਰ ਰਹੇ ਹਨ ਕਿ ਉਹ ਅਮਰੀਕੀ ਅਧਿਕਾਰੀਆਂ ਨਾਲ ਗੱਲ ਕਰੇ ਅਤੇ ਸਜ਼ਾ ਘੱਟ ਕਰਵਾਏ। ਇੰਡੀਅਨ ਐਕਸਪ੍ਰੈੱਸ ਨੇ ਰਿਪੋਰਟ ਕੀਤਾ ਕਿ ਪਰਿਵਾਰ ਕਹਿੰਦਾ ਹੈ ਕਿ ਗਲਤੀ ਲਈ ਸਜ਼ਾ ਮਿਲੇ ਪਰ ਉਸ ਨੂੰ ਕਾਤਲ ਵਾਂਗ ਨਾ ਵੇਖਿਆ ਜਾਵੇ। ਉਹਨਾਂ ਨੇ ਇਹ ਵੀ ਕਿਹਾ ਕਿ ਇੱਕ ਵਿਅਕਤੀ ਦੀ ਗਲਤੀ ਦੀ ਸਜ਼ਾ ਪੂਰੇ ਭਾਈਚਾਰੇ ਨੂੰ ਨਾ ਦਿੱਤੀ ਜਾਵੇ। ਪਿੰਡ ਵਾਸੀ ਪ੍ਰਾਰਥਨਾਵਾਂ ਕਰ ਰਹੇ ਹਨ ਅਤੇ ਮੰਨਦੇ ਹਨ ਕਿ ਇਹ ਇੱਕ ਅਣਜਾਣੇ ਵਿੱਚ ਵਾਪਰੀ ਘਟਨਾ ਹੈ।

ਟਰੰਪ ਸਰਕਾਰ ਦੀ ਪਾਲਿਸੀ ਇਸ ਕੇਸ ਨੂੰ ਨਸਲਵਾਦੀ ਰੰਗ ਦੇ ਰਹੀ ਹੈ। 22 ਅਗਸਤ ਨੂੰ ਸੈਕ੍ਰੇਟਰੀ ਆਫ ਸਟੇਟ ਮਾਰਕੋ ਰੂਬੀਓ ਨੇ ਐੱਕਸ ਤੇ ਲਿਖਿਆ ਕਿ ਵਿਦੇਸ਼ੀ ਟਰੱਕ ਡਰਾਈਵਰਾਂ ਲਈ ਵਰਕ ਵੀਜ਼ੇ ਫ੍ਰੀਜ਼ ਕੀਤੇ ਜਾ ਰਹੇ ਹਨ ਕਿਉਂਕਿ ਉਹ ਅਮਰੀਕੀ ਸੜਕਾਂ ਤੇ ਖਤਰਾ ਹਨ ਅਤੇ ਅਮਰੀਕੀ ਡਰਾਈਵਰਾਂ ਦੇ ਰੁਜ਼ਗਾਰ ਖੋਹ ਰਹੇ ਹਨ।

ਬਾਕੀ ਹਿਸਾ ਸਫਾ 9 ਤੇ ਪੜ੍ਹੋ →

## NEWS & VIEWS

# Sikh Diaspora Distrust of Those Leading Central Sikh Theo-Political Institutions in Panjab


Gurmukh Singh OBE

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫੮॥

Kabeer, what can the True Guru do, when His Sikhs are at fault? The blind do not take in any of His Teachings; it is as useless as blowing into a bamboo. (SGGS A 1372)

**The majority of Sikhs are guided by the simple founding principles of Sikhi: Constant awareness of One Creator Being of all; honest work; and, sharing and serving in a spirit of *Sarbatt da Bhalaa*. Human equality before One Creator is enshrined in simple Sikhi-living. These basics of Sikhi are the main reason for Sikh survival over the centuries as a rather diverse community under the very broad Umbrella of Sri Guru Granth Sahib. That too is the reason why Sikhs continue to prosper wherever they go. Why those who predict extinction of Sikhi will always be proved wrong.**

**However, watching the Sikh leadership fiasco in Panjab today, above Pankti of Bhagat Kabir comes to mind. Despite the most advanced ideology and egalitarian institutions given by the Guru, Sikhs are suffering in Panjab.**

**Admittedly, there have always been anti-Sikhi elements at work within and outside the Panth. However, much that has been going on in Panjab in the last few decades, is self-inflicted. That was openly admitted on 2 December 2024, before Sri Akal Takht Sahib by Panjab leadership in power for decades. The Guru cannot help such Sikhs unless they return to the path of the Guru in a spirit of total self-surrender and humility. They have yet to do that. Almost 10 months after that Hukamnama, the divided Sikh leadership of Panjab, remains even more divided and in mutual mud-slinging mode! Events in Panjab have done immense damage to global Sikh confidence in the calibre of those Sikhs who lead Panthic theo-political affairs in Panjab. The growing Sikh diaspora impatience and loss of confidence in Sikh leadership in Panjab is mainly due to their apparent lack of dedication to serve the Panth above personal ambitions. They disqualify themselves to lead due to lack of vision and any global perspective. They seem to have little idea of geo-politics as it affects the global Sikh nation.**

**By contrast, no matter what the anti-Sikh propaganda of vested political interests, especially in India, Sikhs have gained much influence and respect in the diaspora countries. Sikh successes abound and continue in new fields. Even right-wing leaders in the West have developed certain admiration for the Sikhs as net contributors to the national economics of the countries they live in. Despite their distinct appearance they have adjusted well to local and national life. They have earned the goodwill of sister communities in plural societies.**

**Increasing number of next generation diaspora Sikhs are keen students of Sikhi. They understand the global Panthic organisational need for central Sikh institutions. They understand the Gurmat principles and the miri-piri twin track approach, which should guide them. Perhaps that is the main reason why they are most critical about the glaring self-centred shortcomings of those who have mis-managed these institutions over the last few decades. The gap between Sikhi preaching and actual practice has widened.**

**Away from the toxic *aapo-dhapi* Panjab environment, next diaspora generations with interest, are rediscovering Sikhi in its pristine form. It will take time but reforms will follow from grassroots level to manage central institutions with the guidance of Guru Granth-Panth.**

**Gurmukh Singh OBE,** Ret'd Principal Civil Servant (UK) sewauk2005@yahoo.co.uk

# ਯੂਐੱਨ ਨੇ ਗਾਜ਼ਾ ਵਿੱਚ ਅਕਾਲ ਦਾ ਐਲਾਨ ਕਿਉਂ ਕੀਤਾ ?

**ਖਾਸ ਖਬਰ**

## ✪ ਇਜਰਾਈਲ ਨੂੰ ਦੋਸ਼ੀ ਠਹਿਰਾਇਆ ✪ ਇਜ਼ਰਾਈਲੀ ਬੰਬਾਰੀ ਕਾਰਣ ਗਾਜ਼ਾ ਵਿਚ ਮੌਤਾਂ ਦੀ ਗਿਣਤੀ ਵਿਚ ਵਾਧਾ ✪ ਇਜ਼ਰਾਈਲ ਨੇ ਯੂਐੱਨ ਦੀ ਰਿਪੋਰਟ ਨੂੰ ਕੀਤਾ ਰੱਦ

ਗਾਜ਼ਾ-ਸੰਯੁਕਤ ਰਾਸ਼ਟਰ ਨੇ 22 ਅਗਸਤ 2025 ਨੂੰ ਗਾਜ਼ਾ ਵਿੱਚ ਅਕਾਲ ਦਾ ਅਧਿਕਾਰਕ ਐਲਾਨ ਕੀਤਾ ਹੈ, ਜਿਸ ਨਾਲ ਲਗਭਗ 5 ਲੱਖ ਲੋਕ ਭੁੱਖਮਰੀ ਦੇ ਕਗਾਰ ਤੇ ਪਹੁੰਚ ਗਏ ਹਨ। ਇਹ ਪਹਿਲੀ ਵਾਰ ਹੈ ਜਦੋਂ ਪੱਛਮੀ ਏਸ਼ੀਆ ਵਿੱਚ ਅਕਾਲ ਦੀ ਪੁਸ਼ਟੀ ਕੀਤੀ ਗਈ ਹੈ। ਯੂਐੱਨ ਦੇ ਅਧਿਕਾਰੀਆਂ ਅਨੁਸਾਰ, ਇਹ ਅਕਾਲ ਪੂਰੀ ਤਰ੍ਹਾਂ ਰੋਕੀ ਜਾ ਸਕਦੀ ਸੀ, ਪਰ ਇਜ਼ਰਾਈਲ ਵੱਲੋਂ ਮਾਨਵੀ ਸਹਾਇਤਾ ਨੂੰ ਰੋਕਣ ਅਤੇ ਲਗਾਤਾਰ ਬੰਬਾਰੀ ਕਾਰਨ ਇਹ ਸੰਕਟ ਪੈਦਾ ਹੋ ਗਿਆ ਹੈ। ਇਜ਼ਰਾਈਲ ਨੇ ਇਸ ਰਿਪੋਰਟ ਨੂੰ ਝੂਠਾ ਕਿਹਾ ਹੈ।



### ਯੂਐੱਨ ਨੇ ਗਾਜ਼ਾ ਵਿੱਚ ਅਕਾਲ ਪੈਣ ਦਾ ਕਿਉਂ ਕੀਤਾ ਐਲਾਨ ?

ਯੂਐੱਨ ਨੇ ਗਾਜ਼ਾ ਵਿੱਚ ਅਕਾਲ ਦਾ ਐਲਾਨ ਇੰਟੀਗ੍ਰੇਟਿਡ ਫੂਡ ਸਿਕਿਓਰਿਟੀ ਫੇਜ਼ ਕਲਾਸੀਫਿਕੇਸ਼ਨ ਨਾਮਕ ਸੰਸਥਾ ਦੀ ਰਿਪੋਰਟ ਤੇ ਆਧਾਰਿਤ ਕੀਤਾ ਹੈ, ਜੋ ਵਿਸ਼ਵਵਿਆਪੀ ਭੁੱਖ ਅਤੇ ਕੁਪੋਸ਼ਣ ਨੂੰ ਨਾਪਣ ਵਾਲੀ ਮਾਹਿਰ ਸੰਸਥਾ ਹੈ। ਇਸ ਰਿਪੋਰਟ ਅਨੁਸਾਰ, ਗਾਜ਼ਾ ਸਿਟੀ ਅਤੇ ਉਸ ਦੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਅਕਾਲ ਦੀਆਂ ਤਿੰਨ ਮੁੱਖ ਸ਼ਰਤਾਂ ਪੂਰੀਆਂ ਹੋ ਗਈਆਂ ਹਨ: ਭੁੱਖਮਰੀ, ਗੰਭੀਰ ਕੁਪੋਸ਼ਣ ਅਤੇ ਭੁੱਖ ਨਾਲ ਜੁੜੀਆਂ ਮੌਤਾਂ। ਇੰਟੀਗ੍ਰੇਟਿਡ ਫੂਡ ਸਿਕਿਓਰਿਟੀ ਫੇਜ਼ ਕਲਾਸੀਫਿਕੇਸ਼ਨ ਨੇ ਪੁਸ਼ਟੀ ਕੀਤੀ ਕਿ ਗਾਜ਼ਾ ਵਿੱਚ 5 ਲੱਖ ਤੋਂ ਵੱਧ ਲੋਕ (ਕੁੱਲ ਆਬਾਦੀ ਦਾ ਲਗਭਗ ਇੱਕ-ਚੌਥਾਈ ਹਿੱਸਾ) ਅਕਾਲ ਦੇ ਸਭ ਤੋਂ ਗੰਭੀਰ ਪੱਧਰ (ਆਈਪੀਸੀ ਫੇਜ਼ 5) ਤੇ ਹਨ, ਜਿੱਥੇ ਭੁੱਖਮਰੀ, ਗਰੀਬੀ ਅਤੇ ਮੌਤਾਂ ਵਧ ਰਹੀਆਂ ਹਨ। ਇਹ ਅੰਕੜੇ 1 ਜੁਲਾਈ ਤੋਂ 15 ਅਗਸਤ 2025 ਤੱਕ ਦੇ ਡਾਟਾ ਤੇ ਆਧਾਰਿਤ ਹਨ, ਜਿਸ ਵਿੱਚ ਭੁੱਖ ਨਾਲ ਜੁੜੀਆਂ 133 ਮੌਤਾਂ ਸ਼ਾਮਲ ਹਨ, ਜਿਨ੍ਹਾਂ ਵਿੱਚੋਂ 25 ਬੱਚੇ ਹਨ।

ਇਸ ਐਲਾਨ ਦਾ ਮੁੱਖ ਕਾਰਨ ਇਜ਼ਰਾਈਲ ਵੱਲੋਂ 22 ਮਹੀਨਿਆਂ ਤੋਂ ਚੱਲ ਰਹੀ ਲੜਾਈ ਹੈ, ਜਿਸ ਨਾਲ ਗਾਜ਼ਾ ਵਿੱਚ ਮਾਨਵੀ ਸਹਾਇਤਾ ਨੂੰ ਪੂਰੀ ਤਰ੍ਹਾਂ ਰੋਕ ਦਿੱਤਾ ਗਿਆ ਹੈ। ਮਾਰਚ 2025 ਵਿੱਚ ਇਜ਼ਰਾਈਲ ਨੇ ਪੂਰੀ ਨਾਕਾਬੰਦੀ ਲਗਾਈ, ਜਿਸ ਨਾਲ ਭੋਜਨ, ਦਵਾਈਆਂ ਅਤੇ ਈਂਧਣ ਦੀ ਆਪੂਰਤੀ ਬੰਦ ਹੋ ਗਈ। ਯੂਐੱਨ ਦੇ ਹਿਊਮੈਨੀਟੇਰੀਅਨ ਅਫੇਅਰਜ਼ ਨੇ ਕਿਹਾ ਕਿ ਇਹ ਅਕਾਲ ਰੋਕਿਆ ਜਾ ਸਕਦਾ ਸੀ ਜੇਕਰ ਇਜ਼ਰਾਈਲ ਨੇ ਸਹਾਇਤਾ ਨੂੰ ਆਗਿਆ ਦਿੱਤੀ ਹੁੰਦੀ। ਵਿਸਥਾਪਨ, ਖੇਤੀਬਾੜੀ ਦਾ ਤਬਾਹ ਹੋਣਾ ਅਤੇ ਸਿਹਤ ਸੇਵਾਵਾਂ ਦਾ ਤਬਾਹ ਹੋਣਾ ਵੀ ਵੱਡੇ ਕਾਰਨ ਹਨ। ਇੰਟੀਗ੍ਰੇਟਿਡ ਫੂਡ ਸਿਕਿਓਰਿਟੀ ਫੇਜ਼ ਕਲਾਸੀਫਿਕੇਸ਼ਨ ਨੇ ਚੇਤਾਵਨੀ ਦਿੱਤੀ ਕਿ ਸਤੰਬਰ 2025 ਤੱਕ ਅਕਾਲ ਦਿਰ ਅਲ-ਬਲਾਹ ਅਤੇ ਖਾਨ ਯੂਨਿਸ ਵਰਗੇ ਖੇਤਰਾਂ ਤੱਕ ਫੈਲ ਜਾਵੇਗਾ, ਜਿੱਥੇ 6.41 ਲੱਖ ਲੋਕ ਪ੍ਰਭਾਵਿਤ ਹੋਣਗੇ। ਯੂਐੱਨ ਜਨਰਲ ਸੈਕਟਰੀ ਅੰਤੋਨੀਓ ਗੁਟੇਰਸ ਨੇ ਕਿਹਾ ਕਿ ਇਹ "ਮਨੁੱਖੀ ਅਸਫਲਤਾ" ਹੈ ਅਤੇ ਤੁਰੰਤ ਸੀਜ਼ਫਾਇਰ ਦੀ ਲੋੜ ਹੈ। ਇਸ ਐਲਾਨ ਨੇ ਵਿਸ਼ਵ ਨੂੰ ਹੈਰਾਨ ਕਰ ਦਿੱਤਾ ਹੈ ਅਤੇ ਇਜ਼ਰਾਈਲ ਤੇ ਦਬਾਅ ਵਧਾ ਦਿੱਤਾ ਹੈ।

### ਇਜ਼ਰਾਈਲੀ ਬੰਬਾਰੀ ਵਿੱਚ ਗਾਜ਼ਾ ਵਿੱਚ ਕਿੰਨੇ ਲੋਕ ਮਰੇ ?

ਇਜ਼ਰਾਈਲੀ ਬੰਬਾਰੀ ਅਤੇ ਗ੍ਰਾਊਂਡ ਅਪ੍ਰੇਸ਼ਨ ਨਾਲ ਗਾਜ਼ਾ ਵਿੱਚ 7 ਅਕਤੂਬਰ 2023 ਤੋਂ ਲੈ ਕੇ ਹੁਣ ਤੱਕ ਘੱਟੋ-ਘੱਟ 62,000 ਤੋਂ ਵੱਧ ਫਲਸਤੀਨੀ ਮਾਰੇ ਗਏ ਹਨ, ਜਿਨ੍ਹਾਂ ਵਿੱਚੋਂ ਅੱਧੇ ਔਰਤਾਂ ਅਤੇ ਬੱਚੇ ਹਨ। ਗਾਜ਼ਾ ਹੈਲਥ ਮਿਨਿਸਟਰੀ ਅਨੁਸਾਰ, 62,192 ਲੋਕ ਮਾਰੇ ਗਏ ਹਨ ਅਤੇ 1,57,000 ਤੋਂ ਵੱਧ ਜ਼ਖ਼ਮੀ ਹੋਏ ਹਨ। ਇਹ ਅੰਕੜੇ ਸਿਰ.ਫ ਉਹਨਾਂ ਲੋਕਾਂ ਨੂੰ ਸ਼ਾਮਲ ਕਰਦੇ ਹਨ ਜਿਨ੍ਹਾਂ ਦੇ ਸਰੀਰ ਬਾਹਰ ਕੱਢੇ ਗਏ ਹਨ; ਹਜ਼ਾਰਾਂ ਅਜੇ ਵੀ ਤਬਾਹ ਹੋਈਆਂ ਇਮਾਰਤਾਂ ਵਿੱਚ ਦਬੇ ਹੋਏ ਹਨ। ਲੈਂਸਟ ਜਰਨਲ ਵਿੱਚ ਛਪੀ ਇੱਕ ਅਧਿਐਨ ਅਨੁਸਾਰ, ਜੂਨ 2024 ਤੱਕ ਟ੍ਰਾਮੈਟਿਕ ਇੰਜਰੀਆਂ ਨਾਲ 64,260 ਮੌਤਾਂ ਹੋਈਆਂ ਅਤੇ ਅਕਤੂਬਰ 2024 ਤੱਕ ਇਹ ਗਿਣਤੀ 70,000 ਤੋਂ ਵੱਧ ਹੋ ਸਕਦੀ ਹੈ। ਇਸ ਵਿੱਚ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਗਿਣਤੀ 59.1% ਹੈ। ਅੰਦਾਜ਼ਨ 80% ਸਿਵਾਲੀਅਨ ਹਨ, ਜੋ ਕਿ ਇੱਕ ਵੱਡਾ ਅਨੁਪਾਤ ਹੈ। ਇਹ ਮੌਤਾਂ ਬੰਬਾਰੀ, ਗ੍ਰਾਊਂਡ ਅਪ੍ਰੇਸ਼ਨ ਅਤੇ ਨਾਕਾਬੰਦੀ ਨਾਲ ਹੋਈਆਂ ਹਨ। ਅਗਸਟ 2025 ਵਿੱਚ ਹੀ, ਇਜ਼ਰਾਈਲ ਨੇ ਗਾਜ਼ਾ ਸਿਟੀ ਤੇ ਹਮਲਾ ਵਧਾਇਆ, ਜਿੱਥੇ ਹਰ ਰੋਜ਼ਾਨਾ 50 ਤੋਂ 100 ਲੋਕ ਮਾਰੇ ਜਾ ਰਹੇ ਹਨ। ਯੂਐੱਨ ਅਨੁਸਾਰ, 98% ਫਸਲਾਂ ਨੂੰ ਨੁਕਸਾਨ ਪਹੁੰਚਿਆ ਹੈ ਅਤੇ 90% ਆਬਾਦੀ ਉਜੜ ਗਈ ਹੈ। ਬੱਚਿਆਂ ਵਿੱਚ ਜ਼ਖਮੀ ਹੋਣ ਦੀ ਗਿਣਤੀ ਵਿਸ਼ਵ ਵਿੱਚ ਸਭ ਤੋਂ ਵੱਧ ਹੈ। ਇਹ ਅੰਕੜੇ ਗਾਜ਼ਾ ਹੈਲਥ ਮਿਨਿਸਟਰੀ ਅਤੇ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਵੱਲੋਂ ਪੁਸ਼ਟੀ ਕੀਤੇ ਗਏ ਹਨ। ਇਜ਼ਰਾਈਲ ਨੇ ਕਿਹਾ ਕਿ ਉਹ ਹਮਾਸ ਨੂੰ ਖਤਮ ਕਰ ਰਿਹਾ ਹੈ, ਪਰ ਸਿਵਾਲੀਅਨ ਮੌਤਾਂ ਦੀ ਗਿਣਤੀ ਨੇ ਵਿਸ਼ਵ ਨੂੰ ਹੈਰਾਨ ਕਰ ਦਿੱਤਾ ਹੈ।

### ਇਜ਼ਰਾਈਲ ਨੇ ਯੂਐੱਨ ਦੀ ਰਿਪੋਰਟ ਕਿਉਂ ਰੱਦ ਕੀਤੀ ?

ਇਜ਼ਰਾਈਲ ਨੇ ਇੰਟੀਗ੍ਰੇਟਿਡ ਫੂਡ ਸਿਕਿਓਰਿਟੀ ਫੇਜ਼ ਕਲਾਸੀਫਿਕੇਸ਼ਨ ਰਿਪੋਰਟ ਨੂੰ ਰੱਦ ਕਰ ਦਿੱਤਾ ਹੈ ਅਤੇ ਇਸ ਨੂੰ "ਝੂਠਾ ਅਤੇ ਹਮਾਸ ਨਾਲ ਜੁੜਿਆ ਹੋਇਆ" ਕਿਹਾ ਹੈ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਿਆਹੂ ਨੇ ਕਿਹਾ ਕਿ ਇਹ "ਸਪੱਸ਼ਟ ਝੂਠ" ਹੈ ਅਤੇ ਇਜ਼ਰਾਈਲ ਨੂੰ ਭੁੱਖਮਰੀ ਵਾਲੀ ਨੀਤੀ ਅਪਣਾਉਣ ਵਾਲਾ ਨਹੀਂ ਬਲਕਿ ਰੋਕਣ ਵਾਲਾ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਦੱਸਿਆ ਕਿ ਜੰਗ ਦੇ ਸ਼ੁਰੂ ਤੋਂ ਹੀ ਇਜ਼ਰਾਈਲ ਨੇ 2 ਮਿਲੀਅਨ ਟਨ ਸਹਾਇਤਾ ਗਾਜ਼ਾ ਵਿੱਚ ਪਹੁੰਚਾਈ ਹੈ, ਜੋ ਹਰ ਵਿਅਕਤੀ ਲਈ ਇੱਕ ਟਨ ਤੋਂ ਵੱਧ ਹੈ। ਪਰ ਯੂਐੱਨ ਅਤੇ ਹੋਰ ਸੰਸਥਾਵਾਂ ਨੇ ਇਜ਼ਰਾਈਲ ਦੀ ਨਾਕਾਬੰਦੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

### ਕਿਉਂ ਜੰਗ ਨਹੀਂ ਰੋਕ ਰਿਹਾ ਇਜਰਾਈਲ ?

ਇਜ਼ਰਾਈਲ ਜੰਗ ਨਹੀਂ ਰੋਕ ਰਿਹਾ ਕਿਉਂਕਿ ਉਸ ਦਾ ਮੁੱਖ ਟੀਚਾ ਹਮਾਸ ਨੂੰ ਖਤਮ ਕਰਨਾ ਅਤੇ ਗਾਜ਼ਾ ਤੇ ਪੂਰਾ ਕੰਟਰੋਲ ਹਾਸਲ ਕਰਨਾ ਹੈ। ਨੇਤਨਿਆਹੂ ਨੇ ਕਿਹਾ ਕਿ ਜੰਗ ਤੱਕ ਨਹੀਂ ਰੁਕੇਗੀ ਜਦੋਂ ਤੱਕ ਹਮਾਸ ਨੂੰ ਪੂਰੀ ਤਰ੍ਹਾਂ ਨਾ ਤਬਾਹ ਕੀਤਾ ਜਾਵੇ ਅਤੇ ਸਾਰੇ ਹੋਸਟੇਜ਼ ਵਾਪਸ ਨਾ ਆਉਣ। ਹਮਾਸ ਨੇ ਵੀ ਹੋਸਟੇਜ਼ਾਂ ਨੂੰ ਛੱਡਣ ਤੋਂ ਇਨਕਾਰ ਕੀਤਾ ਹੈ ਜਦੋਂ ਤੱਕ ਪੱਕਾ ਸੀਜ਼ਫਾਇਰ ਨਾ ਹੋਵੇ ਅਤੇ ਇਜ਼ਰਾਈਲ ਗਾਜ਼ਾ ਤੋਂ ਨਾ ਨਿਕਲੇ। ਯੂਐੱਨ ਅਤੇ ਹੋਰ ਦੇਸ਼ਾਂ ਨੇ ਸੀਜ਼ਫਾਇਰ ਦੀ ਮੰਗ ਕੀਤੀ ਹੈ, ਪਰ ਇਜ਼ਰਾਈਲ ਨੇ ਇਸ ਨੂੰ ਨਜ਼ਰਅੰਦਾਜ਼ ਕੀਤਾ ਹੈ।

### 8 ਸਫ਼ੇ ਦੀ ਬਾਕੀ

ਟਰਾਂਸਪੋਰਟੇਸ਼ਨ ਸੈਕ੍ਰੇਟਰੀ ਸੀਨ ਡਫੀ ਨੇ ਕਿਹਾ ਕਿ ਕੈਲੀਫੋਰਨੀਆ, ਵਾਸ਼ਿੰਗਟਨ ਅਤੇ ਨਿਊ ਮੈਕਸੀਕੋ ਵਰਗੇ ਸਟੇਟਸ ਨੂੰ ਫੰਡਿੰਗ ਤੋਂ ਵਾਂਝੇ ਰੱਖਿਆ ਜਾਵੇਗਾ ਜੇ ਉਹ ਅੰਗਰੇਜ਼ੀ ਭਾਸ਼ਾ ਰੀਕਵਾਇਰਮੈਂਟ ਨੂੰ ਲਾਗੂ ਨਹੀਂ ਕਰਦੇ। ਇਹ ਪਾਲਿਸੀ ਸਿੱਧੇ ਤੌਰ ਤੇ ਪੰਜਾਬੀ ਅਤੇ ਸਿੱਖ ਭਾਈਚਾਰੇ ਨੂੰ ਟਾਰਗੇਟ ਕਰਦੀ ਹੈ, ਜੋ ਅਮਰੀਕੀ ਟਰੱਕਿੰਗ ਇੰਡਸਟਰੀ ਵਿੱਚ 20% ਰੋਲ ਪਲੇ ਕਰਦੇ ਹਨ। ਬਹੁਤੇ ਪੰਜਾਬੀ ਡਰਾਈਵਰ ਅੰਗਰੇਜ਼ੀ ਵਿੱਚ ਮਾਹਿਰ ਨਹੀਂ ਹੁੰਦੇ ਪਰ ਉਹ ਮਿਹਨਤੀ ਹਨ ਅਤੇ ਅਮਰੀਕੀ ਅਰਥਚਾਰੇ ਵਿੱਚ ਯੋਗਦਾਨ ਪਾਉਂਦੇ ਹਨ। ਇਹ ਨਸਲਵਾਦੀ ਢੰਗ ਲੱਗਦਾ ਹੈ ਕਿਉਂਕਿ ਟਰੰਪ ਪ੍ਰਸ਼ਾਸਨ ਇਮੀਗ੍ਰੈਂਟਸ ਨੂੰ ਬਹਾਨੇ ਨਾਲ ਨਿਸ਼ਾਨਾ ਬਣਾ ਰਿਹਾ ਹੈ। ਐੱਨਏਪੀਏ ਵਰਗੇ ਗਰੁੱਪ ਕਹਿ ਰਹੇ ਹਨ ਕਿ ਵਿਤਕਰਾ ਨਾ ਕੀਤਾ ਜਾਵੇ ਅਤੇ ਫੈਕਟਸ ਤੇ ਰਿਹਾ ਜਾਵੇ।

ਪੰਜਾਬੀ ਡਰਾਈਵਰਾਂ ਤੇ ਪਾਬੰਦੀ ਲੱਗ ਰਹੀ ਹੈ ਅਤੇ ਇਹ ਬਹੁਤ ਗੰਭੀਰ ਮਾਮਲਾ ਹੈ। ਭਾਰਤੀ ਐੱਮਪੀ ਹਰਸਿਮਰਤ ਕੌਰ ਬਾਦਲ ਨੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੂੰ ਅਪੀਲ ਕੀਤੀ ਕਿ ਉਹ ਅਮਰੀਕਾ ਨਾਲ ਗੱਲ ਕਰਨ ਅਤੇ ਵੀਜ਼ਾ ਬੈਨ ਨੂੰ ਚੈਲਿੰਜ ਕਰਨ। ਉਹਨਾਂ ਨੇ ਕਿਹਾ ਕਿ ਹਰਜਿੰਦਰ ਨੂੰ ਕੌਂਸਲਰ ਪਹੁੰਚ ਮਿਲੇ ਅਤੇ ਉਸ ਦੇ ਅਧਿਕਾਰਾਂ ਦੀ ਰੱਖਿਆ ਹੋਵੇ, ਜਿਸ ਵਿੱਚ ਦਸਤਾਰ ਪਹਿਨਣ ਦਾ ਅਧਿਕਾਰ ਵੀ ਸ਼ਾਮਲ ਹੈ। ਪੰਜਾਬ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਪਰਗਟ ਸਿੰਘ ਨੇ ਵੀ ਇਸ ਬੈਨ ਨੂੰ ਗਲਤ ਦੱਸਿਆ ਅਤੇ ਕਿਹਾ ਕਿ ਇਹ ਪੰਜਾਬੀ ਪਰਿਵਾਰਾਂ ਨੂੰ ਪ੍ਰਭਾਵਿਤ ਕਰੇਗਾ ਅਤੇ ਦੇਸ਼ ਦੇ ਫਾਰਨ ਰਿਜ਼ਰਵ ਤੇ ਅਸਰ ਪਾਵੇਗਾ। ਭਾਜਪਾ ਲੀਡਰ ਅਸ਼ਵਨੀ ਸ਼ਰਮਾ ਨੇ ਵੀ ਕੇਂਦਰ ਨੂੰ ਅਪੀਲ ਕੀਤੀ ਕਿ ਉਹ ਹਰਜਿੰਦਰ ਨੂੰ ਕਾਨੂੰਨੀ ਸਹਾਇਤਾ ਦੇਵੇ। ਇਹ ਬੈਨ ਨਾਲ ਹਜ਼ਾਰਾਂ ਪੰਜਾਬੀ ਡਰਾਈਵਰਾਂ ਦੇ ਰੁਜ਼ਗਾਰ ਖਤਰੇ ਵਿੱਚ ਹਨ। ਅਮਰੀਕੀ ਟਰੱਕਿੰਗ ਇੰਡਸਟਰੀ ਵਿੱਚ ਪੰਜਾਬੀਆਂ ਦਾ ਵੱਡਾ ਯੋਗਦਾਨ ਹੈ ਅਤੇ ਇਹ ਬੈਨ ਇੱਕ ਗਲਤੀ ਦੀ ਸਜ਼ਾ ਪੂਰੇ ਭਾਈਚਾਰੇ ਨੂੰ ਦੇ ਰਹੀ ਹੈ। ਅਮਰੀਕਨ ਮੀਡੀਆ ਦਾ ਨਜ਼ਰੀਆ ਵੱਖ-ਵੱਖ ਹੈ। ਸੀਐੱਨਐੱਨ ਅਤੇ ਯੂਐੱਸਏ ਟੂਡੇ ਵਰਗੇ ਮੀਡੀਆ ਨੇ ਇਸ ਨੂੰ ਇਮੀਗ੍ਰੇਸ਼ਨ ਪਾਲਿਸੀ ਨਾਲ ਜੋੜ ਕੇ ਵੇਖਿਆ ਹੈ ਅਤੇ ਟਰੰਪ ਪ੍ਰਸ਼ਾਸਨ ਦੀ ਆਲੋਚਨਾ ਕੀਤੀ ਹੈ। ਫੌਕਸ ਨਿਊਜ਼ ਅਤੇ ਨਿਊਯੌਰਕ ਪੋਸਟ ਨੇ ਇਲੀਗਲ ਇਮੀਗ੍ਰੈਂਟ ਤੇ ਫੋਕਸ ਕੀਤਾ ਅਤੇ ਪਟੀਸ਼ਨ ਨੂੰ ਗਲਤ ਦੱਸਿਆ। ਉਹ ਕਹਿੰਦੇ ਹਨ ਕਿ ਹਰਜਿੰਦਰ ਨੂੰ ਅੰਗਰੇਜ਼ੀ ਨਹੀਂ ਆਉਂਦੀ ਅਤੇ ਉਸ ਨੂੰ ਲਾਇਸੈਂਸ ਨਹੀਂ ਮਿਲਣਾ ਚਾਹੀਦਾ ਸੀ। ਐੱਨਬੀਸੀ ਮਿਆਮੀ ਨੇ ਵਿਕਟਮਜ਼ ਨੂੰ ਆਈਡੈਂਟੀਫਾਈ ਕੀਤਾ ਅਤੇ ਹਾਦਸੇ ਨੂੰ ਘਾਤਕ ਦੱਸਿਆ। ਅੰਤ ਵਿੱਚ, ਇਹ ਕੇਸ ਇੱਕ ਵੱਡੇ ਸਮਾਜੀ ਅਤੇ ਰਾਜਨੀਤਕ ਵਿਵਾਦ ਨੂੰ ਜਨਮ ਦੇ ਰਿਹਾ ਹੈ। ਭਾਰਤ ਸਰਕਾਰ ਨੂੰ ਇਸ ਵਿੱਚ ਦਖਲ ਦੇਣਾ ਚਾਹੀਦਾ ਹੈ ਅਤੇ ਪੰਜਾਬੀ ਭਾਈਚਾਰੇ ਦੇ ਅਧਿਕਾਰਾਂ ਦੀ ਰੱਖਿਆ ਕਰਨੀ ਚਾਹੀਦੀ ਹੈ। ਵਿਤਕਰਾ ਅਤੇ ਨਸਲਵਾਦ ਨੂੰ ਖਤਮ ਕਰਨ ਲਈ ਸਾਂਝੇ ਯਤਨਾਂ ਦੀ ਲੋੜ ਹੈ। ਇਹ ਨਾ ਕਿ ਸਿਰਫ ਹਰਜਿੰਦਰ ਦੀ ਕਹਾਣੀ ਹੈ, ਸਗੋਂ ਹਜ਼ਾਰਾਂ ਪ੍ਰਵਾਸੀਆਂ ਦੀ ਤਕਦੀਰ ਨਾਲ ਜੁੜੀ ਹੈ।

-ਰਜਿੰਦਰ ਸਿੰਘ ਪੁਰੇਵਾਲ

# ਪੰਜਾਬ ਵਿਚ ਹੜ੍ਹਾਂ ਦੀ ਤਬਾਹੀ

## 1988 ਦੇ ਹੜ੍ਹਾਂ ਵਰਗਾ ਦ੍ਰਿਸ਼




- ਪੰਜਾਬੀ ਜਨਜੀਵਨ 'ਤੇ ਅਸਰ: ਪਿੰਡ ਟਾਪੂ, ਸੁਪਨੇ ਪਾਣੀ ਵਿਚ
- ਸਰਕਾਰੀ ਨਾਕਾਮੀ: ਮੁੱਖ ਮੰਤਰੀ ਦੀ ਗੈਰਹਾਜ਼ਰੀ, ਕੇਂਦਰ ਦੀ ਚੁੱਪੀ
- ਸ਼੍ਰੋਮਣੀ ਕਮੇਟੀ ਦੇ ਉਪਰਾਲੇ: ਗੁਰੂ ਦਾ ਲੰਗਰ, ਮਦਦ ਦਾ ਸਹਾਰਾ

ਪੰਜਾਬ ਵਿਚ ਹੜ੍ਹਾਂ ਨੇ ਪਿੰਡਾਂ-ਪਿੰਡਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਰਾਵੀ, ਬਿਆਸ ਅਤੇ ਸਤਲੁਜ ਨੇ ਆਪਣੇ ਕੰਢੇ ਤੋੜ ਕੇ ਫਸਲਾਂ ਨੂੰ ਤਬਾਹ ਕੀਤਾ, ਘਰਾਂ ਨੂੰ ਪਾਣੀ ਨਾਲ ਭਰ ਦਿੱਤਾ ਅਤੇ ਪੰਜਾਬੀਆਂ ਨੂੰ ਆਪਣੇ ਸੁਪਨਿਆਂ ਨਾਲ ਰਲ ਕੇ ਡੁੱਬਣ ਲਈ ਮਜਬੂਰ ਕੀਤਾ ਹੈ। ਇਹ ਕੁਦਰਤੀ ਆਫਤ ਸਰਕਾਰੀ ਨਾਕਾਮੀਆਂ ਨਾਲ ਮਿਲ ਕੇ ਪੰਜਾਬ ਨੂੰ ਮੁੜ 1988 ਵਰਗੇ ਤਬਾਹਕੁੰਨ ਸਮੇਂ ਵੱਲ ਧੱਕ ਰਹੀ ਹੈ। ਲੋਕ ਸਹਿਮੇ ਹੋਏ ਹਨ। ਪਿਛਲੇ ਕੁਝ ਦਿਨਾਂ ਵਿੱਚ ਲਗਾਤਾਰ ਵੱਸ ਰਹੀ ਬਾਰਿਸ਼ ਨੇ ਪੰਜਾਬ ਨੂੰ ਇੱਕ ਵੱਡੇ ਸਮੁੰਦਰ ਵਾਂਗ ਬਣਾ ਦਿੱਤਾ ਹੈ। ਰਣਜੀਤ ਸਾਗਰ ਡੈਮ, ਭਾਖੜਾ ਅਤੇ ਪੌਂਗ ਡੈਮ ਵਰਗੇ ਵੱਡੇ ਡੈਮਾਂ ਤੋਂ ਪਾਣੀ ਛੱਡੇ ਜਾਣ ਨਾਲ ਸਤਲੁਜ ਅਤੇ ਰਾਵੀ ਨੇ ਆਪਣੇ ਕੰਢੇ ਤੋੜ ਕੇ ਹਜ਼ਾਰਾਂ ਏਕੜ ਝੋਨੇ ਦੀ ਫਸਲ ਨੂੰ ਨਿਗਲ ਲਿਆ ਹੈ। ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ ਅਤੇ ਫਿਰੋਜ਼ਪੁਰ ਵਰਗੇ ਜ਼ਿਲ੍ਹੇ ਸਭ ਤੋਂ ਵੱਧ ਪ੍ਰਭਾਵਿਤ ਹਨ। ਡੇਰਾ ਬਾਬਾ ਨਾਨਕ ਵਿੱਚ ਰਾਵੀ ਨੇ ਕਰਤਾਰਪੁਰ ਕੋਰੀਡੋਰ ਦੇ ਨੇੜੇ ਧੁੱਸੀ ਬੰਨ੍ਹ ਤੋੜ ਦਿੱਤਾ ਹੈ, ਜਿਸ ਨਾਲ ਪਿੰਡ ਪੱਖੋਕੇ ਟਾਹਲੀ ਸਾਹਿਬ ਅਤੇ ਆਸਪਾਸ ਦੇ ਇਲਾਕੇ ਪਾਣੀ ਵਿੱਚ ਡੁੱਬ ਗਏ ਹਨ। ਰਸਤੇ ਬੰਦ, ਆਵਾਜਾਈ ਠੱਪ ਅਤੇ ਪਿੰਡਾਂ ਨੂੰ ਟਾਪੂ ਵਾਂਗ ਬਣਾ ਦਿੱਤਾ ਹੈ। ਭਾਰੀ ਬਾਰਿਸ਼ ਨੇ ਹਿਮਾਚਲ ਤੋਂ ਆਉਂਦੇ ਪਾਣੀ ਨੂੰ ਹੋਰ ਵਧਾ ਦਿੱਤਾ ਹੈ, ਜਿਸ ਨਾਲ ਨਦੀਆਂ ਦੇ ਪੱਧਰ ਖਤਰੇ ਦੀ ਹੱਦ ਤੋੜ ਚੁੱਕੇ ਹਨ।

ਲੋਕ ਆਪਣੇ ਘਰਾਂ ਨੂੰ ਛੱਡ ਕੇ ਉੱਚੀਆਂ ਥਾਵਾਂ ਤੇ ਭੱਜ ਰਹੇ ਹਨ। ਪਸ਼ੂਆਂ ਲਈ ਚਾਰਾ ਨਹੀਂ, ਬੱਚੇ ਸਕੂਲ ਨਹੀਂ ਜਾ ਸਕਦੇ ਅਤੇ ਕਿਸਾਨਾਂ ਦੀਆਂ ਫਸਲਾਂ ਪਾਣੀ ਵਿੱਚ ਡੁੱਬ ਕੇ ਤਬਾਹ ਹੋ ਚੁਕੀਆਂ ਹਨ। ਤਰਨਤਾਰਨ ਅਤੇ ਫਿਰੋਜ਼ਪੁਰ ਵਿੱਚ ਹਜ਼ਾਰਾਂ ਏਕੜ ਝੋਨੇ ਦੀ ਫਸਲ ਤਬਾਹ ਹੋ ਗਈ ਹੈ, ਜੋ ਨਾ ਸਿਰਫ਼ ਖੇਤੀ ਨੂੰ ਮਾਰ ਰਹੀ ਹੈ ਬਲਕਿ ਆਰਥਿਕਤਾ ਨੂੰ ਵੀ ਡੋਬ ਰਹੀ ਹੈ। ਲੋਕਾਂ ਨੂੰ ਆਪਣੇ ਪਸ਼ੂਆਂ ਨੂੰ ਬਚਾਉਣ ਲਈ ਕਿਸ਼ਤੀਆਂ ਤੇ ਵੈਟਰਨਰੀ ਟੀਮਾਂ ਭੇਜੀਆਂ ਜਾ ਰਹੀਆਂ ਹਨ, ਪਰ ਇਹ ਸਭ ਕਾਫ਼ੀ ਨਹੀਂ। ਬਿਮਾਰੀਆਂ ਫੈਲਣ ਦਾ ਡਰ ਹੈ, ਕਿਉਂਕਿ ਪਾਣੀ ਵਿੱਚ ਡੁੱਬੇ ਘਰਾਂ ਵਿੱਚ ਮੱਛਰ ਅਤੇ ਬੀਮਾਰੀਆਂ ਦੇ ਜੀਵਾਣੂ ਆਪਣਾ ਘਰ ਬਣਾ ਰਹੇ ਹਨ। ਸਕੂਲਾਂ ਵਿੱਚ ਛੁੱਟੀਆਂ ਦਾ ਐਲਾਨ ਹੋ ਗਿਆ ਹੈ, ਪਰ ਬੱਚਿਆਂ ਦੀ ਪੜ੍ਹਾਈ ਵਾਂਗ ਹੀ ਉਨ੍ਹਾਂ ਦੇ ਭਵਿੱਖ ਨੂੰ ਵੀ ਇਹ ਪਾਣੀ ਨਿਗਲ ਰਿਹਾ ਹੈ।

ਇਥੇ ਜ਼ਿਕਰਯੋਗ ਹੈ ਕਿ 1988 ਦੌਰਾਨ ਚਾਰ ਦਿਨਾਂ ਵਿੱਚ ਭਾਰੀ ਬਾਰਿਸ਼ ਨੇ ਪੰਜਾਬ ਨੂੰ ਤਬਾਹ ਕਰ ਦਿੱਤਾ ਸੀ। ਭਾਖੜਾ ਖੇਤਰ ਵਿੱਚ 634 ਮਿਲੀਮੀਟਰ ਬਾਰਿਸ਼ ਹੋਈ, ਜਿਸ ਨਾਲ 12 ਹਜ਼ਾਰ ਵਿੱਚੋਂ 9 ਹਜ਼ਾਰ ਪਿੰਡ ਪਾਣੀ ਵਿੱਚ ਡੁੱਬ ਗਏ ਸਨ। 2500 ਪਿੰਡ ਤਾਂ ਪੂਰੀ ਤਰ੍ਹਾਂ ਤਬਾਹ ਹੋਏ। ਲੋਕਾਂ ਦੀਆਂ ਮੌਤਾਂ ਹੋਈਆਂ, ਫਸਲਾਂ ਅਤੇ ਪਸ਼ੂ ਤਬਾਹ ਹੋਏ। ਇਹ ਪੰਜਾਬ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਹੜ੍ਹ ਮੰਨਿਆ ਜਾਂਦਾ ਹੈ, ਜਿਸ ਨੇ 34 ਲੱਖ ਲੋਕਾਂ ਨੂੰ ਬੇਘਰ ਕਰ ਦਿੱਤਾ। ਅੱਜ ਦੇ ਹਾਲਾਤ ਵੀ ਉਸ ਵੱਲ ਇਸ਼ਾਰਾ ਕਰ ਰਹੇ ਹਨ। 2023 ਵਿੱਚ ਵੀ ਜੁਲਾਈ-ਅਗਸਤ ਵਿੱਚ ਹੜ੍ਹਾਂ ਨੇ 14 ਜ਼ਿਲ੍ਹੇ ਅਤੇ 1 ਹਜ਼ਾਰ ਪਿੰਡ ਪ੍ਰਭਾਵਿਤ ਕੀਤੇ, 65 ਮੌਤਾਂ ਹੋਈਆਂ ਅਤੇ 3059 ਘਰ ਤਬਾਹ ਹੋਏ। ਹੁਣ 2025 ਵਿੱਚ ਵੀ ਡੈਮਾਂ ਤੋਂ ਪਾਣੀ ਛੱਡਣ ਅਤੇ ਬਾਰਿਸ਼ ਨੇ ਸਥਿਤੀ ਨੂੰ ਗੰਭੀਰ ਬਣਾ ਦਿੱਤੀ ਹੈ। ਜੇ ਹਾਲਾਤ ਇਸੇ ਤਰ੍ਹਾਂ ਰਹੇ ਤਾਂ 1988 ਵਰਗੀ ਤਬਾਹੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮੌਸਮ ਵਿਭਾਗ ਨੇ ਅਜੇ ਵੀ ਹੋਰ ਬਾਰਿਸ਼ ਦੀ ਚੇਤਾਵਨੀ ਦਿੱਤੀ ਹੈ, ਜੋ ਇਸ ਤਬਾਹੀ ਨੂੰ ਹੋਰ ਗੰਭੀਰ ਬਣਾ ਸਕਦੀ ਹੈ।

ਪੰਜਾਬੀ ਪੁਛਦੇ ਹਨ ਕਿ ਭਗਵੰਤ ਮਾਨ, ਪੰਜਾਬ ਦੇ ਮੁੱਖ ਮੰਤਰੀ, ਕਿੱਥੇ ਗਾਇਬ ਹਨ? ਮੀਡੀਆ ਖਬਰਾਂ ਅਨੁਸਾਰ ਅਜਿਹੇ ਸੰਕਟ ਵਿੱਚ ਜਦੋਂ ਲੋਕ ਪਾਣੀ ਵਿੱਚ ਡੁੱਬ ਰਹੇ ਹਨ, ਉਹ ਤਾਮਿਲਨਾਡੂ ਦੇ ਦੌਰੇ ਤੇ ਹਨ। ਵਿਰੋਧੀ ਧਿਰ ਕਾਂਗਰਸ ਨੇ ਉਨ੍ਹਾਂ ਨੂੰ ਘੇਰਿਆ ਹੈ, ਕਹਿੰਦੇ ਹਨ ਕਿ ਲੋਕਾਂ ਨੂੰ ਰੱਬ ਭਰੋਸੇ ਛੱਡ ਕੇ ਬਾਹਰ ਜਾਣਾ ਅਪਰਾਧਿਕ ਗੈਰ-ਜ਼ਿੰਮੇਵਾਰੀ ਹੈ। ਪ੍ਰਤਾਪ ਸਿੰਘ ਬਾਜਵਾ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਅਜਿਹੇ ਨੇਤਾ ਕਿਵੇਂ ਹੋ ਸਕਦੇ ਹਨ ਜੋ ਸੰਕਟ ਵਿੱਚ ਲੋਕਾਂ ਨੂੰ ਬੇਸਹਾਰਾ ਛੱਡ ਦਿੰਦੇ ਹਨ। ਮਾਨ ਨੇ ਆਪਣੇ ਐਕਸ ਹੈਂਡਲ ਤੇ ਸਕੂਲਾਂ ਦੀਆਂ ਛੁੱਟੀਆਂ ਦਾ ਐਲਾਨ ਕੀਤਾ ਹੈ, ਪਰ ਖੁਦ ਮੌਕੇ ਤੇ ਨਹੀਂ ਹਨ। ਇਹ ਮਾਨੋ ਇੱਕ ਕਪਤਾਨ ਵਾਂਗ ਹੈ ਜੋ ਡੁੱਬਦੇ ਜਹਾਜ਼ ਨੂੰ ਛੱਡ ਕੇ ਭੱਜ ਜਾਵੇ, ਅਤੇ ਯਾਤਰੀਆਂ ਨੂੰ ਤੈਰਨ ਲਈ ਕਹਿ ਦੇਵੇ। ਲੋਕਾਂ ਨੂੰ ਇਹ ਗੈਰਹਾਜ਼ਰੀ ਰੜਕ ਰਹੀ ਹੈ, ਕਿਉਂਕਿ ਅਜਿਹੇ ਵਿੱਚ ਨੇਤਾ ਦੀ ਜ਼ਿੰਮੇਵਾਰੀ ਹੈ ਕਿ ਉਹ ਲੋਕਾਂ ਵਿੱਚ ਹੋਵੇ, ਨਾ ਕਿ ਦੂਰ ਕਿਤੇ ਬੈਠ ਕੇ ਟਵੀਟ ਕਰੇ।

ਦੂਜੇ ਪਾਸੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਫਿਰ ਤੋਂ ਅੱਗੇ ਆਈ ਹੈ। ਉਨ੍ਹਾਂ ਨੇ ਪ੍ਰਭਾਵਿਤ ਲੋਕਾਂ ਲਈ ਲੰਗਰ, ਰਾਸ਼ਨ, ਡੀਜ਼ਲ ਅਤੇ ਦਵਾਈਆਂ ਦਾ ਪ੍ਰਬੰਧ ਕੀਤਾ ਹੈ। ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰਦੁਆਰਿਆਂ ਵਿੱਚ ਰਹਿਣ ਦਾ ਪੂਰਾ ਬੰਦੋਬਸਤ ਹੈ ਅਤੇ ਮੈਡੀਕਲ ਕੈਂਪ ਲਗਾ ਕੇ ਬਿਮਾਰੀਆਂ ਤੋਂ ਬਚਾਅ ਕੀਤਾ ਜਾ ਰਿਹਾ ਹੈ। ਇਹ ਮਾਨੋ ਇੱਕ ਰੱਖਿਆ ਕੰਧ ਵਾਂਗ ਹੈ ਜੋ ਸਰਕਾਰਾਂ ਦੀ ਨਾਕਾਮੀ ਵਿੱਚ ਵੀ ਲੋਕਾਂ ਨੂੰ ਸਹਾਰਾ ਦਿੰਦੀ ਹੈ। ਸ਼੍ਰੋਮਣੀ ਕਮੇਟੀ ਨੇ ਹਮੇਸ਼ਾ ਮਨੁੱਖਤਾ ਦਾ ਫ਼ਰਜ਼ ਨਿਭਾਇਆ ਹੈ। ਉਨ੍ਹਾਂ ਨੇ ਲੋਕਾਂ ਨੂੰ ਗੁਰਦੁਆਰਿਆਂ ਵਿੱਚ ਮਦਦ ਲਈ ਪਨਾਹ ਦਿਤੀ ਹੈ, ਜੋ ਸਰਕਾਰਾਂ ਨੂੰ ਵੀ ਆਈਨਾ ਵਿਖਾ ਰਹੀ ਹੈ।

ਭਾਵੇਂ ਪੰਜਾਬ ਸਰਕਾਰ ਨੇ ਰਾਹਤ ਕਾਰਜ ਜੰਗੀ ਪੱਧਰ ਤੇ ਜਾਰੀ ਰੱਖਣ ਲਈ ਆਦੇਸ਼ ਦਿੱਤੇ ਹਨ, ਅਫ਼ਸਰਾਂ ਦੀਆਂ ਛੁੱਟੀਆਂ ਰੱਦ ਕੀਤੀਆਂ ਹਨ , ਪਰ ਵਿਰੋਧੀ ਕਹਿ ਰਹੇ ਹਨ ਕਿ ਇਹ ਪੁਖਤੇ ਯਤਨ ਨਹੀਂ ਹਨ। ਇੰਤਜ਼ਾਮ ਘੱਟ ਹਨ ਕਿਉਂਕਿ ਪਹਿਲਾਂ ਹੀ ਆਰਥਿਕਤਾ ਡਾਵਾਂਡੋਲ ਹੈ ਅਤੇ ਹੜ੍ਹ ਪ੍ਰਬੰਧਨ ਲਈ ਨਿਰਮਾਣ ਕੰਮ ਨਹੀਂ ਹੋਏ। ਬੰਨ੍ਹਾਂ ਨੂੰ ਮਜ਼ਬੂਤ ਨਹੀਂ ਕੀਤਾ ਗਿਆ, ਜਿਸ ਨਾਲ ਆਰਜ਼ੀ ਬੰਨ੍ਹ ਢਹਿ ਰਹੇ ਹਨ। ਅਤੇ ਲੋਕ ਬੇਸਹਾਰੇ ਹਨ। ਸਰਕਾਰ ਨੂੰ ਹੋਰ ਸਾਧਨ ਵਰਤ ਕੇ ਮਦਦ ਕਰਨੀ ਚਾਹੀਦੀ ਹੈ, ਨਾ ਕਿ ਸਿਰਫ਼ ਐਲਾਨਾਂ ਤਕ ਸੀਮਤ ਰਹਿਣਾ ਚਾਹੀਦਾ ਸੀ।

ਕੇਂਦਰ ਸਹਾਇਤਾ ਵਲੋਂ ਅਜੇ ਤੱਕ ਕੋਈ ਰਾਹਤ ਪੈਕੇਜ ਦਾ ਐਲਾਨ ਨਹੀਂ ਹੋਇਆ। ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਮੰਗ ਕੀਤੀ ਹੈ ਕਿ ਕੇਂਦਰ ਅਤੇ ਸੂਬਾ ਸਾਂਝੇ ਉਪਰਾਲੇ ਕਰਨ। ਪੰਜਾਬ ਨਾਲ ਵਿਤਕਰਾ ਕਿਉਂ? ਰਿਪੇਰੀਅਨ ਪ੍ਰਿੰਸੀਪਲ ਮੁਤਾਬਕ ਪੰਜਾਬ ਨੂੰ ਪਾਣੀ ਦਾ ਅਧਿਕਾਰ ਹੈ, ਪਰ ਨਾਨ-ਰਿਪੇਰੀਅਨ ਰਾਜ ਜਿਵੇਂ ਰਾਜਸਥਾਨ ਅਤੇ ਹਰਿਆਣਾ ਮੁਫ਼ਤ ਪਾਣੀ ਲੈ ਰਹੇ ਹਨ। ਉਹਨਾਂ ਨੂੰ ਹੜ੍ਹਾਂ ਕਾਰਣ ਹੋਈ ਪੰਜਾਬ ਦੀ ਤਬਾਹੀ ਵਿਚ ਸਹਾਇਤਾ ਕਰਨੀ ਚਾਹੀਦੀ ਹੈ। ਨਹੀਂ ਤਾਂ ਪਾਣੀ ਦੀ ਰਿਆਲਟੀ ਅਦਾ ਕਰਨੀ ਚਾਹੀਦੀ ਹੈ। ਡੈਮਾਂ ਦਾ ਕੰਟਰੋਲ ਕੇਂਦਰ ਕੋਲ ਹੈ ਅਤੇ ਪੰਜਾਬ ਨੂੰ ਨੁਕਸਾਨ ਹੋ ਰਿਹਾ ਹੈ। ਲੋਕ ਕੇਂਦਰ ਸਰਕਾਰ ਨੂੰ ਦੋਸ਼ੀ ਠਹਿਰਾ ਰਹੇ ਹਨ। ਇਹ ਮਾਨੋ ਇੱਕ ਚੋਰ ਵਾਂਗ ਹੈ ਜੋ ਪੰਜਾਬ ਦੇ ਪਾਣੀ ਨੂੰ ਚੋਰੀ ਕਰ ਰਿਹਾ ਹੈ ਅਤੇ ਨੁਕਸਾਨ ਵੀ ਨਹੀਂ ਭਰਦਾ। ਕੇਂਦਰ ਨੂੰ ਤੁਰੰਤ ਸਹਾਇਤਾ ਦੇਣੀ ਚਾਹੀਦੀ ਹੈਪੰਜਾਬ ਨਾਲ ਵਿਤਕਰਾ ਬੰਦ ਹੋਣਾ ਚਾਹੀਦਾ।

ਅੰਤ ਵਿੱਚ, ਪੰਜਾਬ ਨੂੰ ਇਸ ਆਫ਼ਤ ਤੋਂ ਕੱਢਣ ਲਈ ਸਭ ਨੂੰ ਯਤਨ ਕਰਨੇ ਚਾਹੀਦੇ ਹਨ। ਸਰਕਾਰਾਂ, ਸਮਾਜ ਅਤੇ ਧਿਰਾਂ ਮਿਲ ਕੇ ਕੰਮ ਕਰਨ, ਤਾਂ ਜੋ ਹੜ੍ਹਾਂ ਨਾਲ ਤਬਾਹੀ ਘਟ ਹੋਵੇ। ਪੰਜਾਬ ਦੇ ਲੋਕਾਂ ਨੂੰ ਮਦਦ ਦੀ ਲੋੜ ਹੈ, ਨਾ ਕਿ ਸਰਕਾਰੀ ਵਾਅਦਿਆਂ ਦੀ।





# ਅਕਾਲੀ ਸਿਆਸਤ ਵਿੱਚ ਭਾਜਪਾ ਬਾਰੇ ਦੁਵਿਧਾ ਕਿਉਂ ?

## ✪ ਭਾਜਪਾ ਬਾਦਲ ਅਕਾਲੀ ਦਲ ਦੇ ਨਿਸ਼ਾਨੇ ਉਪਰ ਕਿਉਂ ? ✪ ਕੀ ਭਾਜਪਾ ਅਕਾਲੀ-ਗਠਜੋੜ ਹੋਵੇਗਾ ?

ਜਲੰਧਰ-ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਅਤੇ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਨਵੇਂ ਬਣੇ ਅਕਾਲੀ ਦਲ ਵਿਚਕਾਰ ਸਿਆਸੀ ਜੰਗ ਤੇਜ਼ ਹੋਣ ਨਾਲ, ਸੁਖਬੀਰ ਸਿੰਘ ਬਾਦਲ ਦੀ ਅਗਵਾਈ ਦੇ ਖੇਮੇ ਵਿੱਚ 'ਕੇਂਦਰ', 'ਕੇਂਦਰੀ ਤਾਕਤਾਂ' ਤੇ 'ਏਜੰਸੀਆਂ' ਵਿਰੁੱਧ ਨਕਾਰਾਤਮਕ ਬਿਆਨਬਾਜ਼ੀ ਦਾ ਰੁਝਾਨ ਵਧ ਰਿਹਾ ਹੈ, ਜੋ ਭਾਜਪਾ ਦੀ ਕਥਿਤ ਸ਼ਮੂਲੀਅਤ ਵੱਲ ਇਸ਼ਾਰਾ ਕਰਦਾ ਹੈ। ਨਾਲ ਹੀ, ਇੱਕ ਦੁਵਿਧਾ ਵੀ ਸਾਹਮਣੇ ਆ ਰਹੀ ਹੈ: ਜਿੱਥੇ ਦੋਹਾਂ ਖੇਮਿਆਂ ਦੇ ਆਗੂ ਅਤੇ ਕਾਰਕੁਨ ਭਾਜਪਾ ਨਾਲ ਭਵਿੱਖ ਵਿੱਚ ਗਠਜੋੜ ਦੀ ਸੰਭਾਵਨਾ ਲਈ ਖੁੱਲ੍ਹੇ ਦਿਖਾਈ ਦਿੰਦੇ ਨੇ, ਉੱਥੇ ਵਿਸ਼ਾਲ ਸਿੱਖ ਭਾਈਚਾਰਾ ਭਾਜਪਾ ਬਾਰੇ ਸੁਚੇਤ ਰਹਿੰਦਾ ਹੈ।

ਸੁਖਬੀਰ ਦਾ ਖੇਮਾ ਇਸ ਤਰ੍ਹਾਂ ਦੇ ਹਮਲਿਆਂ ਨੂੰ ਹੋਰ ਤੇਜ਼ ਕਰ ਰਿਹਾ ਹੈ, ਕਿਉਂਕਿ ਉਹ ਸਿੱਖ ਜਨਤਾ ਵਿੱਚ ਭਾਜਪਾ ਬਾਰੇ ਵਧਦੀਆਂ ਚਿੰਤਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਹੈ ਅਤੇ ਇਸ ਭਾਵਨਾ ਨੂੰ ਵਿਰੋਧੀ ਗਿਆਨੀ ਹਰਪ੍ਰੀਤ ਸਿੰਘ ਵਾਲੇ ਖੇਮੇ ਨੂੰ ਬਦਨਾਮ ਕਰਨ ਲਈ ਵਰਤਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹਨਾਂ ਚਿੰਤਾਵਾਂ ਦੇ ਪਿਛੋਕੜ ਵਿੱਚ, 2024 ਦੀਆਂ ਲੋਕ ਸਭਾ ਚੋਣਾਂ ਵਿੱਚ ਇਹ ਸਾਹਮਣੇ ਆਇਆ ਕਿ ਸਿੱਖ ਵੋਟਰਾਂ ਨੇ ਭਾਜਪਾ ਨੂੰ



ਰੋਕਣ ਲਈ ਕਾਂਗਰਸ ਵੱਲ ਝੁਕਾਅ ਦਿਖਾਇਆ ਹੈ।

### 2024 ਦੀਆਂ ਚੋਣਾਂ ਅਤੇ ਸੁਖਬੀਰ ਦੇ ਹਮਲੇ

2024 ਦੀਆਂ ਆਮ ਚੋਣਾਂ ਦੀ ਮੁਹਿੰਮ ਦੌਰਾਨ, ਸੁਖਬੀਰ ਨੇ ਭਾਜਪਾ 'ਤੇ ਹਮਲਾ ਕਰਦਿਆਂ ਇਲਜ਼ਾਮ ਲਾਇਆ ਕਿ ਭਗਵੀਂ ਪਾਰਟੀ ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰਐਸਐਸ) ਪੰਜਾਬ ਤੋਂ ਬਾਹਰ ਮਹੱਤਵਪੂਰਨ ਗੁਰਦੁਆਰਾ ਸੰਸਥਾਵਾਂ 'ਤੇ ਕਬਜ਼ਾ ਕਰ ਰਹੇ ਨੇ।

ਚੋਣਾਂ ਤੋਂ ਬਾਅਦ ਅਕਾਲੀ ਦਲ ਵਿੱਚ ਵੰਡ ਪੈਣ 'ਤੇ, ਸੁਖਬੀਰ ਦੇ ਖੇਮੇ ਨੇ ਸਿੱਧੇ ਤੌਰ 'ਤੇ ਭਾਜਪਾ ਨੂੰ ਅਤੇ 'ਕੇਂਦਰੀ ਤਾਕਤਾਂ' ਜਾਂ 'ਏਜੰਸੀਆਂ' ਦਾ ਜ਼ਿਕਰ ਕਰਕੇ ਉਸ ਨੂੰ ਹਟਾਉਣ ਦੀ ਸਾਜ਼ਿਸ਼ ਦਾ ਦੋਸ਼ ਲਾਇਆ। ਜਦੋਂ ਬਾਬਾ ਹਰਨਾਮ ਸਿੰਘ ਧੁੰਮਾ ਦੀ ਅਗਵਾਈ ਵਾਲੇ ਦਮਦਮੀ ਟਕਸਾਲ ਨੇ ਮਾਰਚ ਵਿੱਚ ਦੋ ਤਖ਼ਤ ਜਥੇਦਾਰਾਂ ਦੀ ਵਿਵਾਦਤ ਬਰਖਾਸਤਗੀ ਦੇ ਵਿਰੋਧ ਵਿੱਚ ਖੁਦ ਨੂੰ ਕੇਂਦਰ ਵਿੱਚ ਰੱਖਣ ਦੀ ਕੋਸ਼ਿਸ਼ ਕੀਤੀ, ਤਾਂ ਸੁਖਬੀਰ ਦੇ ਖੇਮੇ ਨੇ ਉਸ 'ਤੇ ਭਾਜਪਾ ਨਾਲ ਮਿਲੀਭੁਗਤ ਦਾ ਇਲਜ਼ਾਮ ਲਾਇਆ ਅਤੇ ਉਸ ਨੂੰ 'ਕੇਂਦਰ ਸਰਕਾਰ ਅਤੇ ਏਜੰਸੀਆਂ ਦਾ ਸਾਧਨ' ਕਰਾਰ ਦਿੱਤਾ।

### ਗਿਆਨੀ ਹਰਪ੍ਰੀਤ ਸਿੰਘ ਦੇ ਖੇਮੇ ਦੀ ਸਥਿਤੀ

ਜਿਵੇਂ-ਜਿਵੇਂ ਗਿਆਨੀ ਹਰਪ੍ਰੀਤ ਸਿੰਘ ਦਾ ਖੇਮਾ ਇਹਨਾਂ ਹਮਲਿਆਂ ਦਾ ਸਾਹਮਣਾ ਕਰ ਰਿਹਾ ਹੈ, ਉਹ ਵੀ ਸੰਭਵ ਤੌਰ 'ਤੇ ਭਾਜਪਾ ਵਿਰੁੱਧ ਤਿੱਖੇ ਸੁਰ ਅਪਣਾ ਸਕਦੇ ਨੇ, ਅਤੇ ਉਹਨਾਂ ਦੇ ਬਿਆਨਾਂ ਵਿੱਚ ਵੀ ਤਿੱਖਾਪਣ ਵਧ ਸਕਦਾ ਹੈ।ਪਰ ਇਹ ਰੁਝਾਨ ਦੇਖਣ ਨੂੰ ਨਹੀਂ ਮਿਲਿਆ।

### ਭਾਜਪਾ ਦੀ ਕਿਸ ਧੜੇ ਨਾਲ ਗੱਠਜੋੜ ਦੀ ਸੰਭਾਵਨਾ

ਦੋਹਾਂ ਖੇਮਿਆਂ ਦੇ ਆਗੂਆਂ ਅਤੇ ਕਾਰਕੁਨਾਂ ਨਾਲ ਪੁੱਛਗਿੱਛ ਤੋਂ ਪਤਾ ਲੱਗਦਾ ਹੈ ਕਿ ਉਹ ਭਗਵੀਂ ਪਾਰਟੀ ਨਾਲ ਇੱਕ ਪਾਸੇ ਦੇ ਗਠਜੋੜ ਦੀ ਸੰਭਾਵਨਾ ਵੇਖਦੇ ਨੇ। ਪਰ ਦੋਹਾਂ ਖੇਮਿਆਂ ਦੇ ਲੋਕ ਮੰਨਦੇ ਨੇ ਕਿ ਸਿੱਖ ਭਾਈਚਾਰੇ ਦਾ ਇੱਕ ਵੱਡਾ ਹਿੱਸਾ ਕਾਂਗਰਸ ਨਾਲੋਂ ਭਾਜਪਾ ਬਾਰੇ ਜ਼ਿਆਦਾ ਚਿੰਤਤ ਹੈ ਤੇ ਕਾਂਗਰਸ ਨਾਲੋਂ ਵਡੇ ਦੁਸ਼ਮਣ ਵਜੋਂ ਵੇਖਦਾ ਹੈ। ਦੋਹਾਂ ਧੜਿਆਂ ਵਾਲੇ ਪਾਸੇ ਜੋ ਅਕਾਲੀ ਆਗੂ ਅਤੇ ਕੁਝ ਕਾਰਕੁਨ ਸੱਤਾ ਦੇ ਢਾਂਚੇ ਨਾਲ ਜੁੜੇ ਹੋਏ ਸਨ ਅਤੇ ਜਦੋਂ ਗਠਜੋੜ ਦੀਆਂ ਸੰਭਾਵਨਾਵਾਂ ਬਾਰੇ ਪੁੱਛਿਆ ਜਾਂਦਾ ਹੈ, ਤਾਂ ਉਹ ਭਾਜਪਾ ਨਾਲ ਗੱਠਜੋੜ ਦੇ ਪਖ ਵਿਚ ਸਕਾਰਾਤਮਕ ਸੁਰ ਵਿੱਚ ਜਵਾਬ ਦਿੰਦੇ ਨੇ। ਪਰ ਪੰਥਕ ਹਲਕਿਆਂ ਵਿਚ ਭਾਜਪਾ ਦੇ ਉਲਟ ਰੁਝਾਨ ਦੇਖਣ ਨੂੰ ਮਿਲਿਆ।ਉਸ ਦਾ ਕਾਰਣ ਭਾਜਪਾ ਸਰਕਾਰ ਵਲੋਂ ਬੰਦੀ ਸਿੱਖ ਨਾ ਛਡਣਾ, ਰਾਜਧਾਨੀ ਤੇ ਦਰਿਆਈ ਪਾਣੀਆਂ ਦੇ ਮਸਲੇ ਹੱਲ ਨਾ ਕਰਨਾ ਹੈ।

ਇਸ ਸਥਿਤੀ ਵਿੱਚ, ਭਾਜਪਾ ਜਾਂ 'ਕੇਂਦਰੀ ਤਾਕਤਾਂ', 'ਏਜੰਸੀਆਂ' ਦੇ ਵਿਰੁੱਧ ਵਧਦੀ ਬਾਦਲ ਅਕਾਲੀ ਦਲ ਵਲੋਂ ਨਕਾਰਾਤਮਕ ਬਿਆਨਬਾਜ਼ੀ ਵਿਸ਼ਾਲ ਸਿੱਖ ਭਾਈਚਾਰੇ ਵਿੱਚ ਭਾਜਪਾ ਪ੍ਰਤੀ ਹੋਰ ਕੁੜੱਤਣ ਪੈਦਾ ਕਰ ਸਕਦੀ ਹੈ, ਜਿਸ ਨਾਲ ਭਾਜਪਾ ਨਾਲ ਗਠਜੋੜ ਦੀ ਗੁੰਜਾਇਸ਼ ਅਤੇ ਇਸ ਦੇ ਫਾਇਦਿਆਂ ਦੀ ਸੰਭਾਵਨਾ ਘਟ ਸਕਦੀ ਹੈ।

ਇੱਕ ਹੋਰ ਮਹੱਤਵਪੂਰਨ ਕਾਰਕ ਸਿੱਖ ਕਿਸਾਨਾਂ ਵਿੱਚ ਭਾਜਪਾ ਪ੍ਰਤੀ ਨਕਾਰਾਤਮਕ ਭਾਵਨਾ ਹੈ, ਜੋ ਅਕਾਲੀ ਦਲ ਦਾ ਸਭ ਤੋਂ ਵੱਡਾ ਸਮਰਥਕ ਵਰਗ ਹਨ। ਖੇਤੀ ਅੰਦੋਲਨ ਦੌਰਾਨ ਇਹ ਨਾਰਾਜ਼ਗੀ ਸਪੱਸ਼ਟ ਸੀ। ਸਿਰਫ਼ ਆਮ ਆਦਮੀ ਪਾਰਟੀ (ਆਪ) ਦੀ ਜ਼ਮੀਨੀ ਪੂਲਿੰਗ ਨੀਤੀ, ਜੋ ਹੁਣ ਵਾਪਸ ਲਈ ਜਾ ਚੁੱਕੀ ਹੈ, ਨੇ ਕਿਸਾਨਾਂ ਵਿੱਚ ਇਸੇ ਤਰ੍ਹਾਂ ਦੀ ਨਕਾਰਾਤਮਕਤਾ ਪੈਦਾ ਕੀਤੀ ਸੀ।

# ਨਵੇਂ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਸੱਦਿਆ ਡੈਲੀਗੇਟ ਇਜਲਾਸ

## ✪ 6 ਸਤੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਵੇਗਾ ਇਕੱਠ ✪ ਗਿਆਨੀ ਹਰਪ੍ਰੀਤ ਸਿੰਘ ਵਲੋਂ ਪ੍ਰਧਾਨ ਬਣਨ ਉਪਰੰਤ ਰੱਖੇ ਸਾਰੇ ਸਨਮਾਨ ਸਮਾਗਮ ਰੱਦ ✪ ਅਕਾਲੀ ਵਰਕਰਾਂ ਨੂੰ ਕੀਤੀ ਅਪੀਲ ਕਿ ਹੜ ਪੀੜਤਾਂ ਦੀਆਂ ਸੇਵਾਵਾਂ ਵਿਚ ਡਟੋ

ਸ੍ਰੀ ਅੰਮ੍ਰਿਤਸਰ ਸਾਹਿਬ-ਨਵੇਂ ਅਕਾਲੀ ਦਲ ਦੇ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ 6 ਅਗਸਤ ਨੂੰ ਪਾਰਟੀ ਦੇ ਸਟੇਟ ਡੈਲੀਗੇਟਾਂ ਦਾ ਜਨਰਲ ਇਜਲਾਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਬੁਲਾਇਆ ਗਿਆ ਹੈ। ਇਸ ਇਜਲਾਸ ਵਿੱਚ ਜਿੱਥੇ ਪੰਜਾਬ ਭਰ ਤੋਂ ਸਟੇਟ ਡੈਲੀਗੇਟਸ ਸ਼ਾਮਿਲ ਹੋਣਗੇ, ਉੱਥੇ ਹੀ ਦੂਜੇ ਸੂਬਿਆਂ ਤੋਂ ਬਣੇ ਡੈਲੀਗੇਟ ਵੀ ਹਿੱਸਾ ਲੈਣਗੇ।

ਇੱਥੇ ਵਰਨਣਯੋਗ ਹੈ ਕਿ ਇਸੇ ਮਹੀਨੇ ਦੀ 11 ਅਗਸਤ ਨੂੰ ਬੁਲਾਏ ਗਏ ਜਨਰਲ ਇਜਲਾਸ ਵਿੱਚ ਪੰਥਕ ਕੌਂਸਲ ਦੇ ਚੇਅਰਪਰਸਨ ਸਮੇਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਸਰਬਸੰਮਤੀ ਨਾਲ ਹੋਈ ਸੀ। ਇਜਲਾਸ ਦੀ ਕਾਰਵਾਈ ਦੌਰਾਨ ਪਾਰਟੀ ਦੇ ਜੱਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਸਾਰੇ ਅਧਿਕਾਰ ਪਾਰਟੀ ਪ੍ਰਧਾਨ ਨੂੰ ਸੌਂਪ ਦਿੱਤੇ ਗਏ ਸਨ ਪਰ ਪਾਰਟੀ ਪ੍ਰਧਾਨ ਚਾਹੁੰਦੇ ਹਨ ਕਿ ਪਾਰਟੀ ਦੇ ਸੰਵਿਧਾਨ ਮੁਤਾਬਕ ਵਰਕਿੰਗ ਕਮੇਟੀ ਦੀ ਚੋਣ ਅਤੇ ਕੁਝ ਹੋਰ ਅਹਿਮ ਫੈਸਲੇ ਜਨਰਲ ਸਟੇਟ ਡੈਲੀਗੇਟ ਇਜਲਾਸ ਵਿੱਚ ਹੀ ਲਏ ਜਾਣ, ਇਸ ਕਰਕੇ ਸੂਬੇ ਭਰ ਤੋਂ ਪਾਰਟੀ ਲਈ ਘਰ-ਘਰ ਜਾ ਕੇ ਮੈਂਬਰਸ਼ਿਪ ਭਰਨ ਵਾਲੇ ਸਮੁੱਚੇ ਡੈਲੀਗੇਟਸ ਦੀ ਰਾਇ ਸ਼ੁਮਾਰੀ ਜਾਨਣ ਲਈ 6 ਸਤੰਬਰ ਨੂੰ ਸਟੇਟ ਜਨਰਲ ਡੈਲੀਗੇਟਸ ਇਜਲਾਸ ਬੁਲਾਇਆ ਜਾ ਰਿਹਾ ਹੈ। ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਾਰਟੀ ਅੰਦਰ ਲੋਕਤੰਤਰਿਕ ਪ੍ਰਕਿਰਿਆ ਅਤੇ ਸਿਧਾਤਾਂ ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।



### ਹੜ ਪੀੜਤਾਂ ਦੇ ਹੱਕ ਵਿਚ ਡਟੇ ਗਿਆਨੀ ਹਰਪ੍ਰੀਤ ਸਿੰਘ

ਨਵੇਂ ਅਕਾਲੀ ਦਲ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਅੰਦਰ ਹੜ੍ਹਾਂ ਨਾਲ ਹੋਏ ਨੁਕਸਾਨ ਲਈ ਸਾਂਝੇ ਉਪਰਾਲੇ ਕਰਦੇ ਹੋਏ ਪ੍ਰਭਾਵਿਤ ਇਲਾਕਿਆਂ ਲਈ ਰਾਹਤ ਪੈਕੇਜ ਦਾ ਐਲਾਨ ਕੀਤਾ ਜਾਵੇ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਵੇਲੇ ਪੰਜਾਬ ਦਾ ਵੱਡਾ ਹਿੱਸਾ ਹੜ ਤੋਂ ਪ੍ਰਭਾਵਿਤ ਹੋ ਚੁੱਕਾ ਹੈ। ਇਹਨਾ ਇਲਾਕਿਆਂ ਵਿੱਚ ਆਮ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕਾ ਹੈ। ਪੰਜਾਬ ਕੁਦਰਤੀ ਕਰੋਪੀ ਦਾ ਸਾਹਮਣਾ ਕਰ ਰਿਹਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕੁਦਰਤੀ ਆਫ਼ਤ ਪ੍ਰਬੰਧਨ ਹੇਠ ਦਿੱਤੇ ਜਾਣ ਵਾਲੇ ਫੰਡ ਨੂੰ ਤੁਰੰਤ ਰਿਲੀਜ਼ ਕਰਨ ਲਈ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿਹਾ ਕਿ ਪੰਜਾਬ ਨੂੰ ਬੇਗਾਨਗੀ ਦੀ ਨਜ਼ਰ ਨਾਲ ਨਾ ਵੇਖਿਆ ਜਾਵੇ। ਇਸ ਸੰਕਟ ਵਿੱਚੋ ਪੰਜਾਬ ਨੂੰ ਕੱਢਣ ਲਈ ਕੇਂਦਰ ਸਰਕਾਰ ਤੁਰੰਤ ਪੰਜਾਬ ਸਰਕਾਰ ਨਾਲ ਰਾਬਤਾ ਕਾਇਮ ਕਰਦੇ ਹੋਏ, ਪ੍ਰਭਾਵਿਤ ਇਲਾਕਿਆਂ ਲਈ ਬਿਨਾ ਦੇਰੀ ਕੀਤੇ ਵਿੱਤੀ ਮੱਦਦ ਦਾ ਐਲਾਨ ਕਰੇ।

ਇਸ ਦੇ ਨਾਲ ਹੀ ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਜਿੱਥੇ ਇਹਨਾਂ ਪ੍ਰਭਾਵਿਤ ਇਲਾਕਿਆਂ ਲਈ ਵਿੱਤੀ ਮੱਦਦ ਦੀ ਮੰਗ ਕੀਤੀ ਉਥੇ ਹੀ ਕਿਹਾ ਕਿ, ਸਿਰਫ ਸਰਕਾਰੀ ਬਿਆਨਬਾਜੀ ਨਾਲ ਕੰਮ ਸਰਨ ਵਾਲਾ ਨਹੀਂ ਹੈ। ਇਹਨਾ ਇਲਾਕਿਆਂ ਵਿੱਚ ਹਾਲਾਤ ਬਦ ਤੋ ਬਦਤਰ ਹੋ ਚੁੱਕੇ ਹਨ। ਹੜ੍ਹਾਂ ਦੀ ਮਾਰ ਨੇ ਆਰਥਿਕ ਤੌਰ ਤੇ ਵੱਡੀ ਸੱਟ ਮਾਰੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਜਿੱਥੇ ਪ੍ਰਭਾਵਿਤ ਇਲਾਕਿਆਂ ਲਈ ਮਦਦ ਦੀ ਲੋੜ ਹੈ, ਉਥੇ ਹੀ ਇਹਨਾਂ ਇਲਾਕਿਆਂ ਨੂੰ ਫੇਰ ਕਦੇ ਅਜਿਹੀ ਸਥਿਤੀ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਇਸ ਦੇ ਪੱਕੇ ਪ੍ਰਬੰਧਨ ਨੂੰ ਯਕੀਨੀ ਬਣਾਇਆ ਜਾਵੇ।


ਪੰਜਾਬ ਦੇ ਇਸ ਨਾਜ਼ੁਕ ਸਥਿਤੀ ਨੂੰ ਵੇਖਦੇ ਹੋਏ ਗਿਆਨੀ ਹਰਪ੍ਰੀਤ ਸਿੰਘ ਵੱਲੋ ਸ਼੍ਰੋਮਣੀ ਅਕਾਲੀ ਦਲ ਦੇ ਬਤੌਰ ਪ੍ਰਧਾਨ ਚੁਣੇ ਜਾਣ ਤੇ ਰੱਖੇ ਗਏ ਸਾਰੇ ਹੀ ਸਨਮਾਨ ਸਮਾਗਮ ਰੱਦ ਕੀਤੇ ਗਏ ਹਨ। ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਸਮੁੱਚੇ ਅਕਾਲੀ ਵਰਕਰਾਂ ਅਤੇ ਆਗੂ ਸਾਹਿਬਾਨ ਨੂੰ ਅਪੀਲ ਵੀ ਕੀਤੀ ਕਿ ਓਹ ਇਸ ਮੁਸ਼ਕਿਲ ਹਾਲਤਾਂ ਵਿੱਚ ਪ੍ਰਭਾਵਿਤ ਇਲਾਕਿਆਂ ਲਈ ਫੌਰੀ ਰਾਹਤ ਭੇਜਣ ।ਆਮ ਜੀਵਨ ਲਈ ਜਰੂਰੀ ਵਸਤਾਂ ਦੇ ਸੇਵਾ ਦੇ ਨਾਲ ਨਾਲ ਪਸ਼ੂ ਧਨ ਲਈ ਚਾਰੇ ਦਾ ਪ੍ਰਬੰਧਨ ਕਰਨ ਲਈ ਟੀਮਾਂ ਦੇ ਰੂਪ ਵਿੱਚ ਜੁਟ ਜਾਣ।

# ਜਲੰਧਰ ਦੇ ਜੰਮਪਲ ਉੱਘੇ ਉਦਯੋਗਪਤੀ ਲਾਰਡ ਸਵਰਾਜ ਪਾਲ ਦਾ ਲੰਡਨ ਵਿੱਚ ਦੇਹਾਂਤ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਜਲੰਧਰ ਦੇ ਜੰਮਪਲ ਉੱਘੇ ਉਦਯੋਗਪਤੀ ਲਾਰਡ ਸਵਰਾਜ ਪਾਲ ਦਾ ਬੀਤੇ ਵੀਰਵਾਰ ਸ਼ਾਮ ਨੂੰ ਲੰਡਨ ਵਿੱਚ ਦੇਹਾਂਤ ਹੋ ਗਿਆ। ਉਹ 94 ਸਾਲ ਦੇ ਸਨ। ਯੂਕੇ-ਅਧਾਰਤ ਕਾਪਾਰੋ ਗਰੁੱਪ ਆਫ਼ ਇੰਡਸਟਰੀਜ਼ ਦੇ ਸੰਸਥਾਪਕ ਲਾਰਡ ਪਾਲ ਹਾਲ ਹੀ ਵਿੱਚ ਬਿਮਾਰ ਹੋ ਗਏ ਸਨ ਅਤੇ ਹਸਪਤਾਲ ਵਿੱਚ ਦਾਖਲ ਹੋਏ ਸਨ, ਜਿੱਥੇ ਉਨ੍ਹਾਂ ਦਾ ਦਿਹਾਂਤ ਹੋ ਗਿਆ। ਉਸ ਸਮੇਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਮੌਜੂਦ ਸਨ।***

ਹਾਊਸ ਆਫ਼ ਲਾਰਡਜ਼ ਦੇ ਪੀਅਰ ਦਾ ਜਨਮ ਪੰਜਾਬ ਦੇ ਸ਼ਹਿਰ ਜਲੰਧਰ ਵਿੱਚ ਹੋਇਆ ਸੀ ਅਤੇ 1960 ਦੇ ਦਹਾਕੇ ਵਿੱਚ ਆਪਣੀ ਛੋਟੀ ਧੀ ਅੰਬਿਕਾ ਦੇ ਕੈਂਸਰ ਦੇ ਇਲਾਜ ਲਈ ਯੂ ਕੇ ਚਲੇ ਗਏ ਸਨ। ਚਾਰ ਸਾਲ ਦੀ ਉਮਰ ਵਿੱਚ ਉਸਦੀ ਮੌਤ ਤੋਂ ਬਾਅਦ, ਉਸਨੇ ਅੰਬਿਕਾ ਪਾਲ ਫਾਊਂਡੇਸ਼ਨ ਨੂੰ ਇੱਕ ਚੈਰੀਟੇਬਲ ਟਰੱਸਟ ਵਜੋਂ ਸਥਾਪਤ ਕੀਤਾ ਜਿਸਨੇ ਸਿੱਖਿਆ ਅਤੇ ਸਿਹਤ ਪਹਿਲਕਦਮੀਆਂ ਰਾਹੀਂ ਦੁਨੀਆ ਭਰ ਦੇ ਬੱਚਿਆਂ ਅਤੇ ਨੌਜਵਾਨਾਂ ਦੀ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਲੱਖਾਂ ਦਾਨ ਕੀਤੇ।

"ਲੰਡਨ ਚਿੜੀਆਘਰ ਉਹ ਥਾਂ ਹੈ ਜਿੱਥੇ ਉਹ ਹਮੇਸ਼ਾ ਸਭ ਤੋਂ ਖੁਸ਼ ਰਹਿੰਦੇ ਸਨ," ਲਾਰਡ ਪਾਲ ਨੇ ਪਿਛਲੇ ਮਹੀਨੇ ਆਯੋਜਿਤ ਸਾਲਾਨਾ ਸਮਾਰੋਹ ਦੌਰਾਨ ਅੰਬਿਕਾ ਪਾਲ ਨੂੰ ਯਾਦ ਕੀਤਾ।2015 ਵਿੱਚ ਆਪਣੇ ਪੁੱਤਰ ਅੰਗਦ ਪਾਲ ਅਤੇ 2022 ਵਿੱਚ ਆਪਣੀ ਪਤਨੀ ਅਰੁਣਾ ਦੀ ਮੌਤ ਤੋਂ ਬਾਅਦ, ਲਾਰਡ ਪਾਲ ਨੇ ਉਨ੍ਹਾਂ ਦੀ ਯਾਦ ਵਿੱਚ ਬਹੁਤ ਸਾਰੇ ਪਰਉਪਕਾਰੀ ਯਤਨ ਕੀਤੇ।



ਲਾਰਡ ਸਵਰਾਜ ਪਾਲ

ਲਾਰਡ ਪਾਲ ਨੇ ਕਿਹਾ, ਜਦੋਂ ਫਰਵਰੀ 2023 ਵਿੱਚ ਲੰਡਨ ਦੇ ਇਤਿਹਾਸਕ ਇੰਡੀਅਨ ਜਿਮਖਾਨਾ ਕਲੱਬ ਵਿਖੇ ਲੇਡੀ ਅਰੁਣਾ ਸਵਰਾਜ ਪਾਲ ਹਾਲ ਦਾ ਉਦਘਾਟਨ ਕੀਤਾ ਤਾਂ ਆਪਣੀ ਪਤਨੀ ਨੂੰ ਯਾਦ ਕਰਦਿਆਂ ਕਿਹਾ ਕਿ ਸਾਡੇ 65 ਸਾਲਾਂ ਦੇ ਵਿਆਹ ਦੌਰਾਨ ਕਦੇ ਵੀ ਕੋਈ ਝਗੜਾ ਨਹੀਂ ਹੋਇਆ।

ਸਾਲਾਨਾ 'ਸੰਡੇ ਟਾਈਮਜ਼ ਰਿਚ ਲਿਸਟ' ਵਿੱਚ ਇਸ ਸਾਲ ਉਹ 2 ਬਿਲੀਅਨ ਪੌਂਡ ਦੀ ਅੰਦਾਜ਼ਨ ਦੌਲਤ ਦੇ ਨਾਲ 81ਵੇਂ ਸਥਾਨ 'ਤੇ ਸੀ, ਜੋ ਕਿ ਜ਼ਿਆਦਾਤਰ ਸਟੀਲ ਅਤੇ ਇੰਜੀਨੀਅਰਿੰਗ ਬਹੁ-ਰਾਸ਼ਟਰੀ ਕੈਪਾਰੋ ਗਰੁੱਪ ਤੋਂ ਪ੍ਰਾਪਤ ਕੀਤੀ ਗਈ ਸੀ। ਕੈਪਾਰੋ 40 ਤੋਂ ਵੱਧ ਸਾਈਟਾਂ ਤੋਂ ਅੰਤਰਰਾਸ਼ਟਰੀ ਪੱਧਰ 'ਤੇ ਕੰਮ ਕਰਦਾ ਹੈ, ਜਿਸਦੇ ਸੰਚਾਲਨ ਯੂ ਕੇ, ਉੱਤਰੀ ਅਮਰੀਕਾ, ਭਾਰਤ ਅਤੇ ਮੱਧ ਪੂਰਬ ਵਿੱਚ ਸਥਿਤ ਹਨ। ਉਨ੍ਹਾਂ ਦੇ ਬੇਟੇ ਆਕਾਸ਼ ਪਾਲ, ਕੈਪਾਰੋ ਇੰਡੀਆ ਦਾ ਚੇਅਰਮੈਨ ਅਤੇ ਕੈਪਾਰੋ ਗਰੁੱਪ ਦਾ ਡਾਇਰੈਕਟਰ ਹੈ।

ਪਿਛਲੇ ਸਾਲ ਵੁਲਵਰਹੈਂਪਟਨ ਯੂਨੀਵਰਸਿਟੀ ਦੇ ਚਾਂਸਲਰ ਵਜੋਂ, ਲਾਰਡ ਪਾਲ ਨੇ ਆਕਾਸ਼ ਪਾਲ ਨੂੰ ਕਾਰੋਬਾਰੀ ਪ੍ਰਸ਼ਾਸਨ ਵਿੱਚ ਸੇਵਾਵਾਂ ਲਈ ਆਨਰੇਰੀ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ ਸੀ। ਲਾਰਡ ਰੰਮੀ ਰੇਂਜ਼ਰ, ਸਾਬਕਾ ਐਮ ਪੀ ਵਰਿੰਦਰ ਸ਼ਰਮਾ, ਕਾਰੋਬਾਰੀ ਤਜਿੰਦਰ ਸਿੰਘ ਸੇਖੋਂ ਅਤੇ ਕਾਂਗਰਸੀ ਨੇਤਾ ਦਲਜੀਤ ਸਿੰਘ ਸਹੋਤਾ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਲਾਰਡ ਪਾਲ ਸਮਾਜ ਲਈ ਪ੍ਰੇਰਨਾ ਸਰੋਤ ਸਨ ਜਿਹਨਾਂ ਨੇ ਵੱਡੇ ਸਦਮਿਆਂ ਨੂੰ ਸਹਾਰਦਿਆਂ ਲੋਕ ਸੇਵਾ ਵਿੱਚ ਹਿੱਸਾ ਪਾਇਆ ।

## ਯੂ ਕੇ ਵਿੱਚ ਅਪਰਾਧੀਆਂ ਨੂੰ ਯਾਤਰਾ, ਖੇਡਾਂ, ਸੰਗੀਤ ਸਮਾਰੋਹ ਅਤੇ ਪੱਬਾਂ ਵਿੱਚ ਜਾਣ ਤੇ ਲੱਗੇਗੀ ਪਾਬੰਦੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਿਟਿਸ਼ ਸਰਕਾਰ ਦੁਆਰਾ ਨਵੀਆਂ ਯੋਜਨਾਵਾਂ ਦੇ ਤਹਿਤ ਦੋਸ਼ੀ ਅਪਰਾਧੀਆਂ ਨੂੰ ਪੱਬ, ਸੰਗੀਤ ਸਮਾਰੋਹ ਅਤੇ ਫੁੱਟਬਾਲ ਮੈਚਾਂ ਵਰਗੇ ਖੇਡ ਸਮਾਗਮਾਂ ਵਿੱਚ ਜਾਣ ਤੇ ਪਾਬੰਦੀ ਲਗਾਈ ਜਾ ਸਕਦੀ ਹੈ ਕਿਉਂਕਿ ਸਰਕਾਰ ਦੇਸ਼ ਦੀਆਂ ਭਰੀਆਂ ਹੋਈਆਂ ਜੇਲ੍ਹਾਂ ਦੇ ਸੰਕਟ ਨੂੰ ਹੱਲ ਕਰਨ ਦੇ ਤਰੀਕੇ ਲੱਭ ਰਹੀ ਹੈ।

ਨਵੀਆਂ ਸਜ਼ਾ ਸ਼ਕਤੀਆਂ ਦੇ ਤਹਿਤ, ਜੱਜ ਅਪਰਾਧੀਆਂ ਦੀ ਆਜ਼ਾਦੀ ਨੂੰ ਡਰਾਈਵਿੰਗ ਸੀਮਾਵਾਂ, ਯਾਤਰਾ ਪਾਬੰਦੀਆਂ ਅਤੇ ਉਨ੍ਹਾਂ ਨੂੰ ਕੁਝ ਖਾਸ ਖੇਤਰਾਂ ਤੱਕ ਸੀਮਤ ਕਰਨ ਵਰਗੇ ਕਈ ਉਪਾਵਾਂ ਨਾਲ ਸੀਮਤ ਕਰਨ ਦੇ ਯੋਗ ਹੋਣਗੇ। ਸਰਕਾਰ ਕਹਿੰਦੀ ਹੈ ਕਿ ਅਪਰਾਧੀਆਂ ਨੂੰ ਸਹੀ ਰਾਹ ਪਾਉਣ ਲਈ ਇਹ ਨਿਯਮ ਮਦਦ ਕਰਨਗੇ।

ਨਿਆਂ ਸਕੱਤਰ ਸ਼ਬਾਨਾ ਮਹਿਮੂਦ ਨੇ ਕਿਹਾ ਕਿ "ਜਦੋਂ ਅਪਰਾਧੀ ਸਮਾਜ ਦੇ ਨਿਯਮਾਂ ਨੂੰ ਤੋੜਦੇ ਹਨ, ਤਾਂ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਆਪਣੀ ਸਜ਼ਾ ਭੁਗਤ ਰਹੇ ਲੋਕਾਂ ਨੂੰ ਭਾਈਚਾਰੇ ਵਿੱਚ ਵੀ ਉਨ੍ਹਾਂ ਦੀ ਆਜ਼ਾਦੀ ਨੂੰ ਸੀਮਤ ਕਰਨਾ ਚਾਹੀਦਾ ਹੈ,"।

ਵਿਸ਼ਵ ਜੇਲ੍ਹ ਸੰਖੇਪ ਡੇਟਾਬੇਸ ਦੇ ਅਨੁਸਾਰ ਪੱਛਮੀ ਯੂਰਪ ਵਿੱਚ ਕੈਦ ਦੀ ਸਭ ਤੋਂ ਵੱਧ ਦਰ ਵਾਲੇ ਬਰਤਾਨੀਆ ਨੂੰ ਜੇਲ੍ਹਾਂ ਵਿੱਚ ਵੱਧ ਰਹੀ ਭੀੜ ਨਾਲ ਨਜਿੱਠਣ ਲਈ ਕੈਦੀਆਂ ਨੂੰ ਜਲਦੀ ਰਿਹਾਅ ਕਰਨ ਵਰਗੇ ਉਪਾਅ ਲਿਆਉਣ ਲਈ ਮਜਬੂਰ ਕੀਤਾ ਗਿਆ ਹੈ। ਸਰਕਾਰ ਨੇ ਕਿਹਾ ਕਿ ਐਤਵਾਰ ਨੂੰ ਪੇਸ਼ ਕੀਤੇ ਜਾਣ ਵਾਲੇ ਨਵੇਂ ਕਦਮ ਅਪਰਾਧ ਨੂੰ ਘਟਾਉਣ ਲਈ ਵਿਆਪਕ ਸੁਧਾਰਾਂ ਦਾ ਹਿੱਸਾ ਸਨ ਜਦੋਂ ਕਿ ਇਹ ਯਕੀਨੀ ਬਣਾਇਆ ਜਾ ਰਿਹਾ ਸੀ ਕਿ ਸਭ ਤੋਂ ਖਤਰਨਾਕ ਅਪਰਾਧੀਆਂ ਲਈ ਕਾਫ਼ੀ ਜਗ੍ਹਾ ਹੋਣ।

ਇਸ ਤੋਂ ਇਲਾਵਾ, ਆਪਣੀ ਸਜ਼ਾ ਦੇ ਅੰਤ 'ਤੇ ਰਿਹਾਅ ਹੋਣ ਵਾਲੇ ਅਤੇ ਮੁੜ ਵਸੇਬਾ ਸੇਵਾ ਦੁਆਰਾ ਨਿਗਰਾਨੀ ਕੀਤੇ ਜਾਣ ਵਾਲੇ ਸਾਰੇ ਕੈਦੀਆਂ ਨੂੰ ਪਾਬੰਦੀਆਂ ਦੇ ਨਾਲ-ਨਾਲ ਲਾਜ਼ਮੀ ਡਰੱਗ ਟੈਸਟਿੰਗ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਸਰਕਾਰ ਨੇ ਕਿਹਾ ਕਿ ਜੋ ਵੀ ਨਿਯਮ ਤੋੜਦਾ ਹੈ, ਉਸ ਤੇ ਵਾਪਸ ਕਾਨੂੰਨੀ ਕਾਰਵਾਈ ਕਰਕੇ, ਜੇਲ੍ਹ ਵਿੱਚ ਵਾਪਸ ਭੇਜੇ ਜਾਣ ਦੀ ਵਿਵਸਥਾ ਹੈ।

## ਸਾਬਕਾ ਡਿਪਟੀ ਮੇਅਰ ਹਰਲੀਨ ਦੇ ਯਤਨਾਂ ਸਦਕਾ ਹੰਸਲੋ (ਲੰਡਨ) ਵਿਖੇ ਤੀਆਂ ਦਾ ਮੇਲਾ ਲਗਾਇਆ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਹਲਕੇ ਹੰਸਲੋ ਦੀ ਸਾਬਕਾ ਡਿਪਟੀ ਮੇਅਰ ਹਰਲੀਨ ਅਟਵਾਲ ਹੇਅਰ ਦੇ ਯਤਨਾਂ ਸਦਕਾ ਹੰਸਲੋ ਬਾਰੋ ਦੇ ਕਮਿਊਨਿਟੀ ਸੈਂਟਰ ਹੈਸਟਨ ਵਿਖੇ ਤੀਆਂ ਦਾ ਮੇਲਾ ਲਗਾਇਆ ਗਿਆ। ਜਿਸ ਵਿੱਚ ਬਰਤਾਨੀਆ ਦੀ ਰਾਜ ਗ੍ਰਹਿ ਮੰਤਰੀ ਸੀਮਾ ਮਲਹੋਤਰਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਈ। ਜਿੱਥੇ ਬੀਬੀਆਂ ਰੰਗ ਬਰੰਗੇ ਪਹਿਰਾਵੇ ਵਿੱਚ ਸਜ ਧਜ ਕੇ ਪਹੁੰਚੀਆਂ ਉੱਥੇ ਹੀ ਉਨ੍ਹਾਂ ਨੇ ਗਿੱਧੇ ਅਤੇ ਬੋਲੀਆਂ ਨਾਲ ਖੂਬ ਰੌਣਕਾਂ ਲਾਈਆਂ। ਪ੍ਰਸਿੱਧ ਗਾਇਕ ਚੰਨੀ ਸਿੰਘ ਓ ਬੀ ਈ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਚੋਖਾ ਰੰਗ ਬੰਨ੍ਹਿਆ।***

ਕੌਂਸਲਰ ਹਰਲੀਨ ਅਟਵਾਲ ਨੇ ਕਿਹਾ ਕਿ ਤੀਆਂ ਪੰਜਾਬ ਦਾ ਉਹ ਤਿਉਹਾਰ ਹੈ ਜਿਸ ਦਾ ਨਾਮ ਸੁਣ ਹਰ ਪੰਜਾਬਣ ਨੂੰ ਆਪਣਾ ਪੇਕਾ ਘਰ ਯਾਦ ਆ ਜਾਂਦਾ ਹੈ। ਰਾਜ ਗ੍ਰਹਿ ਮੰਤਰੀ ਸੀਮਾ ਮਲਹੋਤਰਾ ਨੇ ਕਿਹਾ ਕਿ ਯੂ ਕੇ ਦੀ ਧਰਤੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨੂੰ ਸੰਭਾਲਣ ਲਈ ਹਰਲੀਨ ਅਤੇ ਉਨ੍ਹਾਂ ਦੀਆਂ ਸਾਥਣਾਂ ਵੱਲੋਂ ਹਰ ਸਾਲ ਯਤਨ ਕੀਤੇ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਇਹਨਾਂ ਸਮਾਗਮਾਂ ਵਿੱਚ ਵੱਧ ਤੋਂ ਵੱਧ ਯੂ ਕੇ ਦੀਆਂ ਜੰਮਪਲ ਬੱਚੀਆਂ ਨੂੰ ਸ਼ਾਮਲ ਹੋਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਮੌਕੇ ਜਸਬੀਰ ਕੌਰ ਅਟਵਾਲ, ਮਨਜੀਤ ਕੌਰ ਪੱਡਾ, ਮਿਸ ਲਵਲੀ, ਸ਼ਿਵਦੀਪ ਕੌਰ ਢੇਸੀ, ਰੁਪਿੰਦਰ ਕੌਰ ਆਦਿ ਹਾਜ਼ਰ ਸਨ।

## ਲੰਡਨ 'ਚ ਭਾਰਤੀ ਪਰਵਾਰ ਦੇ ਰੈਸਟੋਰੈਂਟ 'ਤੇ ਹਮਲਾ

ਲੰਡਨ : ਯੂ.ਕੇ. ਵਿਚ ਭਾਰਤੀ ਪਰਵਾਰ ਦੇ ਰੈਸਟੋਰੈਂਟ ਨੂੰ ਪੈਟਰੋਲ ਬੰਬ ਸੁੱਟ ਕੇ ਫੂਕਣ ਦਾ ਹੌਲਨਾਕ ਮਾਮਲਾ ਸਾਹਮਣੇ ਆਇਆ ਹੈ ਅਤੇ ਇਸ ਵਾਰਦਾਤ ਦੌਰਾਨ 5 ਜਣੇ ਗੰਭੀਰ ਜ਼ਖ਼ਮੀ ਹੋ ਗਏ। ਈਸਟ ਲੰਡਨ ਦੇ ਇਲਫਰਡ ਇਲਾਕੇ ਵਿਚ ਵਾਪਰੀ ਵਾਰਦਾਤ ਦੀ ਪੜਤਾਲ ਕਰ ਰਹੀ ਪੁਲਿਸ ਵੱਲੋਂ ਦੋ ਸ਼ੱਕੀਆਂ ਨੂੰ ਕਾਬੂ ਕੀਤਾ ਗਿਆ ਹੈ ਜਿਨ੍ਹਾਂ ਦੀ ਉਮਰ 54 ਸਾਲ ਅਤੇ 15 ਸਾਲ ਦੱਸੀ ਜਾ ਰਹੀ ਹੈ। ਵਾਰਦਾਤ ਦੌਰਾਨ ਜ਼ਖ਼ਮੀ ਹੋਣ ਵਾਲਿਆਂ ਵਿਚੋਂ ਤਿੰਨ ਔਰਤਾਂ ਹਨ ਜਿਨ੍ਹਾਂ ਵਿਚੋਂ ਦੋ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। 3 ਔਰਤਾਂ ਸਣੇ 5 ਜਣੇ ਹੋਏ ਜ਼ਖਮੀ ਇਕ ਸਥਾਨਕ ਕਾਰੋਬਾਰੀ ਸਈਦ ਬੁਖਾਰੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਲੋਕ ਇੱਧਰ-ਉਧਰ ਦੌੜ ਰਹੇ ਸਨ। ਰੈਸਟੋਰੈਂਟ ਵਿਚ ਮੌਜੂਦ ਹਰ ਸ਼ਖਸ ਆਪਣੀ ਜਾਨ ਬਚਾਉਣ ਲਈ ਸੰਘਰਸ਼ ਕਰਦਾ ਨਜ਼ਰ ਆਇਆ। ਵਾਰਦਾਤ ਮਗਰੋਂ ਰੈਸਟੋਰੈਂਟ ਦਾ ਮੈਨੇਜਰ ਬੇਹੱਦ ਡਰ ਗਿਆ ਅਤੇ ਉਸ ਦੀਆਂ ਅੱਖਾਂ ਵਿਚੋਂ ਲਗਾਤਾਰ ਹੰਝੂ ਵਗ ਰਹੇ ਸਨ। ਯੂ.ਕੇ. ਵਿਚ ਭਾਰਤੀ ਪਰਵਾਰ ਉਤੇ ਐਨਾ ਵੱਡਾ ਨਸਲੀ ਹਮਲਾ ਭਾਈਚਾਰੇ ਦੀਆਂ ਚਿੰਤਾਵਾਂ ਦਾ ਕਾਰਨ ਬਣ ਗਿਆ ਹੈ। ਵਾਰਦਾਤ ਦੇ ਇਕ ਹੋਰ ਚਸ਼ਮਦੀਦ ਨੇ ਦੱਸਿਆ ਕਿ ਅੱਗ ਦੀਆਂ ਲਾਟਾਂ ਉਠ ਰਹੀਆਂ ਸਨ ਅਤੇ ਇਕ ਸ਼ਖਸ ਗੰਭੀਰ ਜ਼ਖ਼ਮੀ ਹਾਲਤ ਵਿਚ ਧਰਤੀ ਤੇ ਪਿਆ ਨਜ਼ਰ ਆਇਆ। ਐਮਰਜੰਸੀ ਕਾਮਿਆਂ ਵੱਲੋਂ ਕੁਝ ਲੋਕਾਂ ਨੂੰ ਆਕਸੀਜਨ ਰਾਹੀਂ ਸਾਹ ਦਿਵਾਉਣ ਦੇ ਯਤਨ ਕੀਤੇ ਜਾ ਰਹੇ ਸਨ। ਉਧਰ ਪੁਲਿਸ ਇੰਸਪੈਕਟਰ ਮਾਰਕ ਰੌਜਰਜ਼ ਨੇ ਦੱਸਿਆ ਕਿ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕੀਤੀ ਜਾ ਰਹੀ ਹੈ। ਬਿਨਾਂ ਸ਼ੱਕ ਵਾਰਦਾਤ ਮਗਰੋਂ ਇਲਾਕੇ ਦੇ ਲੋਕ ਡਰੇ ਹੋਏ ਹਨ ਅਤੇ ਉਨ੍ਹਾਂ ਨੂੰ ਤਸੱਲੀ ਦੇਣ ਦੇ ਯਤਨ ਕੀਤੇ ਜਾ ਰਹੇ ਹਨ।



# ਕਾਂਗਰਸ ਹਾਈਕਮਾਂਡ ਦੀ ਸਖ਼ਤੀ: ਅਨੁਸ਼ਾਸਨਹੀਣਤਾ ਵਿਰੁੱਧ ਕਾਰਵਾਈ ਦੀ ਚੇਤਾਵਨੀ

**✪ ਰਾਜਾ ਵੜਿੰਗ ਨਾਲ ਸੀਨੀਅਰ ਆਗੂਆਂ ਦੀ ਨਾਰਾਜ਼ਗੀ, ਹਾਈਕਮਾਂਡ ਕੋਲ ਸ਼ਿਕਾਇਤ ਲਗਾਈ ✪ ਪੰਜਾਬ ਕਾਂਗਰਸ ਵਿੱਚ ਧੜੇਬੰਦੀ: ਵੜਿੰਗ ਦੀ ਭਾਸ਼ਾ ਨਾਲ ਪੰਜਾਬੀਆਂ ਦਾ ਅਸੰਤੁਸ਼ਟੀ ✪ ਸਿਆਸੀ ਮਾਹਿਰਾਂ ਦੀ ਰਾਏ: 2027 ਲਈ ਕਾਂਗਰਸ ਵਿਚ ਏਕਤਾ ਜ਼ਰੂਰੀ**

ਕਵਰ ਸਟੋਰੀ

ਪੰਜਾਬ ਕਾਂਗਰਸ ਵਿੱਚ ਧੜੇਬੰਦੀ ਅਤੇ ਅਨੁਸ਼ਾਸਨਹੀਣਤਾ ਨੂੰ ਖ਼ਤਮ ਕਰਨ ਲਈ ਹਾਈਕਮਾਂਡ ਵੱਲੋਂ ਕਈ ਯਤਨ ਕੀਤੇ ਜਾ ਰਹੇ ਨੇ। ਹਾਲ ਹੀ ਵਿੱਚ ਦਿੱਲੀ ਵਿੱਚ ਹੋਈ ਮੀਟਿੰਗ ਵਿੱਚ ਪਾਰਟੀ ਦੇ ਕੌਮੀ ਜਨਰਲ ਸਕੱਤਰ ਵੇਣੂ ਗੋਪਾਲ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੇ ਪੰਜਾਬ ਤੋਂ ਸੱਦੇ ਗਏ ਕਰੀਬ ਦੋ ਦਰਜਨ ਆਗੂਆਂ ਨੂੰ ਸਪੱਸ਼ਟ ਕਿਹਾ ਕਿ ਅਨੁਸ਼ਾਸਨਹੀਣਤਾ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਪਾਰਟੀ ਨੂੰ ਕਮਜ਼ੋਰ ਕਰਨ ਵਾਲੀ ਕਿਸੇ ਵੀ ਕਾਰਵਾਈ ਵਿਰੁੱਧ ਸਖ਼ਤ ਕਦਮ ਚੁੱਕੇ ਜਾਣਗੇ। ਇਸ ਮੀਟਿੰਗ ਵਿੱਚ ਆਗੂਆਂ ਨੂੰ ਇਕੱਠੇ ਹੋ ਕੇ ਚੱਲਣ ਅਤੇ 2027 ਵਿਧਾਨ ਸਭਾ ਚੋਣਾਂ ਲਈ ਹੁਣ ਤੋਂ ਹੀ ਤਿਆਰੀਆਂ ਸ਼ੁਰੂ ਕਰਨ ਲਈ ਕਿਹਾ ਗਿਆ। ਪਾਰਟੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਕੋਈ ਵੀ ਵਿਅਕਤੀ ਪਾਰਟੀ ਤੋਂ ਵੱਡਾ ਨਹੀਂ ਹੈ ਅਤੇ ਅਨੁਸ਼ਾਸਨਹੀਣਤਾ ਵਿਰੁੱਧ ਕਾਰਵਾਈ ਹੋਵੇਗੀ।

ਹਾਈਕਮਾਂਡ ਨੇ ਪੰਜਾਬ ਕਾਂਗਰਸ ਨੂੰ ਬੂਥ ਪੱਧਰ ਤੱਕ ਮਜ਼ਬੂਤ ਕਰਨ ਲਈ ਨਿਰਦੇਸ਼ ਦਿੱਤੇ ਨੇ ਅਤੇ ਘਰ-ਘਰ ਜਾ ਕੇ ਕੈਂਪੇਨ ਸ਼ੁਰੂ ਕਰਨ ਦੀ ਗੱਲ ਕੀਤੀ ਗਈ ਹੈ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਟਵੀਟ ਕਰ ਕੇ ਕਿਹਾ ਕਿ ਮੀਟਿੰਗ ਵਿੱਚ ਮਿਸ਼ਨ 2027 ਦੀ ਰਣਨੀਤੀ ਤੇ ਵਿਚਾਰ ਕੀਤਾ ਗਿਆ ਅਤੇ ਪਾਰਟੀ ਨੂੰ ਇਕਜੁੱਟ ਕਰਨ ਲਈ ਕੰਮ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਪਾਰਟੀ ਨੇ ਨਵੇਂ ਚਿਹਰੇ ਲਿਆਉਣ ਦੀ ਗੱਲ ਵੀ ਕੀਤੀ ਹੈ, ਜਿਵੇਂ ਕਿ 2027 ਚੋਣਾਂ ਲਈ 60-70 ਨਵੇਂ ਉਮੀਦਵਾਰਾਂ ਨੂੰ ਮੌਕਾ ਦੇਣ ਦੀ ਯੋਜਨਾ ਹੈ।



ਹਾਈਕਮਾਂਡ ਨੇ ਪਹਿਲਾਂ ਵੀ ਅਜਿਹੇ ਯਤਨ ਕੀਤੇ ਨੇ, ਜਿਵੇਂ ਕਿ ਭੁਪੇਸ਼ ਬਘੇਲ ਨੇ ਕਿਹਾ ਕਿ ਪਾਰਟੀ ਵਿੱਚ ਧੜੇਬੰਦੀ ਲਈ ਕੋਈ ਥਾਂ ਨਹੀਂ ਅਤੇ ਸੰਗਠਨ ਨੂੰ ਮਜ਼ਬੂਤ ਕਰਨ ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਇਸ ਨਾਲ ਪੰਜਾਬ ਵਿੱਚ ਪਾਰਟੀ ਨੂੰ ਇਕੱਠਾ ਕਰਨ ਅਤੇ ਆਮ ਆਦਮੀ ਪਾਰਟੀ ਸਰਕਾਰ ਵਿਰੁੱਧ ਮਜ਼ਬੂਤ ਵਿਰੋਧੀ ਮੁਹਿੰਮ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਾਈਕਮਾਂਡ ਦਾ ਮੰਨਣਾ ਹੈ ਕਿ ਪੰਜਾਬ ਵਿੱਚ ਮੌਜੂਦਾ ਸਰਕਾਰ ਨੇ ਲੋਕਾਂ ਦਾ ਭਰੋਸਾ ਗੁਆ ਲਿਆ ਹੈ ਅਤੇ ਲੋਕ ਕਾਂਗਰਸ ਵੱਲ ਵੇਖ ਰਹੇ ਨੇ, ਪਰ ਧੜੇਬੰਦੀ ਨੂੰ ਖ਼ਤਮ ਕਰਨਾ ਜ਼ਰੂਰੀ ਹੈ। ਹਾਈਕਮਾਂਡ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਧੜੇਬੰਦੀ ਕਾਰਨ ਪਾਰਟੀ ਨੂੰ ਨੁਕਸਾਨ ਹੋਇਆ ਅਤੇ ਪੰਜਾਬ ਵਿੱਚ ਵੀ ਅਜਿਹਾ ਨਹੀਂ ਹੋਣਾ ਚਾਹੀਦਾ।

ਇਸ ਮੀਟਿੰਗ ਵਿੱਚ ਕਈ ਆਗੂਆਂ ਪ੍ਰਤਾਪ ਸਿੰਘ ਬਾਜਵਾ, ਭਾਰਤ ਭੂਸ਼ਨ ਆਸ਼ੂ, ਚਰਨਜੀਤ ਸਿੰਘ ਚੰਨੀ, ਸੀਨੀਅਰ ਆਗੂ ਬੀਬੀ ਰਜਿੰਦਰ ਕੌਰ ਭੱਠਲ, ਸੁਖਪਾਲ ਸਿੰਘ ਖਹਿਰਾ ਅਤੇ ਪਰਗਟ ਸਿੰਘ ਅਤੇ ਹੋਰਾਂ ਨੇ ਇਤਰਾਜ਼ ਉਠਾਏ ਕਿ ਪਾਰਟੀ ਪ੍ਰੋਗਰਾਮਾਂ ਬਾਰੇ ਉਨ੍ਹਾਂ ਨੂੰ ਸੂਚਿਤ ਨਹੀਂ ਕੀਤਾ ਜਾਂਦਾ।

ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਹਾਰ ਤੋਂ ਬਾਅਦ ਆਸ਼ੂ ਨੇ ਅੰਦਰੂਨੀ ਧੜੇਬੰਦੀ ਨੂੰ ਜ਼ਿੰਮੇਵਾਰ ਠਹਿਰਾਇਆ ਸੀ ਅਤੇ ਵੜਿੰਗ ਨੂੰ ਨਿਸ਼ਾਨੇ ਤੇ ਰੱਖਿਆ ਸੀ।

ਸੀਨੀਅਰ ਆਗੂਆਂ ਵਲੋਂ ਵੜਿੰਗ ਉਪਰ ਧੜੇਬੰਦੀ ਵਧਾਉਣ ਦੇ ਦੋਸ਼ ਲੱਗਾਏ ਜਾ ਰਹੇ ਹਨ ਅਤੇ ਉਨ੍ਹਾਂ ਦੀ ਪਤਨੀ ਅਮ੍ਰਿਤਾ ਵੜਿੰਗ ਨੂੰ ਚੋਣ ਵਿੱਚ ਉਤਾਰਨ ਨੂੰ ਵੀ ਨਿੱਜੀ ਹਿੱਤ ਵਜੋਂ ਵੇਖਿਆ ਜਾਂਦਾ ਹੈ।

ਵੜਿੰਗ ਨੇ ਧੜੇਬੰਦੀ ਨੂੰ ਨਕਾਰਿਆ ਹੈ ਪਰ ਸੀਨੀਅਰ ਆਗੂ ਉਨ੍ਹਾਂ ਨੂੰ ਬਦਲਣ ਦੀ ਮੰਗ ਕਰ ਰਹੇ ਨੇ। ਵੜਿੰਗ ਨੂੰ ਰਾਹੁਲ ਗਾਂਧੀ ਨਾਲ ਨੇੜਤਾ ਕਾਰਨ ਹਾਈਕਮਾਂਡ ਦਾ ਸਮਰਥਨ ਮਿਲ ਰਿਹਾ ਹੈ ਪਰ ਸੀਨੀਅਰ ਆਗੂ ਉਨ੍ਹਾਂ ਨੂੰ ਅਨੁਭਵਹੀਣ ਮੰਨਦੇ ਨੇ ਅਤੇ ਕਹਿੰਦੇ ਨੇ ਕਿ ਉਹ ਪੰਜਾਬੀ ਤੇ ਸਿੱਖ ਮਾਮਲਿਆਂ ਨੂੰ ਸਮਝ ਨਹੀਂ ਰਹੇ। ਉਨ੍ਹਾਂ ਨੇ ਕਈ ਵਿਵਾਦੀ ਬਿਆਨ ਦਿੱਤੇ ਨੇ, ਜਿਵੇਂ ਕਿ ਅਕਾਲ ਤਖ਼ਤ ਬਾਰੇ ਟਿੱਪਣੀ ਜੋ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਸੀ। ਬੇਅੰਤ ਸਿੰਘ ਮੁਖ ਮੰਤਰੀ ਦੀ ਤਾਰੀਫ ਆਮ ਸਿੱਖਾਂ ਨੂੰ ਹਜਮ ਨਹੀਂ ਹੋ ਰਹੀ। ਇਸ ਨਾਲ ਪਾਰਟੀ ਵਿੱਚ ਅੰਦਰੂਨੀ ਫੁਟ ਵਧ ਰਹੀ ਹੈ ਅਤੇ ਚੋਣਾਂ ਵਿੱਚ ਨੁਕਸਾਨ ਹੋ ਰਿਹਾ ਹੈ।

ਵੜਿੰਗ ਨੇ ਹਾਈਕਮਾਂਡ ਨਾਲ ਮੀਟਿੰਗ ਵਿਚ ਭਰੋਸਾ ਦਿਵਾਇਆ ਸੀ ਕਿ ਭਵਿੱਖ ਵਿੱਚ ਸਭ ਨੂੰ ਸੂਚਨਾ ਮਿਲੇਗੀ। ਹਾਈਕਮਾਂਡ ਨੇ ਆਗੂਆਂ ਨੂੰ ਇਕੱਠੇ ਹੋ ਕੇ ਕੰਮ ਕਰਨ ਅਤੇ ਧੜੇਬੰਦੀ ਤੋਂ ਉੱਪਰ ਉੱਠਣ ਲਈ ਕਿਹਾ ਹੈ। ਹਾਈਕਮਾਂਡ ਨੇ ਪੰਜਾਬ ਵਿੱਚ ਆਪ ਸਰਕਾਰ ਨੂੰ ਨਿਸ਼ਾਨੇ ਤੇ ਰੱਖ ਕੇ ਯੂਨਿਟ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਵੇਂ ਕਿ ਡਰੱਗ ਮਾਫੀਆ ਅਤੇ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਚਲਾਉਣ ਲਈ ਕਿਹਾ ਗਿਆ ਹੈ।

ਹਾਈਕਮਾਂਡ ਵੜਿੰਗ ਨੂੰ ਨਹੀਂ ਬਦਲ ਰਹੀ, ਕਿਉਂਕਿ ਉਹ ਰਾਹੁਲ ਗਾਂਧੀ ਨਾਲ ਨੇੜੇ ਨੇ ਅਤੇ ਨੌਜਵਾਨ ਚਿਹਰੇ ਵਜੋਂ ਵੇਖੇ ਜਾਂਦੇ ਨੇ। ਭੁਪੇਸ਼ ਬਘੇਲ ਨੇ ਸਪੱਸ਼ਟ ਕੀਤਾ ਕਿ ਵੜਿੰਗ ਨੂੰ ਬਦਲਣ ਦੀ ਕੋਈ ਗੱਲ ਨਹੀਂ ਅਤੇ ਪਾਰਟੀ ਏਕਤਾ ਨਾਲ ਚੱਲ ਰਹੀ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਧੜੇਬੰਦੀ ਜਾਰੀ ਰਹੀ ਤਾਂ ਬਦਲਾਅ ਹੋ ਸਕਦਾ ਹੈ। ਸੀਨੀਅਰ ਆਗੂ ਸੋਚਦੇ ਨੇ ਕਿ ਪਾਰਟੀ ਨੂੰ ਇਕੱਠਾ ਕਰਨ ਲਈ ਨਵਾਂ ਲੀਡਰ ਚਾਹੀਦਾ ਹੈ।

## ਹਾਈ ਕੋਰਟ ਦਾ ਫੈਸਲਾ ਪ੍ਰਧਾਨ ਮੰਤਰੀ ਮੋਦੀ ਦੀ ਡਿਗਰੀ ਜਨਤਕ ਨਹੀਂ ਹੋਵੇਗੀ



ਦਿੱਲੀ-ਦਿੱਲੀ ਹਾਈ ਕੋਰਟ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਬੈਚੁਲਰ ਡਿਗਰੀ ਜਨਤਕ ਕਰਨ ਦੇ ਹੁਕਮਾਂ ਨੂੰ ਬੀਤੇ ਦਿਨੀਂ ਰੱਦ ਕਰ ਦਿੱਤਾ ਸੀ। ਕੇਂਦਰੀ ਸੂਚਨਾ ਕਮਿਸ਼ਨ (ਸੀਆਈਸੀ) ਨੇ ਇਸ ਸਬੰਧੀ ਰਿਕਾਰਡ ਜਨਤਕ ਕਰਨ ਦੇ ਹੁਕਮ ਦਿੱਤੇ ਸਨ ਜਿਸ ਨੂੰ ਅਦਾਲਤ ਨੇ ਰੱਦ ਕਰ ਦਿੱਤਾ। ਜਾਣਕਾਰੀ ਅਨੁਸਾਰ ਨੀਰਜ ਨਾਂ ਦੇ ਵਿਅਕਤੀ ਨੇ ਆਰਟੀਆਈ ਰਾਹੀਂ ਪ੍ਰਧਾਨ ਮੰਤਰੀ ਦੀ ਡਿਗਰੀ ਸਬੰਧੀ ਰਿਕਾਰਡ ਮੰਗਿਆ ਸੀ। ਇਸ ਤੋਂ ਬਾਅਦ ਸੀਆਈਸੀ ਨੇ 21 ਦਸੰਬਰ, 2016 ਨੂੰ ਹੁਕਮ ਜਾਰੀ ਕਰ ਕੇ 1978 ਵਿੱਚ ਬੀਏ ਦੀ ਪ੍ਰੀਖਿਆ ਪਾਸ ਕਰਨ ਵਾਲੇ ਸਾਰੇ ਵਿਦਿਆਰਥੀਆਂ ਦੇ ਰਿਕਾਰਡ ਦੀ ਜਾਂਚ ਕਰਨ ਦੀ ਇਜਾਜ਼ਤ ਦਿੱਤੀ। ਇਸ ਸਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਇਹ ਪ੍ਰੀਖਿਆ ਪਾਸ ਕੀਤੀ ਸੀ।ਇਸ ਤੋਂ ਬਾਅਦ ਹਾਈ ਕੋਰਟ ਨੇ 23 ਜਨਵਰੀ, 2017 ਨੂੰ ਸੀਆਈਸੀ ਦੇ ਹੁਕਮਾਂ 'ਤੇ ਰੋਕ ਲਗਾ ਦਿੱਤੀ। ਦਿੱਲੀ ਯੂਨੀਵਰਸਿਟੀ ਵਲੋਂ ਪੇਸ਼ ਹੋਏ ਸੌਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਦਲੀਲ ਦਿੱਤੀ ਕਿ ਸੀਆਈਸੀ ਦੇ ਹੁਕਮ ਨੂੰ ਇਕ ਪਾਸੇ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਨੂੰ ਅਦਾਲਤ ਨੂੰ ਆਪਣਾ ਰਿਕਾਰਡ ਦਿਖਾਉਣ 'ਤੇ ਕੋਈ ਇਤਰਾਜ਼ ਨਹੀਂ ਹੈ। ਦਿੱਲੀ ਯੂਨੀਵਰਸਿਟੀ ਨੇ ਕਿਹਾ ਸੀ ਕਿ ਆਰਟੀਆਈ ਤਹਿਤ ਜਨਤਕ ਹਿੱਤ ਦੀ ਅਣਹੋਂਦ ਵਿੱਚ ਕੋਈ ਵੀ ਨਿੱਜੀ ਜਾਣਕਾਰੀ ਲੈਣ ਦਾ ਹੱਕਦਾਰ ਨਹੀਂ ਹੈ।

## ਬਾਬਾ ਧੁੰਮਾਂ ਅਕਾਲੀ ਲੀਡਰਸ਼ਿਪ ਤੋਂ ਨਰਾਜ

**✪ ਕਿਹਾ ਏਕਤਾ ਬਿਨਾਂ ਗੱਲ ਨਹੀਂ ਬਣੇਗੀ ✪ ਕਿਹਾ ਕਿ ਅਕਾਲੀ ਦਲ ਨੂੰ ਜਿਨ੍ਹਾਂ ਲੀਹਾਂ 'ਤੇ ਖੜਾ ਕੀਤਾ ਸੀ ਕੁਝ ਆਗੂ ਉਸ ਸਿਧਾਂਤ ਤੋਂ ਪਿੱਛੇ ਹਟੇ**



ਅੰਮ੍ਰਿਤਸਰ-ਦਮਦਮੀ ਟਕਸਾਲ ਦੇ ਮੁੱਖੀ ਗਿਆਨੀ ਹਰਨਾਮ ਸਿੰਘ ਨੇ ਕਿਹਾ ਕਿ ਸਮੁੱਚੇ ਸਿੱਖ ਪੰਥ ਵਿਚ ਏਕਤਾ ਹੋਣੀ ਚਾਹੀਦੀ ਹੈ। ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਗਿਆਨੀ ਹਰਨਾਮ ਸਿੰਘ ਨੇ ਜਿੱਥੇ ਸਮੁੱਚੇ ਜਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ, ਉੱਥੇ ਉਨ੍ਹਾਂ ਕਿਹਾ ਕਿ ਸਿੱਖੀ 'ਤੇ ਵੱਡੇ ਹਮਲੇ ਹੋ ਰਹੇ ਹਨ ਜਿਸ ਲਈ ਸਮੁੱਚੇ ਸਿੱਖ ਪੰਥ ਨੂੰ ਇਕੱਠਾ ਹੋਣਾ ਚਾਹੀਦਾ ਹੈ। ਗਿਆਨੀ ਹਰਪ੍ਰੀਤ ਸਿੰਘ ਵੱਲੋਂ ਨਵੇਂ ਅਕਾਲੀ ਦਲ ਦੇ ਪ੍ਰਧਾਨ ਬਨਣ 'ਤੇ ਉਨ੍ਹਾਂ ਕਿਹਾ ਕਿ ਜਿਨ੍ਹਾਂ ਲੀਹਾਂ 'ਤੇ ਸ਼੍ਰੋਮਣੀ ਅਕਾਲੀ ਦਲ ਨੂੰ ਖੜਾ ਕੀਤਾ ਸੀ, ਕਿਤੇ ਨਾ ਕਿਤੇ ਅਕਾਲੀ ਦਲ ਦੇ ਕੁਝ ਆਗੂ ਉਸ ਸਿਧਾਂਤ ਤੋਂ ਪਿੱਛੇ ਹਟੇ ਹਨ, ਜਿਸ ਨਾਲ ਸਾਡਾ ਵੱਡਾ ਨੁਕਸਾਨ ਹੋ ਰਿਹਾ ਹੈ। ਇਨ੍ਹਾਂ ਨੂੰ ਗੁਰਮਤਿ ਦੇ ਦਾਇਰੇ ਵਿਚ ਰਹਿ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਰੰਪਰਾ, ਮਾਨ ਮਰਿਆਦਾ ਅਨੁਸਾਰ ਸਿੱਖੀ ਸਿਧਾਂਤਾਂ ਅਨੁਸਾਰ ਕੌਮ ਦੀ ਚੜ੍ਹਦੀ ਕਲਾ ਲਈ ਕਾਰਜ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਆਪਸੀ ਮਤਭੇਦ ਖ਼ਤਮ ਕਰਨੇ ਚਾਹੀਦੇ ਹਨ, ਤਾਂ ਜੋ ਸ਼੍ਰੋਮਣੀ ਅਕਾਲੀ ਦਲ ਸੰਸਥਾ ਨੂੰ ਢਾਹ ਨਾ ਲੱਗੇ। ਉਨ੍ਹਾਂ ਅਮਰੀਕਾ ਵਿਚ ਹੋਏ ਐਕਸੀਡੈਂਟ ਤੋਂ ਬਾਅਦ ਟਰੱਕ ਡਰਾਇਵਰ ਨੂੰ ਹੋਈ ਬਹੁਤ ਵੱਡੀ ਸਜ਼ਾ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੱਸਿਆ।

# ਬਰਤਾਨੀਆ ਸਰਕਾਰ ਦਾ ਵੱਡਾ ਐਲਾਨ: ਸ਼ਰਨ ਅਪੀਲਾਂ ਲਈ ਨਵੀਂ ਸੁਤੰਤਰ ਸੰਸਥਾ ਬਣੇਗੀ

## ✪ ਬੈਕਲਾਗ ਘਟਾਉਣ ਦੀ ਕੋਸ਼ਿਸ਼: ਸ਼ਰਨ ਪ੍ਰਣਾਲੀ ਨੂੰ ਤੇਜ਼ ਅਤੇ ਨਿਰਪੱਖ ਕਰਨ ਦਾ ਟੀਚਾ
## ✪ ਪੰਜਾਬੀਆਂ ’ਤੇ ਅਸਰ: ਤੇਜ਼ ਫੈਸਲਿਆਂ ਨਾਲ ਵਾਪਸੀ ਦੀ ਸੰਭਾਵਨਾ ਵਧੇਗੀ

ਲੰਡਨ-ਬਰਤਾਨੀਆ ਦੀ ਲੇਬਰ ਪਾਰਟੀ ਵਾਲੀ ਸਰਕਾਰ ਨੇ ਐਲਾਨ ਕੀਤਾ ਹੈ ਕਿ ਸ਼ਰਨ ਅਪੀਲਾਂ ਨਾਲ ਜੁੜੇ ਮਾਮਲਿਆਂ ਨੂੰ ਛੇਤੀ ਨਿਪਟਾਉਣ ਲਈ ਇੱਕ ਨਵੀਂ ਸੁਤੰਤਰ ਸੰਸਥਾ ਬਣਾਈ ਜਾਵੇਗੀ। ਇਹ ਫੈਸਲਾ ਉਸ ਵੇਲੇ ਆਇਆ ਜਦੋਂ ਦੇਸ਼ ਵਿੱਚ ਸ਼ਰਨ ਪ੍ਰਣਾਲੀ ਵਿੱਚ ਵੱਡਾ ਬੈਕਲਾਗ ਵਧ ਰਿਹਾ ਹੈ ਅਤੇ ਹਜ਼ਾਰਾਂ ਲੋਕ ਸਾਲਾਂ ਤੱਕ ਆਪਣੇ ਕੇਸਾਂ ਦੇ ਫੈਸਲੇ ਦੀ ਉਡੀਕ ਵਿੱਚ ਫਸੇ ਹੋਏ ਨੇ। ਗ੍ਰਹਿ ਮੰਤਰੀ ਯਵੇਟ ਕੂਪਰ ਨੇ ਇਸ ਨੂੰ ਇੱਕ ਵੱਡੀ ਪਹਿਲਕਦਮੀ ਵਜੋਂ ਪੇਸ਼ ਕੀਤਾ ਹੈ, ਜਿਸ ਨਾਲ ਪ੍ਰਣਾਲੀ ਨੂੰ ਤੇਜ਼, ਨਿਰਪੱਖ ਅਤੇ ਸੁਤੰਤਰ ਬਣਾਇਆ ਜਾ ਸਕੇਗਾ। ਬਰਤਾਨੀਆ ਵਿੱਚ ਸ਼ਰਨ ਮੰਗਣ ਵਾਲੇ ਲੋਕਾਂ ਦੀ ਗਿਣਤੀ ਵਧ ਰਹੀ ਹੈ ਅਤੇ ਅਪੀਲ ਪ੍ਰਕਿਰਿਆ ਵਿੱਚ ਲੰਮਾ ਸਮਾਂ ਲੱਗ ਰਿਹਾ ਹੈ।

ਔਸਤਨ ਇੱਕ ਅਪੀਲ ਨੂੰ ਫੈਸਲਾ ਆਉਣ ਵਿੱਚ ਇੱਕ ਸਾਲ ਤੋਂ ਵੱਧ ਲੱਗ ਜਾਂਦਾ ਹੈ, ਜਿਸ ਕਾਰਨ ਹਜ਼ਾਰਾਂ ਲੋਕ ਹੋਟਲਾਂ ਵਿੱਚ ਰਹਿ ਰਹੇ ਨੇ ਅਤੇ ਸਰਕਾਰ ਨੂੰ ਵੱਡਾ ਖਰਚਾ ਪੈ ਰਿਹਾ ਹੈ। ਪਿਛਲੀ ਕੰਜ਼ਰਵੇਟਿਵ ਸਰਕਾਰ ਨੂੰ ਇਸ ਬੈਕਲਾਗ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਯਵੇਟ ਕੂਪਰ ਨੇ ਕਿਹਾ ਕਿ ਉਨ੍ਹਾਂ ਨੂੰ ਇੱਕ ਟੁੱਟੀ ਹੋਈ ਪ੍ਰਣਾਲੀ ਵਿਰਾਸਤ ਵਿੱਚ ਮਿਲੀ ਸੀ। ਚੋਣਾਂ ਤੋਂ ਬਾਅਦ ਲੇਬਰ ਸਰਕਾਰ ਨੇ ਪਹਿਲਾਂ ਹੀ ਸ਼ੁਰੂਆਤੀ ਫੈਸਲਿਆਂ ਦੇ ਬੈਕਲਾਗ ਨੂੰ 24 ਫੀਸਦ ਘਟਾ ਦਿੱਤਾ ਹੈ ਅਤੇ ਅਸਫਲ ਅਰਜ਼ੀਆਂ ਵਾਲਿਆਂ ਦੀ ਵਾਪਸੀ ਵਿੱਚ 30 ਫੀਸਦ ਵਾਧਾ ਕੀਤਾ ਹੈ। ਇਸ ਨਵੀਂ ਸੰਸਥਾ ਨੂੰ ਬਣਾਉਣ ਨਾਲ ਅਪੀਲਾਂ ਨੂੰ ਤੇਜ਼ੀ ਨਾਲ ਨਿਪਟਾਇਆ ਜਾਵੇਗਾ, ਜਿਸ ਨਾਲ ਉਹ ਲੋਕ ਜਿਨ੍ਹਾਂ ਨੂੰ ਸ਼ਰਨ ਨਹੀਂ ਮਿਲਣੀ, ਉਨ੍ਹਾਂ ਨੂੰ ਛੇਤੀ ਵਾਪਸ ਭੇਜਿਆ ਜਾ ਸਕੇਗਾ ਅਤੇ ਹੋਟਲਾਂ ਨੂੰ ਖਾਲੀ ਕੀਤਾ ਜਾ ਸਕੇਗਾ। ਇਹ ਉਹ ਮੁੱਦਾ ਹੈ ਜਿਸ ਕਾਰਨ ਦੇਸ਼ ਦੇ ਕੁਝ ਇਲਾਕਿਆਂ ਵਿੱਚ ਵਿਰੋਧ ਪ੍ਰਦਰਸ਼ਨ ਅਤੇ ਜਵਾਬੀ ਪ੍ਰਦਰਸ਼ਨ ਹੋ ਰਹੇ ਨੇ, ਜਿਵੇਂ ਕਿ ਪੂਰਬੀ ਇੰਗਲੈਂਡ ਵਿੱਚ। ਸਰਕਾਰ ਚਾਹੁੰਦੀ ਹੈ ਕਿ ਪ੍ਰਣਾਲੀ ਵਿੱਚ ਵਿਵਸਥਾ ਬਹਾਲ ਹੋਵੇ ਅਤੇ ਲੋਕਾਂ ਨੂੰ ਲੰਮੇ ਸਮੇਂ ਤੱਕ ਫਸੇ ਨਾ ਰਹਿਣਾ ਪਵੇ।

ਹੁਣ ਵੇਖੀਏ ਇਸ ਨਾਲ ਕੀ ਸੁਧਾਰ ਆਉਣ ਵਾਲੇ ਨੇ। ਨਵੀਂ ਸੰਸਥਾ ਸੁਤੰਤਰ ਹੋਵੇਗੀ ਅਤੇ ਇਸ ਵਿੱਚ ਪੇਸ਼ੇਵਰ ਅਡਜੁਡੀਕੇਟਰ ਹੋਣਗੇ ਜੋ ਜੱਜਾਂ ਦੀ ਥਾਂ ਤੇ ਅਪੀਲਾਂ ਸੁਣਨਗੇ। ਇਹ ਲੋਕ ਅਪੀਲਾਂ ਨੂੰ ਪ੍ਰਾਇਰਿਟੀ ਅਧਾਰ ਤੇ ਨਿਪਟਾਉਣਗੇ, ਖਾਸ ਕਰਕੇ ਉਨ੍ਹਾਂ ਨੂੰ ਜੋ ਹੋਟਲਾਂ ਵਿੱਚ ਰਹਿ ਰਹੇ ਨੇ। ਇਸ ਨਾਲ ਫੈਸਲੇ ਤੇਜ਼ ਹੋਣਗੇ, ਜਿਸ ਨਾਲ ਪ੍ਰਣਾਲੀ ਵਿੱਚ ਫਸੇ ਲੋਕਾਂ ਦੀ ਗਿਣਤੀ ਘੱਟੇਗੀ ਅਤੇ ਸਰਕਾਰ ਨੂੰ ਖਰਚੇ ਵਿੱਚ ਬਚਤ ਹੋਵੇਗੀ। ਯਵੇਟ ਕੂਪਰ ਨੇ ਜ਼ੋਰ ਦਿੱਤਾ ਕਿ ਇਹ ਪ੍ਰਣਾਲੀ ਨਿਰਪੱਖ ਰਹੇਗੀ ਅਤੇ ਉੱਚ ਮਿਆਰਾਂ ਨੂੰ ਯਕੀਨੀ ਬਣਾਉਣ ਲਈ ਸੁਰੱਖਿਆ ਵਿਵਸਥਾਵਾਂ ਹੋਣਗੀਆਂ। ਬੀਬੀਸੀ ਅਤੇ ਗਾਰਡੀਅਨ ਵਰਗੇ ਮੀਡੀਆ ਨੇ ਰਿਪੋਰਟ ਕੀਤਾ ਹੈ ਕਿ ਇਸ ਨਾਲ ਬੈਕਲਾਗ ਨੂੰ ਘਟਾਉਣ ਵਿੱਚ ਮੱਦਦ ਮਿਲੇਗੀ ਅਤੇ ਅਸਫਲ ਅਰਜ਼ੀਆਂ ਵਾਲਿਆਂ ਨੂੰ ਛੇਤੀ ਵਾਪਸ ਭੇਜ ਕੇ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾਵੇਗਾ। ਇਹ ਸੁਧਾਰ ਉਨ੍ਹਾਂ ਲੋਕਾਂ ਲਈ ਵੀ ਚੰਗੇ ਨੇ ਜਿਨ੍ਹਾਂ ਨੂੰ ਸੱਚਮੁੱਚ ਸ਼ਰਨ ਦੀ ਲੋੜ ਹੈ, ਕਿਉਂਕਿ ਉਨ੍ਹਾਂ ਨੂੰ ਛੇਤੀ ਸੁਰੱਖਿਆ ਮਿਲ ਸਕੇਗੀ। ਪਰ ਇਸ ਨਾਲ ਵਿਰੋਧ ਵੀ ਵਧ ਰਿਹਾ ਹੈ, ਕਿਉਂਕਿ ਕੁਝ ਲੋਕ ਇਸ ਨੂੰ ਸਖ਼ਤ ਨੀਤੀ ਵਜੋਂ ਵੇਖਦੇ ਨੇ।

### ਪੰਜਾਬੀਆਂ ਉੱਤੇ ਇਸ ਦਾ ਅਸਰ ਕੀ ਪਵੇਗਾ?

ਪੰਜਾਬੀ ਭਾਈਚਾਰਾ, ਖਾਸ ਕਰਕੇ ਭਾਰਤੀ ਪੰਜਾਬ ਤੋਂ ਆਉਣ ਵਾਲੇ ਲੋਕ, ਬਰਤਾਨੀਆ ਵਿੱਚ ਸ਼ਰਨ ਮੰਗਣ ਵਾਲਿਆਂ ਵਿੱਚ ਵੱਡੀ ਗਿਣਤੀ ਵਿੱਚ ਨੇ। 2024 ਵਿੱਚ ਭਾਰਤੀ ਨਾਗਰਿਕਾਂ ਦੀ ਸ਼ਰਨ ਗ੍ਰਾਂਟ ਰੇਟ ਸਿਰਫ਼ 2 ਫੀਸਦ ਸੀ, ਜੋ ਸਭ ਤੋਂ ਘੱਟ ਨੇ। ਮਾਈਗ੍ਰੇਸ਼ਨ ਆਬਜ਼ਰਵੇਟਰੀ ਦੀ ਰਿਪੋਰਟ ਮੁਤਾਬਕ, ਭਾਰਤੀ ਲੋਕ ਅਕਸਰ ਛੋਟੀਆਂ ਕਿਸ਼ਤੀਆਂ ਜਾਂ ਹੋਰ ਗੈਰ-ਕਾਨੂੰਨੀ ਰਾਹਾਂ ਰਾਹੀਂ ਆਉਂਦੇ ਨੇ ਅਤੇ ਜਾਤੀ, ਧਰਮ ਜਾਂ ਹੋਰ ਕਾਰਨਾਂ ਨਾਲ ਪੀੜਤ ਹੋਣ ਦਾ ਦਾਅਵਾ ਕਰਦੇ ਨੇ। 2023 ਵਿੱਚ 1,000 ਤੋਂ ਵੱਧ ਭਾਰਤੀ ਗੈਰ-ਕਾਨੂੰਨੀ ਢੰਗ ਨਾਲ ਆਏ ਅਤੇ 5,000 ਤੋਂ ਵੱਧ ਨੇ ਅਸਾਇਲਮ ਲਈ ਅਰਜ਼ੀ ਦਿੱਤੀ। ਇਸ ਨਵੀਂ ਪ੍ਰਣਾਲੀ ਨਾਲ ਅਪੀਲਾਂ ਤੇਜ਼ ਹੋਣ ਨਾਲ ਪੰਜਾਬੀਆਂ ਲਈ ਫੈਸਲੇ ਛੇਤੀ ਆਉਣਗੇ, ਪਰ ਘੱਟ ਗ੍ਰਾਂਟ ਰੇਟ ਕਾਰਨ ਜ਼ਿਆਦਾਤਰ ਰੱਦ ਹੋਣਗੇ ਅਤੇ ਵਾਪਸੀ ਤੇਜ਼ ਹੋ ਜਾਵੇਗੀ। ਇਹ ਉਨ੍ਹਾਂ ਲਈ ਨਕਾਰਾਤਮਕ ਹੋ ਸਕਦਾ ਹੈ ਜੋ ਲੰਮੇ ਸਮੇਂ ਤੱਕ ਰਹਿ ਕੇ ਅਪੀਲਾਂ ਵਿੱਚ ਲੱਗੇ ਰਹਿੰਦੇ ਨੇ। ਪਰ ਜੇ ਕੋਈ ਅਸਲੀ ਪੀੜਤ ਹੈ, ਤਾਂ ਛੇਤੀ ਸੁਰੱਖਿਆ ਮਿਲੇਗੀ। ਬਰਤਾਨੀਆ ਨੇ ਹਾਲ ਹੀ ਵਿੱਚ ਭਾਰਤੀ ਅਪਰਾਧੀਆਂ ਲਈ ’ਡਿਪੋਰਟ ਨਾਓ, ਅਪੀਲ ਲੇਟਰ’ ਨੀਤੀ ਵਧਾਈ ਹੈ, ਜਿਸ ਨਾਲ ਅਪੀਲਾਂ ਨੂੰ ਵਾਪਸੀ ਤੋਂ ਬਾਅਦ ਵੀ ਸੁਣਿਆ ਜਾ ਸਕੇਗਾ। ਇਸ ਨਾਲ ਪੰਜਾਬੀ ਭਾਈਚਾਰੇ ਵਿੱਚ ਚਿੰਤਾ ਵਧ ਸਕਦੀ ਹੈ, ਕਿਉਂਕਿ ਬਹੁਤੇ ਪੰਜਾਬੀ ਸਿੱਖ ਜਾਂ ਹੋਰ ਜਾਤੀਆਂ ਨਾਲ ਜੁੜੇ ਮਾਮਲੇ ਲੈ ਕੇ ਆਉਂਦੇ ਨੇ। ਹਾਰਵਰਡ ਲਾਅ ਜਰਨਲ ਨੇ ਵੀ ਜਾਤੀ ਅਧਾਰਿਤ ਪਨਾਹ ਨੂੰ ਉਤਸ਼ਾਹਿਤ ਕੀਤਾ ਹੈ, ਪਰ ਘੱਟ ਸਫਲਤਾ ਨਾਲ ਇਹ ਸੁਧਾਰ ਉਨ੍ਹਾਂ ਲਈ ਚੁਣੌਤੀ ਵਧਾ ਸਕਦੇ ਨੇ। ਸਰਕਾਰ ਨੇ ਐਲਾਨ ਕੀਤਾ ਕਿ ਇਹ ਪ੍ਰਣਾਲੀ ਸਭ ਲਈ ਨਿਰਪੱਖ ਰਹੇਗੀ, ਪਰ ਪੰਜਾਬੀ ਭਾਈਚਾਰੇ ਨੂੰ ਆਪਣੇ ਅਧਿਕਾਰਾਂ ਬਾਰੇ ਜਾਗਰੂਕ ਰਹਿਣਾ ਚਾਹੀਦਾ ਹੈ ਅਤੇ ਲੀਗਲ ਮੱਦਦ ਲੈਣੀ ਚਾਹੀਦੀ ਹੈ।

ਇਸ ਨਵੀਂ ਪਹਿਲਕਦਮੀ ਨਾਲ ਬਰਤਾਨੀਆ ਦੀ ਸ਼ਰਨ ਪ੍ਰਣਾਲੀ ਵਿੱਚ ਵੱਡੇ ਬਦਲਾਅ ਆਉਣ ਵਾਲੇ ਨੇ। ਯਵੇਟ ਕੂਪਰ ਨੇ ਕਿਹਾ ਕਿ ਉਹ ਦ੍ਰਿੜ੍ਹ ਨੇ ਕਿ ਹੋਟਲਾਂ ਦੀ ਵਰਤੋਂ ਬੰਦ ਕੀਤੀ ਜਾਵੇ ਅਤੇ ਪ੍ਰਣਾਲੀ ਨੂੰ ਠੀਕ ਕੀਤਾ ਜਾਵੇ। ਪਰ ਇਸ ਨਾਲ ਵਿਰੋਧ ਵੀ ਵਧ ਰਿਹਾ ਹੈ, ਖਾਸ ਕਰਕੇ ਉਨ੍ਹਾਂ ਇਲਾਕਿਆਂ ਵਿੱਚ ਜਿੱਥੇ ਸ਼ਰਨ ਮੰਗਣ ਵਾਲੇ ਰਹਿ ਰਹੇ ਨੇ।

# ਚਲ ਵਸੇ ਕਲਾਕਾਰ ਜਸਵਿੰਦਰ ਭੱਲਾ: ਖੇਤੀਬਾੜੀ ਦੇ ਪ੍ਰੋਫੈਸਰ ਤੋਂ ਕਾਮੇਡੀ ਦੇ ‘ਕਿੰਗ’ ਤੱਕ ਦਾ

ਆਪਣੀ ਦਮਦਾਰ ਕਾਮੇਡੀ ਅਤੇ ਅਦਾਕਾਰੀ ਰਾਹੀਂ ਸਾਢੇ ਤਿੰਨ ਦਹਾਕਿਆਂ ਤੋਂ ਸਰੋਤਿਆਂ ਅਤੇ ਦਰਸ਼ਕਾਂ ਦੇ ਦਿਲਾਂ ’ਤੇ ਰਾਜ ਕਰਨ ਵਾਲੇ ਕਾਮੇਡੀ ਕਲਾਕਾਰ ਡਾ. ਜਸਵਿੰਦਰ ਭੱਲਾ ਉਰਫ਼ ਚਾਚਾ ਚਤਰਾ 65 ਸਾਲਾਂ ਦਾ ਬੀਤੇ ਦਿਨੀਂ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਦਿਹਾਂਤ ਹੋ ਗਿਆ। ਉਨ੍ਹਾਂ ਦੀ ਮੌਤ ਬ੍ਰੇਨ ਸਟਰੋਕ ਕਾਰਨ ਹੋਈ। ਹਜ਼ਾਰਾਂ ਲੋਕਾਂ ਨੇ ਨਮ ਅੱਖਾਂ ਨਾਲ ਚਹੇਤੇ ਕਲਾਕਾਰ ਨੂੰ ਅੰਤਿਮ ਵਿਦਾਇਗੀ ਦਿੱਤੀ। ਉਨ੍ਹਾਂ ਦੇ ਪੁੱਤਰ ਪੁਖਰਾਜ ਭੱਲਾ ਨੇ ਆਪਣੇ ਪਿਤਾ ਦੀ ਚਿਤਾ ਨੂੰ ਅਗਨੀ ਦਿਖਾਈ। ਉਨ੍ਹਾਂ ਦਾ ਸਸਕਾਰ ਮੁਹਾਲੀ ਦੇ ਬਲੌਂਗੀ ਸਥਿਤ ਸ਼ਮਸ਼ਾਨਘਾਟ ਵਿੱਚ ਕੀਤਾ ਗਿਆ।

ਇਸ ਮੌਕੇ ਕਈ ਨੇਤਾਵਾਂ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ, ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ, ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ, ਵਿਧਾਇਕ ਕੁਲਵੰਤ ਸਿੰਘ, ਹੰਸ ਰਾਜ ਹੰਸ, ਮੁਹੰਮਦ ਸਦੀਕ, ਇੰਗਲੈਂਡ ਤੋਂ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ, ਵਿਧਾਇਕ ਕੁਲਜੀਤ ਸਿੰਘ ਰੰਧਾਵਾ, ਭਾਜਪਾ ਆਗੂ ਫ਼ਤਹਿਜੰਗ ਸਿੰਘ ਬਾਜਵਾ ਸਣੇ ਵੱਡੀ ਗਿਣਤੀ ਕਲਾਕਾਰਾਂ ਗਿੱਪੀ ਗਰੇਵਾਲ, ਜਿੰਮੀ ਸ਼ੇਰਗਿੱਲ ਅਤੇ ਜਸਵੀਰ ਜੱਸੀ ਨੇ ਹਾਜ਼ਰੀ ਭਰੀ। ਉਨ੍ਹਾਂ ਦੇ ਪਰਿਵਾਰ ’ਚ ਪਤਨੀ ਪਰਮਦੀਪ ਭੱਲਾ, ਪੁੱਤਰ ਪੁਖਰਾਜ ਭੱਲਾ ਅਤੇ ਧੀ ਅਰਸ਼ਦੀਪ ਕੌਰ ਹਨ। ਉਨ੍ਹਾਂ ਦੇ ਪੁੱਤਰ ਪੁਖਰਾਜ ਖੁਦ ਵੀ ਅਦਾਕਾਰ ਹਨ, ਪੰਜਾਬੀ ਫ਼ਿਲਮਾਂ ਵਿੱਚ ਕੰਮ ਕਰਦੇ ਰਹੇ ਹਨ।



ਮੁੱਖ ਮੰਤਰੀ ਭਗਵੰਤ ਮਾਨ ਤੋਂ ਇਲਾਵਾ ਵੱਡੀ ਗਿਣਤੀ ਵਿਚ ਰਾਜਸੀ ਆਗੂਆਂ, ਸਾਹਿਤਕ ਹਸਤੀਆਂ, ਗਾਇਕਾਂ, ਗੀਤਕਾਰਾਂ, ਫ਼ਿਲਮੀ ਕਲਾਕਾਰਾਂ ਤੇ ਹੋਰਾਂ ਨੇ ਜਸਵਿੰਦਰ ਭੱਲਾ ਦੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਜਸਵਿੰਦਰ ਭੱਲਾ ਦਾ ਜਨਮ 4 ਮਈ 1960 ਨੂੰ ਦੋਰਾਹਾ ਲੁਧਿਆਣਾ ’ਚ ਪਿਤਾ ਮਾਸਟਰ ਬਹਾਦਰ ਸਿੰਘ ਭੱਲਾ ਦੇ ਘਰ ਹੋਇਆ ਸੀ। ਉਨ੍ਹਾਂ ਮੁੱਢਲੀ ਵਿੱਦਿਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਤੋਂ ਕਰਨ ਮਗਰੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਬੀਐੱਸਸੀ ਅਤੇ ਐੱਮਐੱਸਸੀ ਐਗਰੀਕਲਚਰ ਦੀ ਪੜ੍ਹਾਈ ਕੀਤੀ। ਉਨ੍ਹਾਂ ਚੌਧਰੀ ਚਰਨ ਸਿੰਘ ਪੋਸਟ ਗ੍ਰੈਜੂਏਟ ਕਾਲਜ ਮੇਰਠ ਤੋਂ ਪੀਐੱਚਡੀ ਕੀਤੀ। ਇਸ ਮਗਰੋਂ ਉਹ ਪੀਏਯੂ ਲੁਧਿਆਣਾ ਵਿਖੇ ਸਹਾਇਕ ਪ੍ਰੋਫੈਸਰ ਵਜੋਂ ਭਰਤੀ ਹੋਏ ਅਤੇ 31 ਮਈ 2020 ਨੂੰ ਪਸਾਰ ਸਿੱਖਿਆ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਵਜੋਂ ਸੇਵਾਮੁਕਤ ਹੋਏ।

ਭੱਲਾ ਲੰਬਾ ਸਮਾਂ ਉਹ ਆਪਣੇ ਪਰਿਵਾਰ ਨਾਲ ਉੱਥੇ ਹੀ ਰਹਿੰਦੇ ਰਹੇ। ਮਗਰੋਂ ਐਕਗਰੀਕਲਚਰ ਸਾਇੰਸ ਵਿੱਚ ਪੀਐੱਚਡੀ ਜਸਵਿੰਦਰ ਭੱਲਾ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿੱਚ ਬਤੌਰ ਪ੍ਰੋਫੈਸਰ ਸੇਵਾਵਾਂ ਨਿਭਾ ਚੁੱਕੇ ਹਨ। ਇਸ ਦੌਰਾਨ ਉਹ ਇੱਥੇ ਮਾਡਲ ਟਾਊਨ ਐਕਸਟੈਂਸ਼ਨ ਵਿੱਚ ਰਹਿਣ ਲੱਗ ਪਏ। ਯੂਨੀਵਰਸਿਟੀ ਦੇ ਵੀਸੀ ਸਤਬੀਰ ਸਿੰਘ ਗੋਸਲ ਨੇ ਦੱਸਿਆ ਕਿ ਉਨ੍ਹਾਂ ਦਾ ਮੁੱਖ ਕੰਮ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਹੁੰਦੀਆਂ ਖੋਜਾਂ, ਵਿਕਸਤ ਹੁੰਦੀਆਂ ਤਕਨੀਕਾਂ ਦਾ ਪ੍ਰਚਾਰ ਅਤੇ ਪਸਾਰ ਕਰਨਾ ਸੀ। ਉਹ ਇਨ੍ਹਾਂ ਖੋਜਾਂ ਅਤੇ ਕੰਮਾਂ ਨੂੰ ਕਿਸਾਨਾਂ ਤੱਕ ਪਹੁੰਚਾਉਂਦੇ ਸਨ।

ਉਨ੍ਹਾਂ ਦੀ ਵਿਦਿਆਰਥੀ ਜੀਵਨ ਤੋਂ ਹੀ ਕਲਾਕਾਰੀ ਵੱਲ ਰੁਚੀ ਸੀ। 1975 ਵਿੱਚ ਆਲ ਇੰਡੀਆ ਰੇਡੀਓ ਦੇ ਇੱਕ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ। ਪਰ 1988 ਤੋਂ ਆਪਣੇ ਸਹਿਯੋਗੀ ਕਲਾਕਾਰ ਬਾਲ ਮੁਕੰਦ ਸ਼ਰਮਾ ਨਾਲ ਉਨ੍ਹਾਂ ‘ਛਣਕਾਟਾ’ ਰਾਹੀਂ ਕਾਮੇਡੀ ਖੇਤਰ ਵਿੱਚ ਆਪਣੀ ਪਛਾਣ ਬਣਾਈ। ਉਨ੍ਹਾਂ 27 ਤੋਂ ਵੱਧ ਆਡੀਓ-ਵੀਡੀਓ ਕੈਸਟਾਂ ਕੱਢੀਆਂ। ਉਨ੍ਹਾਂ ਦਰਜਨਾਂ ਫ਼ਿਲਮਾਂ ਵਿੱਚ ਆਪਣੀ ਅਦਾਕਾਰੀ ਦੇ ਜੌਹਰ ਵੀ ਵਿਖਾਏ। ਉਨ੍ਹਾਂ ਦੀਆਂ ਪ੍ਰਮੁੱਖ ਫ਼ਿਲਮਾਂ ਵਿਚ ‘ਮਾਹੌਲ ਠੀਕ ਹੈ’, ‘ਬਾਬਲ ਦਾ ਵੇਹੜਾ’, ‘ਜੀਹਨੇ ਮੇਰਾ ਦਿਲ ਲੁੱਟਿਆ’, ‘ਪਾਵਰ ਕੱਟ’, ‘ਚੱਕ ਦੇ ਫੱਟੇ’, ‘ਮੇਲ ਕਰਾ ਦੇ ਰੱਬਾ’, ‘ਕੈਰੀ ਆਨ ਜੱਟਾ’, ‘ਜੱਟ ਐਂਡ ਜੂਲੀਅਟ’, ‘ਸਰਦਾਰ ਜੀ’ ਸ਼ਾਮਲ ਹਨ। ਪੰਜਾਬੀ ਸਿਨੇਮਾ ਦੇ ਹਰਫਨਮੌਲਾ ਕਲਾਕਾਰ ਪੰਜਾਬੀ ਅਦਾਕਾਰ ਅਤੇ ਕਾਮੇਡੀਅਨ ਜਸਵਿੰਦਰ ਭੱਲਾ ਦੇ ਦੇਹਾਂਤ ਨਾਲ ਪੰਜਾਬੀ ਸਿਨੇਮਾ ਜਗਤ ਦੇ ਨਾਲ-ਨਾਲ ਉਨ੍ਹਾਂ ਦੇ ਪ੍ਰਸ਼ੰਸਕਾਂ ਵਿੱਚ ਵੀ ਸੋਗ ਦੀ ਲਹਿਰ ਹੈ।

# ਸੇਵਾ ਟਰੱਸਟ ਯੂ ਕੇ ਵੱਲੋਂ ਪੰਜਾਬੀ ਅਤੇ ਭਾਰਤੀ ਭਾਸ਼ਾਵਾਂ ਦਾ ਅਧਿਐਨ ਕਰਨ ਵਾਲੇ ਹੋਣਹਾਰ ਨੌਜਵਾਨਾਂ ਨੂੰ ਲੈਪਟਾਪ ਦੇ ਤੋਹਫੇ ਦਿੱਤੇ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖਿਆ, ਸਿਹਤ, ਵਾਤਾਵਰਣ ਅਤੇ ਸਮਾਜ ਭਲਾਈ 'ਤੇ ਕੰਮ ਕਰਨ ਵਾਲੀ ਬੈਂਡਫੋਰਡ ਦੀ ਸਮਾਜ ਸੇਵੀ ਸੰਸਥਾ ਸੇਵਾ ਟਰੱਸਟ ਯੂ ਕੇ ਵੱਲੋਂ ਐਤਵਾਰ ਸਕੂਲਾਂ ਵਿੱਚ ਭਾਈਚਾਰਕ ਸੇਵਾਵਾਂ ਕਰਨ ਵਾਲੇ ਅਤੇ ਭਾਰਤੀ ਭਾਸ਼ਾਵਾਂ ਦਾ ਅਧਿਐਨ ਕਰਨ ਵਾਲੇ ਬੱਚਿਆਂ ਨੂੰ ਲੈਪਟਾਪ ਤੋਹਫ਼ੇ ਵਜੋਂ ਦਿੱਤੇ ਹਨ। ਵੱਖ-ਵੱਖ ਉਮਰ ਸਮੂਹਾਂ ਦੇ ਵਿਦਿਆਰਥੀ ਜੋ ਬੈਂਡਫੋਰਡਸ਼ਾਇਰ ਵਿੱਚ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ (ਆਪਣੀ ਆਮ ਪੂਰੀ-ਸਮੇਂ ਦੀ ਸਿੱਖਿਆ ਤੋਂ ਇਲਾਵਾ) ਪੜ੍ਹ ਰਹੇ ਹਨ ਅਤੇ ਸਥਾਨਕ ਭਾਈਚਾਰਕ ਕੇਂਦਰਾਂ ਅਤੇ ਗੁਰੂਘਰਾਂ ਵਿੱਚ ਸੇਵਾ ਕਰਨ ਵਾਲੇ ਨੌਜਵਾਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਹੋਣਹਾਰ ਨੌਜਵਾਨਾਂ ਨੂੰ ਲੈਪਟਾਪ ਦੇ ਤੋਹਫੇ ਦਿੱਤੇ ਗਏ।*

ਵਿਦਿਆਰਥੀਆਂ ਦੀ ਚੋਣ ਗੁਰੂ ਨਾਨਕ ਗੁਰ-ਦੁਆਰਾ, ਗੁਰੂ ਗੋਬਿੰਦ ਸਿੰਘ ਗੁਰਦੁਆਰਾ, ਸ੍ਰੀ ਗੁਰੂ ਰਵਿਦਾਸ ਸਭਾ ਅਤੇ ਰਾਮਗੜ੍ਹੀਆ ਸਿੱਖ ਸੁਸਾਇਟੀ ਦੁਆਰਾ ਕੀਤੀ ਗਈ ਸੀ, ਇਹਨਾਂ ਗੁਰੂ ਘਰਾਂ ਵੱਲੋਂ ਬੱਚਿਆਂ ਨੂੰ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਸਿੱਖਣ ਵਿੱਚ ਮਦਦ ਕਰਨ ਲਈ ਸ਼ਾਮ ਜਾਂ ਐਤਵਾਰ ਸਕੂਲ ਚਲਾਏ ਹਨ।

ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿੱਚ ਦਿਵਜੋਤ ਕੌਰ (14) ਨੇ ਕਿਹਾ ਕਿ ਮੈਨੂੰ ਮੈਡਲ ਅਤੇ ਇੱਕ ਲੈਪਟਾਪ ਪ੍ਰਾਪਤ ਕਰਕੇ ਬਹੁਤ ਖੁਸ਼ੀ ਹੋਈ। ਮੇਰੇ ਕੋਲ ਘਰ ਵਿੱਚ ਨਿੱਜੀ ਲੈਪਟਾਪ ਨਹੀਂ ਸੀ ਅਤੇ ਇਹ ਮੈਨੂੰ ਡਿਜੀਟਲ ਸਿੱਖਿਆ ਤੱਕ ਪਹੁੰਚ ਕਰਨ ਵਿੱਚ ਵੱਡੀ ਮਦਦ ਕਰੇਗਾ।


ਸੇਵਾ ਟਰੱਸਟ ਦੇ ਸੇਵਾਦਾਰ ਨੌਜਵਾਨਾਂ ਦਾ ਸਨਮਾਨ ਕਰਦੇ ਹੋਏ

ਬਿਡਨਹੈਮ ਅੱਪਰ ਸਕੂਲ ਦੀ ਸੇਵਾਮੁਕਤ ਅਧਿਆਪਕਾ ਦਵਿੰਦਰ ਕੌਰ ਗਾਬਰੀ, ਜੋ ਐਂਪਥਿਲ ਰੋਡ ਸਿੱਖ ਟੈਂਪਲ ਵਿਖੇ ਮੁਫ਼ਤ ਪੰਜਾਬੀ ਭਾਸ਼ਾ ਦੀਆਂ ਕਲਾਸਾਂ ਦਾ ਸੰਚਾਲਨ ਕਰਦੀ ਹੈ, ਨੇ ਕਿਹਾ, 'ਸੇਵਾ ਟਰੱਸਟ ਵੱਲੋਂ ਛੋਟੇ ਬੱਚਿਆਂ ਦਾ ਸਮਰਥਨ ਅਤੇ ਸਨਮਾਨ ਕਰਨ ਲਈ ਇੱਕ ਸ਼ਾਨਦਾਰ ਪਹਿਲਕਦਮੀ ਹੈ। ਘਰ ਵਿੱਚ ਬਹੁਤ ਸਾਰੇ ਬੱਚੇ ਆਈ ਟੀ ਉਪਕਰਣਾਂ ਤੋਂ ਬਿਨਾਂ ਹਨ ਅਤੇ ਇਹ ਲੈਪਟਾਪ ਉਨ੍ਹਾਂ ਦੇ ਵਿ-ਦਅਕ ਟੀਚਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਨਗੇ ਅਤੇ ਦੂਜੇ ਬੱਚਿਆਂ ਨੂੰ ਵਾਧੂ ਭਾਸ਼ਾਵਾਂ ਸਿੱਖਣ ਅਤੇ ਆਪਣੇ ਖਾਲੀ ਸਮੇਂ ਵਿੱਚ ਭਾਈਚਾਰਕ ਸੇਵਾਵਾਂ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਨਗੇ।'

ਸੇਵਾ ਟਰੱਸਟ ਦੇ ਚੇਅਰਮੈਨ, ਚਰਨਕੰਵਲ ਸਿੰਘ ਸੇਖੋਂ ਐਮ. ਬੀ. ਈ. ਨੇ ਕਿਹਾ ਕਿ ਵਿ-ਦਅਕ ਪਹਿਲਕਦਮੀਆਂ ਦਾ ਸਮਰਥਨ ਕਰਨ ਅਤੇ ਵਿਭਿੰਨ ਭਾਈਚਾਰਿਆਂ ਦੇ ਵਿਦਿਆਰਥੀਆਂ ਦੀ ਮਦਦ ਕਰਨ ਦੇ ਉਦੇਸ਼ਾਂ ਦੇ ਅਨੁਸਾਰ ਅਸੀਂ ਹੋਣਹਾਰ ਨੌਜਵਾਨਾਂ ਦਾ ਸਮਰਥਨ ਅਤੇ ਸਨਮਾਨ ਕਰਨ ਦਾ ਫੈਸਲਾ ਕੀਤਾ ਹੈ।

# ਗ੍ਰੇਵਜ਼ੈਂਡ ਵਿੱਚ ਪੁਲਿਸ ਵੱਲੋਂ ਪੰਜਾਬੀ ਗ੍ਰਿਫਤਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕੈਂਟ ਦੇ ਇਲਾਕੇ ਗ੍ਰੇਵਜ਼ੈਂਡ ਵਿਖੇ ਪੰਜਾਬੀ ਨੂੰ ਗ੍ਰਿਫਤਾਰ ਕੀਤਾ ਹੈ, ਪ੍ਰਾਪਤ ਜਾਣਕਾਰੀ ਅਨੁਸਾਰ ਗ੍ਰੇਵਜ਼ੈਂਡ ਨੇੜੇ ਈਸਟੈਡ ਰਾਈਜ਼ ਵਿਖੇ ਪੁਲਿਸ ਨੂੰ ਕਿਸੇ ਸ਼ੱਕੀ ਵਿਅਕਤੀ ਕੋਲ ਤੇਜ਼ਧਾਰ ਹਥਿਆਰ ਹੋਣ ਦੀ ਸਵੇਰੇ 7:46 ਵਜੇ ਸ਼ਿਕਾਇਤ ਕੀਤੀ ਮਿਲੀ ਅਤੇ ਸਵੇਰੇ 8 ਵਜੇ ਦੇ ਕਰੀਬ ਉਕਤ ਵਿਅਕਤੀ ਨਾਲ ਪੁਲਿਸ ਦੀ ਹੱਥੋਪਾਈ ਹੋਈ ਜਿਸ ਦੌਰਾਨ ਇੱਕ ਪੁਲਿਸ ਕਰਮਚਾਰੀ ਜਖ਼ਮੀ ਹੋ ਗਿਆ। ਸ਼ੱਕੀ ਵਿਅਕਤੀ ਨੂੰ ਪੁਲਿਸ ਨੇ ਪਹਿਲਾਂ ਗੱਲਬਾਤ ਰਾਹੀਂ ਕਾਬੂ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਸ ਦਾ ਰਵੱਈਆ ਧਮਕੀ ਵਾਲਾ ਸੀ। ਜਦੋਂ ਕਾਬੂ ਨਾ ਆਇਆ ਤਾਂ ਆਖਿਰ 50,000 ਵੋਲਟ ਦੇ ਇਲੈਕਟ੍ਰਿਕ ਚਾਰਜ ਨਾਲ ਟੇਸਰ ਕੀਤਾ ਗਿਆ। ਪੁਲਿਸ ਅਨੁਸਾਰ ਸ਼ੱਕੀ ਵਿਅਕਤੀ 29 ਸਾਲ ਦਾ ਬਰਤਾਨਵੀ ਹੈ ਅਤੇ ਉਸ ਨੇ ਘਟਨਾਂ ਮੌਕੇ ਕਾਲੇ ਕੱਪੜੇ ਪਾਏ ਹੋਏ ਸਨ ਅਤੇ ਪੱਗ ਬੰਨੀ ਹੋਈ ਸੀ। ਘਟਨਾਂ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗਿਆ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ ਅਧਾਰਿਤ "ਗਿਆਨ ਦਾ ਸੂਰਜ" ਕਿਤਾਬ ਸੰਗਤਾਂ ਨੂੰ ਭੇਟ


"ਗਿਆਨ ਦਾ ਸੂਰਜ" ਕਿਤਾਬ ਭੇਂਟ ਕਰਦੇ ਹੋਏ ਬਾਬਾ ਸੁਖਜੀਤ ਸਿੰਘ ਸੀਚੇਵਾਲ ਅਤੇ ਪ੍ਰਬੰਧਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਢਾਡੀ ਮੁੱਖਤਿਆਰ ਸਿੰਘ ਜਫਰ ਅਤੇ ਉਹਨਾ ਦੇ ਬੇਟੇ ਅਮਰਜੀਤ ਸਿੰਘ ਜਫਰ ਵਲੋ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਸਿੱਖਿਆਵਾਂ ਅਧਾਰਿਤ ਲਿਖੀ "ਗਿਆਨ ਦਾ ਸੂਰਜ" ਕਿਤਾਬ ਇੰਗਲੈਂਡ ਦੇ ਸ਼ਹਿਰ ਸਟਰੇਟਫੋਰਡ ਵਿਖੇ ਸੰਗਤਾਂ ਨੂੰ ਭੇਟ ਕੀਤੀ ਗਈ। ਇਸ ਮੌਕੇ ਬੋਲਦਿਆਂ ਭਾਈ ਮਰਦਾਨਾ ਸੋਸਾਇਟੀ ਦੇ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਆਖਿਆ ਕਿ ਢਾਡੀ ਮੁੱਖਤਿਆਰ ਸਿੰਘ ਜਫਰ ਅਤੇ ਉਹਨਾ ਦੇ ਬੇਟੇ ਅਮਰਜੀਤ ਸਿੰਘ ਜਫਰ ਵਲੋ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨੀ ਉਪਰ ਲਿਖੀ ਇਹ ਕਿਤਾਬ ਅੱਜ ਦੀ ਪੀੜੀ ਦੇ ਪੜ੍ਹਨਯੋਗ ਹੈ। ਇਹ ਕਿਤਾਬ ਬਾਬਾ ਨੰਦ ਸਿੰਘ ਜੀ ਦੇ ਚਲ ਰਹੇ ਬਰਸੀ ਸਮਾਗਮਾਂ ਵਿੱਚ ਬਾਬਾ ਸੁਖਜੀਤ ਸਿੰਘ ਸੀਚੇਵਾਲ, ਗੁਰਸੇਵਕ ਸਿੰਘ ਚੀਮਾ ਮੋਗਾ, ਜਸਵਿੰਦਰ ਸਿੰਘ ਕਾਲਾ, ਮਨਜੀਤ ਸਿੰਘ ਭੋਗਲ ਅਤੇ ਭਗਵਾਨ ਸਿੰਘ ਜੋਹਲ ਦੀ ਹਾਜ਼ਰੀ ਵਿੱਚ ਭੇਟ ਕੀਤੀ ਗਈ। ਸੰਤ ਬਾਬਾ ਨੰਦ ਸਿੰਘ ਕਲੇਰਾਂ ਵਾਲਿਆ ਦੀ 82 ਵੀ ਬਰਸੀ ਸ਼ਟਰੇਟ ਉਨ ਅਵੋਨ ਵਿਖੇ ਚੱਲ ਰਹੀ ਹੈ ਜਿਸ ਵਿਚ ਪ੍ਰਸਿਧ ਰਾਗੀ ਅਪਣੀ ਹਾਜਰੀ ਲਗਵਾ ਰਹੇ ਹਨ। ਸਮਾਗਮਾ ਦੇ ਮੁੱਖ ਪ੍ਰਬੰਧਕ ਜਸਬਿੰਦਰ ਸਿੰਘ ਕਾਲਾ ਕਿਡੀਮਨਿਸਟਰ ਨੇ ਕਿਹਾ ਕਿ ਇਹ ਧਾਰਮਿਕ ਸਮਾਗਮ ਇੰਗਲੈਡ ਦਾ ਸਭ ਤੋ ਵੱਡਾ ਸਮਾਗਮ ਹੁੰਦਾ ਹੈ, ਇਸ ਵਿਚ ਅਮਰੀਕਾ, ਕਨੇਡਾ, ਯੂਰਪ, ਸਿੰਘਾਪੁਰ, ਮਲੇਸ਼ੀਆ, ਭਾਰਤ, ਅਸਟਰੇਲੀਆ ਤੋ ਸੰਗਤਾ ਆਉਦੀਆਂ ਹਨ। ਇਸ ਮੌਕੇ ਮਨਜੀਤ ਸਿੰਘ ਭੋਗਲ, ਗੁਰਮੀਤ ਸਿੰਘ ਜੰਡੂ, ਜਥੇਦਾਰ ਜਸਵੰਤ ਸਿੰਘ ਸੈਭੀਂ, ਸਵਰਨ ਸਿੰਘ ਸੈਭੀਂ, ਧਰਮ ਸਿੰਘ ਘਟੋੜਾ ਹਾਜਰ ਸਨ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

## ਕਰਾਈਮ ਨਿਊਜ਼

# ਪੰਜਾਬ ਵਿੱਚ ਜ਼ਹਿਰੀਲੇ ਪਾਣੀ ਕਾਰਨ 8 ਮੌਤਾਂ, 70 ਤੋਂ ਵੱਧ ਬਿਮਾਰ


ਮਾਨਸਾ-ਪੰਜਾਬ ਦੇ ਫਾਜ਼ਿਲਕਾ, ਮਾਨਸਾ ਅਤੇ ਮੋਗਾ ਜ਼ਿਲ੍ਹਿਆਂ ਵਿੱਚ ਪੀਣ ਵਾਲੇ ਪਾਣੀ ਦੇ ਜ਼ਹਿਰੀਲੇ ਹੋਣ ਕਾਰਨ ਹਾਲਾਤ ਚਿੰਤਾਜਨਕ ਬਣ ਗਏ ਹਨ। ਸਿਹਤ ਵਿਭਾਗ ਦੀਆਂ ਰਿਪੋਰਟਾਂ ਅਨੁਸਾਰ ਇਸ ਘਟਨਾ ਵਿੱਚ ਹੁਣ ਤੱਕ 8 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦੋਂ ਕਿ 70 ਤੋਂ ਵੱਧ ਲੋਕ ਵੱਖ-ਵੱਖ ਹਸਪਤਾਲਾਂ ਵਿੱਚ ਜ਼ੇਰੇ ਇਲਾਜ ਹਨ। ਬਠਿੰਡਾ ਅਤੇ ਫ਼ਿਰੋਜ਼ਪੁਰ ਦੇ ਕੁਝ ਪਿੰਡ ਵੀ ਇਸ ਦੀ ਲਪੇਟ ਵਿੱਚ ਆਏ ਹਨ। ਡਾਕਟਰਾਂ ਨੇ ਮਰੀਜ਼ਾਂ ਵਿੱਚ ਉਲਟੀਆਂ, ਦਸਤ, ਤੇਜ਼ ਪੇਟ ਦਰਦ, ਚੱਕਰ ਆਉਣ ਅਤੇ ਬੇਹੋਸ਼ੀ ਵਰਗੇ ਲੱਛਣ ਪਾਏ ਹਨ।

ਸਰਕਾਰ ਨੇ ਤੁਰੰਤ ਪ੍ਰਭਾਵਿਤ ਪਿੰਡਾਂ ਵਿੱਚ ਪਾਣੀ ਦੀ ਸਪਲਾਈ ਰੋਕ ਦਿੱਤੀ ਹੈ ਅਤੇ ਟੈਂਕਰਾਂ ਰਾਹੀਂ ਸਾਫ਼ ਪਾਣੀ ਭੇਜਣਾ ਸ਼ੁਰੂ ਕਰ ਦਿੱਤਾ ਹੈ। ਇਸ ਦੇ ਨਾਲ ਹੀ, ਲੋਕਾਂ ਨੂੰ ਉਬਾਲ ਕੇ ਜਾਂ ਬੋਤਲਬੰਦ ਪਾਣੀ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਗਈ ਹੈ। ਸਿਹਤ ਮੰਤਰੀ ਨੇ ਇਸ ਮਾਮਲੇ ਦੀ ਜਾਂਚ ਲਈ ਉੱਚ ਪੱਧਰੀ ਕਮੇਟੀ ਬਣਾਈ ਹੈ। ਸਰਕਾਰ ਨੇ ਲਾਪਰਵਾਹੀ ਵਰਤਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਦਾ ਭਰੋਸਾ ਦਿੱਤਾ ਹੈ।

# ਅਕਾਲੀ ਆਗੂ ਵਾਹਿਦ ਦੇ ਟਿਕਾਣਿਆਂ 'ਤੇ ਈਡੀ ਦੇ ਛਾਪੇ

ਚੰਡੀਗੜ੍ਹ - ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਪੰਜਾਬ ਅਤੇ ਚੰਡੀਗੜ੍ਹ ਵਿੱਚ ਕਈ ਥਾਵਾਂ 'ਤੇ ਛਾਪੇ ਮਾਰੇ ਹਨ। ਇਹ ਕਾਰਵਾਈ 'ਮੁਆਫੀ ਜ਼ਮੀਨ' ਦੀ ਦੁਰਵਰਤੋਂ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਦਾ ਹਿੱਸਾ ਹੈ।

ਇਸ ਤਹਿਤ ਅਕਾਲੀ ਆਗੂ ਜਰਨੈਲ ਸਿੰਘ ਵਾਹਿਦ ਦੇ ਫਗਵਾੜਾ ਸਥਿਤ ਟਿਕਾਣਿਆਂ, ਵਾਹਿਦ ਸੰਧੜ ਸ਼ੂਗਰਜ਼ ਮਿੱਲ, ਗੋਲਡਨ ਜਿੰਮ, ਅਤੇ ਸੁਖਬੀਰ ਸਿੰਘ ਸੰਧੜ ਤੇ ਜਸਵਿੰਦਰ ਸਿੰਘ ਬੈਂਸ ਦੇ ਘਰਾਂ ਦੀ ਤਲਾਸ਼ੀ ਲਈ ਗਈ।



ਇਸ ਮਾਮਲੇ ਵਿੱਚ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸਤੰਬਰ 2023 ਵਿੱਚ ਐਫਆਈਆਰ ਦਰਜ ਕੀਤੀ ਗਈ ਸੀ, ਜਿਸ ਵਿੱਚ ਮਿੱਲ 'ਤੇ ਮੁਆਫੀ ਜ਼ਮੀਨ ਦੀ ਉਲੰਘਣਾ ਕਰਕੇ ਵੇਚਣ ਦਾ ਦੋਸ਼ ਹੈ, ਜਿਸ ਨਾਲ ਸੂਬਾ ਸਰਕਾਰ ਨੂੰ ਕਰੀਬ 95 ਕਰੋੜ ਰੁਪਏ ਦਾ ਨੁਕਸਾਨ ਹੋਇਆ। 'ਮੁਆਫ਼ੀ ਜ਼ਮੀਨ' ਉਹ ਥਾਂ ਹੁੰਦੀ ਹੈ ਜਿਸ 'ਤੇ ਰੈਵੇਨਿਊ ਅਦਾ ਨਹੀਂ ਕਰਨਾ ਪੈਂਦਾ।

## ਦਾਗੀ ਆਗੂਆਂ ਨੂੰ ਹਟਾਉਣ ਲਈ ਲੋਕ ਸਭਾ ਵਿੱਚ ਬਿੱਲ ਪੇਸ਼, ਵਿਰੋਧੀ ਧਿਰ ਵਲੋਂ ਵਿਰੋਧ

ਦਿੱਲੀ-ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪ੍ਰਧਾਨ ਮੰਤਰੀ, ਕੇਂਦਰੀ ਮੰਤਰੀਆਂ, ਮੁੱਖ ਮੰਤਰੀਆਂ ਅਤੇ ਰਾਜ ਮੰਤਰੀਆਂ ਨੂੰ ਗੰਭੀਰ ਅਪਰਾਧਿਕ ਦੋਸ਼ਾਂ ਵਿੱਚ 30 ਦਿਨਾਂ ਦੀ ਗ੍ਰਿਫ਼ਤਾਰੀ ਜਾਂ ਹਿਰਾਸਤ ਤੋਂ ਬਾਅਦ ਅਹੁਦੇ ਤੋਂ ਹਟਾਉਣ ਲਈ 'ਸੰਵਿਧਾਨ (130ਵੀਂ ਸੋਧ) ਬਿੱਲ 2025' ਲੋਕ ਸਭਾ ਵਿੱਚ ਪੇਸ਼ ਕੀਤਾ। ਇਸ ਬਿੱਲ ਦਾ ਵਿਰੋਧੀ ਧਿਰ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਅਤੇ ਹੰਗਾਮੇ ਦੌਰਾਨ ਕੁਝ ਸੰਸਦ ਮੈਂਬਰਾਂ ਨੇ ਬਿੱਲ ਦੀਆਂ ਕਾਪੀਆਂ ਪਾੜ ਕੇ ਸ਼ਾਹ ਵੱਲ ਸੁੱਟ ਦਿੱਤੀਆਂ। ਇਸ ਦੌਰਾਨ, ਸ਼ਾਹ ਨੇ ਕਿਹਾ ਕਿ ਅਸੀਂ ਇੰਨੇ ਬੇਸ਼ਰਮ ਨਹੀਂ ਹੋ ਸਕਦੇ ਕਿ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਦੇ ਹੋਏ ਵੀ ਸੰਵਿਧਾਨਕ ਅਹੁਦਿਆਂ 'ਤੇ ਬਣੇ ਰਹੀਏ। ਵਿਰੋਧੀ ਧਿਰ ਨੇ ਇਸ ਬਿੱਲ ਨੂੰ ਲੋਕਤੰਤਰ 'ਤੇ ਸਿੱਧਾ ਹਮਲਾ ਕਰਾਰ ਦਿੱਤਾ ਹੈ। ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਇਹ ਬਿੱਲ ਗੈਰ-ਜਮਹੂਰੀ ਹੈ ਅਤੇ ਇਸ ਨਾਲ ਕਿਸੇ ਵੀ ਮੁੱਖ ਮੰਤਰੀ ਨੂੰ ਝੂਠੇ ਕੇਸ ਵਿੱਚ ਫਸਾਇਆ ਜਾ ਸਕਦਾ ਹੈ।

## ਹਾਈ ਕੋਰਟ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਚੰਡੀਗੜ੍ਹ-ਬੀਤੇ ਦਿਨੀਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਈਮੇਲ ਰਾਹੀਂ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ, ਜਿਸ ਕਾਰਨ ਪੁਲਿਸ ਅਤੇ ਪ੍ਰਸ਼ਾਸਨ ਤੁਰੰਤ ਹਰਕਤ ਵਿੱਚ ਆ ਗਏ। ਅਦਾਲਤ ਨੂੰ ਖਾਲੀ ਕਰਵਾਇਆ ਗਿਆ ਅਤੇ ਸੁਰੱਖਿਆ ਕਰਮੀਆਂ, ਬੰਬ ਨਿਰੋਧਕ ਦਸਤੇ ਅਤੇ ਡਾਗ ਸਕੁਐਡ ਵੱਲੋਂ ਤਲਾਸ਼ੀ ਮੁਹਿੰਮ ਚਲਾਈ ਗਈ। ਹਾਲਾਂਕਿ, ਲਗਭਗ ਦੋ ਘੰਟੇ ਦੀ ਤਲਾਸ਼ੀ ਤੋਂ ਬਾਅਦ ਕੋਈ ਵੀ ਸ਼ੱਕੀ ਵਸਤੂ ਨਹੀਂ ਮਿਲੀ, ਜਿਸ ਤੋਂ ਬਾਅਦ ਅਦਾਲਤ ਦੀ ਕਾਰਵਾਈ ਮੁੜ ਸ਼ੁਰੂ ਹੋਈ।

# ਪੰਜਾਬੀ ਗਾਇਕ ਮਨਕੀਰਤ ਔਲਖ ਨੂੰ ਵਿਦੇਸ਼ੀ ਨੰਬਰ ਤੋਂ ਮਿਲੀ ਕਤਲ ਕਰਨ ਦੀ ਧਮਕੀ



ਫਤਿਹਾਬਾਦ-ਹਰਿਆਣਾ ਦੇ ਫਤਿਹਾਬਾਦ ਦੇ ਰਹਿਣ ਵਾਲੇ ਪੰਜਾਬੀ ਗਾਇਕ ਮਨਕੀਰਤ ਔਲਖ ਨੂੰ ਫ਼ੋਨ ਕਾਲ ਅਤੇ ਵ੍ਹੱਟਸਐਪ ਰਾਹੀਂ ਧਮਕੀ ਭਰੇ ਸੁਨੇਹੇ ਮਿਲੇ ਹਨ। ਉਹਨਾਂ ਨੂੰ ਇੱਕ ਵਿਦੇਸ਼ੀ ਨੰਬਰ ਤੋਂ ਮੈਸੇਜ ਆਇਆ ਜਿਸ ਵਿੱਚ ਗਾਇਕ ਅਤੇ ਉਹਨਾਂ ਦੇ ਪਰਿਵਾਰ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਸਿੰਗਰ ਦੀ ਪਾਸੋਂ ਇਸ ਸਬੰਧੀ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ।


## ਅੰਮ੍ਰਿਤਸਰ ਵਿੱਚ ਪੁਲਿਸ ਮੁਕਾਬਲਾ: ਗੈਂਗਸਟਰ ਪ੍ਰਭ ਦਾਸੂਵਾਲ ਦਾ ਸਾਥੀ ਜ਼ਖ਼ਮੀ

ਅੰਮ੍ਰਿਤਸਰ-ਅੰਮ੍ਰਿਤਸਰ ਪੁਲਿਸ ਨੇ ਫਿਰੌਤੀ ਦੇ ਇੱਕ ਮਾਮਲੇ ਵਿੱਚ ਵਿਦੇਸ਼ੀ ਗੈਂਗਸਟਰ ਪ੍ਰਭ ਦਾਸੂਵਾਲ ਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਤਰਨਤਾਰਨ ਦੇ ਰਵੀ ਅਤੇ ਜੋਬਨ ਸਿੰਘ ਵਜੋਂ ਹੋਈ ਹੈ। ਪੁਲਿਸ ਮੁਕਾਬਲੇ ਦੌਰਾਨ ਰਵੀ ਨਿਊ ਅੰਮ੍ਰਿਤਸਰ ਖੇਤਰ ਵਿੱਚ ਜ਼ਖ਼ਮੀ ਹੋ ਗਿਆ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੁਲਿਸ ਰਵੀ ਨੂੰ ਹਥਿਆਰ ਬਰਾਮਦ ਕਰਨ ਲਈ ਲੈ ਕੇ ਗਈ ਸੀ। ਇਸ ਦੌਰਾਨ ਉਸ ਨੇ ਪੁਲਿਸ 'ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਹੋਈ ਝੜਪ ਵਿੱਚ ਉਸ ਦੀ ਆਪਣੀ ਹੀ ਲੱਤ ਵਿੱਚ ਗੋਲੀ ਲੱਗ ਗਈ। ਰਵੀ ਨੇ ਹਾਲ ਹੀ ਵਿੱਚ ਇੱਕ ਵਪਾਰੀ ਦੇ ਘਰ ਦੇ ਬਾਹਰ ਫਿਰੌਤੀ ਲਈ ਗੋਲੀਬਾਰੀ ਕੀਤੀ ਸੀ। ਪੁਲਿਸ ਨੇ ਸੀਸੀਟੀਵੀ ਫੁਟੇਜ ਅਤੇ ਹੋਰ ਜਾਂਚ ਰਾਹੀਂ ਮੁਲਜ਼ਮਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ। ਜਾਂਚ ਤੋਂ ਪਤਾ ਲੱਗਿਆ ਹੈ ਕਿ ਇਹ ਸਾਰਾ ਕੰਮ ਪ੍ਰਭ ਦਾਸੂਵਾਲ ਦੇ ਇਸ਼ਾਰੇ 'ਤੇ ਕੀਤਾ ਗਿਆ ਸੀ।


# ਹਾਈ ਕੋਰਟ ਨੂੰ ਬੰਬ ਨਾਲ ਉਡਾਉਣ ਦੀ ਧਮਕੀ


ਚੰਡੀਗੜ੍ਹ-ਬੀਤੇ ਦਿਨੀਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਈਮੇਲ ਰਾਹੀਂ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ, ਜਿਸ ਕਾਰਨ ਪੁਲਿਸ ਅਤੇ ਪ੍ਰਸ਼ਾਸਨ ਤੁਰੰਤ ਹਰਕਤ ਵਿੱਚ ਆ ਗਏ। ਅਦਾਲਤ ਨੂੰ ਖਾਲੀ ਕਰਵਾਇਆ ਗਿਆ ਅਤੇ ਸੁਰੱਖਿਆ ਕਰਮੀਆਂ, ਬੰਬ ਨਿਰੋਧਕ ਦਸਤੇ ਅਤੇ ਡਾਗ ਸਕੁਐਡ ਵੱਲੋਂ ਤਲਾਸ਼ੀ ਮੁਹਿੰਮ ਚਲਾਈ ਗਈ। ਹਾਲਾਂਕਿ, ਲਗਭਗ ਦੋ ਘੰਟੇ ਦੀ ਤਲਾਸ਼ੀ ਤੋਂ ਬਾਅਦ ਕੋਈ ਵੀ ਸ਼ੱਕੀ ਵਸਤੂ ਨਹੀਂ ਮਿਲੀ, ਜਿਸ ਤੋਂ ਬਾਅਦ ਅਦਾਲਤ ਦੀ ਕਾਰਵਾਈ ਮੁੜ ਸ਼ੁਰੂ ਹੋਈ।


# ਬਰੈਂਪਟਨ ਵਿਚ ਗੈਂਗਸਟਰ ਵਾਰ ਕਾਰਣ ਪੰਜਾਬੀ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ



ਵੈਨਕੂਵਰ-ਕੈਨੇਡਾ ਦੇ ਬਹੁਗਿਣਤੀ ਭਾਰਤੀ ਵੱਸੋਂ ਵਾਲੇ ਬਰੈਂਪਟਨ ਵਿੱਚ ਅਣਪਛਾਤਿਆਂ ਵੱਲੋਂ ਘਰ ਦੇ ਅੰਦਰ ਜਾ ਕੇ ਪੰਜਾਬੀ ਨੌਜਵਾਨ ਸੋਨੂੰ ਚੱਠਾ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਅਤੇ ਇੱਕ ਹੋਰ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਕੀਤਾ ਗਿਆ, ਜੋ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਜ਼ਖ਼ਮੀ ਵਿਅਕਤੀ ਵੀ ਭਾਰਤੀ ਹੈ ਪਰ ਉਸ ਦੇ ਨਾਮ ਦੀ ਪੁਸ਼ਟੀ ਨਹੀਂ ਹੋ ਸਕੀ ਹੈ। ਪੀਲ ਪੁਲੀਸ ਦੇ ਤਰਜਮਾਨ ਸਾਰਾਹ ਪੈਟਨ ਨੇ ਦੱਸਿਆ ਕਿ ਇੱਕ ਦੀ ਮੌਕੇ 'ਤੇ ਹੀ ਮੌਤ ਹੋ ਚੁੱਕੀ ਸੀ। ਦੂਜੇ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਸ ਦੀ ਹਾਲਤ ਗੰਭੀਰ ਹੈ। ਉਨ੍ਹਾਂ ਦੱਸਿਆ ਕਿ ਗੋਲੀਬਾਰੀ ਮਿੱਥ ਕੇ ਕੀਤੀ ਗਈ ਹੈ ਜੋ ਦੋ ਗਰੁੱਪਾਂ ਦੀ ਆਪਸੀ ਰੰਜਿਸ਼ ਜਾਪਦੀ ਹੈ। ਵਾਰਦਾਤ ਮਗਰੋਂ ਅਣਪਛਾਤਿਆਂ ਦੇ ਕਾਰ ਵਿੱਚ ਫ਼ਰਾਰ ਹੋਣ ਦੇ ਸੰਕੇਤ ਹਨ। ਪੁਲੀਸ ਨੇ ਖੇਤਰ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਕੈਮਰੇ ਘੋਖਣ ਤੇ ਘਟਨਾ ਨਾਲ ਸਬੰਧਤ ਫੁਟੇਜ ਪੁਲੀਸ ਨੂੰ ਦਿੱਤੀ ਜਾਵੇ ਤਾਂ ਜੋ ਮੁਲਜ਼ਮਾਂ ਦੀ ਪੈੜ ਨੱਪੀ ਜਾ ਸਕੇ।

## ਪ੍ਰੇਮਿਕਾ ਨੇ ਤੋੜਿਆ ਰਿਸ਼ਤਾ ਤਾਂ ਪ੍ਰੇਮੀ ਨੇ ਜ਼ਹਿਰ ਖਾ ਕੇ ਕੀਤੀ ਖ਼ੁਦਕੁਸ਼ੀ



ਅੰਮ੍ਰਿਤਸਰ-ਅੰਮ੍ਰਿਤਸਰ ਜ਼ਿਲ੍ਹੇ ਦੇ ਥਾਣਾ ਵੇਰਕਾ ਦੇ ਤੀਰਥ ਨਗਰ ਇਲਾਕੇ ਵਿੱਚ ਇੱਕ ਪ੍ਰੇਮੀ ਰਮਨਵੀਰ ਸਿੰਘ (25) ਨੇ ਆਪਣੀ ਪ੍ਰੇਮਿਕਾ ਵੱਲੋਂ ਰਿਸ਼ਤਾ ਤੋੜਨ ਤੋਂ ਪਰੇਸ਼ਾਨ ਹੋ ਕੇ ਜ਼ਹਿਰ ਨਿਗਲ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਦੇ ਭਰਾ ਸ਼ਰਨਪ੍ਰੀਤ ਸਿੰਘ ਨੇ ਦੱਸਿਆ ਕਿ ਉਸਦਾ ਛੋਟਾ ਭਰਾ ਰਮਨਵੀਰ ਚਾਰ ਸਾਲਾਂ ਤੋਂ ਇੱਕ ਲੜਕੀ ਨਾਲ ਪ੍ਰੇਮ ਸਬੰਧਾਂ ਵਿੱਚ ਸੀ। ਦੋਵਾਂ ਦੇ ਪਰਿਵਾਰ ਵੀ ਇਸ ਗੱਲ ਤੋਂ ਜਾਣੂ ਸਨ। ਦੋਵਾਂ ਦੇ ਪਰਿਵਾਰ ਵੀ ਵਿਆਹ ਲਈ ਸਹਿਮਤ ਹੋ ਗਏ ਸਨ। ਕੁਝ ਦਿਨ ਪਹਿਲਾਂ, ਲੜਕੀ ਨੇ ਰਮਨਵੀਰ ਨੂੰ ਫ਼ੋਨ ਕਰਕੇ ਦੱਸਿਆ ਕਿ ਉਹ ਵਿਦੇਸ਼ ਜਾਣਾ ਚਾਹੁੰਦੀ ਹੈ ਅਤੇ ਹੁਣ ਉਸ ਨਾਲ ਕੋਈ ਸਬੰਧ ਨਹੀਂ ਰੱਖਣਾ ਚਾਹੁੰਦੀ। ਰਮਨਵੀਰ ਨੇ ਲੜਕੀ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਨਹੀਂ ਮੰਨੀ ਅਤੇ ਉਸ ਵਿਰੁੱਧ ਕਾਰਵਾਈ ਕਰਨ ਦੀਆਂ ਧਮਕੀਆਂ ਦੇਣ ਲੱਗ ਪਈ। ਇਸ ਤੋਂ ਪਰੇਸ਼ਾਨ ਹੋ ਕੇ, ਰਮਨਵੀਰ ਨੇ ਜ਼ਹਿਰ ਨਿਗਲ ਲਿਆ, ਜਿਸ ਕਾਰਨ ਉਸਦੀ ਮੌਤ ਹੋ ਗਈ। ਇਸ ਸਬੰਧ ਵਿੱਚ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਹੈ।

# ਵਿਸ਼ਵ ਵਿੱਚ ਈਸਾਈਆਂ ਦੀ ਮੌਜੂਦਾ ਗਿਣਤੀ ਕਿਉਂ ਘੱਟ ਰਹੀ ਹੈ ?

## ✪ ਈਸਾਈ ਧਰਮ ਛੱਡਣ ਵਾਲੇ ਲੋਕ ਕਿੱਥੇ ਜਾ ਰਹੇ ਹਨ ? ✪ ਭਵਿੱਖ ਵਿੱਚ ਈਸਾਈ ਧਰਮ ਦੀ ਸਥਿਤੀ ਕੀ ਹੋਵੇਗੀ ? ✪ ਵਿਸ਼ਵ ਵਿੱਚ ਈਸਾਈਆਂ ਦੀ ਮੌਜੂਦਾ ਗਿਣਤੀ ਅਤੇ ਬਦਲਾਅ

ਅੱਜ ਦੀ ਤੇਜ਼ ਰਫ਼ਤਾਰ ਵਾਲੀ ਦੁਨੀਆ ਵਿੱਚ ਧਰਮਾਂ ਦੀ ਡੈਮੋਗ੍ਰਾਫ਼ੀ ਵਿੱਚ ਤੇਜ਼ੀ ਨਾਲ ਬਦਲਾਅ ਆ ਰਹੇ ਨੇ। ਪਿਊ ਰਿਸਰਚ ਸੈਂਟਰ ਵੱਲੋਂ ਜੂਨ 2025 ਵਿੱਚ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ, 2020 ਤੱਕ ਵਿਸ਼ਵ ਵਿੱਚ ਈਸਾਈਆਂ ਦੀ ਗਿਣਤੀ 2.3 ਅਰਬ ਤੱਕ ਪਹੁੰਚ ਗਈ ਸੀ, ਜੋ ਕਿ 2010 ਵਿੱਚ 2.1 ਅਰਬ ਸੀ। ਇਹ ਵਾਧਾ 6 ਫੀਸਦੀ ਦੇ ਕਰੀਬ ਹੈ, ਪਰ ਵਿਸ਼ਵ ਆਬਾਦੀ ਦੇ ਹਿੱਸੇ ਵਜੋਂ ਈਸਾਈਆਂ ਦਾ ਅਨੁਪਾਤ ਘਟ ਕੇ 28.8 ਫੀਸਦੀ ਰਹਿ ਗਿਆ ਹੈ। ਇਸ ਵਿੱਚ ਮੁੱਖ ਤੌਰ ਤੇ ਯੂਰਪ ਅਤੇ ਅਮਰੀਕਾ ਵਰਗੇ ਪੱਛਮੀ ਦੇਸ਼ਾਂ ਵਿੱਚ ਈਸਾਈ ਧਰਮ ਨੂੰ ਛੱਡਣ ਵਾਲੇ ਲੋਕਾਂ ਦੀ ਵਧਦੀ ਗਿਣਤੀ ਕਾਰਨ ਹੈ।

ਹੁਣ 2025 ਵਿੱਚ, ਵੱਖ-ਵੱਖ ਅਨੁਮਾਨਾਂ ਅਨੁਸਾਰ ਈਸਾਈਆਂ ਦੀ ਗਿਣਤੀ ਲਗਭਗ 2.4 ਤੋਂ 2.6 ਅਰਬ ਦੇ ਵਿਚਕਾਰ ਹੋਣ ਦਾ ਅੰਦਾਜ਼ਾ ਲਾਇਆ ਜਾ ਰਿਹਾ ਹੈ। ਲਾਈਫ਼ ਵੇ ਰਿਸਰਚ ਵੱਲੋਂ ਫਰਵਰੀ 2025 ਵਿੱਚ ਜਾਰੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਸ਼ਵ ਵਿੱਚ ਈਸਾਈਆਂ ਦੀ ਗਿਣਤੀ 2.64 ਅਰਬ ਤੋਂ ਵੱਧ ਹੈ ਅਤੇ ਇਹ 2050 ਤੱਕ 3 ਅਰਬ ਨੂੰ ਪਾਰ ਕਰ ਜਾਵੇਗੀ। ਪਰ ਪਿਊ ਰਿਸਰਚ ਦੇ ਪੁਰਾਣੇ ਅਨੁਮਾਨਾਂ ਅਨੁਸਾਰ, 2050 ਤੱਕ ਇਹ ਗਿਣਤੀ 2.9 ਅਰਬ ਹੋਵੇਗੀ। ਵਿਸ਼ਵ ਆਬਾਦੀ ਹੁਣ ਲਗਭਗ 8.1 ਅਰਬ ਹੈ, ਜਿਸ ਵਿੱਚ ਈਸਾਈਆਂ ਦਾ ਹਿੱਸਾ ਘਟਦਾ ਜਾ ਰਿਹਾ ਹੈ।

ਸਬ-ਸਹਾਰਨ ਅਫ਼ਰੀਕਾ ਵਿੱਚ ਈਸਾਈ ਆਬਾਦੀ ਵਿੱਚ ਤੇਜ਼ ਵਾਧਾ ਵੇਖਿਆ ਜਾ ਰਿਹਾ ਹੈ, ਜਿੱਥੇ 2020 ਤੱਕ ਵਿਸ਼ਵ ਦੇ 30.7 ਫੀਸਦੀ ਈਸਾਈ ਵੱਸ ਰਹੇ ਸਨ, ਜਦਕਿ ਯੂਰਪ ਵਿੱਚ ਇਹ ਅੰਕੜਾ ਘਟ ਕੇ 22.3 ਫੀਸਦੀ ਰਹਿ ਗਿਆ। ਇਸ ਤੋਂ ਇਲਾਵਾ, ਅਮਰੀਕਾ ਵਿੱਚ ਈਸਾਈਆਂ ਦਾ ਅਨੁਪਾਤ 14 ਅੰਕ ਘਟ ਗਿਆ ਅਤੇ ਆਸਟ੍ਰੇਲੀਆ ਵਿੱਚ 20 ਅੰਕ। ਇਹ ਬਦਲਾਅ ਵਿਸ਼ਵ ਡੈਮੋਗ੍ਰਾਫ਼ੀ ਨੂੰ ਨਵਾਂ ਰੂਪ ਦੇ ਰਹੇ ਨੇ। ਈਸਾਈ ਬਹੁਗਿਣਤੀ ਵਾਲੇ ਦੇਸ਼ਾਂ ਦੀ ਗਿਣਤੀ 2010 ਵਿੱਚ 124 ਤੋਂ ਘਟ ਕੇ 2020 ਵਿੱਚ 120 ਹੋ ਗਈ ਹੈ। ਬ੍ਰਿਟੇਨ, ਫਰਾਂਸ, ਆਸਟ੍ਰੇਲੀਆ ਅਤੇ ਉਰੂਗਵੇ ਵਰਗੇ ਦੇਸ਼ਾਂ ਵਿੱਚ ਈਸਾਈ ਆਬਾਦੀ 50 ਫੀਸਦੀ ਤੋਂ ਹੇਠਾਂ ਆ ਗਈ ਹੈ। ਇਸ ਨਾਲ ਧਰਮ ਨਿਰਪੇਖਤਾ ਵੱਲ ਰੁਝਾਨ ਵਧ ਰਿਹਾ ਹੈ।

ਇਹਨਾਂ ਬਦਲਾਵਾਂ ਨੂੰ ਸਮਝਣ ਲਈ ਅਸੀਂ ਵੱਖ-ਵੱਖ ਅਧਿਐਨਾਂ ਨੂੰ ਵੇਖਦੇ ਹਾਂ। ਅਮਰੀਕਾ ਵਿੱਚ ਪਿਊ ਰਿਸਰਚ ਦੇ ਫਰਵਰੀ 2025 ਦੇ ਸਰਵੇ ਅਨੁਸਾਰ, ਈਸਾਈਆਂ ਦਾ ਅਨੁਪਾਤ 62 ਫੀਸਦੀ ਹੈ, ਜੋ ਕਿ 2007 ਵਿੱਚ 78 ਫੀਸਦੀ ਸੀ। ਹਾਲਾਂਕਿ ਹੁਣ ਇਹ ਗਿਰਾਵਟ ਰੁਕ ਗਈ ਵਾਂਗ ਲੱਗ ਰਹੀ ਹੈ। ਫਿਰ ਵੀ, ਨੌਜਵਾਨ ਪੀੜ੍ਹੀ ਵਿੱਚ ਧਰਮ ਛੱਡਣ ਵਾਲੇ ਵੱਧ ਰਹੇ ਨੇ। ਇਸ ਨਾਲ ਵਿਸ਼ਵ ਪੱਧਰ ਤੇ ਈਸਾਈ ਧਰਮ ਦੀ ਸਥਿਤੀ ਬਾਰੇ ਚਿੰਤਾ ਵਧ ਰਹੀ ਹੈ। ਇਸ ਅਧਿਐਨ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਅਫ਼ਰੀਕਾ ਅਤੇ ਏਸ਼ੀਆ ਵਿੱਚ ਵਾਧਾ ਜਾਰੀ ਹੈ, ਜਿੱਥੇ ਜਨਮ ਦਰ ਵੱਧ ਹੈ ਅਤੇ ਧਰਮ ਪ੍ਰਚਾਰ ਵੀ ਤੇਜ਼ ਹੈ। ਪਰ ਪੱਛਮੀ ਦੁਨੀਆ ਵਿੱਚ ਇਹ ਉਲਟ ਹੈ।

ਈਸਾਈ ਧਰਮ ਵਿੱਚ ਗਿਰਾਵਟ ਦੇ ਕਈ ਕਾਰਨ ਨੇ, ਜਿਨ੍ਹਾਂ ਵਿੱਚ ਮੁੱਖ ਧਰਮ ਛੱਡਣਾ ਅਤੇ ਸੈਕੂਲਰਾਈਜ਼ੇਸ਼ਨ ਹੈ। ਪਿਊ ਰਿਸਰਚ ਦੀ ਰਿਪੋਰਟ ਅਨੁਸਾਰ, ਗਿਰਾਵਟ ਦਾ ਮੁੱਖ ਕਾਰਨ ਧਰਮ ਨਿਰਪੇਖਤਾ ਵੱਲ ਰੁਝਾਨ ਹੈ, ਖਾਸ ਕਰ ਅਮਰੀਕਾ ਅਤੇ ਯੂਰਪ ਵਿੱਚ। ਲੱਖਾਂ ਲੋਕ ਈਸਾਈ ਧਰਮ ਛੱਡ ਰਹੇ ਨੇ ਅਤੇ ਆਪਣੇ ਆਪ ਨੂੰ ਕਿਸੇ ਵੀ ਧਰਮ ਨਾਲ ਨਹੀਂ ਜੋੜ ਰਹੇ। ਇਸ ਨਾਲ ਈਸਾਈ ਬਹੁਗਿਣਤੀ ਵਾਲੇ ਦੇਸ਼ਾਂ ਵਿੱਚ ਬਦਲਾਅ ਆ ਰਿਹਾ ਹੈ।

ਦੂਜਾ ਵੱਡਾ ਕਾਰਨ ਚਰਚ ਵਿੱਚ ਹੋਏ ਸੈਕਸੂਅਲ ਅਬਿਊਜ਼ ਸਕੈਂਡਲ ਨੇ, ਜਿਨ੍ਹਾਂ ਨੇ ਲੋਕਾਂ ਦਾ ਈਸਾਈ ਧਰਮ ਉਪਰ ਵਿਸ਼ਵਾਸ ਖਤਮ ਕਰ ਦਿੱਤਾ ਹੈ। ਚਿਲੀ ਵਰਗੇ ਦੇਸ਼ਾਂ ਵਿੱਚ ਇਹਨਾਂ ਸਕੈਂਡਲਾਂ ਕਾਰਨ ਈਸਾਈ ਧਰਮ ਵਿੱਚ ਗਿਰਾਵਟ ਆਈ ਹੈ। ਲੋਕ ਚਰਚਾਂ ਨੂੰ ਛੱਡ ਰਹੇ ਨੇ ਕਿਉਂਕਿ ਉਹਨਾਂ ਨੂੰ ਲੱਗਦਾ ਹੈ ਕਿ ਧਾਰਮਿਕ ਆਗੂ ਆਪਣੀਆਂ ਗਲਤੀਆਂ ਨੂੰ ਲੁਕਾਉਣ ਵਿੱਚ ਲੱਗੇ ਨੇ। ਇਸ ਤੋਂ ਇਲਾਵਾ, ਵਿਗਿਆਨ ਅਤੇ ਸਿੱਖਿਆ ਦੇ ਵਿਕਾਸ ਨਾਲ ਲੋਕ ਧਾਰਮਿਕ ਵਿਸ਼ਵਾਸਾਂ ਨੂੰ ਸਵਾਲ ਕਰਨ ਲੱਗ ਪਏ ਨੇ। ਕਈ ਲੋਕਾਂ ਨੂੰ ਬਾਈਬਲ ਵਿੱਚ ਵਿਰੋਧਾਭਾਸ ਲੱਗਦੇ ਨੇ ਅਤੇ ਦੁਨੀਆ ਵਿੱਚ ਮੌਜੂਦ ਦੁੱਖ-ਦਰਦ ਨੂੰ ਧਰਮ ਨਾਲ ਜੋੜ ਨਹੀਂ ਪਾ ਰਹੇ।

ਤੀਜਾ ਕਾਰਨ ਪੱਛਮੀ ਦੁਨੀਆ ਵਿੱਚ ਘੱਟ ਜਨਮ ਦਰ ਅਤੇ ਵਧਦੀ ਉਮਰ ਵਾਲੀ ਆਬਾਦੀ ਹੈ। ਯੂਰਪ ਵਿੱਚ ਈਸਾਈ ਆਬਾਦੀ ਬੁੱਢੀ ਹੋ ਰਹੀ ਹੈ ਅਤੇ ਨੌਜਵਾਨ ਧਰਮ ਛੱਡ ਰਹੇ ਨੇ। ਇੰਗਲੈਂਡ ਅਤੇ ਵੇਲਜ਼ ਵਿੱਚ ਈਸਾਈ ਆਬਾਦੀ ਦੀ ਗਿਰਾਵਟ ਵਿੱਚ ਉਮਰ ਵੀ ਇੱਕ ਵੱਡਾ ਕਾਰਕ ਹੈ। ਇਸ ਨਾਲ ਈਸਾਈ ਧਰਮ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਮੁਸ਼ਕਲ ਆ ਰਹੀ ਹੈ। ਇਸ ਤੋਂ ਇਲਾਵਾ, ਇਸਲਾਮ ਅਤੇ ਹੋਰ ਧਰਮਾਂ ਦਾ ਤੇਜ਼ ਵਾਧਾ ਵੀ ਈਸਾਈਆਂ ਦੇ ਅਨੁਪਾਤ ਨੂੰ ਘਟਾ ਰਿਹਾ ਹੈ। ਪਿਊ ਰਿਸਰਚ ਅਨੁਸਾਰ, ਇਸਲਾਮ ਸਭ ਤੋਂ ਤੇਜ਼ ਵਧ ਰਿਹਾ ਧਰਮ ਹੈ।

ਚੌਥਾ ਕਾਰਨ ਚਰਚਾਂ ਵਿੱਚ ਖਰਾਬ ਅਨੁਭਵ ਨੇ। ਕਈ ਲੋਕਾਂ ਨੇ ਚਰਚ ਵਿੱਚ ਵਿਤਕਰੇ, ਰਾਜਨੀਤੀ ਅਤੇ ਹਿੰਸਾ ਵੇਖ ਕੇ ਧਰਮ ਛੱਡ ਦਿੱਤਾ ਹੈ। ਅਮਰੀਕਾ ਵਿੱਚ ਐਲਜੀਬੀਟੀਕਿਊ ਮੁੱਦੇ ਤੇ ਚਰਚਾਂ ਦੇ ਰਵੱਈਏ ਨਾਲ ਨੌਜਵਾਨ ਔਰਤਾਂ ਧਰਮ ਛੱਡ ਰਹੀਆਂ ਨੇ। ਪਰ ਅਫ਼ਰੀਕਾ ਵਿੱਚ ਵਾਧਾ ਇਸ ਨੂੰ ਸੰਤੁਲਿਤ ਕਰ ਰਿਹਾ ਹੈ।



ਪੰਜਾਬ ਟਾਈਮਜ ਅਨੁਸਾਰ ਕੁਝ ਲੋਕ ਹੋਰ ਧਰਮਾਂ ਵੱਲ ਵੀ ਜਾ ਰਹੇ ਨੇ। ਦੱਖਣੀ ਕੋਰੀਆ, ਸਿੰਗਾਪੁਰ ਅਤੇ ਦੱਖਣੀ ਅਫ਼ਰੀਕਾ ਵਿੱਚ ਕੁਝ ਲੋਕ ਦੂਜੇ ਧਰਮਾਂ ਵੱਲ ਸਵਿੱਚ ਕਰ ਰਹੇ ਨੇ। ਕੋਲੰਬੀਆ ਵਿੱਚ 18-34 ਸਾਲ ਵਾਲੇ 26 ਫੀਸਦੀ ਲੋਕ ਧਰਮ ਛੱਡ ਰਹੇ ਨੇ। ਇਸ ਨਾਲ ਵਿਸ਼ਵ ਵਿੱਚ ਨਿਰਪੇਖ ਲੋਕਾਂ ਦੀ ਗਿਣਤੀ 1.3 ਅਰਬ ਤੱਕ ਪਹੁੰਚ ਗਈ ਹੈ। ਕੁਝ ਖੇਤਰਾਂ ਵਿੱਚ ਇਸਲਾਮ ਵੱਲ ਵੀ ਰੁਝਾਨ ਹੈ, ਪਰ ਗਲੋਬਲ ਤੌਰ ਤੇ ਨਿਰਪੇਖਤਾ ਵੱਡਾ ਰੁਝਾਨ ਹੈ। ਚਰਚਾਂ ਨੂੰ ਨਵੇਂ ਤਰੀਕੇ ਅਪਣਾਉਣੇ ਪੈਣਗੇ ਤਾਂ ਜੋ ਨੌਜਵਾਨਾਂ ਨੂੰ ਜੋੜਿਆ ਜਾ ਸਕੇ। ਇਹ ਬਦਲਾਅ ਵਿਸ਼ਵ ਨੂੰ ਨਵਾਂ ਰੂਪ ਦੇਣਗੇ।

# ਹਰਿਆਣਾ ਸਰਕਾਰ 84 ਕਤਲੇਆਮ ਵਿਚ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਨੂੰ ਦੇਵੇਗੀ ਸਰਕਾਰੀ ਨੌਕਰੀ

## ✪ ਸ਼ਹੀਦੀ ਸਾਲ ਪੂਰੀ ਸ਼ਾਨ ਨਾਲ ਮਨਾਏਗੀ ਹਰਿਆਣਾ ਸਰਕਾਰ

ਜਮਨਾ ਨਗਰ-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੌਰਾਨ ਐਲਾਨ ਕੀਤਾ ਕਿ 1984 ਦੇ ਸਿੱਖ ਕਤਲੇਆਮ ਵਿੱਚ ਜਾਨਾਂ ਗੁਆਉਣ ਵਾਲੇ 121 ਪਰਿਵਾਰਾਂ ਦੇ ਇੱਕ-ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ। ਇਹ ਕਦਮ ਪੀੜਤ ਪਰਿਵਾਰਾਂ ਲਈ ਵੱਡੀ ਰਾਹਤ ਮੰਨਿਆ ਜਾ ਰਿਹਾ ਹੈ। 1984 ਵਿੱਚ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖ ਵਿਰੋਧੀ ਦੰਗਿਆਂ ਵਿੱਚ ਹਰਿਆਣਾ ਵਿੱਚ 121 ਲੋਕ ਮਾਰੇ ਗਏ ਸਨ।





ਇਸ ਦੌਰਾਨ 20 ਗੁਰਦੁਆਰੇ, 221 ਘਰ, 154 ਦੁਕਾਨਾਂ, 57 ਫੈਕਟਰੀਆਂ, 3 ਰੇਲਵੇ ਡੱਬੇ ਅਤੇ 85 ਵਾਹਨ ਸਾੜ ਦਿੱਤੇ ਗਏ। ਸੀਐਮ ਸੈਣੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਦੀ ਯਾਦ ਵਿੱਚ ਇੱਕ ਸਰਕਾਰੀ ਮਤਾ ਪੇਸ਼ ਕੀਤਾ, ਜਿਸ ਨੂੰ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ।

ਮਤੇ ਅਨੁਸਾਰ, ਇਹ ਸ਼ਹੀਦੀ ਸਾਲ ਪੂਰੀ ਸ਼ਾਨ ਨਾਲ ਮਨਾਇਆ ਜਾਵੇਗਾ। ਸਦਨ ਨੇ ਸੋਨੀਪਤ ਦੇ ਪਿੰਡ ਬਡਖਾਲਸਾ ਦੇ ਸ਼ਹੀਦ ਕੁਸ਼ਲ ਸਿੰਘ ਦਹੀਆ ਦੀ ਕੁਰਬਾਨੀ ਨੂੰ ਵੀ ਯਾਦ ਕੀਤਾ, ਜਿਨ੍ਹਾਂ ਨੇ ਮੁਗਲ ਸੈਨਿਕਾਂ ਨੂੰ ਰੋਕਣ ਲਈ ਆਪਣਾ ਸਿਰ ਭੇਟ ਕੀਤਾ, ਜਿਸ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਸੁਰੱਖਿਅਤ ਆਨੰਦਪੁਰ ਸਾਹਿਬ ਪਹੁੰਚਾਇਆ ਜਾ ਸਕਿਆ।

ਇਹ ਐਲਾਨ 1984 ਦੀ ਨਸਲਕੁਸ਼ੀ ਦੇ ਪੀੜਤਾਂ ਲਈ ਨਿਆਂ ਅਤੇ ਸਮਰਥਨ ਦੀ ਦਿਸ਼ਾ ਵਿੱਚ ਹਰਿਆਣਾ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ। ਇਸ ਕਤਲੇਆਮ ਨੇ ਸਿੱਖ ਭਾਈਚਾਰੇ 'ਤੇ ਡੂੰਘੀ ਛਾਪ ਛੱਡੀ, ਅਤੇ ਪੀੜਤ ਪਰਿਵਾਰ ਅਜੇ ਵੀ ਨਿਆਂ ਦੀ ਉਡੀਕ ਕਰ ਰਹੇ ਹਨ।

# ਪੰਜਾਬ ਵਿੱਚ ਹਿੰਦੂਤਵੀ, ਅਕਾਲੀ ਰਾਜਨੀਤੀ ਬਨਾਮ ਪੰਥਕ ਰਾਜਨੀਤੀ ਦਾ ਭਵਿੱਖ ਕੀ ਹੈ ?

## ✪ ਪੰਜਾਬ ਦੀ ਵਾਰਿਸ ਰਾਜਨੀਤਕ ਪਾਰਟੀ ਕੌਣ ? ✪ ਕੀ ਬਾਦਲ ਅਕਾਲੀ ਜਾਂ ਬਾਗੀ ਅਕਾਲੀ ਧੜਾ ਸਿਖ ਪੰਥ ਦਾ ਸਮਰਥਨ ਹਾਸਿਲ ਕਰ ਸਕੇਗਾ ?

**ਬਲਵਿੰਦਰ ਪਾਲ ਸਿੰਘ ਪ੍ਰੋਫੈਸਰ**



ਪੰਜਾਬ, ਜਿਹੜਾ ਭਾਰਤੀ ਸੰਘ ਦਾ ਇਕੱਲਾ ਸਿੱਖ ਬਹੁਗਿਣਤੀ ਵਾਲਾ ਸੂਬਾ ਹੈ, ਅੱਜ ਵੀ ਆਪਣੀ ਵਿਲੱਖਣ ਰਾਜਨੀਤਕ ਅਤੇ ਸਮਾਜੀ ਪਛਾਣ ਨਾਲ ਜੂਝ ਰਿਹਾ ਹੈ। ਪੰਜਾਬ ਹਮੇਸ਼ਾ ਕੇਂਦਰ ਵਲੋਂ ਅਨਿਆਂ ਦਾ ਸ਼ਿਕਾਰ ਰਿਹਾ ਹੈ। ਅੱਜ ਪੰਜਾਬ ਤੇ ਸਿੱਖ ਪੰਥ ਵਿਰੋਧੀ ਨੀਤੀਆਂ ਕਾਰਣ ਅਕਾਲੀ ਦਲ ਦੀ ਹੋਂਦ ਖਤਮ ਹੋ ਚੁਕੀ ਹੈ। ਪੰਜਾਬ ਦੀ ਪ੍ਰਤੀਨਿਧਤਾ ਕਰਨ ਵਾਲੀ ਕੋਈ ਰਾਜਨੀਤਕ ਜਮਾਤ ਨਹੀਂ ਬਚੀ। ਦੂਜੇ ਪਾਸੇ ਹਿੰਦੂ ਰਾਸ਼ਟਰਵਾਦੀ ਰਾਜਨੀਤੀ, ਜੋ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਵਰਗੀਆਂ ਸੰਸਥਾਵਾਂ ਨਾਲ ਜੁੜੀ ਹੋਈ ਹੈ, ਪੰਜਾਬ ਵਿੱਚ ਆਪਣੀਆਂ ਜੜ੍ਹਾਂ ਪੱਕੀਆਂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਇਹ ਰਾਜਨੀਤੀ ਪਿਛਲੇ ਸਮੇਂ ਦੌਰਾਨ ਅਕਾਲੀ ਦਲ ਨਾਲ ਗਠਜੋੜ ਕਰਕੇ ਸਤਾ ਵਿਚ ਆਈ ਸੀ। ਇਸ ਦਾ ਪੰਜਾਬ ਵਿਚ ਅਕਾਲੀ ਗਠਜੋੜ ਬਿਨਾਂ ਕੋਈ ਭਵਿੱਖ ਨਹੀਂ।

ਸਮੇਂ ਦਾ ਸੱਚ ਇਹ ਹੈ ਕਿ ਧੜਿਆਂ ਵਿੱਚ ਵੰਡੀ ਅਕਾਲੀ ਰਾਜਨੀਤੀ ਇਤਿਹਾਸ ਦੀਆਂ ਕਬਰਾਂ ਵਿੱਚ ਜਜ਼ਬ ਹੋ ਚੁੱਕੀ ਹੈ, ਜਿਸ ਦੇ ਮਰ ਕੇ ਉੱਠਣ ਦੀ ਕੋਈ ਉਮੀਦ ਨਹੀਂ ਜਾਪਦੀ। ਅਕਾਲੀ ਦਲ ਦੀ ਲੀਡਰਸ਼ਿਪ ਕਿਹੜਾ ਕੂਕਨੂਸ ਪੰਛੀ ਹੈ ਜੋ ਸੜ ,ਬਲ ਕੇ ਤਬਾਹ ਹੋਕੇ ਫਿਰ ਜੀਅ ਉਠੇਗਾ। ਕੂਕਨੂਸ ਤਾਂ ਗੁਰੂ ਦਾ ਪੰਥ ਹੈ ਜੋ ਅਨੇਕਾਂ ਘਲੂਘਾਰੇ ਅਤੇ ਜ਼ਾਲਮ ਤਾਕਤਾਂ, ਧਾੜਵੀਆਂ ਦਾ ਸਾਹਮਣਾ ਕਰਦਾ, ਤਬਾਹ ਹੁੰਦਾ, ਨਸਲਕੁਸ਼ੀਆਂ ਕਰਾਉਂਦਾ, ਘਲੂਘਾਰਿਆਂ ਦਾ ਸਾਹਮਣਾ ਕਰਦਾ ਅੱਜ ਵੀ ਅਮਰ ਹੈ। ਅੱਜ ਵੀ ਗੁਰੂ ਪੰਥ ਗੁਰੂ ਦੇ ਆਦਰਸ਼ ਉੱਤੇ ਖੜ੍ਹਾ ਹੈ।

ਅਕਾਲੀ ਦਲ ਦੇ ਵਿਨਾਸ਼ ਦਾ ਇਤਿਹਾਸਕ ਵਰਤਾਰਾ ਅਕਾਲੀ ਲੀਡਰਸ਼ਿਪ ਦੀ ਨਲਾਇਕੀ, ਸਮਝੌਤਾਵਾਦੀ ਵਿਹਾਰ ਅਤੇ ਸੱਤਾ ਦੀ ਲਾਲਸਾ, ਸਿੱਖ ਪੰਥ ਦੇ ਏਜੰਡੇ ਨੂੰ ਅਖੋਂ ਪਰੋਖੇ ਕਰਨ ਤੇ ਸਿੱਖ ਵਿਰੋਧੀਆਂ, ਸਿੱਖ ਨਸਲਕੁਸ਼ੀਆਂ ਦੇ ਜ਼ਿੰਮੇਵਾਰ ਦੋਸ਼ੀਆਂ ਦੇ ਹੱਕ ਵਿਚ ਭੁਗਤਣ ਕਾਰਨ ਵਾਪਰਿਆ ਹੈ। ਸਿੱਖ ਪੰਥ ਦੀ ਰੂਹ ਵਿੱਚੋਂ ਅਕਾਲੀ ਦਲ ਖ਼ਤਮ ਹੋ ਚੁੱਕਾ ਹੈ। ਇਹ ਦੁਬਾਰਾ ਜਨਮ ਲਵੇਗਾ, ਇਹ ਅਸੰਭਵ ਜਿਹਾ ਵਰਤਾਰਾ ਜਾਪਦਾ ਹੈ। ਅਕਾਲੀ ਦਲ ਤੇ ਇਸ ਦੀ ਲੀਡਰਸ਼ਿਪ ਕੋਈ ਕੂਕੁਨੂਸ ਨਹੀਂ ਜੋ ਅੱਗ ਵਿਚ ਫਨਾਹ ਹੋਕੇ ਜੀਉਂਦਾ ਹੋ ਸਕੇ। ਜੋ ਅਕਾਲੀ ਲੀਡਰਸ਼ਿਪ ਹੈ, ਭਾਵੇਂ ਕਿਸੇ ਧੜੇ ਨਾ ਸਬੰਧਤ ਹੈ, ਉਹ ਸਤਾ ਚਾਹੁੰਦੀ ਹੈ, ਪਰ ਸਿੱਖ ਪੰਥ ਨੂੰ ਇਹਨਾਂ ਅਕਾਲੀਆਂ ਦੀ ਸਤਾ ਦਾ ਕੀ ਫਾਇਦਾ, ਜਿਸ ਦਾ ਮਾੜਾ ਤੇ ਬਚੇਖਾਣੀ ਸਿਆਸਤ ਦਾ ਦੁਖਾਂਤਕ ਤਜਰਬਾ ਸਿੱਖ ਕੌਮ ਹੰਡਾ ਚੁਕੀ ਹੈ। ਬੇਅਦਬੀਆਂ, ਸੌਦਾ ਕਾਂਡ ਵਿਚ ਇਹਨਾਂ ਦੀ ਸ਼ਮੂਲੀਅਤ ਕਿਸੇ ਨੂੰ ਭੁਲੀ ਨਹੀਂ।

ਪੰਜਾਬ ਦੀ ਰਾਜਨੀਤੀ ਤੇ ਸਿੱਖ ਪੰਥ ਦੇ ਦੁਖਾਂਤ ਨੂੰ ਸਮਝਣ ਲਈ ਇਤਿਹਾਸ ਵੱਲ ਨਿਗਾਹ ਮਾਰਨੀ ਜ਼ਰੂਰੀ ਹੈ। ਆਜ਼ਾਦੀ ਤੋਂ ਬਾਅਦ ਪੰਜਾਬ ਨਾਲ ਕੇਂਦਰ ਸਰਕਾਰ ਨੇ ਹਮੇਸ਼ਾਂ ਅਨਿਆਂ ਕੀਤਾ ਹੈ। ਚਾਹੇ ਰਾਜ ਭਾਸ਼ਾ ਦਾ ਮਸਲਾ ਹੋਵੇ, ਨਦੀਆਂ ਦੇ ਪਾਣੀਆਂ ਦੀ ਵੰਡ ਹੋਵੇ ਜਾਂ ਰਾਜਧਾਨੀ ਚੰਡੀਗੜ੍ਹ ਦਾ ਵਿਵਾਦ, ਪੰਜਾਬ ਨਾਲ ਵਾਰ ਵਾਰ ਵਿਤਕਰਾ ਤੇ ਬੇਇਨਸਾਫ਼ੀ ਕੀਤੀ ਗਈ । 1984 ਵਿੱਚ ਫੌਜੀ ਹਮਲੇ ਅਤੇ ਇਸ ਤੋਂ ਬਾਅਦ ਦਿੱਲੀ ਵਿੱਚ ਸਿੱਖਾਂ ਦੇ ਕਤਲੇਆਮ ਨੇ ਸਿੱਖ ਪੰਥ ਨੂੰ ਡੂੰਘੇ ਜ਼ਖਮ ਦਿੱਤੇ ਹਨ। ਇਸ ਨੇ ਸਿੱਖਾਂ ਵਿੱਚ ਬੇਗਾਨਗੀ, ਨਰਾਜ਼ਗੀ, ਬੇਚੈਨੀ ਨੂੰ ਵਧਾਇਆ ਹੈ ਅਤੇ ਸਿੱਖ ਪੰਥ ਦੇ ਇਕ ਧੜੇ ਵਿਚ ਅਲੱਗਵਾਦ ਵਰਗੇ ਵਿਚਾਰਾਂ ਨੂੰ ਜਨਮ ਦਿੱਤਾ ਹੈ। ਕਾਗਰਸ ਸਤਾ ਕਾਲ ਵੇਲੇ ਕੇਂਦਰੀ ਰਾਜਨੀਤੀ ਨੇ ਪੰਜਾਬ ਨਾਲ ਜੁੜੇ ਅੰਦੋਲਨਾਂ ਨੂੰ ਹਿੰਸਾ ਤੇ ਅੱਤਵਾਦ ਨਾਲ ਜੋੜ ਕੇ ਬਦਨਾਮ ਕੀਤਾ ਸੀ। ਜੋ ਵੀ ਪੰਜਾਬ ਦੇ ਹਿੱਤਾਂ ਲਈ ਲੜਦਾ, ਉਸ ਨੂੰ ਦੇਸ਼ ਦਾ ਗੱਦਾਰ ਕਰਾਰ ਦਿੱਤਾ ਜਾਂਦਾ ਸੀ। ਪੰਜਾਬ ਵਿੱਚ ਫਿਰਕੂ ਗਤੀਵਿਧੀਆਂ ਧਾਰਮਿਕ ਤੇ ਜਾਤੀਵਾਦੀ, ਡੇਰਾਵਾਦ ਦਾ ਉਭਾਰ ਸਿੱਖ ਵਿਰੋਧੀ ਰਾਜਨੀਤੀ ਦਾ ਮਨੋਰਥ ਹੈ।

2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੇ ਅਕਾਲੀ ਦਲ ਬਾਦਲ ਦਲ ਤੋਂ ਅਲੱਗ ਚੋਣ ਲੜਕੇ ਪੰਜਾਬ ਵਿੱਚ ਆਪਣਾ ਵੋਟ ਸ਼ੇਅਰ ਵਧਾਇਆ, ਪਰ ਕੋਈ ਸੀਟ ਨਹੀਂ ਜਿੱਤੀ। ਇਹ ਦਰਸਾਉਂਦਾ ਹੈ ਕਿ ਹਿੰਦੂ ਵੋਟ ਨੂੰ ਇਕਮੁਠ ਕਰਨ ਦੀ ਕੋਸ਼ਿਸ਼ ਪੰਜਾਬ ਵਿਚ ਜਾਰੀ ਹੈ, ਪਰ ਸਿੱਖ ਬਹੁਗਿਣਤੀ ਇਸ ਰਾਜਨੀਤੀ ਦੇ ਉਲਟ ਭੁਗਤਦੀ ਹੈ। ਇਸੇ ਕਰਕੇ ਪੰਜਾਬ ਦੀ ਰਾਜਨੀਤੀ ਭਾਰਤ ਦੇ ਬਾਕੀ ਪ੍ਰਾਤਾਂ ਤੋਂ ਵਖਰਾ ਸਿਆਸੀ ਨੈਰੇਟਿਵ ਤੇ ਸਿਆਸਤ ਸਿਰਜਦੀ ਹੈ।

ਪਰ ਗਲ ਦਿਲਚਸਪ ਹੈ ਕਿ ਅਕਾਲੀ ਦਲ ਨੇ ਭਾਜਪਾ ਦੀ ਪਰੋੜ ਰਾਜਨੀਤੀ ਤੋਂ ਕੁਝ ਨਹੀਂ ਸਿਖਿਆ। ਭਾਜਪਾ ਹਿੰਦੂ ਰਾਜਨੀਤੀ ਤੇ ਏਜੰਡਾ ਲੈਕੇ ਤੁਰੀ, ਪਰ ਸਭ ਹਿੰਦੂ ਭਾਈਚਾਰੇ ਨੂੰ ਆਪਣੇ ਹੱਕ ਵਿਚ ਇਕਠਾ ਕੀਤਾ ਤੇ ਕਦੇ ਵੀ ਸਤਾ ਦੌਰਾਨ ਹਿੰਦੂ ਭਾਈਚਾਰੇ ਖਿਲਾਫ ਨਹੀਂ ਖੜੀ ਹੋਈ। ਇਸ ਦੇ ਉਲਟ ਅਕਾਲੀ ਦਲ ਬਾਦਲ ਕਦੇ ਵੀ ਸਿੱਖ ਪੰਥ ਦੇ ਹਕ ਵਿਚ ਖੜਾ ਨਹੀਂ ਹੋਇਆ। ਵਾਜਪਾਈ ਸਰਕਾਰ ਦੇ ਹੁੰਦਿਆਂ ਨਾ ਪੰਜਾਬ ਦਾ ਕਰਜਾ ਮਾਫ ਕਰਾ ਸਕਿਆ, ਨਾ ਬੰਦੀ ਸਿੱਖ ਰਿਹਾਅ ਕਰਾ ਸਕਿਆ। ਭਾਜਪਾ ਨੇ ਅੱਜ ਤਕ ਕਿਸੇ ਪਾਰਟੀ ਨਾਲ ਬਿਨਾਂ ਸ਼ਰਤ ਸਮਝੌਤਾ ਨਹੀਂ ਕੀਤਾ। ਪਰ ਬਾਦਲ ਦਲ ਇਕ ਲੱਖ ਸਿੱਖਾਂ ਦੀਆਂ ਸ਼ਹਾਦਤਾਂ ਉਪਰੰਤ ਅਨੰਦਪੁਰ ਮਤੇ ਤੋਂ ਬਾਗੀ ਹੋ ਗਿਆ,ਪੰਜਾਬ ਦੀਆਂ ਮੰਗਾਂ ਮਨਵਾਉਣ ਦੀ ਥਾਂ ਬਿਨਾਂ ਸ਼ਰਤ ਭਾਜਪਾ ਨਾਲ ਗਠਜੋੜ ਕਰਦੇ ਰਹੇ।

ਅਕਾਲੀ ਦਲ ਦੇ ਵਿਰੋਧ ਵਿਚ ਪੰਥਕ ਰਾਜਨੀਤੀ-ਅਕਾਲੀ ਦਲ ਦੇ ਢਹਿ ਜਾਣ ਕਾਰਨ ਪੰਥਕ ਰਾਜਨੀਤੀ ਅੰਮ੍ਰਿਤਪਾਲ ਸਿੰਘ ਦੀ ਸਿਆਸਤ ਨਾਲ ਜੁੜ ਕੇ ਉਭਰੀ ਹੈ। ਅੰਮ੍ਰਿਤਪਾਲ ਸਿੰਘ, ਜੋ ਵਾਰਿਸ ਪੰਜਾਬ ਦੇ ਨਾਂ ਹੇਠ ਸਿੱਖ ਯੂਥ ਨੂੰ ਇਕਠਾ ਕਰਨ ਵਾਲੇ ਆਗੂ ਹਨ, ਨੂੰ 2023 ਵਿੱਚ ਐੱਨਐੱਸਏ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਫਿਰ ਵੀ, ਉਹ 2024 ਵਿੱਚ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਚੋਣ ਜਿੱਤ ਗਏ ਤੇ ਫਰੀਦਕੋਟ ਤੋਂ ਸ਼ਹੀਦ ਬੇਅੰਤ ਸਿੰਘ ਦੇ ਬੇਟੇ ਸਰਬਜੀਤ ਸਿੰਘ ਖਾਲਸਾ ਜਿੱਤ ਗਏ। ਇਹ ਜਿੱਤ ਇਕ ਤਰ੍ਹਾਂ ਸਿੱਖ ਭਾਈਚਾਰੇ ਦੀ ਬਾਦਲ ਦਲ ਖਿਲਾਫ ਬਗਾਵਤ ਸੀ। ਜਨਵਰੀ 2025 ਵਿੱਚ ਉਹਨਾਂ ਨੇ ਅਕਾਲੀ ਦਲ (ਵਾਰਿਸ ਪੰਜਾਬ ਦੇ) ਨਾਂ ਨਾਲ ਨਵੀਂ ਪਾਰਟੀ ਲਾਂਚ ਕੀਤੀ, ਜੋ ਪੰਜਾਬ ਦੇ ਖੇਤਰੀ ਹਿੱਤਾਂ ਅਤੇ ਸਿੱਖ ਪਛਾਣ ਨੂੰ ਉਭਾਰਨ ਵੱਲ ਕੇਂਦਰਿਤ ਹੈ। ਇਹ ਰਾਜਨੀਤੀ ਅਕਾਲੀ ਰਾਜਨੀਤੀ ਲਈ ਚੁਣੌਤੀ ਹੈ। ਪਰ ਇਸ ਕੋਲ ਬੋਧਿਕ ਲੀਡਰਸ਼ਿਪ ਦੀ ਘਾਟ ਹੈ। ਇਹ ਸਮਾਂ ਹੀ ਦਸੇਗਾ ਕਿ ਇਹ ਪਾਰਟੀ ਕਿੰਨੀ ਕੁ ਸਫਲ ਹੁੰਦੀ ਹੈ। ਇਸ ਦਾ ਭਵਿੱਖ ਕੀ ਹੈ ?

ਦੂਜੇ ਪਾਸੇ, ਖਾਲਿਸਤਾਨ ਦੇ ਡਰ ਦਾ ਨੈਰੇਟਿਵ ਜੋ ਮਿਥਿਆ ਗਿਆ ਹੈ,ਉਹ ਹਿੰਦੂਤਵ ਰਾਜਨੀਤੀ ਦੇ ਉਭਾਰ ਲਈ ਇੱਕ ਮਜ਼ਬੂਤ ਏਜੰਡਾ ਬਣਿਆ ਹੋਇਆ ਹੈ। ਇਸ ਨੈਰੇਟਿਵ ਦੀ ਉਪਯੋਗਤਾ ਅਸਲ ਵੱਖਵਾਦੀ ਖ਼ਤਰਿਆਂ ਵਿੱਚ ਨਹੀਂ, ਬਲਕਿ ਹਿੰਦੂ ਭਾਈਚਾਰੇ ਨੂੰ ਇਕੱਠਾ ਕਰਨ, ਪੰਜਾਬ ਵਿਚ ਰਾਸ਼ਟਰਵਾਦੀ ਸਿਆਸਤ ਸਿਰਜਣ ਵਿਚ ਹੈ। ਜਦ ਕਿ ਖਾਲਿਸਤਾਨ ਅੰਦੋਲਨ ਪੰਜਾਬ ਵਿਚ ਨਾਰੇਬਾਜ਼ੀ ਤਕ ਸੀਮਤ ਹੈ।

ਬਾਗੀ ਅਕਾਲੀ ਦਲ ਬਾਦਲ ਰਾਜਨੀਤੀ ਨੂੰ ਨੁਕਸਾਨ ਪਹੁੰਚਾਏਗਾ-ਭਾਰਤ ਦੇ ਹੋਰ ਹਿੱਸਿਆਂ ਵਿੱਚ ਖੇਤਰੀ ਪਾਰਟੀਆਂ ਨੇ ਹਿੰਦੂਤਵ ਦੇ ਕੇਂਦਰੀਕਰਨ ਵਿਰੁੱਧ ਵਿਰੋਧ ਪ੍ਰਦਾਨ ਕੀਤਾ ਹੈ। ਤਾਮਿਲਨਾਡੂ ਵਿੱਚ ਡੀਐੱਮਕੇ, ਬੰਗਾਲ ਵਿੱਚ ਟੀਐੱਮਸੀ ਅਤੇ ਉੱਤਰ ਪ੍ਰਦੇਸ਼ ਵਿੱਚ ਐੱਸਪੀ ਨੇ ਹਿੰਦੂਤਵੀ ਰਾਜਨੀਤੀ ਨੂੰ ਚੁਣੌਤੀ ਦਿੱਤੀ ਹੈ। ਪਰ ਪੰਜਾਬ ਵਿੱਚ ਖੇਤਰਵਾਦ ਦਾ ਏਜੰਡਾ ਨਹੀਂ ਉਭਰਿਆ। ਇਸ ਦਾ ਕਾਰਨ ਅਕਾਲੀ ਦਲ ਦੀ ਵੰਡੀਆਂ, ਨਿਘਾਰ ਤੇ ਪੰਥਕ ਅਧਾਰ ਗੁਆਉਣਾ ਹੈ। ਅਗਸਤ 2025 ਵਿੱਚ ਅਕਾਲੀ ਦਲ ਵਿੱਚ ਵੱਡੇ ਵਿਵਾਦ ਹੋਏ ਹਨ।

ਅਕਾਲੀ ਰਾਜਨੀਤੀ ਸੁਖਬੀਰ ਸਿੰਘ ਬਾਦਲ ਵਾਲੇ ਧੜੇ ਅਤੇ ਬਾਗੀ ਧੜੇ ਵਿੱਚ ਵੰਡ ਹੋ ਗਈ ਹੈ। ਬਾਗੀਆਂ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਨਵਾਂ ਪ੍ਰਧਾਨ ਚੁਣਿਆ ਹੈ। ਇਹ ਵੰਡ ਬਾਦਲ ਅਕਾਲੀ ਦਲ ਨੂੰ ਹੋਰ ਨੁਕਸਾਨ ਪਹੁੰਚਾਏਗੀ। ਸੱਚ ਇਹ ਵੀ ਹੈ ਕਿ ਖਾਲਿਸਤਾਨੀ ਧੜਿਆਂ ਵਲੋਂ ਅਨੰਦਪੁਰ ਮਤੇ ਦਾ ਵਿਰੋਧ ਕਾਰਣ ਅਕਾਲੀ ਰਾਜਨੀਤੀ ਤੇ ਖੇਤਰੀ ਏਜੰਡੇ ਦਾ ਨੁਕਸਾਨ ਹੋਇਆ ਹੈ।ਜਦ ਕਿ ਪੰਜਾਬ ਨੂੰ ਖੇਤਰੀ ਏਜੰਡੇ ਤੇ ਖੇਤਰੀ ਰਾਜਨੀਤਕ ਪਾਰਟੀ ਦੀ ਲੋੜ ਹੈ।

ਪੰਜਾਬ ਦੀ ਸਾਂਝੀ ਰਾਜਨੀਤੀ ਖਲਾਅ ਵਿਚ ਕਿਉਂ ?-ਤੀਸਰਾ ਕਾਰਨ ਪੰਜਾਬ ਦੀ ਧਾਰਮਿਕ ਅਤੇ ਜਾਤੀ ਵੰਡ ਹੈ। ਪੰਜਾਬ ਵਿੱਚ ਸਿੱਖ, ਹਿੰਦੂ, ਦਲਿਤ ਅਤੇ ਹੋਰ ਭਾਈਚਾਰੇ ਵੱਖ ਵੱਖ ਰਾਜਨੀਤਕ ਏਜੰਡੇ ਉੱਤੇ ਵੰਡੇ ਹੋਏ ਹਨ। ਇਸੇ ਕਰਕੇ ਪੰਜਾਬ ਦਾ ਸਾਂਝਾ ਸਿਆਸੀ ਏਜੰਡਾ ਨਹੀਂ ਬਣ ਸਕਿਆ। ਇਸ ਕਾਰਣ ਪੰਜਾਬ ਦੇ ਹਿੱਤਾਂ ਦਾ ਨੁਕਸਾਨ ਹੋਇਆ ਹੈ। ਵੱਡੀ ਗੱਲ ਇਹ ਹੈ ਕਿ ਅਕਾਲੀ ਧੜੇ ਖੇਤਰਵਾਦ ਨੂੰ ਮਜ਼ਬੂਤ ਕਰਨ ਦੀ ਬਜਾਏ ਭਾਜਪਾ ਨਾਲ ਗੱਠਜੋੜ ਕਰਨ ਲਈ ਪਬਾਂ ਭਾਰ ਹਨ। ਉਹਨਾਂ ਦੀ ਇਛਾ ਵੀ ਇਹੀ ਹੈ। ਇਹ ਆਪ ਹਾਈਕਮਾਂਡ ਨੂੰ ਪਹੁੰਚ ਕਰ ਰਹੇ ਹਨ ਸਾਡੇ ਨਾਲ ਸਮਝੌਤਾ ਕੀਤਾ ਜਾਵੇ। ਖੇਤਰੀ ਏਜੰਡਾ ਤੇ ਉਸ ਉਪਰ ਪਹਿਰੇਦਾਰੀ ਅਕਾਲੀ ਰਾਜਨੀਤੀ ਦਾ ਮਨੋਰਥ ਨਹੀਂ ਰਿਹਾ। ਇਸ ਕਾਰਨ ਸਿੱਖ ਅਤੇ ਪੰਜਾਬੀ ਇਨ੍ਹਾਂ ਉੱਤੇ ਵਿਸ਼ਵਾਸ ਨਹੀਂ ਕਰਦੇ। ਭਾਜਪਾ ਇਨ੍ਹਾਂ ਦੇ ਸਿਆਸੀ ਨਿਘਾਰ ਕਾਰਣ ਇਨ੍ਹਾਂ ਅਕਾਲੀ ਧੜਿਆਂ ਨਾਲ ਹਾਲ ਦੀ ਘੜੀ ਸਮਝੌਤਾ ਕਰਨ ਨੂੰ ਤਿਆਰ ਨਹੀਂ।

ਕਿਸਾਨ ਯੂਨੀਅਨਾਂ ਵਿਚੋਂ ਖੇਤਰੀ ਸਿਆਸਤ ਦਾ ਉਭਾਰ ਮੁਸ਼ਕਲ-ਹਾਲਾਂਕਿ ਕਿਸਾਨ ਅੰਦੋਲਨ ਕੇਂਦਰੀ ਰਾਜਨੀਤੀ ਲਈ ਚੈਲਿੰਜ ਹੈ। 2020-21 ਦੇ ਅੰਦੋਲਨ ਨੇ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਏ ਸਨ। 2024-25 ਵਿੱਚ ਵੀ ਕਿਸਾਨ ਅੰਦੋਲਨ ਜਾਰੀ ਰਿਹਾ ਸੀ। ਐੱਮਐੱਸਪੀ ਦੀ ਗਰੰਟੀ, ਕਰਜ਼ਾ ਮੁਆਫੀ ਅਤੇ ਭੂਮੀ ਨੀਤੀਆਂ ਵਿਰੁੱਧ ਪ੍ਰਦਰਸ਼ਨ ਹੁਣ ਵੀ ਹੋ ਰਹੇ ਹਨ। ਮਾਰਚ 2025 ਵਿੱਚ ਪੰਜਾਬ ਪੁਲਿਸ ਨੇ ਕਿਸਾਨ ਮੋਰਚਾ ਡੰਡੇ ਦੀ ਤਾਕਤ ਨਾਲ ਖਿੰਡਾਅ ਦਿਤਾ ਸੀ, ਲੀਡਰਸ਼ਿਪ ਦੀਆਂ ਗ੍ਰਿਫਤਾਰੀਆਂ ਕੀਤੀਆਂ। ਅਗਸਤ 2025 ਵਿੱਚ ਪੰਜਾਬ ਸਰਕਾਰ ਨੂੰ ਕਿਸਾਨ ਅੰਦੋਲਨ ਕਾਰਣ ਲੈਂਡ ਪੂਲਿੰਗ ਪਾਲਿਸੀ 2025 ਵਾਪਸ ਲੈਣੀ ਪਈ ਸੀ, ਜਿਸ ਨੂੰ ਕਿਸਾਨਾਂ ਨੇ ਲੋਕਾਂ ਦੀ ਜਿੱਤ ਕਿਹਾ ਸੀ। ਪਰ ਵੱਖ ਵੱਖ ਧੜਿਆਂ ਵਿੱਚ ਵੰਡੀ ਕਿਸਾਨ ਰਾਜਨੀਤੀ ਆਪਣੀ ਖੇਤਰੀ ਪਾਰਟੀ ਸਿਰਜਣ ਅਤੇ ਅਗਵਾਈ ਕਰਨ ਤੋਂ ਅਸਮਰੱਥ ਹੈ। ਇਸ ਵਲੋਂ ਪਹਿਲਾਂ ਵੀ ਰਾਜਨੀਤੀ ਸਿਰਜਣ ਦੇ ਤਜਰਬੇ ਫੇਲ ਹੋ ਚੁਕੇ ਹਨ ।

ਪੰਜਾਬੀ ਨੂੰ ਖੇਤਰੀ ਰਾਜਨੀਤੀ ਦੀ ਲੋੜ-ਪੰਜਾਬ ਨੂੰ ਇੱਕ ਮਜ਼ਬੂਤ ਖੇਤਰੀ ਰਾਜਨੀਤੀ ਦੀ ਲੋੜ ਹੈ, ਜੋ ਧਾਰਮਿਕ ਅਤੇ ਜਾਤੀ ਵੰਡ ਤੋਂ ਉੱਪਰ ਉੱਠ ਕੇ ਪੰਜਾਬ ਦੇ ਆਰਥਿਕ, ਸਮਾਜੀ, ਬੋਲੀ ਭਾਸ਼ਾ ਤੇ ਸੱਭਿਆਚਾਰਕ ਹਿੱਤਾਂ ਨੂੰ ਸੁਰੱਖਿਅਤ ਕਰੇ। ਪੰਜਾਬ ਨੂੰ ਇਕਮੁਠ ਹੋ ਕੇ ਆਪਣੀ ਖੇਤਰੀ ਰਾਜਨੀਤੀ ਸਿਰਜਣੀ ਚਾਹੀਦੀ ਹੈ। ਨਵੇਂ ਅਕਾਲੀ ਦਲ ਕੋਲ ਵੀ ਬਾਦਲ ਦਲ ਤੋਂ ਟੁੱਟ ਕੇ ਗਏ ਲੀਡਰ ਹਨ, ਜਿਨ੍ਹਾਂ ਦੀ ਮੌਕਾਪ੍ਰਸਤੀ ਤੋਂ ਪੰਥ ਤੇ ਪੰਜਾਬ ਪਹਿਲਾਂ ਹੀ ਨਿਰਾਸ਼ ਹੈ। ਉਹ ਪੰਜਾਬ ਦਾ ਨਵਾਂ ਏਜੰਡਾ ਸਿਰਜ ਕੇ ਖੇਤਰੀ ਰਾਜਨੀਤੀ ਸਿਰਜ ਸਕੇ, ਇਹ ਪੰਜਾਬੀਆਂ ਤੇ ਸਿੱਖ ਪੰਥ ਨੂੰ ਸੁਪਨਿਆ ਵਰਗਾ ਜਾਪਦਾ ਹੈ। ਇਹਨਾਂ ਕੋਲ ਤਾਮਿਲਨਾਡੂ ਵਰਗੇ ਸਟਾਲਨ, ਬੰਗਾਲ ਦੀ ਮਮਤਾ ਬੈਨਰਜੀ ਵਰਗਾ ਲੀਡਰ ਨਹੀਂ ਹੈ ਤੇ ਨਾ ਹੀ ਪੰਜਾਬ ਦੀ ਯੋਗ ਤੇ ਆਦਰਸ਼ਕ ਅਗਵਾਈ ਦੀ ਇੱਛਾ।

ਮਾਮਲਾ ਬਲਾਤਕਾਰ ਤੇ ਵਿਦੇਸ਼ੀ ਫੰਡਿੰਗ ਦਾ

# ਪੁਲਿਸ ਕੇਸ ਅਤੇ ਅਦਾਲਤੀ ਕਾਰਵਾਈਆਂ ਵਿਚ ਫਸਿਆ ਪਖੰਡੀ ਪਾਸਟਰ ਬਜਿੰਦਰ ਸਿੰਘ

## ✪ ਡੇਰੇ ਅਤੇ ਚਮਤਕਾਰਾਂ ਦੀ ਹਕੀਕਤ ਕੀ ਹੈ, ਕਿਵੇਂ ਕਰਦਾ ਸੀ ਗਰੀਬ ਸਿੱਖਾਂ ਦੀਆਂ ਧਰਮ ਤਬਦੀਲੀਆਂ



**ਖਾਸ ਖ਼ਬਰ** ਪਾਸਟਰ ਬਜਿੰਦਰ ਸਿੰਘ ਦੀ ਗ੍ਰਿਫ਼ਤਾਰੀ ਅਤੇ ਬਲਾਤਕਾਰ ਮਾਮਲੇ ਜੈਪੁਰ ਤੇ ਚੰਡੀਗੜ੍ਹ ਤੋਂ ਆਈਆਂ ਤਾਜ਼ਾ ਖ਼ਬਰਾਂ ਵਿੱਚ ਪੰਜਾਬ ਦੇ ਨਾਮੀ ਪਾਸਟਰ ਬਜਿੰਦਰ ਸਿੰਘ ਨੂੰ ਰਾਜਸਥਾਨ ਪੁਲਿਸ ਨੇ ਧਰਮ ਤਬਦੀਲੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਹੈ। ਇਹ ਉਹੀ ਬਜਿੰਦਰ ਸਿੰਘ ਹੈ ਜੋ ਪਹਿਲਾਂ ਬਲਾਤਕਾਰ ਦੇ ਇੱਕ ਵੱਡੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਮਾਨਸਾ ਜੇਲ੍ਹ ਵਿੱਚ ਕੱਟ ਰਿਹਾ ਸੀ । ਬੀਤੇ ਦਿਨੀਂ ਰਾਜਸਥਾਨ ਦੀ ਭਰਤਪੁਰ ਪੁਲਿਸ ਨੇ ਉਸ ਨੂੰ ਪ੍ਰੋਡਕਸ਼ਨ ਵਾਰੰਟ ਤੇ ਲਿਆ ਕੇ ਅਦਾਲਤ ਵਿੱਚ ਪੇਸ਼ ਕੀਤਾ ਤੇ ਹੁਣ ਉਸ ਨੂੰ 15 ਦਿਨਾਂ ਦੀ ਨਿਆਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਇਹ ਮਾਮਲਾ 12 ਫਰਵਰੀ 2024 ਨੂੰ ਭਰਤਪੁਰ ਦੇ ਸੇਨਾਰ ਹਵੇਲੀ ਵਿੱਚ ਸਾਹਮਣੇ ਆਇਆ ਸੀ, ਜਿੱਥੇ ਗਰੀਬ ਤੇ ਬੀਮਾਰ ਲੋਕਾਂ ਨੂੰ ਧਰਮ ਪਰਿਵਰਤਨ ਲਈ ਉਕਸਾਇਆ ਜਾਂਦਾ ਸੀ ਜੋ ਕਿ ਜ਼ਿਆਦਾਤਰ ਸਿੱਖ ਧਰਮ ਨਾਲ ਸਬੰਧਤ ਸਨ। ਪੁਲਿਸ ਨੇ ਐਫਆਈਆਰ ਦਰਜ ਕੀਤੀ ਤੇ ਜਾਂਚ ਵਿੱਚ ਬਜਿੰਦਰ ਦੀ ਭੂਮਿਕਾ ਸਾਹਮਣੇ ਆਈ। ਉਸ ਨੂੰ ਗਰੀਬਾਂ ਨੂੰ ਪੈਸੇ ਦੇ ਕੇ ਧਰਮ ਬਦਲਵਾਉਣ ਵਾਲੇ ਨੈੱਟਵਰਕ ਨਾਲ ਜੋੜਿਆ ਗਿਆ ਹੈ ਤੇ ਵਿਦੇਸ਼ ਤੋਂ ਫੰਡਿੰਗ ਵੀ ਆਉਂਦੀ ਸੀ ਉਸ ਦੇ ਖਾਤਿਆਂ ਵਿੱਚ।

### ਕੌਣ ਹੈ ਬਜਿੰਦਰ ਸਿੰਘ, ਕਿਵੇਂ ਪਾਸਟਰ ਬਣਿਆ, ਡੇਰਾ ਖੋਲਿਆ

ਬਜਿੰਦਰ ਦਾ ਜਨਮ 10 ਸਤੰਬਰ 1982 ਨੂੰ ਹਰਿਆਣਾ ਦੇ ਯਮੁਨਾਨਗਰ ਵਿੱਚ ਇੱਕ ਜੱਟ ਸਿੱਖ ਘਰਾਣੇ ਵਿੱਚ ਹੋਇਆ ਸੀ। ਉਸ ਨੇ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਪਰ ਜਵਾਨੀ ਵਿੱਚ ਗਲਤ ਸੰਗਤ ਵਿੱਚ ਪੈ ਕੇ ਮਰਡਰ ਕੇਸ ਵਿੱਚ ਜੇਲ੍ਹ ਗਿਆ। ਉੱਥੇ ਇੱਕ ਪਾਸਟਰ ਨਾਲ ਮੁਲਾਕਾਤ ਹੋਈ ਤੇ ਉਹ ਕ੍ਰਿਸ਼ਚੀਅਨ ਬਣ ਗਿਆ। 2012 ਵਿੱਚ ਜੇਲ੍ਹ ਤੋਂ ਬਾਹਰ ਆ ਕੇ ਉਸ ਨੇ ਪ੍ਰੀਚਿੰਗ ਸ਼ੁਰੂ ਕੀਤੀ ਤੇ ਆਪਣੇ ਆਲੇ-ਦੁਆਲੇ ਲੱਖਾਂ ਫਾਲੋਅਰਜ਼ ਇਕੱਠੇ ਕਰ ਲਏ। ਪਰ ਇਸ ਸਭ ਦੇ ਪਿੱਛੇ ਇੱਕ ਹਨੇਰਾ ਪਾਸਾ ਵੀ ਸੀ। ਬਲਾਤਕਾਰ ਦੇ ਮਾਮਲੇ ਵਿੱਚ ਉਸ ਨੂੰ 1 ਅਪ੍ਰੈਲ 2025 ਨੂੰ ਉਮਰ ਕੈਦ ਦੀ ਸਜ਼ਾ ਮਿਲੀ। ਪੀੜਤ ਔਰਤ ਨੇ ਦੱਸਿਆ ਕਿ ਬਜਿੰਦਰ ਨੇ ਉਸ ਨੂੰ ਵਿਦੇਸ਼ ਭੇਜਣ ਦੇ ਬਹਾਨੇ ਆਪਣੇ ਘਰ ਬੁਲਾਇਆ, ਨਸ਼ੀਲੀ ਵਸਤੂ ਦੇ ਕੇ ਰੇਪ ਕੀਤਾ ਤੇ ਵੀਡੀਓ ਬਣਾ ਕੇ ਬਲੈਕਮੇਲ ਕੀਤਾ। ਇਹ ਕੰਮ ਕਈ ਵਾਰੀ ਹੋਇਆ ਤੇ ਅਦਾਲਤ ਨੇ ਉਸ ਨੂੰ ਦੋਸ਼ੀ ਠਹਿਰਾਇਆ ਸੀ। ਔਰਤ ਨੇ ਦੱਸਿਆ ਕਿ ਉਹ ਚਰਚ ਵਿੱਚ ਵਲੰਟੀਅਰ ਸੀ ਤੇ ਬਜਿੰਦਰ ਨੇ ਉਸ ਨੂੰ ਆਪਣੀ ਪਾਵਰ ਵਰਤ ਕੇ ਫਸਾਇਆ। ਇਸ ਤੋਂ ਇਲਾਵਾ ਹੋਰ ਵੀ ਔਰਤਾਂ ਨੇ ਉਸ ਉਪਰ ਸੈਕਸੁਅਲ ਹਰੈਸਮੈਂਟ ਦੇ ਦੋਸ਼ ਲਾਏ ਸਨ, ਜਿਵੇਂ ਫਰਵਰੀ 2025 ਵਿੱਚ ਇੱਕ 21 ਸਾਲਾਂ ਦੀ ਔਰਤ ਨੇ ਕਪੂਰਥਲਾ ਵਿੱਚ ਐਫਆਈਆਰ ਦਰਜ ਕਰਵਾਈ। ਬਜਿੰਦਰ ਨੇ ਆਪਣੇ ਆਲੇ-ਦੁਆਲੇ ਇੱਕ ਵੱਡਾ ਨੈੱਟਵਰਕ ਬਣਾਇਆ ਸੀ ਜਿੱਥੇ ਉਹ ਔਰਤਾਂ ਨੂੰ ਆਪਣੀ ਪਾਵਰ ਵਰਤ ਕੇ ਨਿਸ਼ਾਨਾ ਬਣਾਉਂਦਾ ਸੀ। ਅਦਾਲਤ ਨੇ ਕਿਹਾ ਕਿ ਉਸ ਨੇ ਪਾਸਟਰ ਵਜੋਂ ਆਪਣੀ ਪੋਜ਼ੀਸ਼ਨ ਦਾ ਗਲਤ ਫਾਇਦਾ ਚੁੱਕਿਆ ਤੇ ਔਰਤਾਂ ਦੀ ਇੱਜ਼ਤ ਨੂੰ ਤਹਿਸ-ਨਹਿਸ ਕੀਤਾ ਸੀ। ਪੀੜਤ ਨੇ ਦੱਸਿਆ ਕਿ ਉਸ ਨੂੰ ਪੈਸੇ ਤੇ ਸਿਆਸੀ ਪ੍ਰੈੱਸ਼ਰ ਨਾਲ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਉਹ ਲੜਦੀ ਰਹੀ ਤੇ ਅਦਾਲਤ ਨੇ ਉਸ ਨੂੰ ਇਨਸਾਫ਼ ਦਿੱਤਾ।

### ਡੇਰੇ ਅਤੇ ਚਮਤਕਾਰਾਂ ਦੀ ਹਕੀਕਤ

ਬਜਿੰਦਰ ਸਿੰਘ ਦਾ ਡੇਰਾ ਜਾਂ ਚਰਚ ਮੁੱਖ ਤੌਰ ਤੇ ਪੰਜਾਬ ਵਿੱਚ ਹੈ। ਉਸ ਨੇ 'ਚਰਚ ਆਫ਼ ਗਲੋਰੀ ਐਂਡ ਵਿਜ਼ਡਮ' ਨਾਂ ਦਾ ਚਰਚ ਬਣਾਇਆ ਜੋ ਤਾਜਪੁਰ, ਜਲੰਧਰ ਤੇ ਮਾਜਰੀ, ਮੋਹਾਲੀ ਵਿੱਚ ਵੱਡੇ ਆਕਾਰ ਵਿੱਚ ਹੈ। ਉਸ ਨੇ ਦਾਅਵਾ ਕੀਤਾ ਸੀ ਕਿ ਉਸ ਦੇ 260 ਬ੍ਰਾਂਚਾਂ ਹਨ ਦੁਨੀਆ ਭਰ ਵਿੱਚ ਜਿਵੇਂ ਅਮਰੀਕਾ, ਯੂਕੇ, ਕੈਨੇਡਾ ਤੇ ਦੁਬਈ ਵਿੱਚ। ਇਹ ਚਰਚ ਐਤਵਾਰ ਤੇ ਵੀਰਵਾਰ ਨੂੰ ਵੱਡੇ ਪ੍ਰੋਗਰਾਮ ਕਰਦੇ ਸਨ ਜਿੱਥੇ ਹਜ਼ਾਰਾਂ ਲੋਕ ਆਉਂਦੇ ਸਨ। ਬਜਿੰਦਰ ਨੂੰ 'ਯੇਸ਼ੂ ਯੇਸ਼ੂ ਪ੍ਰੋਫੈੱਟ' ਕਿਹਾ ਜਾਂਦਾ ਸੀ ਤੇ ਉਹ ਚਮਤਕਾਰ ਵਿਖਾਉਂਦਾ ਸੀ। ਉਹ ਬੀਮਾਰ ਲੋਕਾਂ ਤੇ ਹੱਥ ਰੱਖ ਕੇ ਜਾਂ ਪਾਣੀ ਛਿੜਕ ਕੇ ਚੀਕਦਾ ਸੀ 'ਹਲੇ ਲੂਯਾ' ਤੇ 'ਯੇਸ਼ੂ ਯੇਸ਼ੂ' ਤੇ ਦਾਅਵਾ ਕਰਦਾ ਸੀ ਲੋਕ ਠੀਕ ਹੋ ਗਏ। ਉਸ ਨੇ ਵੀਡੀਓ ਵਿੱਚ ਵਿਖਾਇਆ ਕਿ ਉਹ ਮਰੇ ਬੱਚੇ ਨੂੰ ਜਿਉਂਦਾ ਕਰ ਰਿਹਾ ਹੈ ਪਰ ਬਾਅਦ ਵਿੱਚ ਪਤਾ ਲੱਗਾ ਕਿ ਬੱਚੇ ਨੂੰ ਨਸ਼ੀਲੀ ਵਸਤੂ ਦੇ ਕੇ ਬੇਹੋਸ਼ ਕੀਤਾ ਗਿਆ ਸੀ। ਉਹ ਕਹਿੰਦਾ ਸੀ ਕਿ ਬੀਮਾਰੀਆਂ ਬੁਰੀ ਆਤਮਾਂ ਕਰਕੇ ਹੁੰਦੀਆਂ ਹਨ ਤੇ ਪ੍ਰੇਅਰ ਨਾਲ ਠੀਕ ਹੋ ਜਾਂਦੀਆਂ ਹਨ। ਉਸ ਨੇ ਕੈਂਸਰ, ਏਡਜ਼, ਪੈਰਾਲਿਸਿਸ ਵਰਗੀਆਂ ਬੀਮਾਰੀਆਂ ਠੀਕ ਕੀਤੀਆਂ ਵਿਖਾਈਆਂ ਪਰ ਇਹ ਸਭ ਫੇਕ ਸੀ। ਲੋਕ ਡਾਕਟਰਾਂ ਨੂੰ ਛੱਡ ਕੇ ਉਸ ਕੋਲ ਆਉਂਦੇ ਸਨ ਤੇ ਬਾਅਦ ਵਿੱਚ ਨਿਰਾਸ਼ ਹੁੰਦੇ ਸਨ। ਇੱਕ ਫੈਮਿਲੀ ਨੇ ਦੱਸਿਆ ਕਿ ਉਨ੍ਹਾਂ ਦੀ ਧੀ ਨੂੰ ਕੈਂਸਰ ਸੀ, ਬਜਿੰਦਰ ਨੇ ਪੈਸੇ ਲੈ ਕੇ ਠੀਕ ਕਰਨ ਦਾ ਵਾਅਦਾ ਕੀਤਾ, ਪੂਰੀ ਫੈਮਿਲੀ ਨੂੰ ਇਸਾਈ ਧਰਮ ਵਿਚ ਕਨਵਰਟ ਕਰਵਾਇਆ ਸੀ, ਪਰ ਧੀ ਮਰ ਗਈ। ਉਸ ਨੇ ਯੂਟਿਊਬ ਤੇ ਲੱਖਾਂ ਫਾਲੋਅਰਜ਼ ਬਣਾਏ ਤੇ ਬਾਲੀਵੁੱਡ ਸਟਾਰਸ ਨੂੰ ਆਪਣੇ ਪ੍ਰੋਗਰਾਮਾਂ ਵਿੱਚ ਬੁਲਾਉਂਦਾ ਸੀ। ਪੰਜਾਬ ਵਿੱਚ ਡਾਲਿਟ ਤੇ ਗਰੀਬ ਲੋਕ ਉਸ ਨੂੰ ਮੰਨਦੇ ਸਨ, ਕਿਉਂਕਿ ਉਹ ਵਾਅਦੇ ਕਰਦਾ ਸੀ ਕਿ ਪ੍ਰੇਅਰ ਨਾਲ ਅਮੀਰ ਬਣ ਜਾਓਗੇ ਤੇ ਬੀਮਾਰੀਆਂ ਖ਼ਤਮ ਹੋ ਜਾਣਗੀਆਂ। ਪਰ ਅਸਲ ਵਿੱਚ ਇਹ ਜਾਦੂ-ਟੂਣੇ ਵਰਗੇ ਟਰਿੱਕ ਸਨ ਜਿਨ੍ਹਾਂ ਨਾਲ ਉਹ ਲੋਕਾਂ ਨੂੰ ਧਰਮ ਬਦਲਵਾਉਂਦਾ ਸੀ। ਉਸ ਨੇ ਆਪਣੇ ਚਰਚ ਨੂੰ 'ਵਰਲਡ ਨੰਬਰ ਵਨ ਮਿਨਿਸਟਰੀ' ਕਹਿ ਕੇ ਪ੍ਰਚਾਰ ਕੀਤਾ ਤੇ ਸੋਸ਼ਲ ਮੀਡੀਆ ਤੇ ਵਾਇਰਲ ਵੀਡੀਓਜ਼ ਨਾਲ ਪੈਸੇ ਬਣਾਏ। ਬਹੁਤੇ ਫਾਲੋਅਰਜ਼ ਪੰਜਾਬ ਦੇ ਗਰੀਬ ਵਰਗ ਤੋਂ ਸਨ ਜੋ ਡਰੱਗ ਐਡੀਕਸ਼ਨ ਤੇ ਖੇਤੀ ਸੰਕਟ ਕਰਕੇ ਪਰੇਸ਼ਾਨ ਸਨ। ਉਹ ਕਹਿੰਦਾ ਸੀ ਕਿ ਯੇਸ਼ੂ ਨਾਲ ਸਭ ਠੀਕ ਹੋ ਜਾਵੇਗਾ ਪਰ ਅਸਲ ਵਿੱਚ ਲੋਕਾਂ ਨੂੰ ਧੋਖਾ ਦਿੰਦਾ ਸੀ।

### ਧਰਮ ਤਬਦੀਲੀਆਂ ਅਤੇ ਵਿਦੇਸ਼ੀ ਫੰਡਿੰਗ

ਬਜਿੰਦਰ ਸਿੰਘ ਨੇ ਪੰਜਾਬ ਤੇ ਰਾਜਸਥਾਨ ਵਿੱਚ ਸਿੱਖਾਂ ਤੇ ਹਿੰਦੂਆਂ ਨੂੰ ਨਿਸ਼ਾਨਾ ਬਣਾ ਕੇ ਧਰਮ ਬਦਲੀਆਂ ਕੀਤੀਆਂ। ਉਹ ਗਰੀਬ ਲੋਕਾਂ ਨੂੰ ਪੈਸੇ ਦੇ ਕੇ ਤੇ ਚਮਤਕਾਰ ਵਿਖਾ ਕੇ ਕ੍ਰਿਸ਼ਚੀਅਨ ਬਣਾਉਂਦਾ ਸੀ। ਭਰਤਪੁਰ ਵਿੱਚ ਸੇਨਾਰ ਹਵੇਲੀ ਵਿੱਚ ਉਸ ਨੇ ਵੀਡੀਓਜ਼ ਵਿਖਾ ਕੇ ਲੋਕਾਂ ਨੂੰ ਹਿੰਦੂ ਦੇਵੀ-ਦੇਵਤਿਆਂ ਵਿਰੁੱਧ ਉਕਸਾਇਆ ਤੇ ਬਾਈਬਲ ਵੰਡੀ। ਪੁਲਿਸ ਨੇ ਬਾਈਬਲ ਤੇ ਹੋਰ ਸਾਮੱਗਰੀ ਬਰਾਮਦ ਕੀਤੀ ਤੇ ਕੁਝ ਉਸਦੇ ਈਸਾਈ ਚੇਲਿਆਂ ਨੂੰ ਗ੍ਰਿਫ਼ਤਾਰ ਕੀਤਾ। ਜਾਂਚ ਵਿੱਚ ਪਤਾ ਲੱਗਾ ਕਿ ਬਜਿੰਦਰ ਨੇ ਕਰੋੜਾਂ ਰੁਪਏ ਵਿਦੇਸ਼ ਤੋਂ ਫੰਡਿੰਗ ਲਈ ਤੇ ਉਸ ਨੇ ਅਕਾਊਂਟਸ ਫ੍ਰੀਜ਼ ਕੀਤੇ ਗਏ ਹਨ। ਉਹ ਪੰਜਾਬ ਵਿੱਚ ਤਾਜਪੁਰ ਤੇ ਮਾਜਰੀ ਵਿੱਚ ਗਰੀਬ ਸਿੱਖ ਫੈਮਿਲੀਆਂ ਨੂੰ ਟਾਰਗੇਟ ਕਰਦਾ ਸੀ ਜਿੱਥੇ ਦੁਖੀ ਤੇ ਬੀਮਾਰ ਲੋਕ ਵੱਡੀ ਗਿਣਤੀ ਵਿੱਚ ਆਉਂਦੇ ਸਨ। ਉਹ ਵਾਅਦੇ ਕਰਦਾ ਸੀ ਕਿ ਧਰਮ ਬਦਲਣ ਨਾਲ ਬੀਮਾਰੀਆਂ ਠੀਕ ਹੋ ਜਾਣਗੀਆਂ ਤੇ ਅਮੀਰੀ ਆ ਜਾਵੇਗੀ। ਬਹੁਤੇ ਕਨਵਰਟਸ ਔਫੀਸ਼ੀਅਲ ਨਹੀਂ ਕਰਦੇ ਸਨ ਤਾਂ ਕਿ ਗਵਰਨਮੈਂਟ ਬੈਨੀਫਿਟਸ ਨਾ ਗਵਾਉਣ। ਉਸ ਨੇ ਹਜ਼ਾਰਾਂ ਲੋਕਾਂ ਨੂੰ ਧਰਮ ਬਦਲਵਾਇਆ ਮੁੱਖ ਤੌਰ ਤੇ ਪੰਜਾਬ ਦੇ ਗਰੀਬ ਇਲਾਕਿਆਂ ਵਿੱਚ। ਰਾਜਸਥਾਨ ਵਿੱਚ ਉਸ ਨੇ ਬੱਚਿਆਂ ਤੇ ਔਰਤਾਂ ਨੂੰ ਨਿਸ਼ਾਨਾ ਬਣਾਇਆ ਤੇ ਸਮਾਗਮ ਕੀਤੇ। ਵਿਦੇਸ਼ੀ ਫੰਡਿੰਗ ਨਾਲ ਉਸ ਨੇ ਜ਼ਮੀਨ ਖਰੀਦੀ ਜਿਵੇਂ ਮੋਹਾਲੀ ਵਿੱਚ 4.3 ਕਰੋੜ ਦੀ ਪਲਾਟ। ਇਨਕਮ ਟੈਕਸ ਨੇ ਰੇਡ ਕੀਤੀ ਤੇ ਡਾਕੂਮੈਂਟਸ ਜ਼ਬਤ ਕੀਤੇ। ਉਹ ਐਨਜੀਓ ਵਾਂਗ ਕੰਮ ਕਰਦਾ ਸੀ ਪਰ ਅਸਲ ਵਿੱਚ ਕਨਵਰਜ਼ਨ ਲਈ ਵਰਤਦਾ ਸੀ। ਪੰਜਾਬ ਵਿੱਚ ਉਸ ਨੇ ਸਾਧਾਂ ਦੇ ਡੇਰਿਆਂ ਵਾਂਗ ਆਪਣੇ ਚਰਚ ਬਣਾਏ ਸਨ।

### ਪੁਲਿਸ ਕੇਸ ਅਤੇ ਅਦਾਲਤੀ ਕਾਰਵਾਈਆਂ

ਬਜਿੰਦਰ ਤੇ ਕਈ ਕੇਸ ਦਰਜ ਹਨ। 2006 ਦੌਰਾਨ ਯਮੁਨਾਨਗਰ ਵਿੱਚ ਅਸਾਲਟ ਤੇ ਧੋਖੇਬਾਜ਼ੀ ਦੇ ਦੋਸ਼ ਦਰਜ ਹਨ । 2014 ਵਿੱਚ ਕਰਨਾਲ ਵਿੱਚ ਧਾਰਾ 295ਏ ਅਧੀਨ ਧਰਮ ਦੀ ਨਿੰਦਾ ਕਾਰਣ ਕੇਸ ਦਰਜ ਹੋਇਆ। 2018 ਵਿੱਚ ਜ਼ੀਰਕਪੁਰ ਵਿੱਚ ਰੇਪ ਕੇਸ ਕਾਰਣ ਉਸ ਨੂੰ ਦਿੱਲੀ ਏਅਰਪੋਰਟ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਫਿਰ ਜਮਾਨਤ ਉਪਰ ਬਾਹਰ ਆ ਗਿਆ ਪਰ 2025 ਵਿੱਚ ਗ੍ਰਿਫਤਾਰ ਹੋ ਗਿਆ। ਫਰਵਰੀ 2025 ਵਿੱਚ ਕਪੂਰਥਲਾ ਵਿੱਚ ਛੇੜਛਾੜ, ਸ਼ੋਸ਼ਣ ਦਾ ਕੇਸ ਦਰਜ ਹੈ। ਮਾਰਚ 2025 ਵਿੱਚ ਹਿੰਸਕ ਹਮਲੇ ਦਾ ਵੀਡੀਓ ਵਾਇਰਲ ਹੋਇਆ ਜਿੱਥੇ ਉਸ ਨੇ ਔਰਤ ਨੂੰ ਥੱਪੜ ਮਾਰੇ ਸਨ। 2022 ਵਿੱਚ ਦਿੱਲੀ ਫੈਮਿਲੀ ਨੇ ਫਰਾਡ ਦਾ ਕੇਸ ਕੀਤਾ ਜਿੱਥੇ ਉਸ ਨੇ ਕੈਂਸਰ ਠੀਕ ਕਰਨ ਲਈ ਪੈਸੇ ਲਏ ਪਰ ਧੀ ਮਰ ਗਈ। ਰਾਜਸਥਾਨ ਵਿੱਚ ਧਰਮ ਤਬਦੀਲੀ ਕੇਸ ਵਿੱਚ ਗ੍ਰਿਫ਼ਤਾਰੀ ਹੋਈ ਤੇ ਅਕਾਊਂਟਸ ਫ੍ਰੀਜ਼ ਕੀਤੇ ਗਏ। ਅਦਾਲਤ ਨੇ ਰੇਪ ਕੇਸ ਵਿੱਚ ਕਿਹਾ ਕਿ ਉਸ ਨੇ ਔਰਤਾਂ ਦੀ ਇੱਜ਼ਤ ਨੂੰ ਨੁਕਸਾਨ ਪਹੁੰਚਾਇਆ ਤੇ ਧਰਮ ਦੇ ਨਾਂ ਤੇ ਗਲਤ ਕੰਮ ਕੀਤੇ। ਉਸ ਨੇ ਜਮਾਨਤ ਲਈ ਅਪੀਲ ਕੀਤੀ ਪਰ ਰੱਦ ਹੋ ਗਈ। ਹੁਣ ਪਾਸਟਰ ਮਾਨਸਾ ਜੇਲ੍ਹ ਵਿੱਚ ਹੈ ਤੇ ਰਾਜਸਥਾਨ ਵਿੱਚ ਵੀ ਕੇਸ ਚੱਲ ਰਹੇ ਹਨ। ਇਨਕਮ ਟੈਕਸ ਨੇ ਰੇਡ ਕੀਤੀ ਤੇ ਫੰਡਿੰਗ ਦੀ ਜਾਂਚ ਕੀਤੀ ਸੀ। ਬਜਿੰਦਰ ਨੇ ਆਪਣੇ ਆਰੋਪਾਂ ਨੂੰ ਗਲਤ ਕਿਹਾ ਪਰ ਅਦਾਲਤ ਨੇ ਸਬੂਤਾਂ ਨਾਲ ਦੋਸ਼ੀ ਠਹਿਰਾਇਆ।

# ਚੰਡੀਗੜ੍ਹ ਵਿੱਚ ਰਿਟਾਇਰਡ ਔਰਤ ਨੂੰ 78 ਲੱਖ ਦੀ ਔਨਲਾਈਨ ਠੱਗੀ

## ✪ ਡਿਜੀਟਲ ਅਰੈਸਟ ਵਿੱਚ ਫਸੀ 85 ਸਾਲਾ ਵਾਈਸ ਪ੍ਰਿੰਸੀਪਲ

ਚੰਡੀਗੜ੍ਹ ਵਿੱਚ ਰਹਿੰਦੀ 85 ਸਾਲਾਂ ਵਾਈਸ ਪ੍ਰਿੰਸੀਪਲ ਨੂੰ ਸਾਈਬਰ ਠੱਗਾਂ ਨੇ ਡਿਜੀਟਲ ਅਰੈਸਟ ਵਿੱਚ ਫਸਾ ਕੇ 78 ਲੱਖ ਰੁਪਏ ਠੱਗ ਲਏ। ਉਹ ਇਕੱਲੀ ਰਹਿੰਦੀ ਸੀ, ਪਤੀ ਦੀ ਮੌਤ ਹੋਈ ਅਤੇ ਬੱਚੇ ਬਾਹਰ ਨੌਕਰੀ ਕਰਦੇ ਹਨ। 10 ਜੁਲਾਈ ਨੂੰ ਵੱਟਸਐਪ ਵੀਡੀਓ ਕਾਲ ਆਈ, ਜਿਸ ਵਿੱਚ ਠੱਗਾਂ ਨੇ ਆਪਣੇ ਆਪ ਨੂੰ ਸੀਬੀਆਈ ਅਧਿਕਾਰੀ ਦੱਸਿਆ। ਉਨ੍ਹਾਂ ਨੇ ਕਿਹਾ ਕਿ ਮੁੰਬਈ ਵਿੱਚ ਤੇਰੇ ਨਾਮ ਤੇ ਖਾਤਾ ਖੁੱਲ੍ਹਿਆ ਹੈ ਅਤੇ ਮਨੀ ਲੌਂਡ੍ਰਿੰਗ ਵਿੱਚ ਨਾਮ ਆਇਆ ਹੈ। ਪੀੜਤਾ ਨੇ ਦੱਸਿਆ, "ਉਹ ਮੈਨੂੰ ਹਰ ਪਲ ਵੱਟਸਅਪ ਕਾਲ ਤੇ ਰੱਖਦੇ ਸਨ, ਧਮਕੀਆਂ ਦਿੰਦੇ ਕਿ ਪਰਿਵਾਰ ਨੂੰ ਨੁਕਸਾਨ ਪਹੁੰਚਾਵਾਂਗੇ। ਮੈਂ ਡਰ ਕੇ ਉਨ੍ਹਾਂ ਦੀਆਂ ਗੱਲਾਂ ਵਿੱਚ ਆ ਗਈ ਅਤੇ ਆਪਣੀ ਕਿਰਤ ਨਾਲ ਕਮਾਏ ਪੈਸੇ ਦੇ ਦਿੱਤੇ।" ਇਹ ਡਿਜੀਟਲ ਅਰੈਸਟ ਦਾ ਨਵਾਂ ਰੂਪ ਹੈ, ਜਿੱਥੇ ਠੱਗ ਵੀਡੀਓ ਕਾਲ ਰਾਹੀਂ ਡਰਾ ਕੇ ਨਿਗਰਾਨੀ ਰੱਖਦੇ ਹਨ ਅਤੇ ਪੈਸੇ ਮੰਗਦੇ ਹਨ। ਪੀੜਤਾ ਨੂੰ 5 ਦਿਨ ਘਰ ਵਿੱਚ ਬੰਦ ਰੱਖਿਆ ਗਿਆ, ਫੋਨ ਹਰ ਵੇਲੇ ਚਾਲੂ ਰੱਖਣਾ ਪਿਆ।

ਠੱਗਾਂ ਨੇ ਕਿਵੇਂ ਧੋਖਾ ਕੀਤਾ ਅਤੇ ਧਮਕੀਆਂ ਦਿੱਤੀਆਂ-ਠੱਗਾਂ ਨੇ ਆਪਣੇ ਨਾਂ ਵਿਜੇ ਖੰਨਾ ਅਤੇ ਵਿਸ਼ਾਲ ਗੁਪਤਾ ਦੱਸੇ, ਪੁਲਿਸ ਵਰਦੀ ਪਹਿਨੀ ਅਤੇ ਐੱਸਐੱਚਓ ਤੇ ਜਾਂਚ ਅਧਿਕਾਰੀ ਵਜੋਂ ਪੇਸ਼ ਕੀਤਾ। ਉਨ੍ਹਾਂ ਨੇ ਕਿਹਾ ਕਿ ਤੇਰਾ ਆਧਾਰ ਕਾਰਡ ਨਾਲ ਜਾਅਲੀ ਸਿਮ ਅਤੇ ਬੈਂਕ ਖਾਤਾ ਬਣਾਇਆ ਗਿਆ ਹੈ। ਪੀੜਤਾ ਨੇ ਜਵਾਬ ਦਿੱਤਾ ਕਿ ਉਹ ਮੁੰਬਈ ਨਹੀਂ ਗਈ, ਪਰ ਉਨ੍ਹਾਂ ਨੇ ਐੱਫਆਈਆਰ ਅਤੇ ਗ੍ਰਿਫ਼ਤਾਰੀ ਵਾਰੰਟ ਦਿਖਾ ਕੇ ਡਰਾਇਆ। ਕਿਹਾ ਗਿਆ ਕਿ ਤੇਰਾ ਨਾਂ ਜੈੱਟ ਏਅਰਵੇਜ਼ ਦੇ ਸੀਈਓ ਨਰੇਸ਼ ਗੋਇਲ ਨਾਲ ਜੁੜਿਆ ਹੈ ਅਤੇ ਖਾਤੇ ਵਿੱਚ 6 ਕਰੋੜ ਪਏ ਹਨ। ਉਨ੍ਹਾਂ ਨੇ ਬੈਂਕ ਵੇਰਵੇ ਮੰਗੇ, ਨਹੀਂ ਤਾਂ ਖਾਤੇ ਫ੍ਰੀਜ਼ ਕਰਨ ਅਤੇ ਜਾਇਦਾਦ ਜ਼ਬਤ ਕਰਨ ਦੀ ਧਮਕੀ ਦਿੱਤੀ। ਸੁਪਰੀਮ ਕੋਰਟ ਦੇ ਜਾਅਲੀ ਹੁਕਮ ਅਤੇ ਚੀਫ਼ ਜਸਟਿਸ ਦੀ ਪਟੀਸ਼ਨ ਭੇਜ ਕੇ ਡਰਾਇਆ। ਪੀੜਤਾ ਨੂੰ ਸਹੁੰ ਚੁੱਕੀ ਕਿ ਕਿਸੇ ਨੂੰ ਨਾ ਦੱਸੇ, ਵਰਨਾ ਪਰਿਵਾਰ ਨੂੰ ਨੁਕਸਾਨ ਹੋਵੇਗਾ। ਉਹ ਹਰ ਪਲ ਨਿਗਰਾਨੀ ਰੱਖਦੇ, ਫੋਨ ਚਾਰਜ ਕਰਨ ਤੇ ਵੀ ਪੁੱਛਦੇ ਕਿ ਕਿਉਂ ਹਿੱਲਿਆ ਹੈ। ਇਹ ਧਮਕੀਆਂ ਨਾਲ ਪੀੜਤਾ ਪਾਗਲ ਹੋ ਗਈ ਅਤੇ ਪੈਸੇ ਦੇਣ ਲਈ ਤਿਆਰ ਹੋ ਗਈ।

ਪੈਸੇ ਕਿਵੇਂ ਟ੍ਰਾਂਸਫਰ ਕੀਤੇ ਗਏ ਅਤੇ ਪੀੜਤਾ ਪੁਲਿਸ ਕੋਲ ਪਹੁੰਚੀ-ਪੀੜਤਾ ਨੇ ਡਰ ਕੇ ਬੈਂਕ ਜਾ ਕੇ ਐੱਫਡੀਜ਼ ਤੁੜਵਾਈਆਂ ਅਤੇ ਥੋੜ੍ਹੇ-ਥੋੜ੍ਹੇ ਕਰਕੇ ਪੈਸੇ ਟ੍ਰਾਂਸਫਰ ਕੀਤੇ। ਚਾਰ ਵਾਰੀ ਆਰਟੀਜੀਐੱਸ ਰਾਹੀਂ ਕੈਨਰਾ, ਪੀਐੱਨਬੀ, ਐੱਸਬੀਆਈ ਅਤੇ ਐੱਚਡੀਐੱਫਸੀ ਖਾਤਿਆਂ ਤੋਂ 77.5 ਲੱਖ ਭੇਜੇ। ਬੈਂਕ ਵਾਲੇ ਪੁੱਛਦੇ ਰਹੇ ਪਰ ਉਹ ਚੁੱਪ ਰਹੀ ਅਤੇ ਬੇਟੇ ਨੂੰ ਵੀ ਨਾ ਦੱਸਿਆ। 4 ਦਿਨਾਂ ਵਿੱਚ ਸਾਰੇ ਪੈਸੇ ਦੇ ਦਿੱਤੇ। 14 ਜੁਲਾਈ ਨੂੰ ਬੇਟੇ ਨੂੰ ਦੱਸਿਆ, ਜੋ ਮੁੰਬਈ ਤੋਂ ਵਾਪਸ ਆਇਆ ਅਤੇ ਫੋਨ ਬੰਦ ਕਰ ਕੇ ਅਗਲੇ ਦਿਨ 15 ਜੁਲਾਈ ਨੂੰ ਪੁਲਿਸ ਥਾਣੇ ਗਏ। ਸਾਈਬਰ ਥਾਣੇ ਵਿੱਚ ਐੱਫਆਈਆਰ ਦਰਜ ਹੋਈ ਅਤੇ ਜਾਂਚ ਸ਼ੁਰੂ ਹੋਈ।

ਪੁਲਿਸ ਨੇ ਮਹਾਰਾਸ਼ਟਰ ਤੋਂ ਮੁਲਜ਼ਮ ਗ੍ਰਿਫ਼ਤਾਰ ਕੀਤੇ-ਚੰਡੀਗੜ੍ਹ ਪੁਲਿਸ ਨੇ ਬੈਂਕ ਵੇਰਵਿਆਂ ਤੋਂ ਜਾਂਚ ਕੀਤੀ ਅਤੇ ਮਹਾਰਾਸ਼ਟਰ ਵਿੱਚ ਛਾਪੇ ਮਾਰੇ। 14 ਅਗਸਤ 2025 ਨੂੰ 30 ਸਾਲਾਂ ਸਾਜਿਦ ਅਹਿਮਦ ਪਟੇਲ ਨੂੰ ਗ੍ਰਿਫ਼ਤਾਰ ਕੀਤਾ, ਜਿਸ ਕੋਲੋਂ ਵੀਵੋ ਫੋਨ, ਪੈਨ ਕਾਰਡ ਅਤੇ ਏਟੀਐੱਮ ਬਰਾਮਦ ਹੋਏ। ਉਸ ਤੋਂ ਪੁੱਛਗਿੱਛ ਨਾਲ 37 ਸਾਲਾਂ ਸਈਦ ਰਫ਼ੀਕ ਮੁੱਲਾ ਨੂੰ ਫੜਿਆ, ਜਿਸ ਕੋਲੋਂ ਦੋ ਸੈਮਸੰਗ ਫੋਲਡ ਫੋਨ, ਓਪੋ ਫੋਨ, ਆਧਾਰ, ਪੈਨ ਕਾਰਡ ਅਤੇ ਡਰਾਈਵਿੰਗ ਲਾਇਸੈਂਸ ਮਿਲੇ। ਡੀਐੱਸਪੀ ਵੈਂਕਟੇਸ਼ ਨੇ ਕਿਹਾ ਕਿ ਜਾਂਚ ਚੱਲ ਰਹੀ ਹੈ ਅਤੇ ਹੋਰ ਵੇਰਵੇ ਆ ਸਕਦੇ ਹਨ। ਪੁਲਿਸ ਨੇ ਮੁਲਜ਼ਮਾਂ ਦੇ ਖਾਤਿਆਂ ਤੋਂ ਕੁਝ ਰਕਮ ਜ਼ਬਤ ਕੀਤੀ, ਜੋ ਅਦਾਲਤ ਤੋਂ ਬਾਅਦ ਵਾਪਸ ਮਿਲੇਗੀ।

## ਲੱਕੀ ਪਟਿਆਲ-ਬੰਬੀਹਾ ਗੈਂਗ ਦੇ ਦੋ ਸ਼ੂਟਰ ਮੁੰਬਈ ਤੋਂ ਗ੍ਰਿਫਤਾਰ

ਜਲੰਧਰ-ਕਾਊਂਟਰ ਇੰਟੈਲੀਜੈਂਸ ਜਲੰਧਰ ਨੇ ਐੱਸਬੀਐੱਸ ਨਗਰ ਪੁਲਿਸ ਦੇ ਸਹਿਯੋਗ ਨਾਲ ਲੱਕੀ ਪਟਿਆਲ-ਦਵਿੰਦਰ ਬੰਬੀਹਾ ਗੈਂਗ ਨਾਲ ਸਬੰਧਤ ਦੋ ਸ਼ੂਟਰਾਂ ਨੂੰ ਮੁੰਬਈ ਤੋਂ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਕਰਣ (25) ਹੁਸ਼ਿਆਰਪੁਰ ਤੇ ਜਸਕਰਨਦੀਪ ਸਿੰਘ ਕੱਲ੍ਹ (23) ਗੜ੍ਹਸ਼ੰਕਰ ਵਜੋਂ ਹੋਈ ਹੈ। 2 ਜੁਲਾਈ 2025 ਨੂੰ ਹਰਦੀਪ ਸਿੰਘ ਦੀਪਾ ਕੁਲਪੁਰੀਆ ਨੂੰ ਐੱਸਬੀਐੱਸ ਨਗਰ ਦੇ ਭੋਜੇਵਾਲ ਪਿੰਡ 'ਵਿਚ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ। ਜਾਂਚ ਵਿਚ ਸਾਹਮਣੇ ਆਇਆ ਕਿ ਇਹ ਕਤਲ ਜਸਕਰਨ ਸਿੰਘ ਕੰਨੂ, ਜੋ ਕਿ ਅਮਰੀਕਾ ਵਿਚ ਰਹਿੰਦਾ ਹੈ ਤੇ ਲੱਕੀ ਪਟਿਆਲ-ਬੰਬੀਹਾ ਗੈਂਗ ਦਾ ਸਾਥੀ ਹੈ, ਦੀ ਮਿਲੀਭੁਗਤ ਨਾਲ ਕੀਤਾ ਗਿਆ ਸੀ। ਏਆਈਜੀ ਕਾਊਂਟਰ ਇੰਟੈਲੀਜੈਂਸ ਜਲੰਧਰ ਨਵਜੋਤ ਸਿੰਘ ਮਾਹਲ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੂੰ ਉਨ੍ਹਾਂ ਦੇ ਵਿਦੇਸ਼ੀ ਹੈਂਡਲਰਾਂ ਵੱਲੋਂ ਕਈ ਹੋਰ ਅਪਰਾਧਿਕ ਵਾਰਦਾਤਾਂ ਨੂੰ ਅੰਜਾਮ ਦੇਣ ਦਾ ਕੰਮ ਸੌਂਪਿਆ ਗਿਆ ਸੀ ਪਰ ਇਸ ਸਮੇਂ ਸਿਰ ਗ੍ਰਿਫ਼ਤਾਰੀ ਨਾਲ ਸੰਭਾਵੀ ਘਟਨਾਵਾਂ ਟਲ਼ ਗਈਆਂ।

## ਦਰਬਾਰ ਸਾਹਿਬ ਦੀ ਏ ਆਈ ਰਾਹੀਂ ਬਣਾਈ ਮਨਘੜਤ ਵੀਡੀਓ 'ਤੇ ਮੁੰਬਈ ਪੁਲਿਸ ਵੱਲੋਂ ਕੇਸ ਦਰਜ



ਮੁੰਬਈ-ਹਾਲ ਹੀ ਵਿੱਚ, ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰਕੇ ਇੱਕ ਫਰਜ਼ੀ ਵੀਡੀਓ ਬਣਾਈ ਗਈ ਸੀ। ਇਸ ਵੀਡੀਓ ਵਿੱਚ ਸ੍ਰੀ ਦਰਬਾਰ ਸਾਹਿਬ ਨੂੰ ਢਹਿ-ਢੇਰੀ ਹੁੰਦਾ ਅਤੇ ਪਾਣੀ ਵਿੱਚ ਡਿੱਗਦਾ ਦਿਖਾਇਆ ਗਿਆ ਸੀ। ਇਸ ਵੀਡੀਓ ਨੇ ਦੇਸ਼ ਅਤੇ ਵਿਦੇਸ਼ ਵਿੱਚ ਵੱਸਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ। ਇਸ ਘਟਨਾ ਦੇ ਵਿਰੋਧ ਵਿੱਚ, ਮੁੰਬਈ ਦੀ ਸਿੱਖ ਸੰਗਤ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਇਸ ਸ਼ਿਕਾਇਤ ਦੇ ਆਧਾਰ 'ਤੇ, ਮੁੰਬਈ ਦੇ ਮਾਡਲ ਸਾਈਬਰ ਥਾਣੇ ਵਿੱਚ ਭਾਰਤੀ ਦੰਡ ਸੰਹਿਤਾ ਦੀ ਧਾਰਾ 299 ਅਤੇ ਆਈ.ਟੀ. ਐਕਟ 67 ਤਹਿਤ ਐੱਫ਼ ਦਰਜ ਕੀਤੀ ਗਈ ਹੈ। ਇਹ ਕਾਰਵਾਈ ਸਥਾਨਕ ਨਿਵਾਸੀ ਗੁਰਸੇਵ ਸਿੰਘ ਦੀ ਸ਼ਿਕਾਇਤ 'ਤੇ ਕੀਤੀ ਗਈ ਹੈ। ਇਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੇ ਵੀ ਇਸ ਵੀਡੀਓ ਬਾਰੇ ਸ਼ਿਕਾਇਤ ਕੀਤੀ ਸੀ।

ਮਹਾਰਾਸ਼ਟਰ ਸਿੱਖ ਸਮਾਜ ਦੇ ਮੁਖੀ ਭਾਈ ਜਸਪਾਲ ਸਿੰਘ ਸਿੱਧੂ ਅਤੇ ਸੂਬਾ ਘੱਟਗਿਣਤੀ ਕਮਿਸ਼ਨ ਦੇ ਮੈਂਬਰ ਚਰਨਦੀਪ ਸਿੰਘ ਹੈਪੀ ਨੇ ਮਹਾਰਾਸ਼ਟਰ ਸਾਈਬਰ ਵਿਭਾਗ ਦੇ ਆਈ.ਜੀ. ਯਸ਼ਸਵੀ ਯਾਦਵ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੂੰ ਭਰੋਸਾ ਦਿੱਤਾ ਗਿਆ ਹੈ ਕਿ ਮਾਮਲੇ ਦੀ ਨਿਰਪੱਖ ਜਾਂਚ ਕੀਤੀ ਜਾਵੇਗੀ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।

## ਏਜੰਟਾਂ ਨੇ ਨਿਊਜ਼ੀਲੈਂਡ ਭੇਜਣ ਦੇ ਨਾਮ 'ਤੇ ਮਾਰੀ ਲੱਖਾਂ ਦੀ ਠੱਗੀ

### ✪ ਪੁਲਸ ਵਲੋਂ 2 ਖ਼ਿਲਾਫ਼ ਕੀਤਾ ਮਾਮਲਾ ਦਰਜ




ਫਗਵਾੜਾ-ਫਗਵਾੜਾ 'ਚ ਇੱਕ ਨੌਜਵਾਨ ਨੂੰ ਨਿਊਜ਼ੀਲੈਂਡ ਭੇਜਣ ਦੇ ਨਾਮ 'ਤੇ 2 ਵਿਅਕਤੀਆਂ ਵੱਲੋਂ ਉਸਦੇ ਪਿਤਾ ਨਾਲ ਲੱਖਾਂ ਰੁਪਏ ਦੀ ਠੱਗੀ ਮਾਰਨ ਦੀ ਸੂਚਨਾ ਮਿਲੀ ਹੈ। ਜਾਣਕਾਰੀ ਮੁਤਾਬਕ, ਨਰੇਸ਼ ਕੁਮਾਰ ਪਿੰਡ ਮੇਹਟਾਂ, ਫਗਵਾੜਾ ਨੇ ਥਾਣਾ ਸਦਰ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਹੈ ਕਿ ਉਸਦੇ ਪੁੱਤਰ ਸਤਨਾਮ ਨੂੰ ਨਿਊਜ਼ੀਲੈਂਡ ਭੇਜਣ ਦੇ ਨਾਮ 'ਤੇ ਏਜੰਟ ਵਰਿੰਦਰ ਕੁਮਾਰ ਅਤੇ ਏਜੰਟ ਰਮਨ ਕੁਮਾਰ ਫਗਵਾੜਾ ਨੇ ਕੁੱਲ 13 ਲੱਖ 50 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ। ਹੁਣ ਜਦੋਂ ਉਹ ਆਪਣੇ ਪੈਸੇ ਦੋਸ਼ੀਆਂ ਪਾਸੋਂ ਵਾਪਸ ਮੰਗ ਰਿਹਾ ਹੈ ਤਾਂ ਦੋਸ਼ੀ ਉਸ ਨੂੰ ਧਮਕੀਆਂ ਦੇ ਰਹੇ ਹਨ। ਪੁਲਸ ਨੇ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਖ਼ਬਰ ਲਿਖੇ ਜਾਣ ਤੱਕ ਪੁਲਸ ਜਾਂਚ ਦਾ ਦੌਰ ਜਾਰੀ ਸੀ।


## ਵਿਆਹ ਦਾ ਲਾਰਾ ਲਗਾਕੇ ਲੜਕੀ ਨੂੰ ਭਜਾਇਆ, ਨੌਜਵਾਨ ਖਿਲਾਫ਼ ਮਾਮਲਾ ਦਰਜ

ਬਠਿੰਡਾ-ਜ਼ਿਲ੍ਹੇ ਦੇ ਪਿੰਡ ਬੰਬੀਹਾ ਦੇ ਰਹਿਣ ਵਾਲੇ ਇਕ ਨੌਜਵਾਨ ਨੇ ਆਪਣੇ ਮਾਪਿਆਂ ਦੀ ਮਦਦ ਨਾਲ ਵਿਆਹ ਦੇ ਬਹਾਨੇ ਇਕ ਨਾਬਾਲਗ ਲੜਕੀ ਨੂੰ ਭਜਾ ਕੇ ਲੈ ਗਿਆ। ਜਿਸ ਤੋਂ ਬਾਅਦ ਦੋਸ਼ੀ ਨੌਜਵਾਨ ਦੀ ਮਾਂ ਨੇ ਨਾਬਾਲਗ ਲੜਕੀ ਦੀ ਮਾਂ ਨੂੰ ਫੋਨ ਕਰਕੇ ਦੱਸਿਆ ਕਿ ਉਨ੍ਹਾਂ ਦੀ ਧੀ ਉਨ੍ਹਾਂ ਦੇ ਪੁੱਤਰ ਨੂੰ ਭਜਾ ਕੇ ਲੈ ਗਈ। ਜਿਸ ਤੋਂ ਬਾਅਦ ਨਾਬਾਲਗ ਲੜਕੀ ਦੇ ਮਾਪਿਆਂ ਨੇ ਮਾਮਲੇ ਦੀ ਸ਼ਿਕਾਇਤ ਪੁਲਿਸ ਨੂੰ ਕੀਤੀ। ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਥਾਣਾ ਨੰਦਗੜ੍ਹ ਪੁਲਿਸ ਨੇ ਦੋਸ਼ੀ ਨੌਜਵਾਨ ਖਿਲਾਫ ਅਗਵਾ ਕਰਨ ਦਾ ਮਾਮਲਾ ਦਰਜ ਕਰਕੇ ਉਸਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੂੰ ਦਰਜ ਕਰਵਾਏ ਬਿਆਨਾਂ ਵਿਚ ਪਿੰਡ ਬੰਬੀਹਾ ਦੇ ਰਹਿਣ ਵਾਲੇ ਇੱਕ ਵਿਅਕਤੀ ਨੇ ਦੱਸਿਆ ਕਿ ਉਸਦੀ ਸਾਢੇ 17 ਸਾਲਾਂ ਦੀ ਨਾਬਾਲਗ ਧੀ 21 ਅਗਸਤ ਨੂੰ ਘਰੋਂ ਇਹ ਕਹਿ ਕੇ ਗਈ ਸੀ ਕਿ ਉਹ ਆਪਣਾ ਸਰਟੀਫਿਕੇਟ ਲੈਣ ਜਾ ਰਹੀ ਹੈ, ਜੋ ਦੇਰ ਸ਼ਾਮ ਤਕ ਘਰ ਨਹੀਂ ਪਰਤੀ। ਇਸ ਤੋਂ ਬਾਅਦ ਦੋਸ਼ੀ ਨੌਜਵਾਨ ਗਗਨਦੀਪ ਸਿੰਘ ਦੀ ਮਾਂ ਪਰਮਜੀਤ ਕੌਰ ਵਾਸੀ ਪਿੰਡ ਬਹਾਦਰਗੜ੍ਹ ਜੰਡੀਆ, ਜ਼ਿਲ੍ਹਾ ਬਠਿੰਡਾ ਨੇ ਉਸਦੀ ਪਤਨੀ ਨੂੰ ਫੋਨ ਕਰਕੇ ਦੱਸਿਆ ਕਿ ਉਨ੍ਹਾਂ ਦੀ ਧੀ ਉਨ੍ਹਾਂ ਦੇ ਪੁੱਤਰ ਗਗਨਦੀਪ ਸਿੰਘ ਨੂੰ ਲੈ ਕੇ ਭੱਜ ਗਈ ਹੈ। ਜਿਸ ਤੋਂ ਬਾਅਦ ਉਨ੍ਹਾਂ ਨੇ ਮਾਮਲੇ ਦੀ ਸੂਚਨਾ ਪੁਲਿਸ ਨੂੰ ਦਿੱਤੀ। ਜਦੋਂ ਪੁਲਿਸ ਨੇ ਮਾਮਲੇ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਦੋਸ਼ੀ ਗਗਨਦੀਪ ਸਿੰਘ ਆਪਣੇ ਮਾਪਿਆਂ ਨਾਲ ਮਿਲ ਕੇ ਨਾਬਾਲਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਭਜਾ ਕੇ ਲੈ ਗਿਆ। ਪੁਲਿਸ ਨੇ ਦੋਸ਼ੀ ਨੌਜਵਾਨ ਖ਼ਿਲਾਫ਼ ਮਾਮਲਾ ਦਰਜ ਕਰਕੇ ਦੋਵਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਸਿੱਖ ਪੰਥ ਵਿੱਚ ਦਲਿਤ ਜਾਤੀ ਦੇ ਸਿੱਖਾਂ ਨੂੰ ਪੰਥ ਵਿੱਚ ਹਮੇਸ਼ਾ ਮਿਲਿਆ ਸਤਿਕਾਰ

## ✪ ਧਾਰਮਿਕ ਅਤੇ ਸਿਆਸੀ ਅਹੁਦਿਆਂ ’ਤੇ ਦਲਿਤ ਸਿੱਖ ਆਗੂਆਂ ਦਾ ਮਾਣ ਰਖਿਆ
## ✪ ਫਿਰ ਵੀ ਭਗਵਿਆਂ ਵਲੋਂ ਸਿੱਖ ਪੰਥ ਉਪਰ ਜਾਤੀਵਾਦੀ ਹੋਣ ਦੇ ਦੋਸ਼ ਕਿਉਂ ਲਗਾਏ ਜਾਂਦੇ ਨੇ


ਭਾਈ ਰਣਜੀਤ ਸਿੰਘ


ਕ੍ਰਿਪਾਲ ਸਿੰਘ ਬਡੂੰਗਰ


ਬੀਬੀ ਜਗੀਰ ਕੌਰ
ਗਿਆਨੀ ਹਰਪ੍ਰੀਤ ਸਿੰਘ

**ਪੰਜਾਬ ਟਾਈਮਜ ਆਨੁਸਾਰ ਸਿੱਖ ਪੰਥ ਵਿੱਚ ਤਾਂ ਧਾਰਮਿਕ ਸੰਸਥਾਵਾਂ ਵਿੱਚ ਨੀਵੀਆਂ ਜਾਤਾਂ ਵਾਲੇ ਆਗੂ ਨੇ, ਪਰ ਸਿਆਸਤ ਵਿੱਚ ਜੱਟ ਪ੍ਰਭਾਵ ਵੱਡਾ ਹੈ। ਫਰਕ ਇਹ ਹੈ ਕਿ ਸਿੱਖ ਧਰਮ ਨੇ ਦਲਿਤਾਂ ਨੂੰ ਬਰਾਬਰੀ ਦਿੱਤੀ ਅਤੇ ਰਾਖਵਾਂਕਰਨ ਲਈ ਲੜਾਈ ਲੜੀ, ਜਦਕਿ ਹਿੰਦੂ ਧਰਮ ਵਿੱਚ ਦਲਿਤਾਂ ਨੂੰ ਅਨੇਕਾਂ ਸਦੀਆਂ ਵਿਤਕਰਾ ਸਹਿਣਾ ਪਿਆ। ਡਾ. ਅੰਬੇਡਕਰ ਨੇ ਵੀ ਜਾਤੀ ਵਿਰੋਧੀ ਲੜਾਈ ਲੜੀ ਪਰ ਸਿੱਖ ਗੁਰੂ ਸਾਹਿਬਾਨਾਂ ਤੇ ਉਹਨਾਂ ਦੇ ਸਿਰਜੇ ਪੰਥ ਨੇ ਇਹ ਸੱਤ ਸਦੀਆਂ ਪਹਿਲਾਂ ਕੀਤਾ। ਫਿਰ ਵੀ ਸਿੱਖਾਂ ਤੇ ਗਲਤ ਦੋਸ਼ ਲੱਗਦੇ ਨੇ ਕਿ ਉਹ ਜਾਤੀ ਵਿਤਕਰਾ ਕਰਦੇ ਨੇ। ਇਸ ਦੇ ਕਾਰਨ ਹਨ ਮੀਡੀਆ ਅਤੇ ਭਗਵਾਂ ਸਿਆਸੀ ਨੈਰੇਟਿਵ ਹੈ। ਇਹ ਦੋਸ਼ ਗਲਤ ਨੇ ਕਿਉਂਕਿ ਪੰਥ ਨੇ ਦਲਿਤਾਂ ਨੂੰ ਬਰਾਬਰੀ ਦਿੱਤੀ ਅਤੇ ਅਜੇ ਵੀ ਦਿੰਦਾ ਹੈ। ਸਿੱਖ ਵਿਰੋਧੀ ਭਗਵੇਂ ਨੈਰੇਟਿਵ ਨੂੰ ਰੋਕਣ ਲਈ ਪੰਥ ਨੂੰ ਏਕਤਾ ਨੂੰ ਮਜ਼ਬੂਤ ਕਰਨੀ ਪਵੇਗੀ ਅਤੇ ਸਮਾਜੀ ਬੁਰਾਈਆਂ ਨੂੰ ਖਤਮ ਕਰਨਾ ਪਵੇਗਾ।**

ਸਿੱਖ ਧਰਮ ਦੀ ਨੀਂਹ ਹੀ ਜਾਤੀ ਪਾਤ ਨੂੰ ਨਕਾਰਨ ਵਾਲੀ ਹੈ। ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਇਹ ਗੱਲ ਕਹੀ ਸੀ ਕਿ ਨਾ ਕੋਈ ਹਿੰਦੂ ਹੈ ਤੇ ਨਾ ਮੁਸਲਮਾਨ, ਨਾ ਹੀ ਕੋਈ ਜਾਤੀ ਹੈ, ਸਭ ਇੱਕ ਅਕਾਲ ਪੁਰਖ ਦੇ ਬੰਦੇ ਹਨ। ਇਹ ਫਲਸਫਾ ਸਿੱਖ ਪੰਥ ਨੂੰ ਬਰਾਬਰੀ ਦਾ ਸੰਦੇਸ਼ ਦਿੰਦਾ ਹੈ।

ਇਸ ਨੂੰ ਅਮਲੀ ਰੂਪ ਵਿੱਚ ਗੁਰੂ ਸਾਹਿਬਾਨ ਨੇ ਲੰਗਰ, ਸਰੋਵਰ, ਸੇਵਾ ਪ੍ਰਥਾ ਨਾਲ ਵਿਖਾਇਆ, ਜਿੱਥੇ ਅਮੀਰ ਗਰੀਬ, ਉੱਚ ਨੀਚ ਸਭ ਬਰਾਬਰ ਹਨ। ਭਾਰਤੀ ਰਾਜਨੀਤੀ ਵਿੱਚ ਵੀ ਜਾਤੀ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ, ਪਰ ਦਲਿਤਾਂ ਨੂੰ ਕਦੇ ਮਾਣ ਨਹੀਂ ਮਿਲਿਆ ਜੋ ਸਿੱਖ ਧਰਮ ਤੇ ਰਾਜਨੀਤੀ ਵਿਚ ਮਿਲਿਆ ਹੈ।

2011 ਦੀ ਮਰਦਮਸ਼ੁਮਾਰੀ ਮੁਤਾਬਕ ਪੰਜਾਬ ਦੀ ਸਿੱਖ ਆਬਾਦੀ ਦਾ ਇੱਕ ਤਿਹਾਈ ਹਿੱਸਾ ਅਨੁਸੂਚਿਤ ਜਾਤੀਆਂ ਵਿੱਚੋਂ ਹੈ, ਪਰ ਉਹਨਾਂ ਨੂੰ ਸਿਆਸੀ ਨੁਮਾਇੰਦਗੀ ਤੇ ਸਤਿਕਾਰ ਅਕਾਲੀ ਰਾਜਨੀਤੀ ਵਿਚ ਬਾਕੀ ਸਿਆਸੀ ਧਿਰਾਂ ਨਾਲੋਂ ਵਧ ਮਿਲਦਾ ਹੈ। ਸ਼੍ਰੋਮਣੀ ਕਮੇਟੀ ਵਿਚ ਦਲਿਤ ਜਾਤਾਂ ਵਾਲੇ ਆਗੂ ਮੁੱਖ ਅਹੁਦਿਆਂ ਉਪਰ ਹਨ।

ਗਿਆਨੀ ਹਰਪ੍ਰੀਤ ਸਿੰਘ, ਜੋ ਅਕਾਲ ਤਖਤ ਦੇ ਜਥੇਦਾਰ ਨੇ, ਅਨੁਸੂਚਿਤ ਜਾਤੀ ਵਿੱਚੋਂ ਨੇ ਅਤੇ ਉਹਨਾਂ ਨੂੰ ਕਦੇ ਜਾਤੀ ਨੂੰ ਲੈ ਕੇ ਵਿਤਕਰਾ ਨਹੀਂ ਸਹਿਣਾ ਪਿਆ। ਉਹਨਾਂ ਨੇ ਖੁਦ ਕਿਹਾ ਕਿ ਸਿੱਖ ਪੰਥ ਵਿੱਚ ਜਾਤੀ ਨੂੰ ਮਹੱਤਵ ਨਹੀਂ ਦਿੱਤਾ ਜਾਂਦਾ, ਸਿਰਫ਼ ਗੁਰੂ ਦੇ ਫਲਸਫੇ ਪ੍ਰਤੀ ਸਮਰਪਣ ਤੇ ਗੁਣਾਂ ਨੂੰ ਵੇਖਿਆ ਜਾਂਦਾ ਹੈ। ਉਹਨਾਂ ਦੇ ਪਿਤਾ ਵੀ ਗ੍ਰੰਥੀ ਸਨ ਅਤੇ ਉਹਨਾਂ ਨੇ ਆਪਣੀ ਮਿਹਨਤ ਨਾਲ ਉੱਚ ਅਹੁਦੇ ਹਾਸਲ ਕੀਤੇ ਹਨ। ਸਿੱਖ ਧਰਮ ਨੇ ਉਹਨਾਂ ਨੂੰ ਬਹੁਤ ਮਾਣ ਬਖਸ਼ਿਆ ਹੈ।

ਇਸੇ ਤਰ੍ਹਾਂ ਬੀਬੀ ਜਗੀਰ ਕੌਰ, ਜੋ ਐਸਜੀਪੀਸੀ ਦੀ ਪਹਿਲੀ ਮਹਿਲਾ ਪ੍ਰਧਾਨ ਬਣੀ, ਬੀਸੀ ਪਿਛੋਕੜ ਵਿੱਚੋਂ ਨੇ ਅਤੇ ਉਹਨਾਂ ਨੇ ਕਿਹਾ ਕਿ ਪੰਥ ਵਿੱਚ ਜਾਤੀ ਨੂੰ ਕਦੇ ਵਿਚਾਰ ਨਹੀਂ ਕੀਤਾ ਜਾਂਦਾ। ਭਾਈ ਰਣਜੀਤ ਸਿੰਘ ਸਾਬਕਾ ਅਕਾਲ ਤਖਤ ਜਥੇਦਾਰ, ਰਾਮਗੜ੍ਹੀਆ ਪਿਛੋਕੜ ਵਿੱਚੋਂ ਨੇ ਅਤੇ ਬੀਸੀ ਵਿੱਚ ਸ਼ਾਮਲ ਨੇ। ਗਿਆਨੀ ਭਗਵਾਨ ਸਿੰਘ, ਅਕਾਲ ਤਖਤ ਦੇ ਮੁੱਖ ਗ੍ਰੰਥੀ, ਦਲਿਤ ਜਾਤੀ ਵਿੱਚੋਂ ਨੇ। ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸਾਬਕਾ ਐਸਜੀਪੀਸੀ ਪ੍ਰਧਾਨ, ਬੀਸੀ ਨੇ।

ਗ੍ਰੰਥੀਆਂ, ਰਾਗੀਆਂ ਅਤੇ ਪ੍ਰਚਾਰਕਾਂ ਵਿੱਚ ਵੱਡੀ ਗਿਣਤੀ ਐਸਸੀ ਅਤੇ ਬੀਸੀ ਵਿੱਚੋਂ ਨੇ। ਭਾਈ ਨਿਰਮਲ ਸਿੰਘ, ਜੋ ਪਦਮ ਸ਼੍ਰੀ ਅਵਾਰਡੀ ਰਾਗੀ ਸਨ, ਮਜ਼ਹਬੀ ਸਿੱਖ ਨੇ ਅਤੇ ਉਹਨਾਂ ਨੂੰ ਪੂਰੇ ਪੰਥ ਵਿੱਚ ਸਤਿਕਾਰ ਮਿਲਿਆ। ਸਰੂਪ ਸਿੰਘ ਕਡਿਆਣਾ, ਢਾਡੀ ਜਥੇ ਦੇ ਆਗੂ ਹਨ। ਉਹਨਾਂ ਨੇ ਕਿਹਾ ਕਿ ਪੰਥ ਵਿੱਚ ਉਹਨਾਂ ਨੂੰ ਕਦੇ ਜਾਤੀ ਨੂੰ ਲੈ ਕੇ ਵਿਤਕਰਾ ਨਹੀਂ ਸਹਿਣਾ ਪਿਆ।

ਇਹਨਾਂ ਉਦਾਹਰਣਾਂ ਨਾਲ ਪਤਾ ਲੱਗਦਾ ਹੈ ਕਿ ਸਿੱਖ ਪੰਥ ਵਿੱਚ ਮਿਹਨਤ ਅਤੇ ਸਮਰਪਣ ਨਾਲ ਨੀਵੀਆਂ ਜਾਤਾਂ ਵਾਲੇ ਆਗੂ ਵੀ ਉੱਚ ਅਹੁਦੇ ਹਾਸਲ ਕਰ ਸਕਦੇ ਨੇ ਅਤੇ ਮਾਣ ਮਾਣ ਸਕਦੇ ਨੇ।

ਗੁਰਤੇਜ ਸਿੰਘ ਆਈਏਐਸ ਦਾ ਕਹਿਣਾ ਹੈ ਕਿ ਸਿੱਖ ਪੰਥ ਨੇ ਦਲਿਤ ਸਿੱਖ ਜਾਤੀਆਂ ਨੂੰ ਆਰਥਿਕ ਅਤੇ ਸਮਾਜੀ ਤੌਰ ਤੇ ਉਭਾਰਨ ਲਈ ਰਾਖਵਾਂਕਰਨ ਵੀ ਮੰਗਿਆ ਸੀ। ਮਾਸਟਰ ਤਾਰਾ ਸਿੰਘ ਨੇ 1953 ਵਿੱਚ ਅੰਦੋਲਨ ਕਰਕੇ ਮਜ਼ਹਬੀ, ਰਾਮਦਾਸੀਆ ਆਦਿ ਜਾਤਾਂ ਨੂੰ ਐਸਸੀ ਸੂਚੀ ਵਿੱਚ ਸ਼ਾਮਲ ਕਰਵਾਇਆ ਸੀ।

ਇਹ ਕੰਮ ਸਿੱਖ ਆਗੂਆਂ ਨੇ ਕੀਤਾ ਸੀ, ਤਾਂ ਜੋ ਉਹ ਹਿੰਦੂ ਦਲਿਤ ਜਾਤੀਆਂ ਤੋਂ ਪਛੜ ਨਾ ਜਾਣ। ਅੱਜ ਵੀ ਪੰਜਾਬ ਵਿੱਚ ਦਲਿਤ ਸਿੱਖ ਗ੍ਰੰਥੀ ਅਤੇ ਰਾਗੀ ਵਜੋਂ ਸੇਵਾ ਨਿਭਾਅ ਰਹੇ ਨੇ ਅਤੇ ਉਹਨਾਂ ਨੂੰ ਸਤਿਕਾਰ ਮਿਲ ਰਿਹਾ ਹੈ।

ਸਿੱਖ ਧਰਮ ਦਾ ਬਾਕੀ ਧਰਮਾਂ ਨਾਲ ਵੱਡਾ ਫਰਕ ਇਹ ਹੈ ਕਿ ਇਹ ਜਾਤੀ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਨਕਾਰਦਾ ਹੈ, ਜਦਕਿ ਹਿੰਦੂ ਧਰਮ ਵਿੱਚ ਜਾਤੀ ਵਰਣ ਵਿਵਸਥਾ ਹੈ ਜੋ ਉੱਚ ਨੀਚ ਵੰਡ ਕਰਦੀ ਹੈ।

ਇਸਲਾਮ ਵਿੱਚ ਵੀ ਕੁਝ ਵੰਡਾਂ ਨੇ ਪਰ ਸਿੱਖ ਧਰਮ ਵਿੱਚ ਬਰਾਬਰੀ ਦਾ ਅਸੂਲ ਹੈ। ਭਾਰਤੀ ਸਿਆਸਤ ਵਿੱਚ ਜਾਤੀ ਵੋਟ ਬੈਂਕ ਵਜੋਂ ਵਰਤੀ ਜਾਂਦੀ ਹੈ, ਪਾਰਟੀਆਂ ਜਾਤਾਂ ਨੂੰ ਲੁਭਾਉਂਦੀਆਂ ਨੇ ਪਰ ਅਸਲ ਬਰਾਬਰੀ ਨਹੀਂ ਦਿੰਦੀਆਂ।

### ਝੀਂਡਾ ਨੇ ਅਕਾਲ ਤਖਤ ਨੂੰ ਕੀਤੀ ਅਪੀਲ

## ਵੱਖ-ਵੱਖ ਅਕਾਲੀ ਧੜੇ ਭੰਗ ਕਰਕੇ ਇੱਕ ਅਕਾਲੀ ਦਲ ਬਣਾਉ



ਅੰਮ੍ਰਿਤਸਰ-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਦੇ ਨਾਂ ਇੱਕ ਮੰਗ ਪੱਤਰ ਦੇ ਕੇ ਅਪੀਲ ਕੀਤੀ ਹੈ ਕਿ ਸਿੱਖ ਕੌਮ ਦੇ ਬਿਹਤਰ ਭਵਿੱਖ ਵਾਸਤੇ ਸਾਰੇ ਅਕਾਲੀ ਧੜਿਆਂ ਨੂੰ ਇੱਕ ਝੰਡੇ ਹੇਠ ਅਤੇ ਇੱਕ ਪਾਰਟੀ ਹੇਠ ਇੱਕਜੁੱਟ ਕਰਨ ਲਈ ਲੋੜੀਦੇ ਕਦਮ ਚੁੱਕੇ ਜਾਣ। ਇਸ ਸਬੰਧ ਵਿੱਚ ਇੱਕ ਪੱਤਰ ਉਨ੍ਹਾਂ ਇੱਥੇ ਅਕਾਲ ਤਖਤ ਸਕੱਤਰੇਤ ਵਿਖੇ ਸੌਂਪਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਵੱਖ ਵੱਖ ਧੜੇ ਹੋਣ ਕਾਰਨ ਸਿੱਖ ਕੌਮ ਦਾ ਭਾਰੀ ਨੁਕਸਾਨ ਹੋ ਰਿਹਾ ਹੈ ਅਤੇ ਸਿੱਖ ਕੌਮ ਕਮਜ਼ੋਰ ਹੋ ਰਹੀ ਹੈ।

## ਸ਼ਹੀਦ ਭਾਈ ਬੇਅੰਤ ਸਿੰਘ ਦੀ ਧੀ ਅੰਮ੍ਰਿਤ ਕੌਰ ਤਰਨਤਾਰਨ ਜ਼ਿਮਨੀ ਚੋਣ ਲੜੇਗੀ



ਅੰਮ੍ਰਿਤਸਰ-ਸ਼ਹੀਦ ਭਾਈ ਬੇਅੰਤ ਸਿੰਘ ਦੀ ਧੀ ਅਤੇ ਫ਼ਰੀਦਕੋਟ ਸਾਂਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਦੀ ਭੈਣ ਅੰਮ੍ਰਿਤ ਕੌਰ ਮਲੋਆ ਨੇ ਤਰਨਤਾਰਨ ਉਪ-ਚੋਣ ਲੜਨ ਦਾ ਫ਼ੈਸਲਾ ਕੀਤਾ ਹੈ। ਹਾਲਾਂਕਿ ਉਨ੍ਹਾਂ ਨੇ ਨਾਲ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਜੇ ਬੀਬੀ ਪਰਮਜੀਤ ਕੌਰ ਖਾਲੜਾ ਤੇ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਜੀ ਜਾਂ ਮਾਤਾ ਜੀ ਖ਼ੁਦ ਉਮੀਦਵਾਰ ਵਜੋਂ ਤਰਨ ਤਾਰਨ ਜ਼ਿਮਨੀ ਚੋਣ ਲੜਦੇ ਹਨ ਤਾਂ ਵੀ ਉਹ ਆਪਣਾ ਨਾਮ ਚੋਣ ਵਿੱਚੋ ਵਾਪਿਸ ਲੈ ਲੈਣਗੇ ਤੇ ਉਹਨਾਂ ਨੂੰ ਸਮਰਥਨ ਦੇਣਗੇ।

# ਸੰਸਦ ਵਿੱਚ 11 ਸਾਲਾਂ ਵਿਚ ਪਹਿਲੀ ਵਾਰ ਵਿਰੋਧੀਆਂ ਦੀ ਨਾਅਰੇਬਾਜ਼ੀ ਬਾਰੇ ਭਾਜਪਾ ਚੁਪ ਕਿਉਂ ?

## ✪ 130ਵਾਂ ਸੰਵਿਧਾਨ ਸੋਧ ਬਿੱਲ: ਭਾਜਪਾ ਦੀ ਨੀਅਤ ’ਤੇ ਸਵਾਲ ਖੜੇ ਹੋਏ

ਸੰਸਦ ਦੇ ਮਾਨਸੂਨ ਸੈਸ਼ਨ ਦੇ ਆਖਰੀ ਦਿਨ ਲੋਕ ਸਭਾ ਅਤੇ ਰਾਜ ਸਭਾ ਵਿੱਚ ਵਿਰੋਧੀ ਧਿਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਲੋਕ ਸਭਾ ਵਿੱਚ ‘ਵੋਟ ਚੋਰ, ਗੱਦੀ ਛੱਡੋ’ ਅਤੇ ਰਾਜ ਸਭਾ ਵਿੱਚ ‘ਤੜੀਪਾਰ ਵਾਪਸ ਜਾਓ’ ਵਰਗੇ ਨਾਅਰੇ ਗੂੰਜੇ। ਇਹ ਨਾਅਰੇਬਾਜ਼ੀ ਕੋਈ ਨਵੀਂ ਗੱਲ ਨਹੀਂ ਸੀ, ਪਰ ਇਸ ਵਾਰ ਖਾਸ ਗੱਲ ਇਹ ਰਹੀ ਕਿ ਭਾਜਪਾ ਦੇ ਸੰਸਦ ਮੈਂਬਰਾਂ ਨੇ ਇਸ ਨਾਅਰੇਬਾਜ਼ੀ ਦਾ ਬਿਲਕੁਲ ਵੀ ਜਵਾਬ ਨਹੀਂ ਦਿੱਤਾ। ਪਿਛਲੇ 11 ਸਾਲਾਂ ਵਿੱਚ ਇਹ ਪਹਿਲਾ ਮੌਕਾ ਸੀ ਜਦੋਂ ਸੱਤਾਧਾਰੀ ਪਾਰਟੀ ਨੇ ਵਿਰੋਧੀ ਧਿਰ ਦੇ ਨਾਅਰੇਬਾਜ਼ੀ ਨੂੰ ਨਜ਼ਰਅੰਦਾਜ਼ ਕੀਤਾ। ਵਿਰੋਧੀ ਧਿਰ ਨੇ ਇਸ ਚੁਪ ਨੂੰ ਭਾਜਪਾ ਦੀ ਕਮਜ਼ੋਰੀ ਵਜੋਂ ਦਰਸਾਇਆ, ਜਦਕਿ ਭਾਜਪਾ ਨੇ ਇਸ ਨੂੰ ਆਪਣੀ ਸੁਚਜੀ ਰਣਨੀਤੀ ਦੱਸਿਆ।

ਨਿਰਪੱਖ ਸੂਤਰਾਂ ਦਾ ਮੰਨਣਾ ਹੈ ਕਿ ਇਸ ਘਟਨਾ ਨੇ ਸੰਸਦ ਵਿੱਚ ਨਵੇਂ ਯੁੱਗ ਦੀ ਸ਼ੁਰੂਆਤ ਨੂੰ ਉਜਾਗਰ ਕੀਤਾ, ਜਿੱਥੇ ਨਾਅਰੇਬਾਜ਼ੀ ਨੂੰ ਨਜ਼ਰਅੰਦਾਜ਼ ਕਰਕੇ ਸਰਕਾਰ ਨੇ ਆਪਣੇ ਬਿੱਲਾਂ ਨੂੰ ਅੱਗੇ ਵਧਾਉਣ ’ਤੇ ਧਿਆਨ ਕੇਂਦਰਿਤ ਕੀਤਾ।

ਇਥੇ ਜ਼ਿਕਰਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਤਿੰਨ ਬਿੱਲਾਂ ਨੇ ਸਿਆਸੀ ਹਲਚਲ ਮਚਾ ਦਿੱਤੀ ਹੈ। ਇਹ ਬਿੱਲ ਪ੍ਰਧਾਨ ਮੰਤਰੀ, ਕੇਂਦਰੀ ਮੰਤਰੀਆਂ, ਮੁੱਖ ਮੰਤਰੀਆਂ ਅਤੇ ਸੂਬਾਈ ਮੰਤਰੀਆਂ ਨੂੰ 30 ਦਿਨਾਂ ਦੀ



**ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਬਿੱਲਾਂ ’ਤੇ ਖੁੱਲ੍ਹੀ ਬਹਿਸ ਕੀਤੀ ਜਾਵੇ ਅਤੇ ਅਪਰਾਧੀਆਂ ਨੂੰ ਵਿਧਾਇਕ ਬਣਨ ਤੋਂ ਰੋਕਿਆ ਜਾਵੇ। ਅਦਾਲਤਾਂ ਨੂੰ ਮਜ਼ਬੂਤ ਕਰਕੇ ਅਸਲ ਭ੍ਰਿਸ਼ਟਾਚਾਰ ਖਤਮ ਕੀਤਾ ਜਾਵੇ।**

ਨਜ਼ਰਬੰਦੀ ਜਾਂ ਗ੍ਰਿਫ਼ਤਾਰੀ ’ਤੇ ਅਹੁਦੇ ਤੋਂ ਹਟਾਉਣ ਦੀ ਵਿਵਸਥਾ ਕਰਦੇ ਹਨ, ਜੇਕਰ ਉਨ੍ਹਾਂ ’ਤੇ ਪੰਜ ਸਾਲ ਜਾਂ ਵੱਧ ਦੀ ਸਜ਼ਾ ਵਾਲਾ ਜੁਰਮ ਹੋਵੇ। ਇੱਕ ਬਿੱਲ ਸੰਵਿਧਾਨ ਸੋਧ ਨਾਲ ਜੁੜਿਆ ਹੈ, ਜਿਸ ਨੂੰ ਪਾਸ ਕਰਨ ਲਈ ਦੋ-ਤਿਹਾਈ ਬਹੁਮੱਤ ਅਤੇ ਅੱਧੇ ਸੂਬਿਆਂ ਦੀ ਮਨਜ਼ੂਰੀ ਚਾਹੀਦੀ ਹੈ। ਭਾਜਪਾ ਦਾ ਮੰਤਵ ਰਾਜਨੀਤੀ ਵਿੱਚ ਭ੍ਰਿਸ਼ਟਾਚਾਰ ਅਤੇ ਅਪਰਾਧੀਕਰਨ ਨੂੰ ਖਤਮ ਕਰਨਾ ਦੱਸਿਆ ਜਾ ਰਿਹਾ ਹੈ। ਸਰਕਾਰ ਨੇ ਕਿਹਾ ਕਿ ਇਹ ਬਿੱਲ ਸੁਪਰੀਮ ਕੋਰਟ ਦੇ ਹਾਲੀਆ ਫੈਸਲਿਆਂ ਨੂੰ ਧਿਆਨ ਵਿੱਚ ਰੱਖ ਕੇ ਲਿਆਂਦੇ ਗਏ ਹਨ, ਜਿੱਥੇ ਕੋਰਟ ਨੇ ਜੇਲ੍ਹ ਵਿੱਚ ਰਹਿੰਦੇ ਨੇਤਾਵਾਂ ਨੂੰ ਅਹੁਦੇ ’ਤੇ ਬਣੇ ਰਹਿਣ ’ਤੇ ਇਤਰਾਜ਼ ਕੀਤਾ ਸੀ। ਉਦਾਹਰਣ ਵਜੋਂ ਲਾਲੂ ਯਾਦਵ, ਸੇਂਥਿਲ ਬਾਲਾਜੀ ਅਤੇ ਅਰਵਿੰਦ ਕੇਜਰੀਵਾਲ ਵਰਗੇ ਕੇਸਾਂ ਦਾ ਜ਼ਿਕਰ ਕੀਤਾ ਗਿਆ। ਭਾਜਪਾ ਨੇ ਇਸ ਨੂੰ ਨੈਤਿਕਤਾ ਅਤੇ ਇਮਾਨਦਾਰੀ ਵਾਲਾ ਕਦਮ ਦੱਸਿਆ, ਪਰ ਵਿਰੋਧੀ ਧਿਰ ਨੇ ਇਸ ਨੂੰ ਰਾਜਨੀਤਕ ਸਾਜ਼ਿਸ਼ ਕਿਹਾ। ਭਾਜਪਾ ਨੂੰ ਪਤਾ ਹੈ ਕਿ ਇਹ ਬਿੱਲ ਪਾਸ ਹੋਣੇ ਮੁਸ਼ਕਲ ਹਨ, ਫਿਰ ਵੀ ਇਨ੍ਹਾਂ ਨੂੰ ਲਿਆਉਣ ਪਿੱਛੇ ਰਾਜਨੀਤਕ ਮੰਤਵ ਦਿਖਾਈ ਦਿੰਦੇ ਹਨ। ਇਹ ਵਿਰੋਧੀ ਧਿਰ ਨੂੰ ਭ੍ਰਿਸ਼ਟਾਚਾਰ ਦੇ ਸਮਰਥਕ ਵਜੋਂ ਪੇਸ਼ ਕਰਨ ਦੀ ਚਾਲ ਹੋ ਸਕਦੀ ਹੈ। ਭਾਜਪਾ ਦੀ ਪ੍ਰਚਾਰ ਮਸ਼ੀਨਰੀ ਇਸ ਨੂੰ ਵਰਤ ਕੇ ਜਨਤਾ ਨੂੰ ਸੰਦੇਸ਼ ਦੇ ਸਕਦੀ ਹੈ ਕਿ ਵਿਰੋਧੀ ਇਮਾਨਦਾਰੀ ਵਾਲੇ ਕਾਨੂੰਨਾਂ ਨੂੰ ਰੋਕ ਰਹੇ ਹਨ। ਇਸ ਨਾਲ ਭਾਜਪਾ ਆਪਣੇ ਆਪ ਨੂੰ ਭ੍ਰਿਸ਼ਟਾਚਾਰ ਵਿਰੋਧੀ ਪਾਰਟੀ ਵਜੋਂ ਪ੍ਰੋਜੈਕਟ ਕਰ ਰਹੀ ਹੈ, ਭਾਵੇਂ ਉਸ ਦੇ ਵਿਧਾਇਕਾਂ ’ਤੇ ਵੀ ਅਪਰਾਧਿਕ ਕੇਸ ਹਨ। ਏਡੀਆਰ ਰਿਪੋਰਟ ਮੁਤਾਬਕ ਭਾਜਪਾ ਵਿਧਾਇਕਾਂ ’ਤੇ ਸਭ ਤੋਂ ਵੱਧ ਕੇਸ ਹਨ, ਜਿਵੇਂ ਕੇ. ਸੁਰੇਂਦਰਨ ’ਤੇ 243 ਕੇਸ। ਇਸ ਨਾਲ ਭਾਜਪਾ ਦੇ ਮੰਤਵ ’ਤੇ ਸਵਾਲ ਉੱਠ ਰਹੇ ਹਨ।

ਵਿਰੋਧੀ ਧਿਰ ਨੇ ਇਸ ਨੂੰ ਫੈਡਰਲ ਢਾਂਚੇ ਨੂੰ ਢਾਹੁਣ ਵਾਲਾ ਅਤੇ ਕੇਂਦਰੀ ਦਖਲ ਵਧਾਉਣ ਵਾਲਾ ਕਿਹਾ। ਨੀਤੀ ਵਜੋਂ ਇਹ ਬਿੱਲ ਅਦਾਲਤੀ ਸਿਧਾਂਤ ‘ਨਿਰਦੋਸ਼ ਮੰਨੇ ਜਾਣ ਤੱਕ ਦੋਸ਼ੀ ਨਹੀਂ’ ਦੀ ਉਲੰਘਣਾ ਕਰਦੇ ਹਨ, ਕਿਉਂਕਿ 30 ਦਿਨਾਂ ਬਾਅਦ ਅਹੁਦਾ ਖੁੱਸ ਜਾਣਾ ਅਦਾਲਤੀ ਫੈਸਲੇ ਤੋਂ ਪਹਿਲਾਂ ਸਜ਼ਾ ਵਾਂਗ ਹੈ। ਨੀਅਤ ’ਤੇ ਸਵਾਲ ਇਸ ਲਈ ਉੱਠ ਰਹੇ ਹਨ ਕਿ ਇਹ ਬਿੱਲ ਵਿਧਾਇਕਾਂ ਅਤੇ ਸੰਸਦ ਮੈਂਬਰਾਂ ’ਤੇ ਲਾਗੂ ਨਹੀਂ ਹਨ, ਜਿਨ੍ਹਾਂ ’ਤੇ 4984 ਅਪਰਾਧਿਕ ਕੇਸ ਹਨ। ਵਿਜੇ ਹੰਸਾਰੀਆ ਦੀ ਰਿਪੋਰਟ ਮੁਤਾਬਕ ਲੋਕ ਸਭਾ ਵਿੱਚ 251 ਮੈਂਬਰਾਂ ’ਤੇ ਕੇਸ ਹਨ, ਜਿਨ੍ਹਾਂ ਵਿੱਚੋਂ 170 ਗੰਭੀਰ ਹਨ। ਵਿਰੋਧੀ ਨੇਤਾਵਾਂ ਨੇ ਕਿਹਾ ਕਿ ਇਹ ਬਿੱਲ ਈਡੀ ਅਤੇ ਸੀਬੀਆਈ ਵਰਗੀਆਂ ਏਜੰਸੀਆਂ ਰਾਹੀਂ ਵਿਰੋਧੀਆਂ ਨੂੰ ਫਸਾਉਣ ਦਾ ਹਥਿਆਰ ਬਣ ਸਕਦੇ ਹਨ। ਰਾਜਪਾਲਾਂ ਵੱਲੋਂ ਦੁਰਵਰਤੋਂ ਦੀ ਗੁੰਜਾਇਸ਼ ਵੀ ਹੈ। ਇਹ ਬਿੱਲ ਹੁਣ ਸਿਲੈਕਟ ਕਮੇਟੀ ਕੋਲ ਭੇਜੇ ਗਏ ਹਨ, ਪਰ ਉਨ੍ਹਾਂ ਨੇ ਸਿਆਸੀ ਗਰਮੀ ਵਧਾ ਦਿੱਤੀ ਹੈ। ਵਿਰੋਧੀ ਧਿਰ ਨੇ ਇਸ ਨੂੰ ਤਾਨਾਸ਼ਾਹੀ ਵੱਲ ਕਦਮ ਕਿਹਾ ਅਤੇ ਕਿਹਾ ਕਿ ਇਹ ਭਾਰਤੀ ਸੰਵਿਧਾਨ ਵਿਰੋਧੀ ਹੈ। ਵਿਰੋਧੀ ਨੇ ਬਿੱਲਾਂ ਨੂੰ ਅਸੰਵਿਧਾਨਿਕ ਕਿਹਾ ਅਤੇ ਮੰਗ ਕੀਤੀ ਕਿ ਇਨ੍ਹਾਂ ਨੂੰ ਵਾਪਸ ਲਿਆ ਜਾਵੇ। ਇਸ ਵਿਰੋਧ ਨੇ ਸੰਸਦ ਨੂੰ ਰੋਕ ਦਿੱਤਾ ਅਤੇ ਬਿੱਲਾਂ ਨੂੰ ਕਮੇਟੀ ਵਿੱਚ ਭੇਜਣਾ ਪਿਆ।

# ਵੋਟ ਚੋਰੀ ਦਾ ਮੁੱਦਾ ਕਿਉ ਉਠਿਆ, ਰਾਹੁਲ ਗਾਂਧੀ ਦੀ ਵੋਟ ਅਧਿਕਾਰ ਯਾਤਰਾ ਕਿਉਂ ਸ਼ੁਰੂ ਕੀਤੀ ?

## ✪ ਇਸ ਦਾ ਰਾਜਨੀਤੀ ’ਤੇ ਕੀ ਪ੍ਰਭਾਵ ਪਵੇਗਾ ? ✪ ਚੋਣ ਕਮਿਸ਼ਨ ਦੀ ਚੁੱਪੀ ਕਿਉਂ, ਘੁਸਪੈਠੀਆਂ ਬਾਰੇ ਜਾਣਕਾਰੀ ਕਿਉਂ ਨਹੀਂ ?

ਬਿਹਾਰ ਵਿੱਚ ਚੋਣ ਕਮਿਸ਼ਨ ਨੇ 2025 ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਵੋਟਰ ਸੂਚੀ ਦੀ ਵਿਸ਼ੇਸ਼ ਤੀਬਰ ਨਿਰੀਖਣ (ਐੱਸ.ਆਈ.ਆਰ.) ਸ਼ੁਰੂ ਕੀਤੀ ਹੈ। ਇਹ ਪ੍ਰਕਿਰਿਆ 1 ਜੁਲਾਈ 2025 ਨੂੰ ਯੋਗਤਾ ਮਿਤੀ ਵਜੋਂ ਰੱਖ ਕੇ ਚੱਲ ਰਹੀ ਹੈ। ਇਸ ਵਿੱਚ ਘਰ-ਘਰ ਜਾ ਕੇ ਵੇਰੀਫਿਕੇਸ਼ਨ ਕੀਤੀ ਜਾਂਦੀ ਹੈ ਤਾਂ ਜੋ ਵੋਟਰ ਸੂਚੀ ਨੂੰ ਸਾਫ਼-ਸੁਥਰਾ ਬਣਾਇਆ ਜਾ ਸਕੇ। ਅੰਤਿਮ ਸੂਚੀ 30 ਸਤੰਬਰ ਜਾਂ 1 ਅਕਤੂਬਰ ਨੂੰ ਜਾਰੀ ਹੋਵੇਗੀ। ਹੁਣ ਤੱਕ 65 ਲੱਖ ਨਾਂ ਕੱਟੇ ਗਏ ਹਨ, ਜਿਨ੍ਹਾਂ ਵਿੱਚ ਦੂਹਰੇ ਨਾਂ, ਮਰੇ ਹੋਏ ਲੋਕ ਅਤੇ ਸ਼ਿਫਟ ਹੋ ਚੁੱਕੇ ਵੋਟਰ ਸ਼ਾਮਲ ਹਨ। ਚੋਣ ਕਮਿਸ਼ਨ ਨੇ ਕਿਹਾ ਹੈ ਕਿ ਇਹ ਨਿਰੀਖਣ ਸਾਰੇ ਯੋਗ ਨਾਗਰਿਕਾਂ ਨੂੰ ਵੋਟ ਦੇ ਅਧਿਕਾਰ ਨੂੰ ਯਕੀਨੀ ਬਣਾਉਣ ਲਈ ਹੈ। ਪਰ ਵਿਰੋਧੀ ਪਾਰਟੀਆਂ ਇਸ ਨੂੰ ਵੋਟ ਚੋਰੀ ਦਾ ਤਰੀਕਾ ਦੱਸ ਰਹੀਆਂ ਹਨ। ਸੁਪਰੀਮ ਕੋਰਟ ਨੇ ਵੀ ਕਮਿਸ਼ਨ ਨੂੰ ਕੱਟੇ ਨਾਂਵਾਂ ਦੀ ਸੂਚੀ ਜਨਤਕ ਕਰਨ ਦੇ ਹੁਕਮ ਦਿੱਤੇ ਹਨ।

ਇਸ ਮੁੱਦੇ ਨੂੰ ਲੈਕੇ ਰਾਹੁਲ ਗਾਂਧੀ ਅਤੇ ਤੇਜਸਵੀ ਯਾਦਵ ਬਿਹਾਰ ਵਿੱਚ ‘ਵੋਟ ਅਧਿਕਾਰ ਯਾਤਰਾ’ ਕਰ ਰਹੇ ਹਨ ਤਾਂ ਜੋ ਲੋਕਾਂ ਨੂੰ ਵੋਟਰ ਸੂਚੀ ਵਿੱਚ ਨਾਂ ਕੱਟਣ ਵਿਰੁੱਧ ਜਾਗਰੂਕ ਕੀਤਾ ਜਾ ਸਕੇ। ਰਾਹੁਲ ਨੇ 7 ਅਗਸਤ ਨੂੰ ਪ੍ਰੈੱਸ ਕਾਨਫਰੰਸ ਵਿੱਚ ਕਰਨਾਟਕ ਦੇ ਇੱਕ ਵਿਧਾਨ ਸਭਾ ਹਲਕੇ ਵਿੱਚ ਇੱਕ ਇਮਾਰਤ ਵਿੱਚ 600 ਵੋਟਰ ਹੋਣ ਦਾ ਸਬੂਤ ਦਿੱਤਾ ਸੀ। ਉਨ੍ਹਾਂ ਨੇ ਦੋਸ਼ ਲਾਇਆ ਸੀ ਕਿ ਭਾਜਪਾ ਚੋਣ ਕਮਿਸ਼ਨ ਨਾਲ ਮਿਲ ਕੇ ਵਿਰੋਧੀ ਵੋਟਰਾਂ ਨੂੰ ਕੱਟ ਰਹੀ ਹੈ। ਇਹ ਸੰਘਰਸ਼ ਵੋਟ ਦੇ ਅਧਿਕਾਰ ਨੂੰ ਬਚਾਉਣ ਅਤੇ ਜਮਹੂਰੀਅਤ ਨੂੰ ਮਜ਼ਬੂਤ ਕਰਨ ਲਈ ਹੈ। ਤੇਜਸਵੀ ਨੇ ਕਿਹਾ ਕਿ ਜਿਉਂਦੇ ਲੋਕਾਂ ਨੂੰ ਮਰੇ ਵਿਖਾ ਕੇ ਨਾਂ ਕੱਟੇ ਜਾ ਰਹੇ ਹਨ। ਇਸ ਯਾਤਰਾ ਨਾਲ ਵਿਰੋਧੀ ਪਾਰਟੀਆਂ ਇੱਕਜੁੱਟ ਹੋ ਰਹੀਆਂ ਹਨ ਅਤੇ ਲੋਕਾਂ ਵਿੱਚ ਜਾਗਰੂਕਤਾ ਵਧ ਰਹੀ ਹੈ। ਸੀ-ਵੋਟਰ ਸਰਵੇ ਵਿੱਚ 59 ਫੀਸਦੀ ਲੋਕ ਮੰਨਦੇ ਹਨ ਕਿ ਭਾਜਪਾ ਵੋਟ ਚੋਰੀ ਕਰਦੀ ਹੈ। ਵਿਰੋਧੀ ਧਿਰ ਦੇ ਦਾਅਵਿਆਂ ਅਨੁਸਾਰ ਰਾਹੁਲ ਦਾ ਮੰਤਵ ਚੋਣ ਪ੍ਰਕਿਰਿਆ ਨੂੰ ਨਿਰਪੱਖ ਬਣਾਉਣਾ ਹੈ।

ਚੋਣ ਕਮਿਸ਼ਨ ਨੇ ਅਜੇ ਤੱਕ ਇਹ ਨਹੀਂ ਕਿਹਾ ਕਿ ਘੁਸਪੈਠੀਆਂ ਜਾਂ ਵਿਦੇਸ਼ੀ ਨਾਗਰਿਕਾਂ ਦੇ ਨਾਂ ਕੱਟੇ ਗਏ ਹਨ। ਉਨ੍ਹਾਂ ਮੁਤਾਬਕ, 65 ਲੱਖ ਨਾਂਵਾਂ ਵਿੱਚ ਕੋਈ ਵੀ ਵਿਦੇਸ਼ੀ ਹੋਣ ਦੇ ਆਧਾਰ ਤੇ ਨਹੀਂ ਕੱਟਿਆ ਗਿਆ। ਪਹਿਲਾਂ ਮੀਡੀਆ ਵਿੱਚ ਬੰਗਲਾਦੇਸ਼ੀ ਅਤੇ ਰੋਹਿੰਗਿਆ ਵੋਟਰਾਂ ਬਾਰੇ ਖ਼ਬਰਾਂ ਆਈਆਂ ਸਨ, ਪਰ ਡਰਾਫਟ ਸੂਚੀ ਵਿੱਚ ਅਜਿਹਾ ਕੁਝ ਨਹੀਂ। ਕਮਿਸ਼ਨ ਕਹਿੰਦਾ ਹੈ ਕਿ ਪ੍ਰਕਿਰਿਆ ਅਜੇ ਚੱਲ ਰਹੀ ਹੈ ਅਤੇ ਅੰਤਿਮ ਸੂਚੀ ਤੋਂ ਬਾਅਦ ਪਤਾ ਲੱਗੇਗਾ। ਉਹ ਵਿਰੋਧੀਆਂ ਦੇ ਦੋਸ਼ਾਂ ਨੂੰ ਝੂਠਾ ਦੱਸਦੇ ਹਨ ਅਤੇ ਕਹਿੰਦੇ ਹਨ ਕਿ ਸਾਰੀਆਂ ਪਾਰਟੀਆਂ ਦੇ ਏਜੰਟ ਸ਼ਾਮਲ ਹਨ। ਸੁਪਰੀਮ ਕੋਰਟ ਨੇ ਕਮਿਸ਼ਨ ਨੂੰ ਨਾਂ ਕੱਟਣ ਤੇ ਕਾਰਨ ਜਨਤਕ ਕਰਨ ਲਈ ਕਿਹਾ ਹੈ, ਪਰ ਘੁਸਪੈਠੀਆਂ ਬਾਰੇ ਵਿਸ਼ੇਸ਼ ਜਾਣਕਾਰੀ ਨਹੀਂ ਦਿੱਤੀ ਗਈ ।

ਇਹ ਮੁੱਦਾ ਬਿਹਾਰ ਚੋਣਾਂ ਵਿੱਚ ਵੱਡਾ ਬਣ ਸਕਦਾ ਹੈ। ਸਰਵੇ ਵਿੱਚ 60 ਫੀਸਦੀ ਲੋਕ ਮੰਨਦੇ ਹਨ ਕਿ ਵੋਟ ਕੱਟਣਾ ਪ੍ਰਮੁੱਖ ਮੁੱਦਾ ਹੈ। ਵਿਰੋਧੀ ਪਾਰਟੀਆਂ ਇਸ ਨਾਲ ਇੱਕਜੁੱਟ ਹੋ ਰਹੀਆਂ ਹਨ ਅਤੇ ਲੋਕ ਅੰਦੋਲਨ ਬਣ ਰਿਹਾ ਹੈ। ਰਾਹੁਲ ਦੀ ਯਾਤਰਾ ਨਾਲ ਇੰਡੀਆ ਗਠਜੋੜ ਮਜ਼ਬੂਤ ਹੋ ਰਿਹਾ ਹੈ। ਭਾਜਪਾ ਦੋਸ਼ ਲਾਉਂਦੀ ਹੈ ਕਿ ਵਿਰੋਧੀ ਘੁਸਪੈਠੀਆਂ ਨੂੰ ਬਚਾਉਣਾ ਚਾਹੁੰਦੇ ਹਨ। ਨਿਰਪੱਖ ਸੂਤਰਾਂ ਦਾ ਮੰਨਣਾ ਹੈ ਕਿ ਇਸ ਨਾਲ ਚੋਣ ਕਮਿਸ਼ਨ ਦੀ ਨਿਰਪੱਖਤਾ ਤੇ ਸਵਾਲ ਉੱਠ ਰਹੇ ਹਨ ਤੇ ਲੋਕਾਂ ਦਾ ਵਿਸ਼ਵਾਸ ਡੋਲ ਰਿਹਾ ਹੈ। 67 ਫੀਸਦੀ ਲੋਕ ਚਾਹੁੰਦੇ ਹਨ ਕਿ ਕਮਿਸ਼ਨ ਰਾਹੁਲ ਵਲੋਂ ਲਗਾਏ ਦੋਸ਼ਾਂ ਬਾਰੇ ਜਵਾਬ ਦੇਵੇ। ਇਹ ਰਾਜਨੀਤੀ ਨੂੰ ਪ੍ਰਭਾਵਿਤ ਕਰੇਗਾ ਤੇ ਵਿਰੋਧੀਆਂ ਨੂੰ ਫਾਇਦਾ ਦੇ ਸਕਦਾ ਹੈ।

ਪੰਜਾਬ ਟਾਈਮਜ ਅਨੁਸਾਰ ਸੱਚਾਈ ਇਹ ਹੈ ਕਿ ਐੱਸ.ਆਈ.ਆਰ. ਵੋਟਰ ਸੂਚੀ ਨੂੰ ਸਾਫ਼ ਕਰਨ ਲਈ ਹੈ, ਪਰ ਵਿਰੋਧੀ ਇਸ ਨੂੰ ਨਿਸ਼ਾਨਾ ਬਣਾਉਣ ਵਾਲਾ ਦੱਸਦੇ ਹਨ। ਵੱਡੀ ਗਿਣਤੀ ਵਿੱਚ ਔਰਤਾਂ ਅਤੇ ਨੌਜਵਾਨ ਵੋਟਰ ਕੱਟੇ ਗਏ ਹਨ, ਜਿਸ ਨਾਲ ਸ਼ੱਕ ਵਧ ਰਿਹਾ ਹੈ। ਕਮਿਸ਼ਨ ਦਾ ਮੰਨਣਾ ਹੈ ਕਿ ਰਾਹੁਲ ਦੇ ਕਈ ਦਾਅਵੇ ਝੂਠੇ ਹੋਏ ਹਨ ਅਤੇ ਕਿਹਾ ਹੈ ਕਿ ਪਾਰਟੀਆਂ ਨੇ ਬਹੁਤ ਘੱਟ ਇਤਰਾਜ਼ ਦਰਜ ਕੀਤੇ ਹਨ। ਘੁਸਪੈਠੀਆਂ ਬਾਰੇ ਅਜੇ ਕੋਈ ਪੱਕੀ ਜਾਣਕਾਰੀ ਨਹੀਂ, ਪਰ ਲੱਖਾਂ ਨਾਂ ਕੱਟਣ ਨਾਲ ਜਮਹੂਰੀਅਤ ਤੇ ਸਵਾਲ ਉੱਠ ਰਹੇ ਹਨ। ਲੋਕ ਚੋਣ ਕਮਿਸ਼ਨ ਦੀ ਜਵਾਬਦੇਹੀ ਚਾਹੁੰਦੇ ਹਨ। ਇਹ ਮੁੱਦਾ ਅੰਦੋਲਨ ਬਣ ਚੁੱਕਾ ਹੈ ਅਤੇ ਚੋਣਾਂ ਵਿੱਚ ਵੱਡਾ ਰੋਲ ਨਿਭਾਏਗਾ।

# ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ ਚ ਆਉਂਦੀਆਂ ਮੁਸ਼ਕਿਲਾਂ ਦੇ ਹੱਲ ਲਈ ਐਨ. ਆਰ. ਆਈ ਯੂਨੀਅਨ ਦਾ ਗਠਨ

## *ਦੇਵਇੰਦਰ ਸਿੰਘ ਦੇਵ ਥਿੰਦ ਸਰਬਸੰਮਤੀ ਨਾਲ ਬਣੇ ਪ੍ਰਧਾਨ *ਵੱਖ- ਵੱਖ ਦੇਸ਼ਾਂ, ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਸਮੇਤ ਪੰਜਾਬ ਚ ਕੀਤਾ ਜਾਵੇਗਾ ਯੂਨੀਅਨ ਦੀਆਂ ਇਕਾਈਆਂ ਦਾ ਗਠਨ


ਐਨ ਆਰ ਆਈ ਯੂਨੀਅਨ ਦਾ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਜਾਣ ਮੌਕੇ ਦੇਵਇੰਦਰ ਸਿੰਘ ਦੇਵ ਥਿੰਦ ਪ੍ਰਵਾਸੀ ਪੰਜਾਬੀ, ਬਿਜਨਸਮੈਨਾ ਅਤੇ ਸਿੱਖ ਆਗੂਆਂ ਨਾਲ।


*ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਵਿਦੇਸ਼ਾਂ ਚ ਵੱਸਦੇ ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ ਚ ਆ ਰਹੀਆਂ ਮੁਸ਼ਕਿਲਾਂ ਦਾ ਹੱਲ ਕਰਨ ਲਈ ਇੱਕਜੁੱਟ ਹੋ ਕੇ ਆਵਾਜ਼ ਬੁਲੰਦ ਕਰਨ ਲਈ ਐਨ ਆਰ ਆਈ ਯੂਨੀਅਨ ਦਾ ਗਠਨ ਕੀਤਾ ਗਿਆ। ਇਸ ਸਬੰਧੀ ਲੈਸਟਰ ਵਿਖੇ ਹੋਈ ਵਿਸਾਲ ਇਕੱਤਰਤਾ ਦੌਰਾਨ ਦੇਵਇੰਦਰ ਸਿੰਘ ਦੇਵ ਥਿੰਦ ਨੂੰ ਸਰਬਸੰਮਤੀ ਨਾਲ ਇਸ ਐਨ ਆਰ ਆਈ ਯੂਨੀਅਨ ਦਾ ਪ੍ਰਧਾਨ ਚੁਣਿਆ ਗਿਆ।*

ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਚੁਣੇ ਗਏ ਦੇਵਇੰਦਰ ਸਿੰਘ ਦੇਵ ਥਿੰਦ ਨੇ ਦੱਸਿਆ ਕਿ ਐਨ ਆਰ ਆਈ ਯੂਨੀਅਨ ਦਾ ਮਕਸਦ ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ ਚ ਆ ਰਹੀਆਂ ਮੁਸ਼ਕਿਲਾਂ ਦਾ ਹੱਲ ਕਰਵਾਉਣਾ ਹੋਵੇਗਾ। ਉਹਨਾਂ ਕਿਹਾ ਕਿ ਇਹ ਯੂਨੀਅਨ ਬਿਲਕੁਲ ਹੀ ਗੈਰ ਸਿਆਸੀ ਹੋਵੇਗੀ ਤੇ ਇਸ ਯੂਨੀਅਨ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੋਵੇਗਾ ।ਉਹਨਾਂ ਦੱਸਿਆ ਕਿ

ਇਸ ਯੂਨੀਅਨ ਦੀਆਂ ਵੱਖ ਵੱਖ ਦੇਸ਼ਾ ਅਤੇ, ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਸਮੇਤ ਪੰਜਾਬ ਚ ਇਕਾਈਆਂ ਗਠਨ ਕੀਤੀਆਂ ਜਾਣਗੀਆਂ ਤਾਂ ਜੋ ਕਿਸੇ ਵੀ ਪ੍ਰਵਾਸੀ ਪੰਜਾਬੀ ਨੂੰ ਪੰਜਾਬ ਚ ਆਉਣ ਵਾਲੀ ਮੁਸ਼ਕਿਲ ਜਾਂ ਹੁੰਦੀ ਧੱਕੇਸ਼ਹੀ ਵਿਰੁੱਧ ਇੱਕਜੁੱਟ ਹੋ ਕੇ ਆਵਾਜ਼ ਬੁਲੰਦ ਕੀਤੀ ਜਾ ਸਕੇ । ਇਸ ਮੌਕੇ ਤੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਲੈਸਟਰ ਦੇ ਸਾਬਕਾ ਪ੍ਰਧਾਨ ਅਤੇ ਤੀਰ ਗਰੁੱਪ ਦੇ ਬੁਲ-ਾਰੇ ਰਾਜ ਮਨਵਿੰਦਰ ਸਿੰਘ ਰਾਜਾ ਕੰਗ, ਗੁਰਦੁਆਰਾ ਸਾਹਿਬ ਦੇ ਮੌਜੂਦਾ ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ, ਲੈਸਟਰ ਕਬੱਡੀ ਕਲੱਬ ਦੇ ਪ੍ਰਧਾਨ ਕੁਲਵੀਰ ਸਿੰਘ ਖੱਖ, ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਸਤਵਿੰਦਰ ਸਿੰਘ ਦਿਓਲ, ਪ੍ਰਸਿੱਧ ਪੰਜਾਬੀ ਲੇਖਕ ਸੁਖਦੇਵ ਸਿੰਘ ਬਾਸਲ, ਪ੍ਰਸਿੱਧ ਬਿਜਨਸਮੈਨ ਸੰਨੀ ਚੋਪੜਾ, ਮਿੰਟੂ ਘੁਮਾਣ, ਅੰਮ੍ਰਿਤ ਘੁਮਾਣ, ਸੰਜੂ ਸ਼ਰਮਾ, ਨਿਰਮਲ ਸਿੰਘ ਲੱਡੂ, ਬਹਾਦਰ ਸਿੰਘ ਪੂਰੇਵਾਲ, ਮਨਜਿੰਦਰ ਪੂਰੇਵਾਲ ਅਤੇ ਪਰਮਜੀਤ ਕੌਰ ਸਮੇਤ ਵੱਡੀਗਿਣਤੀ ਚ ਪ੍ਰਵਾਸੀ ਪੰਜਾਬੀ ਹਾਜਰ ਸਨ।

# ਐਫ ਬੀ ਆਈ ਵੱਲੋਂ ਟਰੰਪ ਦੇ ਸਾਬਕਾ ਸੁਰੱਖਿਆ ਸਲਾਹਕਾਰ ਬੋਲਟਨ ਦੇ ਘਰ ਛਾਪਾ

## * ਬੋਲਟਨ ਨੇ ਭਾਰਤ ਉੱਪਰ ਟੈਰਿਫ਼ ਲਾਉਣ ਦੀ ਕੀਤੀ ਸੀ ਸਖਤ ਨਿੰਦਾ * ਬੋਲਟਨ ਨੇ ਕਿਹਾ ਰੂਸ-ਯੁਕਰੇਨ ਜੰਗ ਖਤਮ ਕਰਨ ਬਾਰੇ ਗੱਲਬਾਤ ਨਹੀਂ ਹੋਵੇਗੀ ਸਫਲ


ਜੌਹਨ ਬੋਲਟਨ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਇੱਕ ਉੱਚ ਪੱਧਰੀ ਜਾਂਚ ਦੇ ਮਾਮਲੇ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਾਬਕਾ ਸੁਰੱਖਿਆ ਸਲਾਹਕਾਰ ਜੌਹਨ ਬੋਲਟਨ ਦੇ ਘਰ ਛਾਪਾ ਮਾਰਿਆ ਹੈ। ਐਫ ਬੀ ਆਈ ਦੀ ਇਸ ਕਾਰਵਾਈ ਨੂੰ ਵਾਸ਼ਿੰਗਟਨ ਦੁਆਰਾ ਰੂਸ ਤੋਂ ਤੇਲ ਦਰਾਮਦ ਕਰਨ ਕਾਰਨ ਭਾਰਤ ਉੱਪਰ ਲਾਏ ਭਾਰੀ ਟੈਰਿਫ਼ ਦੀ ਬੋਲਟਨ ਦੁਆਰਾ ਸਖਤ ਨਿੰਦਾ ਕਰਨ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਨਿਊਯਾਰਕ ਪੋਸਟ ਦੀ ਇੱਕ ਰਿਪੋਰਟ ਅਨੁਸਾਰ ਐਫ ਬੀ ਆਈ ਮੁੱਖੀ ਕਾਸ਼ ਪਟੇਲ ਵੱਲੋਂ ਇੱਕ ਜਾਂਚ ਦੇ ਮਾਮਲੇ ਵਿੱਚ ਦਿੱਤੇ ਗਏ ਹੁਕਮਾਂ ਅਨੁਸਾਰ ਏਜੰਸੀ ਦੇ ਏਜੰਟ ਬੋਲਟਨ ਦੇ ਬੇਥੈਸਡਾ ਵਿੱਚਲੇ ਘਰ ਵਿੱਚ ਪਹੁੰਚੇ ਤੇ ਉਨਾਂ ਨੇ ਘਰ ਦੀ ਤਲਾਸ਼ੀ ਲਈ। ਨਿਊਯਾਰਕ ਪੋਸਟ ਨੇ ਇਹ ਰਿਪੋਰਟ ਟਰੰਪ ਦੇ ਇੱਕ ਅਧਿਕਾਰੀ ਦੇ ਹਵਾਲੇ ਨਾਲ ਪ੍ਰਕਾਸ਼ਿਤ ਕੀਤੀ ਹੈ। ਕਾਸ਼ ਪਟੇਲ ਨੇ ਛਾਪੇ ਦੀ ਕਾਰਵਾਈ ਸ਼ੁਰੂ ਹੋਣ ਤੋਂ ਬਾਅਦ ਐਕਸ ਉੱਪਰ ਲਿੱਖਿਆ ਹੈ ਕਿ ''ਕਾਨੂੰਨ ਤੋਂ ਕੋਈ ਵੀ ਉੱਪਰ ਨਹੀਂ ਹੈ ਐਫ ਬੀ ਆਈ ਏਜੰਟ ਆਪਣੇ ਮਿਸ਼ਨ 'ਤੇ ਹਨ।'' ਇਹ ਮਾਮਲਾ ਗੁਪਤ ਦਸਤਾਵੇਜਾਂ ਨਾਲ ਸਬੰਧਿਤ ਹੈ ਜਿਸ ਦੀ ਜਾਂਚ ਕੁਝ ਸਾਲ ਪਹਿਲਾਂ ਸ਼ੁਰੂ ਹੋਈ ਸੀ।


ਇਸੇ ਦੌਰਾਨ ਬੋਲਟਨ ਨੇ ਛਾਪੇ ਦੀ ਜਾਣਕਾਰੀ ਐਕਸ ਉੱਪਰ ਸਾਂਝੀ ਕੀਤੀ ਹੈ ਤੇ ਰੂਸ-ਯੁਕਰੇਨ ਜੰਗ ਸਬੰਧੀ ਟਰੰਪ ਪ੍ਰਸ਼ਾਸਨ ਦੀ ਪਹੁੰਚ ਦੀ ਅਲੋਚਨਾ ਕਰਦਿਆਂ ਕਿਹਾ ਹੈ ਕਿ ਚੱਲ ਰਹੀ ਮੌਜੂਦਾ ਗੱਲਬਾਤ ਦਾ ਕੋਈ ਸਿੱਟਾ ਨਹੀਂ ਨਿਕਲੇਗਾ। ਬੋਲਟਨ ਨੇ ਲਿੱਖਿਆ ਹੈ ''ਰੂਸ ਨੇ ਯੁਕਰੇਨ ਨੂੰ ਨਵੇਂ ਰੂਸੀ ਸਾਮਰਾਜ ਵਿੱਚ ਸ਼ਾਮਿਲ ਕਰਨ ਬਾਰੇ ਆਪਣਾ ਟੀਚਾ ਨਹੀਂ ਬਦਲਿਆ ਹੈ। ਮਾਸਕੋ ਨੇ ਯੁਕਰੇਨ ਦੇ ਮੱਲੇ ਖੇਤਰ ਰੂਸ ਨੂੰ ਦੇਣ ਦੀ ਮੰਗ ਕੀਤੀ ਹੈ ਜੋ ਕਿ ਜੇਲੈਂਸਕੀ ਕਦੀ ਵੀ ਦੇਣ ਲਈ ਤਿਆਰ ਨਹੀਂ ਹੋਵੇਗਾ। ਟਰੰਪ ਸ਼ਾਂਤੀ ਲਈ ਨੋਬਲ ਪੁਰਸਕਾਰ ਲੈਣਾ ਚਹੁੰਦਾ ਹੈ ਪਰ ਮੈਨੂੰ ਨਹੀਂ ਲੱਗਦਾ ਕਿ ਰੂਸ-ਯੁਕਰੇਨ ਜੰਗ ਖਤਮ ਕਰਨ ਬਾਰੇ ਚੱਲ ਰਹੀ ਗੱਲਬਾਤ ਵਿੱਚ ਕੋਈ ਪ੍ਰਗਤੀ ਹੋਵੇਗੀ।

# ਜਸਵਿੰਦਰ ਭੱਲਾ ਦੇ ਅਕਾਲ ਚਲਾਣੇ ਤੇ ਮਲਕੀਤ ਸਿੰਘ ਅਤੇ ਚੰਨੀ ਸਿੰਘ ਵੱਲੋਂ ਦੁੱਖ ਦਾ ਪ੍ਰਗਟਾਵਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹਾਸਿਆਂ ਦੇ ਬਾਦਸ਼ਾਹ ਜਸਵਿੰਦਰ ਭੱਲਾ ਦੇ ਅਕਾਲ ਚਲਾਣੇ ਤੇ ਗੋਲਡਨ ਸਟਾਰ ਮਲਕੀਤ ਸਿੰਘ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੰਜਾਬੀ ਗੀਤ ਸੰਗੀਤ ਅਤੇ ਪੰਜਾਬੀ ਫ਼ਿਲਮੀ ਜਗਤ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਕਿਹਾ ਕਿ ਮੇਹਰ ਮਿੱਤਲ ਤੋਂ ਬਾਅਦ ਜਸਵਿੰਦਰ ਭੱਲਾ ਪੰਜਾਬੀ ਫ਼ਿਲਮਾਂ ਦਾ ਉਹ ਚਿਹਰਾ ਸੀ ਜਿਸ ਨੂੰ ਵੇਖ ਕੇ ਹਰ ਕਿਸੇ ਦੇ ਚਿਹਰੇ ਤੇ ਮੁਸਕਾਨ ਆ ਜਾਂਦੀ ਸੀ। ਮਲਕੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਜਸਵਿੰਦਰ ਭੱਲਾ ਨਾਲ ਕਾਫੀ ਕੰਮ ਕੀਤਾ ਹੈ ਉਹ ਬਹੁਤ ਪ੍ਰਤਿਭਾਸ਼ਾਲੀ ਸ਼ਖਸੀਅਤ ਸਨ ਜਿਹਨਾਂ ਨੇ ਫ਼ਿਲਮੀ ਦੁਨੀਆ ਵਿੱਚ ਵੱਡਾ ਮੁਕਾਮ ਹਾਸਲ ਕਰਕੇ ਵੀ ਅਧਿਆਪਨ ਦੀ ਸੇਵਾ ਨਹੀਂ ਛੱਡੀ। ਇਸੇ ਤਰ੍ਹਾਂ ਉੱਘੇ ਗਾਇਕ ਚੰਨੀ ਸਿੰਘ ਓ ਬੀ ਈ ਨੇ ਕਿਹਾ ਕਿ ਹਾਸਿਆਂ ਵਿੱਚ ਪੰਜਾਬ ਦੀ ਗੱਲ ਕਰਨ ਦਾ ਹਨਰ ਰੱਖਣ ਵਾਲਾ ਅੱਜ ਦੁਨੀਆਂ ਨੂੰ ਹਸਾਉਂਦਾ ਹਸਾਉਂਦਾ ਹੰਝੂ ਦੇ ਗਿਆ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੂਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ


ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਪਾਕਿਸਤਾਨ ਵਿੱਚ ਸਿੱਖ ਵਿਰਾਸਤ ਦੀ ਅਣਦੇਖੀ: ਮਹਾਂ ਸਿੰਘ ਦੀ ਸਮਾਧ ਬਣੀ ਖੰਡਰ

## ✪ ਸੁਰੱਖਿਅਤ ਸਮਾਰਕ ਦਾ ਦਰਜਾ ਹੋਣ ਦੇ ਬਾਵਜੂਦ ਤਬਾਹੀ ਦੀ ਕਗਾਰ 'ਤੇ ਸਿੱਖ ਧਰੋਹਰ ✪ ਪਾਕਿ ਸਰਕਾਰ ਦੀ ਲਾਪਰਵਾਹੀ ਕਾਰਨ ਖਤਰੇ ਵਿੱਚ ਸਿੱਖ ਵਿਰਾਸਤ

ਗੁੱਜਰਾਂਵਾਲਾ/ਲਾਹੌਰ-ਪਾਕਿਸਤਾਨ ਵਿੱਚ ਸਿੱਖ ਧਰਮ ਦੀ ਵਿਰਾਸਤੀ ਧਰੋਹਰ ਨੂੰ ਬਚਾਉਣ ਲਈ ਅੰਤਰਰਾਸ਼ਟਰੀ ਪੱਧਰ ਤੇ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਨੇ, ਪਰ ਹਕੀਕਤ ਵਿੱਚ ਹਾਲਤ ਚਿੰਤਾਜਨਕ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸਰਦਾਰ ਮਹਾਂ ਸਿੰਘ ਦੀ ਗੁੱਜਰਾਂਵਾਲਾ ਵਿੱਚ ਸਥਿਤ ਸਮਾਧ ਖੰਡਰ ਬਣ ਚੁੱਕੀ ਹੈ। ਪਾਕਿ ਸਰਕਾਰ ਨੇ ਇਸ ਨੂੰ ਸੁਰੱਖਿਅਤ ਸਮਾਰਕ ਐਲਾਨ ਕੇ ਵੀ ਕੋਈ ਧਿਆਨ ਨਹੀਂ ਦਿੱਤਾ। ਇਸੇ ਤਰ੍ਹਾਂ ਹਜ਼ਾਰਾਂ ਗੁਰਦੁਆਰੇ ਤੇ ਸਿੱਖ ਜਰਨੈਲਾਂ ਦੀਆਂ ਸਮਾਧਾਂ ਅਣਦੇਖੀ ਕਾਰਨ ਤਬਾਹੀ ਵੱਲ ਵਧ ਰਹੀਆਂ ਨੇ। ਡਾ. ਸਤਪ੍ਰੀਤ ਸਿੰਘ ਵਰਗੇ ਵਿਦਵਾਨਾਂ ਦਾ ਕਹਿਣਾ ਹੈ ਕਿ 500 ਤੋਂ ਵੱਧ ਇਤਿਹਾਸਕ ਗੁਰਦੁਆਰੇ ਨੇ, ਪਰ ਸਿਰਫ਼ ਥੋੜ੍ਹੇ ਜਿਹੇ ਚੱਲ ਰਹੇ ਨੇ। ਇਹ ਸਥਿਤੀ ਨਾ ਸਿਰਫ਼ ਸਿੱਖ ਕੌਮ ਲਈ ਚਿੰਤਾ ਦੀ ਗੱਲ ਹੈ, ਸਗੋਂ ਪਾਕਿਸਤਾਨ ਦੀ ਸੱਭਿਆਚਾਰਕ ਵਿਰਾਸਤ ਨੂੰ ਵੀ ਖ਼ਤਰੇ ਵਿੱਚ ਪਾ ਰਹੀ ਹੈ।





### ਮਹਾਂ ਸਿੰਘ ਦਾ ਇਤਿਹਾਸ ਵਿੱਚ ਯੋਗਦਾਨ

ਸਰਦਾਰ ਮਹਾਂ ਸਿੰਘ ਦਾ ਜਨਮ 1756 ਜਾਂ 1760 ਵਿੱਚ ਗੁੱਜਰਾਂਵਾਲਾ ਵਿੱਚ ਹੋਇਆ ਸੀ। ਉਹ ਸੁਕਰਚੱਕੀਆ ਮਿਸਲ ਦੇ ਮੁਖੀ ਸਰਦਾਰ ਚਰਤ ਸਿੰਘ ਤੇ ਮਾਈ ਦੇਸਾਂ ਕੌਰ ਦੇ ਵੱਡੇ ਪੁੱਤਰ ਸਨ। ਬਚਪਨ ਤੋਂ ਹੀ ਫ਼ੌਜੀ ਮੁਹਿੰਮਾਂ ਵਿੱਚ ਸ਼ਾਮਲ ਹੋਏ ਤੇ 1770 ਵਿੱਚ ਪਿਤਾ ਦੀ ਮੌਤ ਤੋਂ ਬਾਅਦ ਮਿਸਲ ਦੇ ਮੁਖੀ ਬਣੇ। ਉਹਨਾਂ ਨੇ ਦੋ ਵਿਆਹ ਕੀਤੇ: ਪਹਿਲਾ ਮਾਈ ਮਨ ਕੌਰ ਨਾਲ ਤੇ ਦੂਜਾ ਰਾਜ ਕੌਰ ਨਾਲ, ਜਿਸ ਤੋਂ ਰਣਜੀਤ ਸਿੰਘ ਪੈਦਾ ਹੋਇਆ। ਮਹਾਂ ਸਿੰਘ ਨੇ ਸਿੱਖ ਇਤਿਹਾਸ ਵਿੱਚ ਵੱਡਾ ਯੋਗਦਾਨ ਪਾਇਆ।

ਉਹਨਾਂ ਨੇ ਰੋਹਤਾਸ ਫੋਰਟ ਤੇ ਕੋਟਲੀ ਅਹੰਗਰਾਂ ਜਿੱਤੇ, ਰਸੂਲ ਨਗਰ ਨੂੰ ਘੇਰਾ ਪਾਇਆ ਤੇ ਚੱਠਾ ਕਬੀਲੇ ਨੂੰ ਹਰਾਇਆ। ਭੰਗੀ ਮਿਸਲ ਨੂੰ ਕਮਜ਼ੋਰ ਕੀਤਾ ਤੇ ਕਨਹੀਆ ਮਿਸਲ ਨਾਲ ਲੜਾਈਆਂ ਵਿੱਚ ਜਿੱਤੇ, ਜਿਸ ਨਾਲ ਸੁਕਰਚੱਕੀਆ ਮਿਸਲ ਮਜ਼ਬੂਤ ਹੋਈ। ਉਹਨਾਂ ਨੇ ਜੰਮੂ ਨੂੰ ਜਿਤਿਆ ਤੇ ਜੱਸਾ ਸਿੰਘ ਰਾਮਗੜ੍ਹੀਆ ਨਾਲ ਗਠਜੋੜ ਕੀਤਾ। ਰਣਜੀਤ ਸਿੰਘ ਨੂੰ ਨਕਾਈ ਤੇ ਕਨਹੀਆ ਮਿਸਲ ਦੀਆਂ ਰਾਜਕੁਮਾਰੀਆਂ ਨਾਲ ਵਿਆਹ ਕਰਵਾ ਕੇ ਸਿੱਖ ਕਨਫੈਡਰੇਸੀ ਨੂੰ ਮਜ਼ਬੂਤ ਕੀਤਾ। ਉਹਨਾਂ ਦੀ ਮੌਤ 1792 ਵਿੱਚ ਗੁੱਜਰਾਂਵਾਲਾ ਫੋਰਟ ਵਿੱਚ ਹੋਈ। ਉਹਨਾਂ ਦੇ ਇਤਿਹਾਸਕ ਯੋਗਦਾਨ ਨੇ ਸਿੱਖ ਰਾਜ ਦੀ ਨੀਂਹ ਰੱਖੀ।

### ਪਾਕਿ ਵਿੱਚ ਕਿੰਨੀਆਂ ਸਿੱਖ ਵਿਰਾਸਤਾਂ ਖ਼ਤਰੇ ਵਿੱਚ

ਪਾਕਿਸਤਾਨ ਵਿੱਚ ਸਿੱਖ ਵਿਰਾਸਤ ਦੀ ਹਾਲਤ ਬਹੁਤ ਨਾਜ਼ੁਕ ਹੈ। ਇੱਕ ਰਿਪੋਰਟ ਮੁਤਾਬਕ, 171 ਗੁਰਦੁਆਰੇ ਖਸਤਾ ਹਾਲਤ ਵਿੱਚ ਨੇ। ਮਾਨਸੂਨ ਦੀਆਂ ਬਾਰਿਸ਼ਾਂ ਤੇ ਹੜ੍ਹਾਂ ਨੇ ਕਈ ਇਤਿਹਾਸਕ ਥਾਵਾਂ ਨੂੰ ਨੁਕਸਾਨ ਪਹੁੰਚਾਇਆ ਹੈ, ਜਿਵੇਂ ਕਿ ਪਿਛਲੇ ਸਾਲਾਂ ਵਿੱਚ ਹੋਇਆ ਸੀ। ਇਸ ਤੋਂ ਇਲਾਵਾ, ਫਿਰਕੂਆਂ ਵਲੋਂ ਧਾਰਮਿਕ ਅੱਤਿਆਚਾਰ ਤੇ ਮੌਬ ਅਟੈਕ ਵੀ ਵਧ ਰਹੇ ਨੇ। ਮਿਸਾਲ ਵਜੋਂ, 2020 ਵਿੱਚ ਨਨਕਾਣਾ ਸਾਹਿਬ ਵਿੱਚ ਗੁਰਦੁਆਰੇ ਤੇ ਹਮਲਾ ਹੋਇਆ ਸੀ। ਯੂਨਾਈਟਿਡ ਸਿੱਖਸ ਵਰਗੀਆਂ ਸੰਸਥਾਵਾਂ ਨੇ ਚੇਤਾਵਨੀ ਦਿੱਤੀ ਸੀ ਕਿ ਪਾਕਿ ਦੇ ਪੇਸ਼ਾਵਰ, ਲਾਹੌਰ ਤੇ ਨਨਕਾਣਾ ਸਾਹਿਬ ਵਰਗੇ ਖੇਤਰਾਂ ਵਿੱਚ ਕਈ ਗੁਰਦੁਆਰੇ ਗੰਦਗੀ ਤੇ ਅਣਦੇਖੀ ਕਾਰਨ ਤਬਾਹ ਹੋ ਰਹੇ ਨੇ। ਇਹਨਾਂ ਵਿੱਚੋਂ ਬਹੁਤੀਆਂ ਥਾਵਾਂ ਗੁਰੂ ਨਾਨਕ ਦੇਵ ਜੀ ਨਾਲ ਜੁੜੀਆਂ ਹੋਈਆਂ ਨੇ, ਜੋ ਪਾਕਿ ਨੂੰ ਟੂਰਿਜ਼ਮ ਲਈ ਵੀ ਲਾਭਦਾਇਕ ਬਣਾ ਸਕਦੀਆਂ ਨੇ, ਪਰ ਸਰਕਾਰੀ ਅਣਦੇਖੀ ਕਾਰਨ ਇਹ ਵਿਰਾਸਤਾਂ ਖ਼ਤਰੇ ਵਿੱਚ ਨੇ। ਖੋਜਕਰਤਾਵਾਂ ਮੁਤਾਬਕ, 250 ਤੋਂ ਵੱਧ ਗੁਰਦੁਆਰੇ ਤੇ ਸਮਾਧਾਂ ਸੰਭਾਲ ਦੀ ਘਾਟ ਕਾਰਨ ਖੰਡਰ ਬਣ ਚੁੱਕੀਆਂ ਨੇ।

### ਕਿਹੜੀਆਂ ਇਤਿਹਾਸਕ ਇਮਾਰਤਾਂ ਸੁਰੱਖਿਅਤ ਸਮਾਰਕ ਐਲਾਨੀਆਂ

ਪਾਕਿ ਸਰਕਾਰ ਨੇ ਕਈ ਸਿੱਖ ਵਿਰਾਸਤੀ ਥਾਵਾਂ ਨੂੰ ਸੁਰੱਖਿਅਤ ਸਮਾਰਕ ਐਲਾਨ ਕੀਤਾ ਹੈ, ਪਰ ਅਸਲ ਵਿੱਚ ਇਹਨਾਂ ਦੀ ਸੰਭਾਲ ਨਹੀਂ ਹੋ ਰਹੀ। ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ, ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ), ਗੁਰਦੁਆਰਾ ਨਨਕਾਣਾ ਸਾਹਿਬ, ਗੁਰਦੁਆਰਾ ਡੇਰਾ ਸਾਹਿਬ (ਲਾਹੌਰ), ਗੁਰਦੁਆਰਾ ਰੋੜੀ ਸਾਹਿਬ (ਗੁੱਜਰਾਂਵਾਲਾ), ਗੁਰਦੁਆਰਾ ਬਾਬੇ ਦੀ ਬੇਰੀ (ਸਿਆਲਕੋਟ), ਗੁਰਦੁਆਰਾ ਭਾਈ ਜੋਗਾ ਸਿੰਘ (ਪੇਸ਼ਾਵਰ) ਆਦਿ ਸੁਰੱਖਿਅਤ ਨੇ। ਇਸ ਤੋਂ ਇਲਾਵਾ, ਲਾਹੌਰ ਫੋਰਟ ਵਿੱਚ 100 ਤੋਂ ਵੱਧ ਮੋਨੂਮੈਂਟਸ ਸਿੱਖ ਯੁੱਗ ਦੇ ਨੇ, ਜਿਵੇਂ ਅਕਾਲੀ ਫੂਲਾ ਸਿੰਘ ਦੀ ਸਮਾਧ (ਨੌਸ਼ਹਿਰਾ), ਬਾਲਾਹਿਸਾਰ ਫੋਰਟ ਤੇ ਗੋਰ ਘੱਟਰੀ।

ਪੰਜਾਬ ਸੂਬੇ ਵਿੱਚ ਯੂਨੈਸਕੋ ਲਿਸਟ ਵਿੱਚ ਲਾਹੌਰ ਫੋਰਟ ਤੇ ਸ਼ਾਲਾਮਾਰ ਗਾਰਡਨ ਵੀ ਸ਼ਾਮਲ ਨੇ, ਜੋ ਸਿੱਖ ਵਿਰਾਸਤ ਨਾਲ ਜੁੜੇ ਨੇ। ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਨੈਸ਼ਨਲ ਸਿੱਖ ਸੈਕਰਡ ਸਾਈਟ ਐਲਾਨ ਕੀਤਾ ਗਿਆ ਹੈ। ਪਰ ਅਸਲੀ ਹਾਲਤ ਬਹੁਤ ਖ਼ਰਾਬ ਹੈ। ਮਹਾਂ ਸਿੰਘ ਦੀ ਸਮਾਧ ਨੂੰ ਵੀ ਸੁਰੱਖਿਅਤ ਐਲਾਨ ਕੀਤਾ ਗਿਆ, ਪਰ ਇਹ ਢਹਿ ਚੁੱਕੀ ਹੈ ਤੇ ਗੰਦਗੀ ਨਾਲ ਭਰੀ ਹੈ। 1992 ਵਿੱਚ ਬਾਬਰੀ ਮਸਜਿਦ ਵਿਵਾਦ ਦੌਰਾਨ ਇਸ ਨੂੰ ਤੋੜਿਆ ਗਿਆ ਸੀ। ਗੁੱਜਰਾਂਵਾਲਾ ਪ੍ਰਸ਼ਾਸਨ ਨੇ 4-5 ਸਾਲ ਪਹਿਲਾਂ ਇਸ ਨੂੰ ਕਬਜ਼ਾ ਮੁਕਤ ਕਰਨ ਦਾ ਵਾਅਦਾ ਕੀਤਾ ਸੀ, ਪਰ ਕੁਝ ਨਹੀਂ ਹੋਇਆ। ਹੋਰ ਥਾਵਾਂ ਜਿਵੇਂ ਗੁਰਦੁਆਰਾ ਗਹਵਿੰਡੀ, ਹੁਦਿਆਰਾ ਤੇ ਜਹਮਾਨ ਵੀ ਬਾਰਡਰ ਨੇੜੇ ਖੰਡਰ ਨੇ।

### ਮੌਜੂਦਾ ਵਿਰਾਸਤ ਦਾ ਮਹੱਤਵ ਤੇ ਬਚਾਅ ਦੀ ਲੋੜ

ਮਹਾਂ ਸਿੰਘ ਦੀ ਸਮਾਧ ਦਾ ਮਹੱਤਵ ਇਹ ਹੈ ਕਿ ਇਹ ਗੁੱਜਰਾਂਵਾਲਾ ਵਿੱਚ ਸਿੱਖ ਯੁੱਗ ਦੀ ਨਿਸ਼ਾਨੀ ਹੈ। ਇਸ ਨੂੰ 1823 ਵਿੱਚ ਜਰਨੈਲ ਹਰੀ ਸਿੰਘ ਨਲੂਆ ਨੇ ਬਣਵਾਇਆ ਸੀ, ਜੋ ਰਣਜੀਤ ਸਿੰਘ ਦੀ ਇੱਛਾ ਅਨੁਸਾਰ 12 ਹਜ਼ਾਰ ਰੁਪਏ ਖਰਚ ਕੇ ਬਣੀ। ਇਹ ਸਮਾਧ ਸਿੱਖ ਵੀਰਤਾ ਤੇ ਏਕਤਾ ਦੀ ਪ੍ਰਤੀਕ ਹੈ, ਜੋ ਪਾਕਿ ਨੂੰ ਟੂਰਿਜ਼ਮ ਰਾਹੀਂ ਆਰਥਿਕ ਲਾਭ ਦੇ ਸਕਦੀ ਹੈ। ਪਰ ਅੱਜ ਇਹ ਢਹਿ ਚੁੱਕੀ ਹੈ ਤੇ ਗੰਦਗੀ ਨਾਲ ਭਰੀ ਹੈ। ਇਸੇ ਤਰ੍ਹਾਂ ਪੂਰੀ ਸਿੱਖ ਵਿਰਾਸਤ ਦਾ ਮਹੱਤਵ ਇਤਿਹਾਸਕ ਤੇ ਧਾਰਮਿਕ ਹੈ। ਇਹ ਥਾਵਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਰਣਜੀਤ ਸਿੰਘ ਯੁੱਗ ਨੂੰ ਜੋੜਦੀਆਂ ਨੇ, ਜੋ ਕੌਮੀ ਏਕਤਾ ਤੇ ਵਿਰਾਸਤ ਨੂੰ ਬਚਾਉਂਦੀਆਂ ਨੇ। ਪਾਕਿ ਨੂੰ ਆਰਥਿਕ ਲਾਭ ਲਈ ਵੀ ਇਹਨਾਂ ਨੂੰ ਬਚਾਉਣਾ ਚਾਹੀਦਾ ਹੈ।

ਯੂਨੈਸਕੋ ਨੇ ਵੀ ਡਿਜ਼ਾਸਟਰ ਰਿਸਕ ਰਿਡਕਸ਼ਨ ਲਈ ਵਰਕਸ਼ਾਪ ਕੀਤੀ ਹੈ। ਵਿਰਾਸਤੀ ਆਰਗਨਾਈਜ਼ੇਸ਼ਨਾਂ ਨੇ ਅਪੀਲ ਕੀਤੀ ਹੈ ਕਿ ਸਿੱਖ ਵਿਰਾਸਤ ਨੂੰ ਬਚਾਉਣ ਲਈ ਤੁਰੰਤ ਕਦਮ ਚੁੱਕੇ ਜਾਣ। ਇਹ ਨਾ ਸਿਰਫ਼ ਧਾਰਮਿਕ, ਸਗੋਂ ਸੱਭਿਆਚਾਰਕ ਤੌਰ ਤੇ ਵੀ ਮਹੱਤਵਪੂਰਨ ਹੈ, ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਇਤਿਹਾਸ ਤੋਂ ਵਾਂਝੀਆਂ ਰਹਿ ਜਾਣਗੀਆਂ। ਪਾਕਿ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਇਸ ਪਾਸੇ ਧਿਆਨ ਦੇਣਾ ਚਾਹੀਦਾ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਅਕਾਲ ਤਖ਼ਤ ਸਾਹਿਬ ਵਿਖੇ ਹੋਏ ਪੇਸ਼



ਅੰਮ੍ਰਿਤਸਰ-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਸੋਮਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਏ। ਪ੍ਰੋ. ਕਰਮਜੀਤ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਸਨ। ਇਸ ਪ੍ਰੋਗਰਾਮ ਵਿੱਚ ਵਾਈਸ ਚਾਂਸਲਰ ਦੀ ਮੌਜੂਦਗੀ 'ਤੇ ਵੱਖ-ਵੱਖ ਸਿੱਖ ਸੰਗਠਨਾਂ ਅਤੇ ਵਿਦਿਆਰਥੀਆਂ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਸੀ। ਦੋਸ਼ ਲਗਾਇਆ ਗਿਆ ਸੀ ਕਿ ਯੂਨੀਵਰਸਿਟੀ ਦਾ ਨਾਮ ਗੁਰੂ ਨਾਨਕ ਦੇਵ ਜੀ ਨਾਲ ਜੁੜਿਆ ਹੋਇਆ ਹੈ ਅਤੇ ਸੰਘ ਦੇ ਮੰਚ 'ਤੇ ਇਸਦੇ ਵਾਈਸ ਚਾਂਸਲਰ ਦੀ ਮੌਜੂਦਗੀ ਸਿੱਖ ਮਰਿਆਦਾ ਦੇ ਅਨੁਸਾਰ ਨਹੀਂ ਹੈ। ਇਸ ਵਿਰੋਧ ਪ੍ਰਦਰਸ਼ਨ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਸਿੰਘ ਨੇ ਵਾਈਸ ਚਾਂਸਲਰ ਨੂੰ ਤਲਬ ਕੀਤਾ ਅਤੇ ਉਨ੍ਹਾਂ ਤੋਂ ਇਸ ਮਾਮਲੇ 'ਤੇ ਸਪੱਸ਼ਟੀਕਰਨ ਮੰਗਿਆ।

# ਪੰਜਾਬ ਵਿਦਿਆਰਥੀ ਝੱਲ ਰਹੇ ਨੇ ਕਰਜ਼ੇ ਦੀ ਮਾਰ

## ✪ ਮਹਿੰਗੀ ਸਿੱਖਿਆ ਤੇ ਨੌਕਰੀਆਂ ਦੀ ਘਾਟ ਨੇ ਵਧਾਈ ਚਿੰਤਾ

ਚੰਡੀਗੜ੍ਹ-ਪੰਜਾਬ 'ਚ ਨਾ ਸਿਰਫ਼ ਕਿਸਾਨ ਹੀ ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਹਨ, ਸਗੋਂ ਉਚੇਰੀ ਸਿੱਖਿਆ ਹਾਸਲ ਕਰਨ ਵਾਲੇ ਵਿਦਿਆਰਥੀ ਵੀ ਕਰਜ਼ਿਆਂ ਦੀ ਮਾਰ ਝੱਲ ਰਹੇ ਹਨ। ਮਹਿੰਗੀ ਸਿੱਖਿਆ ਪ੍ਰਣਾਲੀ ਨੇ ਵਿਦਿਆਰਥੀਆਂ ਨੂੰ ਬੈਂਕਾਂ ਤੋਂ ਵਿੱਦਿਅਕ ਲੋਨ ਚੁੱਕਣ ਲਈ ਮਜਬੂਰ ਕਰ ਦਿੱਤਾ ਹੈ। ਤਾਜ਼ਾ ਅੰਕੜਿਆਂ ਮੁਤਾਬਕ, ਪੰਜਾਬ ਦੇ ਵਿਦਿਆਰਥੀ ਹਰ ਸਾਲ ਪਬਲਿਕ ਸੈਕਟਰ ਦੀਆਂ ਬੈਂਕਾਂ ਤੋਂ ਔਸਤਨ 500 ਕਰੋੜ ਰੁਪਏ ਦਾ ਕਰਜ਼ਾ ਚੁੱਕਦੇ ਹਨ।

ਇਸ ਤੋਂ ਇਲਾਵਾ, ਪ੍ਰਾਈਵੇਟ ਅਤੇ ਸਹਿਕਾਰੀ ਬੈਂਕਾਂ ਤੋਂ ਲਏ ਜਾਣ ਵਾਲੇ ਵਿੱਦਿਅਕ ਲੋਨ ਦਾ ਅੰਕੜਾ ਵੱਖਰਾ ਹੈ। ਚਿੰਤਾਜਨਕ ਗੱਲ ਇਹ ਹੈ ਕਿ ਇਨ੍ਹਾਂ ਵਿੱਦਿਅਕ ਲੋਨਾਂ ਵਿਚੋਂ ਬਹੁਤੇ ਵਿਦਿਆਰਥੀ ਡਿਫਾਲਟਰ ਹੋ ਜਾਂਦੇ ਹਨ, ਭਾਵ ਉਹ ਸਮੇਂ ਸਿਰ ਕਰਜ਼ਾ ਨਹੀਂ ਮੋੜ ਪਾਉਂਦੇ।

### ਵਿਦਿਆਰਥੀਆਂ 'ਤੇ ਕਰਜ਼ੇ ਦਾ ਵਧਦਾ ਬੋਝ

ਪੰਜਾਬ 'ਚ ਪਬਲਿਕ ਸੈਕਟਰ ਦੀਆਂ ਬੈਂਕਾਂ ਤੋਂ ਪਿਛਲੇ ਚਾਰ ਸਾਲਾਂ ਵਿਚ ਵਿਦਿਆਰਥੀਆਂ ਨੇ 2114.36 ਕਰੋੜ ਰੁਪਏ ਦਾ ਵਿੱਦਿਅਕ ਲੋਨ ਲਿਆ ਹੈ। ਸਾਲ 2021-22 'ਚ ਇਹ ਅੰਕੜਾ 436.67 ਕਰੋੜ ਰੁਪਏ ਸੀ, ਜਦਕਿ 2022-23 ਤੋਂ 2024-25 ਦੇ ਤਿੰਨ ਸਾਲਾਂ ਵਿਚ ਇਹ ਰਕਮ ਵਧ ਕੇ 1677.69 ਕਰੋੜ ਰੁਪਏ ਹੋ ਗਈ। ਜਦੋਂ ਨਵੇਂ ਦਾਖਲਿਆਂ ਦਾ ਸੀਜ਼ਨ ਸ਼ੁਰੂ ਹੁੰਦਾ ਹੈ, ਤਾਂ ਬੈਂਕਾਂ ਵਿਚ ਵਿੱਦਿਅਕ ਲੋਨ ਲੈਣ ਵਾਲੇ ਵਿਦਿਆਰਥੀਆਂ ਦੀਆਂ ਲੰਮੀਆਂ ਕਤਾਰਾਂ ਲੱਗ ਜਾਂਦੀਆਂ ਹਨ।

ਬਹੁਤੇ ਵਿਦਿਆਰਥੀ ਵਿਦੇਸ਼ ਵਿਚ ਪੜ੍ਹਾਈ ਲਈ ਕਰਜ਼ਾ ਚੁੱਕਦੇ ਹਨ, ਜਿਨ੍ਹਾਂ ਵਿਚ ਕੈਨੇਡਾ, ਆਸਟ੍ਰੇਲੀਆ ਅਤੇ ਅਮਰੀਕਾ ਵਰਗੇ ਦੇਸ਼ ਪ੍ਰਮੁੱਖ ਹਨ। ਇਸ ਤੋਂ ਇਲਾਵਾ, ਪੰਜਾਬ ਵਿਚ ਮੈਡੀਕਲ, ਇੰਜਨੀਅਰਿੰਗ ਅਤੇ ਨਰਸਿੰਗ ਵਰਗੀਆਂ ਪ੍ਰੋਫੈਸ਼ਨਲ ਡਿਗਰੀਆਂ ਹਾਸਲ ਕਰਨ ਵਾਲੇ ਵਿਦਿਆਰਥੀ ਵੀ ਵਿੱਦਿਅਕ ਲੋਨ 'ਤੇ ਨਿਰਭਰ ਹਨ। ਪਬਲਿਕ ਸੈਕਟਰ ਦੀਆਂ ਬੈਂਕਾਂ ਵੱਲੋਂ ਵੱਖ-ਵੱਖ ਸਕੀਮਾਂ ਤਹਿਤ ਲੋਨ ਦਿੱਤੇ ਜਾਂਦੇ ਹਨ, ਜਿਨ੍ਹਾਂ ਵਿਚ ਕਈ ਵਾਰ ਜਾਇਦਾਦ ਗਹਿਣੇ ਰੱਖਣ ਦੀ ਵੀ ਲੋੜ ਨਹੀਂ ਹੁੰਦੀ। ਸਟੇਟ ਬੈਂਕ ਪਟਿਆਲਾ ਦੇ ਅਧਿਕਾਰੀ ਨਰੇਸ਼ ਰੁਪਾਨਾ ਦੱਸਦੇ ਹਨ ਕਿ ਜ਼ਿਆਦਾਤਰ ਲੋੜਵੰਦ ਪਰਿਵਾਰਾਂ ਦੇ ਵਿਦਿਆਰਥੀ ਹੀ ਇਹ ਲੋਨ ਚੁੱਕਦੇ ਹਨ, ਜਿਨ੍ਹਾਂ 'ਚ ਛੋਟੇ ਅਤੇ ਮੱਧ ਵਰਗ ਦੇ ਕਿਸਾਨਾਂ ਤੋਂ ਇਲਾਵਾ ਮਜ਼ਦੂਰ ਵਰਗ ਦੀ ਵੀ ਚੰਗੀ-ਖਾਸੀ ਗਿਣਤੀ ਸ਼ਾਮਲ ਹੈ।

### ਦੇਸ਼ ਭਰ ਵਿਚ ਵਿੱਦਿਅਕ ਲੋਨ ਦੀ ਸਥਿਤੀ

ਕੇਂਦਰੀ ਵਿੱਤ ਮੰਤਰਾਲੇ ਦੇ ਅੰਕੜਿਆਂ ਮੁਤਾਬਕ, ਪਿਛਲੇ ਤਿੰਨ ਸਾਲਾਂ 'ਚ ਦੇਸ਼ ਭਰ 'ਚ ਪਬਲਿਕ ਸੈਕਟਰ ਦੀਆਂ ਬੈਂਕਾਂ ਨੇ ਵਿਦਿਆਰਥੀਆਂ ਨੂੰ 32,311 ਕਰੋੜ ਰੁਪਏ ਦਾ ਵਿੱਦਿਅਕ ਲੋਨ ਜਾਰੀ ਕੀਤਾ ਹੈ, ਜਿਸ ਵਿਚ ਸਟੇਟ ਬੈਂਕ ਆਫ ਇੰਡੀਆ ਦੀ ਸਭ ਤੋਂ ਵੱਡੀ ਹਿੱਸੇਦਾਰੀ ਹੈ। ਇਸ ਤੋਂ ਬਾਅਦ ਯੂਨੀਅਨ ਬੈਂਕ ਆਫ ਇੰਡੀਆ ਨੇ 14,558 ਕਰੋੜ ਅਤੇ ਬੈਂਕ ਆਫ ਬੜੌਦਾ ਨੇ 8,468 ਕਰੋੜ ਰੁਪਏ ਦੇ ਵਿੱਦਿਅਕ ਲੋਨ ਜਾਰੀ ਕੀਤੇ ਹਨ। ਪੰਜਾਬ ਦੇ ਨਾਲ-ਨਾਲ ਹੋਰ ਸੂਬਿਆਂ ਵਿਚ ਵੀ ਵਿੱਦਿਅਕ ਲੋਨ ਦੀ ਵੰਡ ਜਾਰੀ ਹੈ। ਮਹਾਰਾਸ਼ਟਰ ਵਿਚ ਪਿਛਲੇ ਤਿੰਨ ਸਾਲਾਂ ਵਿਚ 11,426 ਕਰੋੜ, ਹਰਿਆਣਾ 'ਚ 2,316 ਕਰੋੜ ਅਤੇ ਰਾਜਸਥਾਨ ਵਿਚ 1,990 ਕਰੋੜ ਰੁਪਏ ਦੇ ਵਿੱਦਿਅਕ ਲੋਨ ਵੰਡੇ ਗਏ ਹਨ। ਚੰਡੀਗੜ੍ਹ ਯੂਟੀ 'ਚ ਇਹ ਅੰਕੜਾ 224 ਕਰੋੜ ਰੁਪਏ ਹੈ।


### ਵਿਦੇਸ਼ੀ ਪੜ੍ਹਾਈ ਲਈ ਕਰਜ਼ਾ

ਪੰਜਾਬ ਦੇ ਵਿਦਿਆਰਥੀਆਂ 'ਚ ਵਿਦੇਸ਼ ਵਿਚ ਪੜ੍ਹਾਈ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ। ਵਿਦੇਸ਼ੀ ਯੂਨੀਵਰਸਿਟੀਆਂ ਵਿਚ ਦਾਖਲੇ ਲਈ ਮੋਟੀ ਫੀਸ ਅਤੇ ਰਹਿਣ-ਸਹਿਣ ਦੇ ਖਰਚਿਆਂ ਕਾਰਨ ਵਿਦਿਆਰਥੀਆਂ ਨੂੰ ਵੱਡੀ ਰਕਮ ਦੇ ਲੋਨ ਚੁੱਕਣੇ ਪੈਂਦੇ ਹਨ। ਅੰਕੜਿਆਂ ਮੁਤਾਬਕ, ਪੰਜਾਬ ਦੇ ਵਿਦਿਆਰਥੀਆਂ 'ਤੇ ਪਬਲਿਕ ਸੈਕਟਰ ਦੀਆਂ ਬੈਂਕਾਂ ਦੇ 2,114.36 ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਹੈ, ਜਿਸ ਵਿਚ ਵਿਦੇਸ਼ੀ ਪੜ੍ਹਾਈ ਲਈ ਲਏ ਗਏ ਲੋਨਾਂ ਦਾ ਵੱਡਾ ਹਿੱਸਾ ਸ਼ਾਮਲ ਹੈ। ਇਸ ਤੋਂ ਇਲਾਵਾ, ਪ੍ਰਾਈਵੇਟ ਅਤੇ ਸਹਿਕਾਰੀ ਬੈਂਕਾਂ ਤੋਂ ਲਏ ਲੋਨਾਂ ਦਾ ਅੰਕੜਾ ਇਸ ਨਾਲੋਂ ਵੀ ਵੱਧ ਸਕਦਾ ਹੈ, ਪਰ ਇਸ ਬਾਰੇ ਸਪੱਸ਼ਟ ਜਾਣਕਾਰੀ ਨਹੀਂ ਹੈ।

### ਪ੍ਰੋਫੈਸ਼ਨਲ ਡਿਗਰੀਆਂ ਅਤੇ ਨੌਕਰੀਆਂ ਦੀ ਸਥਿਤੀ

ਪ੍ਰੋਫੈਸ਼ਨਲ ਡਿਗਰੀਆਂ ਜਿਵੇਂ ਮੈਡੀਕਲ, ਇੰਜਨੀਅਰਿੰਗ ਅਤੇ ਨਰਸਿੰਗ ਦੀ ਪੜ੍ਹਾਈ ਮਹਿੰਗੀ ਹੋਣ ਕਾਰਨ ਵਿਦਿਆਰਥੀਆਂ ਨੂੰ ਲੋਨ ਚੁੱਕਣਾ ਪੈਂਦਾ ਹੈ, ਪਰ ਸਵਾਲ ਇਹ ਹੈ ਕਿ ਕੀ ਇਹ ਡਿਗਰੀਆਂ ਨੌਕਰੀਆਂ ਦੀ ਗਰੰਟੀ ਦਿੰਦੀਆਂ ਹਨ? ਸਾਬਕਾ ਸੈਨੇਟ ਮੈਂਬਰ ਅਤੇ ਪ੍ਰਿੰਸੀਪਲ ਤਰਲੋਕ ਬੰਧੂ ਦਾ ਕਹਿਣਾ ਹੈ ਕਿ ਸਰਕਾਰਾਂ ਸਸਤੀ ਅਤੇ ਗੁਣਵੱਤਾ ਵਾਲੀ ਸਿੱਖਿਆ ਮੁਹੱਈਆ ਕਰਾਉਣ 'ਚ ਨਾਕਾਮ ਰਹੀਆਂ ਹਨ। ਉਨ੍ਹਾਂ ਅਨੁਸਾਰ, ਉਚੇਰੀ ਸਿੱਖਿਆ ਹਾਸਲ ਕਰਨ ਤੋਂ ਬਾਅਦ ਵੀ ਬਹੁਤ ਸਾਰੇ ਨੌਜਵਾਨਾਂ ਨੂੰ ਨੌਕਰੀ ਨਹੀਂ ਮਿਲਦੀ, ਜਿਸ ਕਾਰਨ ਲੋਨ ਦੀ ਅਦਾਇਗੀ ਪਰਿਵਾਰਾਂ ਲਈ ਸੰਕਟ ਬਣ ਜਾਂਦੀ ਹੈ।

ਪੰਜਾਬ ਵਿਚ ਨੌਕਰੀਆਂ ਦੀ ਘਾਟ ਅਤੇ ਪ੍ਰਾਈਵੇਟ ਸੈਕਟਰ ਵਿਚ ਘੱਟ ਤਨਖਾਹਾਂ ਵਾਲੀਆਂ ਨੌਕਰੀਆਂ ਕਾਰਨ ਵਿਦਿਆਰਥੀਆਂ ਦਾ ਭਵਿੱਖ ਅਸੁਰੱਖਿਅਤ ਹੋ ਰਿਹਾ ਹੈ। ਮੈਡੀਕਲ ਅਤੇ ਇੰਜਨੀਅਰਿੰਗ ਵਰਗੀਆਂ ਡਿਗਰੀਆਂ ਵਾਲੇ ਨੌਜਵਾਨ ਵੀ ਅਕਸਰ ਬੇਰੁਜ਼ਗਾਰੀ ਦਾ ਸਾਹਮਣਾ ਕਰਦੇ ਹਨ। ਵਿਦੇਸ਼ ਵਿਚ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੀ ਸਥਿਤੀ ਵੀ ਕੋਈ ਖਾਸ ਵਧੀਆ ਨਹੀਂ, ਕਿਉਂਕਿ ਵਿਦੇਸ਼ੀ ਡਿਗਰੀਆਂ ਦੀ ਮਾਨਤਾ ਅਤੇ ਮੁਕਾਬਲੇਬਾਜ਼ੀ ਵਾਲੇ ਜੌਬ ਮਾਰਕੀਟ ਵਿਚ ਨੌਕਰੀ ਮਿਲਣੀ ਅਸਾਨ ਨਹੀਂ ਹੁੰਦੀ।




### ਸਰਕਾਰੀ ਨੀਤੀਆਂ 'ਤੇ ਸਵਾਲ

ਸਿੱਖਿਆ ਮਾਹਿਰ ਅਤੇ ਸਮਾਜ ਸੇਵੀ ਸੰਸਥਾਵਾਂ ਦਾ ਮੰਨਣਾ ਹੈ ਕਿ ਸਰਕਾਰ ਨੂੰ ਸਿੱਖਿਆ ਨੂੰ ਸਸਤਾ ਕਰਨ ਲਈ ਠੋਸ ਕਦਮ ਚੁੱਕਣ ਦੀ ਲੋੜ ਹੈ। ਸਸਤੀ ਸਿੱਖਿਆ ਅਤੇ ਵਧੀਆ ਨੌਕਰੀਆਂ ਦੇ ਮੌਕਿਆਂ ਦੀ ਘਾਟ ਕਾਰਨ ਵਿਦਿਆਰਥੀਆਂ ਨੂੰ ਕਰਜ਼ੇ ਦੇ ਜੰਜਾਲ ਵਿਚ ਫਸਣਾ ਪੈ ਰਿਹਾ ਹੈ। ਸਰਕਾਰੀ ਅਤੇ ਪ੍ਰਾਈਵੇਟ ਸੰਸਥਾਵਾਂ 'ਚ ਮਹਿੰਗੀਆਂ ਫੀਸਾਂ ਨੇ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਹੋਰ ਵਧਾ ਦਿੱਤੀਆਂ ਹਨ।

ਅੰਤ 'ਚ ਪੰਜਾਬ ਦੇ ਵਿਦਿਆਰਥੀਆਂ 'ਤੇ ਵਿੱਦਿਅਕ ਕਰਜ਼ੇ ਦਾ ਬੋਝ ਅਤੇ ਨੌਕਰੀਆਂ ਦੀ ਅਨਿਸ਼ਚਿਤਤਾ ਨੇ ਸਮਾਜਿਕ ਅਤੇ ਆਰਥਿਕ ਸੰਕਟ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਜੇਕਰ ਸਰਕਾਰ ਨੇ ਸਮੇਂ ਸਿਰ ਇਸ ਮੁੱਦੇ 'ਤੇ ਧਿਆਨ ਨਾ ਦਿੱਤਾ, ਤਾਂ ਆਉਣ ਵਾਲੇ ਸਮੇਂ 'ਚ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਮੁਸ਼ਕਲਾਂ ਹੋਰ ਵਧ ਸਕਦੀਆਂ ਹਨ।

# ਬੀਬੀ ਖਾਲੜਾ ਨਹੀਂ ਲੜਨਗੇ ਤਰਨਤਾਰਨ ਉਪ-ਚੋਣ

## ✪ ਤਰਸੇਮ ਸਿੰਘ ਨੇ ਸਪਸ਼ਟ ਕੀਤਾ ਕਿ ਬੀਬੀ ਖਾਲੜਾ ਨੂੰ ਪਾਰਟੀ ਦਾ ਉਮੀਦਵਾਰ ਐਲਾਨਿਆ ਨਹੀਂ ਗਿਆ

ਤਰਨਤਾਰਨ-ਤਰਨਤਾਰਨ ਵਿੱਚ ਹੋਣ ਵਾਲੀਆਂ ਉਪ-ਚੋਣਾਂ ਲਈ ਅੰਮ੍ਰਿਤਪਾਲ ਸਿੰਘ ਦੀ ਪਾਰਟੀ ਅਕਾਲੀ ਦਲ ਵਾਰਿਸ ਪੰਜਾਬ ਦੇ ਨੂੰ ਵੱਡਾ ਝਟਕਾ ਲੱਗਿਆ ਹੈ। ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਐਲਾਨ ਕੀਤਾ ਸੀ ਕਿ ਹਿਊਮਨ ਰਾਈਟਸ ਐਕਟਿਵਿਸਟ ਜਸਵੰਤ ਸਿੰਘ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਜਾਵੇਗਾ। ਪਰ ਖ਼ਬਰ ਆ ਰਹੀ ਹੈ ਕਿ ਉਨ੍ਹਾਂ ਨੇ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਹੈ ਤਰਨਤਾਰਨ ਵਿੱਚ ਹੋਈ ਮੀਟਿੰਗ ਦੌਰਾਨ ਇਹ ਫ਼ੈਸਲਾ ਲਿਆ ਗਿਆ ਕਿ ਬੀਬੀ ਪਰਮਜੀਤ ਕੌਰ ਖਾਲੜਾ ਆਉਣ ਵਾਲੀਆਂ ਉਪ-ਚੋਣਾਂ ਨਹੀਂ ਲੜਨਗੇ। 2019 ਵਿੱਚ ਉਹਨਾਂ ਨੇ ਜ਼ਾਲਮ ਪੁਲਿਸ ਅਫਸਰਾਂ ਤੇ ਪੰਜਾਬ ਵਿਰੋਧੀਆਂ ਦਾ ਚਿਹਰਾ ਬੇਨਕਾਬ ਕਰਨ ਲਈ ਚੋਣ ਲੜੀ ਸੀ। ਉਹਨਾਂ ਦਾ ਕਹਿਣਾ ਹੈ ਕਿ ਚੋਣ ਲੜਨਾ ਉਨ੍ਹਾਂ ਦਾ ਪੇਸ਼ਾ ਨਹੀਂ ਹੈ, ਸਗੋਂ ਸਿਰਫ਼ ਖ਼ਾਸ ਹਾਲਾਤਾਂ ਵਿੱਚ ਹੀ ਉਹ ਚੋਣ ਮੈਦਾਨ ਵਿੱਚ ਉਤਰੇ ਸਨ।

ਦੂਜੇ ਪਾਸੇ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਸਪਸ਼ਟ ਕੀਤਾ ਕਿ ਪਰਮਜੀਤ ਕੌਰ ਖਾਲੜਾ ਨੂੰ ਪਾਰਟੀ ਦਾ ਅਧਿਕਾਰਕ ਉਮੀਦਵਾਰ ਐਲਾਨਿਆ ਨਹੀਂ ਗਿਆ ਸੀ, ਸਗੋਂ ਸਿਰਫ਼ ਉਨ੍ਹਾਂ ਨੂੰ ਪਾਰਟੀ ਦੀ ਪਹਿਲੀ ਪਸੰਦ ਕਿਹਾ ਗਿਆ ਸੀ।



ਪੰਜਾਬ ਟਾਈਮਜ ਅਨੁਸਾਰ ਪਰਮਜੀਤ ਕੌਰ ਖਾਲੜਾ, ਹਿਊਮਨ ਰਾਈਟਸ ਐਕਟਿਵਿਸਟ ਜਸਵੰਤ ਸਿੰਘ ਖਾਲੜਾ ਦੀ ਪਤਨੀ ਹਨ, ਜਿਨ੍ਹਾਂ ਨੇ 1980 ਅਤੇ 1990 ਦੇ ਦਹਾਕੇ ਦੌਰਾਨ ਪੰਜਾਬ ਵਿੱਚ ਸਿੱਖਾਂ ਖ਼ਿਲਾਫ਼ ਹੋ ਰਹੇ ਅਤਿਆਚਾਰਾਂ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਿਰੁੱਧ ਅਵਾਜ਼ ਚੁੱਕੀ ਸੀ। 2019 ਦੇ ਲੋਕ ਸਭਾ ਚੋਣਾਂ ਵਿੱਚ ਬੀਬੀ ਖਾਲੜਾ ਨੇ ਖਡੂਰ ਸਾਹਿਬ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਸੀ, ਜਿਸ ਵਿੱਚ ਉਹਨਾਂ ਨੂੰ ਕਰੀਬ 2 ਲੱਖ 14 ਹਜ਼ਾਰ ਵੋਟਾਂ ਮਿਲੀਆਂ ਸਨ ਅਤੇ ਉਹ ਤੀਜੇ ਸਥਾਨ 'ਤੇ ਰਹੇ।

# ਪੰਜਾਬ ਵਿੱਚ ਨਕਲੀ ਗੁੜ ਦੀ ਧੜੱਲੇ ਨਾਲ ਹੋ ਰਹੀ ਹੈ ਵਿਕਰੀ

## ✪ ਉੱਤਰ ਪ੍ਰਦੇਸ਼ ਤੋਂ ਆ ਰਿਹਾ ਜ਼ਹਿਰ, ਸਿਹਤ ਨੂੰ ਭਿਆਨਕ ਨੁਕਸਾਨ ✪ ਪੰਜਾਬ ਸਰਕਾਰ ਨੇ ਦੋ ਸਾਲਾਂ ਵਿੱਚ ਕੀਤੀਆਂ ਕਾਰਵਾਈਆਂ

**ਨਿਊਜ਼ ਸਟੋਰੀ**




ਪੰਜਾਬ ਦੇ ਬਾਜ਼ਾਰਾਂ ਵਿੱਚ ਇਸ ਵੇਲੇ ਨਕਲੀ ਗੁੜ ਦੀ ਬਹਾਰ ਆਈ ਹੋਈ ਹੈ। ਲੋਕਾਂ ਨੂੰ ਸਿਹਤਮੰਦ ਸਮਝ ਕੇ ਖਾਂਦੇ ਗੁੜ ਵਿੱਚ ਕੈਮੀਕਲਾਂ ਦੀ ਮਿਲਾਵਟ ਨੇ ਸਭ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਇਹ ਨਕਲੀ ਗੁੜ ਮੁੱਖ ਤੌਰ 'ਤੇ ਉੱਤਰ ਪ੍ਰਦੇਸ਼ ਤੋਂ ਆ ਰਿਹਾ ਹੈ, ਜਿੱਥੇ ਸ਼ਾਮਲੀ ਅਤੇ ਹੋਰ ਖੇਤਰਾਂ ਵਿੱਚ ਵੱਡੇ ਪੱਧਰ 'ਤੇ ਇਸ ਨੂੰ ਤਿਆਰ ਕੀਤਾ ਜਾ ਰਿਹਾ ਹੈ। ਵਪਾਰੀ ਮੋਟੇ ਮੁਨਾਫ਼ੇ ਲਈ ਧੜੱਲੇ ਨਾਲ ਇਸ ਨੂੰ ਵੇਚ ਰਹੇ ਹਨ, ਪਰ ਇਹ ਗੁੜ ਮਨੁੱਖੀ ਸਿਹਤ ਲਈ ਜ਼ਹਿਰ ਵਾਂਗ ਕੰਮ ਕਰ ਰਿਹਾ ਹੈ। ਕੈਲਸ਼ੀਅਮ ਕਾਰਬੋਨੇਟ, ਸੋਡੀਅਮ ਬਾਈਕਾਰਬੋਨੇਟ ਅਤੇ ਹੋਰ ਰਸਾਇਣਾਂ ਨਾਲ ਭਰਿਆ ਇਹ ਗੁੜ ਕਿਡਨੀ ਫੇਲ, ਪੇਟ ਦੀਆਂ ਬੀਮਾਰੀਆਂ ਅਤੇ ਲੰਬੇ ਸਮੇਂ ਦੇ ਨੁਕਸਾਨ ਪੈਦਾ ਕਰ ਸਕਦਾ ਹੈ। ਪੰਜਾਬ ਸਰਕਾਰ ਨੇ ਪਿਛਲੇ ਦੋ ਸਾਲਾਂ ਵਿੱਚ ਇਸ ਮਾਮਲੇ 'ਤੇ ਕਈ ਰੇਡਾਂ ਕੀਤੀਆਂ ਹਨ ਅਤੇ ਹਜ਼ਾਰਾਂ ਕਿੱਲੋ ਗੁੜ ਨੂੰ ਨਸ਼ਟ ਕੀਤਾ ਹੈ, ਪਰ ਅਜੇ ਵੀ ਇਹ ਧੰਦਾ ਚੱਲ ਰਿਹਾ ਹੈ। ਇਹ ਨਕਲੀ ਗੁੜ ਮੁੱਖ ਤੌਰ 'ਤੇ ਉੱਤਰ ਪ੍ਰਦੇਸ਼ ਦੇ ਸ਼ਾਮਲੀ ਸ਼ਹਿਰ ਅਤੇ ਆਲੇ-ਦੁਆਲੇ ਦੇ ਖੇਤਰਾਂ ਤੋਂ ਆ ਰਿਹਾ ਹੈ। ਉੱਥੇ ਗੰਨੇ ਦੇ ਖੇਤਾਂ ਵਿੱਚ ਗੈਰ-ਮਿਆਰੀ ਵੇਸਟ ਗੰਨੇ ਦੇ ਰਸ ਨੂੰ ਖੰਡ ਅਤੇ ਕੈਮੀਕਲਾਂ ਨਾਲ ਮਿਲਾ ਕੇ ਗੁੜ ਬਣਾਇਆ ਜਾਂਦਾ ਹੈ। ਇੱਕ ਵੀਡੀਓ ਜੋ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਸੀ, ਵਿੱਚ ਦਿਖਾਇਆ ਗਿਆ ਹੈ ਕਿ ਕਿਵੇਂ ਭਈਏ (ਮਾਈਗ੍ਰੈਂਟ ਵਰਕਰਜ਼) ਖੇਤਾਂ ਵਿੱਚ ਪੀਲੇ ਰੰਗ ਦੇ ਘੋਲ ਅਤੇ ਕੈਮੀਕਲ ਨਾਲ ਗੁੜ ਤਿਆਰ ਕਰ ਰਹੇ ਹਨ। ਇਹ ਗੁੜ ਡੱਬਿਆਂ ਵਿੱਚ ਪੈਕ ਕਰਕੇ ਪੰਜਾਬ ਭੇਜਿਆ ਜਾਂਦਾ ਹੈ।

ਪੰਜਾਬ ਵਿੱਚ ਰਾਜ ਮਾਰਗਾਂ ਕਿਨਾਰੇ ਲੱਗੀਆਂ ਕੁਲਾਹੜੀਆਂ (ਵੇਲਣੇ) ਵਿੱਚ ਇਹ ਨਕਲੀ ਗੁੜ ਵੇਚਿਆ ਜਾਂਦਾ ਹੈ। ਵਪਾਰੀ ਟੈਕਸ ਫਰੀ ਹੋਣ ਕਾਰਨ ਮੋਟਾ ਮੁਨਾਫ਼ਾ ਕਮਾਉਂਦੇ ਹਨ। ਬਠਿੰਡਾ ਖੇਤਰ ਵਿੱਚ ਨੌਜਵਾਨਾਂ ਨੇ ਅਜਿਹੀ ਵੀਡੀਓ ਬਣਾਈ ਸੀ ਜਿੱਥੇ ਬੇਮੌਸਮੇ ਸਮੇਂ ਗੁੜ ਬਣਾਇਆ ਜਾ ਰਿਹਾ ਸੀ। ਇਹ ਗੁੜ 'ਗੰਗਾ' ਬਰਾਂਡ ਨਾਮ ਹੇਠ ਵੇਚਿਆ ਜਾਂਦਾ ਹੈ ਅਤੇ ਕਰਿਆਨਾ ਦੁਕਾਨਾਂ 'ਤੇ ਵੱਡੇ ਪੱਧਰ 'ਤੇ ਉਪਲੱਬਧ ਹੈ।

ਨਕਲੀ ਗੁੜ ਨੂੰ ਬਣਾਉਣ ਵਾਲੇ ਮੁੱਖ ਤੌਰ 'ਤੇ ਉੱਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਵਰਗੇ ਰਾਜਾਂ ਦੇ ਵਪਾਰੀ ਅਤੇ ਮਾਈਗ੍ਰੈਂਟ ਵਰਕਰ ਹਨ। ਉੱਤਰ ਪ੍ਰਦੇਸ਼ ਵਿੱਚ ਡੀਐੱਮ ਨੇ ਰੇਡ ਕੀਤੀ ਸੀ ਪਰ ਫਿਰ ਵੀ ਨਕਲੀ ਗੁੜ ਬਣਨਾ ਨਹੀਂ ਰੁੱਕਿਆ। ਇਹ ਧੰਦਾ ਗੋਰਖ ਧੰਦੇ ਵਾਂਗ ਚੱਲ ਰਿਹਾ ਹੈ ਕਿਉਂਕਿ ਕੁਝ ਕਿਸਾਨ ਹੀ ਅਸਲੀ ਗੁੜ ਬਣਾਉਂਦੇ ਹਨ ਅਤੇ ਮੰਗ ਵਧੇਰੇ ਹੋਣ ਕਾਰਨ ਨਕਲੀ ਵਾਲਾ ਘੁਸ ਆਉਂਦਾ ਹੈ। ਮਹਾਰਾਸ਼ਟਰ ਤੋਂ ਵੀ ਰਿਜੈਕਟਡ ਗੁੜ ਲਿਆ ਕੇ ਮਿਲਾਇਆ ਜਾਂਦਾ ਹੈ।

### ਨਕਲੀ ਗੁੜ ਦੀ ਪਛਾਣ ਕਿਵੇਂ ਹੋਵੇ

ਨਕਲੀ ਗੁੜ ਦੀ ਪਛਾਣ ਕਰਨਾ ਆਸਾਨ ਹੈ ਜੇਕਰ ਥੋੜ੍ਹੀ ਜਿਹੀ ਸਾਵਧਾਨੀ ਵਰਤੀ ਜਾਵੇ। ਅਸਲੀ ਗੁੜ ਦਾ ਰੰਗ ਹਲਕਾ ਪੀਲਾ ਜਾਂ ਥੋੜ੍ਹਾ ਭੂਰਾ ਹੁੰਦਾ ਹੈ ਅਤੇ ਇਹ ਚਮਕਦਾਰ ਨਹੀਂ ਹੁੰਦਾ। ਨਕਲੀ ਵਿੱਚ ਚਿੱਟੇ ਦਾਣੇ ਜਾਂ ਧੱਬੇ ਹੁੰਦੇ ਹਨ ਅਤੇ ਰੰਗ ਗੂੜ੍ਹਾ ਜਾਂ ਚਮਕਦਾਰ ਲਾਲ ਹੁੰਦਾ ਹੈ। ਨਕਲੀ ਗੁੜ ਪਾਣੀ ਵਾਲੇ ਭਾਂਡੇ ਵਿੱਚ ਪਾਉਣ ਕਾਰਣ ਮਿਲਾਵਟੀ ਪਦਾਰਥ ਭਾਂਡੇ ਦੇ ਤਲ 'ਤੇ ਬੈਠ ਜਾਂਦੇ ਹਨ, ਜਦਕਿ ਅਸਲੀ ਪੂਰੀ ਤਰ੍ਹਾਂ ਘੁਲ ਜਾਂਦਾ ਹੈ। ਚਾਕ ਪਾਊਡਰ ਵਰਗੀਆਂ ਚੀਜ਼ਾਂ ਮਿਲੀਆਂ ਹੋਣ ਤਾਂ ਚਿੱਟਾ ਪਦਾਰਥ ਤਲ 'ਤੇ ਇਕੱਠਾ ਹੋ ਜਾਂਦਾ ਹੈ।

ਅਸਲੀ ਗੁੜ ਗਰਮ ਕਰਨ ਉਪਰੰਤ ਹੌਲੀ ਪਿਘਲਦਾ ਹੈ ਅਤੇ ਗਾੜ੍ਹਾ ਸ਼ਰਬਤ ਵਾਂਗ ਬਣ ਜਾਂਦਾ ਹੈ, ਜਦਕਿ ਨਕਲੀ ਤੇਜ਼ੀ ਨਾਲ ਪਿਘਲ ਕੇ ਪਾਣੀ ਵਾਂਗ ਪਤਲਾ ਹੋ ਜਾਂਦਾ ਹੈ। ਅਸਲੀ ਗੁੜ ਮਿੱਠਾ ਅਤੇ ਖੁਸ਼ਬੂਦਾਰ ਹੁੰਦਾ ਹੈ, ਜਿਸ ਵਿੱਚ ਗੰਨੇ ਦੀ ਕੁਦਰਤੀ ਮਿਠਾਸ ਮਹਿਸੂਸ ਹੁੰਦੀ ਹੈ। ਨਕਲੀ ਵਿੱਚ ਆਰਟੀਫੀਸ਼ੀਅਲ ਜਾਂ ਕੁਸੈਲਾ ਸੁਆਦ ਹੁੰਦਾ ਹੈ। ਅਸਲੀ ਵਿੱਚ ਛੋਟੇ ਕੁਦਰਤੀ ਕ੍ਰਿਸਟਲ ਹੁੰਦੇ ਹਨ, ਨਕਲੀ ਵਿੱਚ ਵੱਡੇ ਚਮਕਦਾਰ ਵਾਲੇ। ਬਾਜ਼ਾਰ ਵਿੱਚ ਜ਼ਿਆਦਾ ਭੂਰੇ ਰੰਗ ਵਾਲਾ ਗੁੜ ਚੁਣੋ ਅਤੇ ਪੀਲੇ ਜਾਂ ਹਲਕੇ ਭੂਰੇ ਤੋਂ ਪਰਹੇਜ਼ ਕਰੋ।

### ਨਕਲੀ ਗੁੜ ਸਿਹਤ ਲਈ ਹਾਨੀਕਾਰਕ

ਨਕਲੀ ਗੁੜ ਸਿਹਤ ਲਈ ਬਹੁਤ ਹਾਨੀਕਾਰਕ ਹੈ। ਇਸ ਵਿੱਚ ਕੈਲਸ਼ੀਅਮ ਕਾਰਬੋਨੇਟ ਮਿਲਾਉਣ ਨਾਲ ਗੁੜ ਦਾ ਭਾਰ ਵਧਦਾ ਹੈ, ਸੋਡੀਅਮ ਬਾਈਕਾਰਬੋਨੇਟ ਨਾਲ ਰੰਗ ਸੁਧਰਦਾ ਹੈ ਅਤੇ ਸੈਫੋਲਾਈਟ ਵਰਗੇ ਰਸਾਇਣ ਮਿਲਾਏ ਜਾਂਦੇ ਹਨ। ਇਹ ਫਾਇਦੇ ਨਾਲੋਂ ਜ਼ਿਆਦਾ ਨੁਕਸਾਨ ਕਰਦੇ ਹਨ। ਕਿਡਨੀ ਨੂੰ ਨੁਕਸਾਨ ਪਹੁੰਚਾਉਂਦੇ ਹਨ, ਪੇਟ ਦੀਆਂ ਬੀਮਾਰੀਆਂ ਵਧਾਉਂਦੇ ਹਨ ਅਤੇ ਲੰਬੇ ਸਮੇਂ ਵਿੱਚ ਕੈਂਸਰ ਵਰਗੀਆਂ ਬੀਮਾਰੀਆਂ ਦਾ ਕਾਰਨ ਬਣ ਸਕਦੇ ਹਨ। ਪੰਜਾਬ ਵਿੱਚ ਗੁੜ ਦੇ ਸੈਂਪਲ ਫੇਲ ਹੋਏ ਹਨ ਜਿੱਥੇ ਫੂਡ ਸੇਫਟੀ ਸਟੈਂਡਰਡ ਨਹੀਂ ਮਿਲਦੇ। ਨਕਲੀ ਗੁੜ ਕੁਝ ਦਿਨਾਂ ਬਾਅਦ ਉੱਲੀ ਲੱਗ ਜਾਂਦਾ ਹੈ ਤੇ ਵਰਤੋਂ ਯੋਗ ਨਹੀਂ ਰਹਿੰਦਾ। ਅਸਲੀ ਗੁੜ ਵਿੱਚ ਆਇਰਨ, ਕੈਲਸ਼ੀਅਮ ਤੇ ਪੋਟਾਸ਼ੀਅਮ ਵਰਗੇ ਪੌਸ਼ਟਿਕ ਤੱਤ ਹੁੰਦੇ ਹਨ ਜੋ ਸਰੀਰ ਨੂੰ ਲਾਭ ਪਹੁੰਚਾਉਂਦੇ ਹਨ, ਪਰ ਨਕਲੀ ਵਿੱਚ ਇਹ ਨਹੀਂ ਹੁੰਦੇ ਅਤੇ ਉਲਟਾ ਨੁਕਸਾਨ ਕਰਦੇ ਹਨ। ਡਾਕਟਰਾਂ ਮੁਤਾਬਕ, ਇਹ ਬੱਚਿਆਂ ਤੇ ਬਜ਼ੁਰਗਾਂ ਲਈ ਵਧੇਰੇ ਖ਼ਤਰਨਾਕ ਹੈ ਕਿਉਂਕਿ ਉਨ੍ਹਾਂ ਦੀ ਇਮਿਊਨਿਟੀ ਕਮਜ਼ੋਰ ਹੁੰਦੀ ਹੈ।

### ਪੰਜਾਬ ਸਰਕਾਰ ਨੇ ਕੀ ਕੀਤੀ ਕਾਰਵਾਈ

ਪੰਜਾਬ ਸਰਕਾਰ ਨੇ ਪਿਛਲੇ ਦੋ ਸਾਲਾਂ (2023-2025) ਵਿੱਚ ਇਸ ਮਾਮਲੇ 'ਤੇ ਕਈ ਕਾਰਵਾਈਆਂ ਕੀਤੀਆਂ ਹਨ। 2024 ਵਿੱਚ ਰੋਡਸਾਈਡ ਗੁੜ ਅਤੇ ਸ਼ੱਕਰ ਦੇ 25% ਸੈਂਪਲ ਫੇਲ ਹੋਏ ਅਤੇ ਫੂਡ ਸੇਫਟੀ ਸਟੈਂਡਰਡ ਨਹੀਂ ਮਿਲੇ। 62 ਗੁੜ ਅਤੇ 19 ਸ਼ੱਕਰ ਸੈਂਪਲ ਲਏ ਗਏ ਸਨ ਜਿਨ੍ਹਾਂ ਵਿੱਚੋਂ 20 ਫੇਲ ਹੋਏ। 2025 ਵਿੱਚ ਲੁਧਿਆਣਾ ਵਿੱਚ ਫੂਡ ਅਡਲਟਰੇਸ਼ਨ ਵਿਰੁੱਧ ਰੇਡ ਵਿੱਚ 700 ਕਿੱਲੋ ਗੁੜ ਸੀਜ਼ਡ ਕੀਤਾ ਗਿਆ ਅਤੇ ਚਲਾਨ ਕੱਟੇ ਗਏ। ਹਾਲਾਂਕਿ ਅਜੇ ਵੀ ਸਿਹਤ ਵਿਭਾਗ ਨੂੰ ਹੋਰ ਸਖ਼ਤੀ ਵਰਤਣ ਦੀ ਲੋੜ ਹੈ।

## ਸ਼ਰਾਬ ਪੀਣ ਤੋਂ ਰੋਕਣ ਕਾਰਣ ਪਤੀ ਨੇ ਪਤਨੀ ਦਾ ਕੀਤਾ ਕਤਲ, ਨਹਿਰ ਵਿਚ ਸੁੱਟੀ ਲਾਸ਼

ਖਰੜ-ਖਰੜ ਦੀ ਸ਼ਿਵਾਲਿਕ ਸਿਟੀ ਵਿਚ ਪਤੀ ਕਮਲਜੀਤ ਸਿੰਘ ਨੇ ਪਤਨੀ ਰਾਜ ਕੌਰ (ਕਰੀਬ 40 ਸਾਲ) ਦਾ ਸ਼ਰਾਬ ਪੀਣ ਤੋਂ ਰੋਕਣ 'ਤੇ ਟੀ-ਸ਼ਰਟ ਨਾਲ ਗਲਾ ਘੁੱਟ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਇਸ ਤੋਂ ਬਾਅਦ ਉਸਨੇ ਦੋਸਤ ਸੁਖਦੀਪ ਸਿੰਘ ਡਿੰਪੀ ਦੀ ਮਦਦ ਨਾਲ ਲਾਸ਼ ਨੂੰ ਸੂਟਕੇਸ ਵਿਚ ਬੰਦ ਕਰ ਕੇ ਰੋਪੜ ਜ਼ਿਲ੍ਹੇ ਦੇ ਪਿੰਡ ਦੁੱਗਰੀ ਕੋਟਲੀ ਨੇੜੇ ਨਹਿਰ ਵਿਚ ਸੁੱਟ ਦਿੱਤਾ। ਪੁਲਸ ਨੇ ਇਸ ਮਾਮਲੇ ਵਿਚ ਮੁਲਜ਼ਮ ਪਤੀ ਤੇ ਉਸਦੇ ਦੋਸਤ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਸ ਨੇ ਗੋਤਾਖੋਰਾਂ ਦੀ ਮਦਦ ਨਾਲ ਲਾਸ਼ ਸਰਹਿੰਦ ਨਹਿਰ 'ਚੋਂ ਬਰਾਮਦ ਕਰ ਲਈ ਹੈ।

ਡੀ.ਐੱਮ.ਸੀ. ਹਸਪਤਾਲ 'ਚ ਕੰਮ ਕਰਦੇ ਸਿਟੀ ਇਯਾਲੀ ਖੁਰਦ ਲੁਧਿਆਣਾ ਦੇ ਵਸਨੀਕ ਕੁਲਦੀਪ ਸਿੰਘ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸਦੇ ਤਿੰਨ ਭੈਣ-ਭਰਾ ਹਨ। ਉਸਦੀ ਵੱਡੀ ਭੈਣ ਰਾਜ ਕੌਰ ਦਾ ਵਿਆਹ 2023 ਵਿਚ ਦਸ਼ਮੇਸ਼ ਨਗਰ ਖਰੜ ਦੇ ਕਮਲਜੀਤ ਸਿੰਘ ਨਾਲ ਰੀਤੀ-ਰਿਵਾਜਾਂ ਨਾਲ ਹੋਇਆ ਸੀ। ਉਹ ਸ਼ਿਵਾਲਿਕ ਸਿਟੀ ਖਰੜ ਵਿਚ ਰਹਿ ਰਿਹਾ ਸੀ। ਵਿਆਹ ਤੋਂ ਬਾਅਦ ਕਮਲਜੀਤ ਸਿੰਘ ਸ਼ਰਾਬ ਪੀਣ ਦਾ ਆਦੀ ਹੋ ਗਿਆ। ਇਸ ਕਾਰਨ ਰਾਜ ਕੌਰ ਅਕਸਰ ਪਤੀ ਨੂੰ ਸ਼ਰਾਬ ਪੀਣ ਤੋਂ ਰੋਕਦੀ ਸੀ। ਇਸ ਨੂੰ ਲੈ ਕੇ ਘਰ 'ਚ ਲੜਾਈ-ਝਗੜਾ ਅਕਸਰ ਹੁੰਦਾ ਸੀ। 10 ਅਗਸਤ ਨੂੰ ਰਾਜ ਕੌਰ ਨੇ ਮਾਂ ਗੁਰਦੀਪ ਕੌਰ ਨੂੰ ਫ਼ੋਨ ਕੀਤਾ ਤਾਂ ਉਹ ਕਾਫੀ ਸਹਿਮੀ ਹੋਈ ਸੀ ਤੇ ਗੱਲ ਕਰਦੇ-ਕਰਦੇ ਹੀ ਫ਼ੋਨ ਅਚਾਨਕ ਕੱਟ ਗਿਆ। ਇਸ ਤੋਂ ਬਾਅਦ ਲਗਾਤਾਰ ਫ਼ੋਨ ਕਰਨ 'ਤੇ ਉਸਨੇ ਕੋਈ ਜਵਾਬ ਨਹੀਂ ਦਿੱਤਾ। ਬੁੱਧਵਾਰ ਸਵੇਰ ਨੂੰ ਕੁਲਦੀਪ ਸਿੰਘ ਤੇ ਮਾਂ ਨਾਲ ਭੈਣ ਦਾ ਹਾਲ-ਚਾਲ ਜਾਣਨ ਲਈ ਖਰੜ ਸਥਿਤ ਉਸਦੇ ਘਰ ਪਹੁੰਚਿਆ, ਜਿੱਥੇ ਰਾਜ ਕੌਰ ਘਰ ਨਹੀਂ ਮਿਲੀ ਜਦਕਿ ਉਸਦਾ ਜੀਜਾ ਕਮਲਜੀਤ ਸਿੰਘ ਮੌਜੂਦ ਸੀ। ਪੁੱਛਣ 'ਤੇ ਉਸਨੇ ਦੱਸਿਆ ਕਿ ਰਾਜ ਕੌਰ ਘਰ ਛੱਡ ਕੇ ਕਿਤੇ ਚਲੀ ਗਈ ਹੈ।

ਇੰਝ ਹੋਇਆ ਖ਼ੁਲਾਸਾ-ਕੁਲਦੀਪ ਸਿੰਘ ਤੇ ਉਸਦੀ ਮਾਂ ਨੂੰ ਸ਼ੱਕ ਹੋਣ 'ਤੇ ਉਨ੍ਹਾਂ ਕਮਲਜੀਤ ਸਿੰਘ ਤੋਂ ਸਖ਼ਤੀ ਨਾਲ ਪੁੱਛਗਿੱਛ ਕੀਤੀ। ਦਬਾਅ ਹੇਠ ਕਮਲਜੀਤ ਨੇ ਸਨਸਨੀਖੇਜ਼ ਖ਼ੁਲਾਸਾ ਕਰਦਿਆਂ ਉਸਨੇ ਕਬੂਲ ਕੀਤਾ ਕਿ 13 ਅਗਸਤ ਨੂੰ ਲੜਾਈ ਦੌਰਾਨ ਉਸ ਨੇ ਰਾਜ ਕੌਰ ਦਾ ਟੀ-ਸ਼ਰਟ ਨਾਲ ਗਲਾ ਘੁੱਟ ਕੇ ਕਤਲ ਕਰ ਦਿੱਤਾ। ਕਤਲ ਤੋਂ ਬਾਅਦ ਉਸ ਨੇ ਲਾਸ਼ ਸੂਟਕੇਸ 'ਚ ਪਾ ਕੇ ਬੰਦ ਕਰ ਦਿੱਤੀ। ਇਸ ਤੋਂ ਬਾਅਦ ਉਸ ਨੇ ਪਿੰਡ ਬਡਾਲਾ ਦੇ ਰਹਿਣ ਵਾਲੇ ਦੋਸਤ ਸੁਖਦੀਪ ਸਿੰਘ ਨੂੰ ਬੁਲਾਇਆ। ਦੋਵਾਂ ਨੇ ਲਾਸ਼ ਨੂੰ ਕਾਰ ਵਿਚ ਪਾ ਕੇ ਰੋਪੜ ਜ਼ਿਲ੍ਹੇ ਦੇ ਪਿੰਡ ਦੁੱਗਰੀ ਕੋਟਲੀ ਦੀ ਕੰਕਰੀਟ ਨਹਿਰ 'ਤੇ ਪਹੁੰਚ ਕੇ ਸੁੱਟ ਦਿੱਤਾ ਤੇ ਸੂਟਕੇਸ ਨੂੰ ਵੱਖਰੇ ਤੌਰ 'ਤੇ ਨਹਿਰ ਵਿਚ ਸੁੱਟ ਦਿੱਤਾ।

ਪੁੱਛਗਿੱਛ ਦੌਰਾਨ ਮੁਲਜ਼ਮ ਨੇ ਖ਼ੁਲਾਸਾ ਕੀਤਾ ਕਿ ਉਸ ਨੇ ਲਾਸ਼ ਨਹਿਰ 'ਚ ਸੁੱਟ ਦਿੱਤੀ ਸੀ। ਇਸ ਤੋਂ ਬਾਅਦ ਗੋਤਾਖੋਰਾਂ ਦੀ ਮਦਦ ਨਾਲ ਰਾਜ ਕੌਰ ਦੀ ਲਾਸ਼ ਨਹਿਰ 'ਚੋਂ ਬਰਾਮਦ ਕੀਤੀ ਗਈ। ਪੁਲਸ ਹੁਣ ਮੁਲਜ਼ਮਾਂ ਤੋਂ ਕਤਲ ਦੀ ਪੂਰੀ ਸਾਜ਼ਿਸ਼ ਤੇ ਹੋਰ ਪਹਿਲੂਆਂ 'ਤੇ ਡੂੰਘਾਈ ਨਾਲ ਪੁੱਛਗਿੱਛ ਕਰ ਰਹੀ ਹੈ। ਕਮਲਜੀਤ ਪਹਿਲਾਂ ਬੈਂਕ 'ਚ ਨੌਕਰੀ ਕਰਦਾ ਸੀ ਪਰ ਹੁਣ ਉਹ ਪੂਰੀ ਤਰ੍ਹਾਂ ਵੇਹਲਾ ਸੀ। ਉਸਦੀ ਭੈਣ ਘਰ ਚਲਾਉਣ ਲਈ ਕਿਤੇ ਨੌਕਰੀ ਕਰਦੀ ਸੀ। ਪਤੀ-ਪਤਨੀ ਦੋਵੇਂ ਸ਼ਿਵਾਲਿਕ ਸਿਟੀ 'ਚ ਰਹਿੰਦੇ ਸਨ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-15

# 1699 ਦੀ ਵੈਸਾਖੀ ਇੱਕ ਅਲੌਕਿਕ ਸ਼ਫਰ
## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

**ਪੰਜਾਂ ਦਾ ਵਿਧਾਨ ਆਪਣੇ-ਆਪ ਵਿੱਚ ਹੀ ਇੱਕ ਬਹੁਤ ਵੱਡਾ ਵਿਸ਼ਾ ਹੈ, ਇਸ ਕਿਤਾਬਚੇ ਲਈ ਸ਼ਾਇਦ ਇਸ ਨੂੰ ਵਿਸਥਾਰ ਵਿੱਚ ਲਿਖਣਾ ਸੰਭਵ ਨਹੀਂ ਪਰ ਇੱਕ ਟੂਕ-ਮਾਤਰ ਦੇ ਰਹੀ ਹਾਂ। ਮਨੁੱਖੀ ਮਨ ਦੇ ਵੀ ਪੰਜ ਚੋਰ ਨੇ, ਇਨਸਾਨ ਆਪਣੀਆਂ ਪੰਜੇ ਇੰਦਰੀਆਂ ਉੱਤੇ ਕਾਬੂ ਪਾ ਇਹਨਾਂ ਚੋਰਾਂ ਤੋਂ ਆਪਣੇ ਆਪ ਨੂੰ ਬਚਾ ਸਕਦਾ ਹੈ, ਬਿਲਕੁਲ ਐਵੇਂ ਹੀ ਬਾਹਰੀ ਦੁਨੀਆ ਵਿੱਚ ਪੰਜ ਚੋਰਾਂ ਵਰਗੇ ਹੀ ਰਾਜੇ, ਮੁਕਦਮ, ਵਜ਼ੀਰ, ਠੱਗ ਅਤੇ ਚੋਰ; ਲੋਕਾਈ ਨੂੰ ਪ੍ਰੇਸ਼ਾਨ ਕਰ ਰਹੇ ਹੁੰਦੇ ਹਨ, ਇਹਨਾਂ ਦੁਆਲੇ ਵੀ ਪੰਜਾਂ ਦੀ ਵਾੜ ਕਰ ਗੁਰੂ ਸਾਹਿਬ ਨੇ ਕੁਲ ਲੋਕਾਈ ਨੂੰ ਬਚਾਉਣ ਦਾ ਵਿਧਾਨ ਸਥਾਪਿਤ ਕੀਤਾ ਸੀ। ਗੁਰਬਾਣੀ, ਗੁਰੂ ਇਤਿਹਾਸ ਅਤੇ ਗੁਰੂ ਜੋਤ ਅੰਦਰਲੇ ਅਤੇ ਬਾਹਰਲੇ ਦਵੰਧ ਨੂੰ ਇਕਸਾਰ ਵੇਖਦੀ ਹੈ।**

ਡਾ: ਕਿਰਨਪ੍ਰੀਤ ਕੌਰ ਬਾਠ



ਜਦੋਂ ਰਾਜ ਐਸੇ ਇਨਸਾਨ ਦੇ ਹੱਥ ਵਿੱਚ ਹੋਵੇਗਾ ਜੋ ਧਰਮ ਦੇ ਰਾਹ ਚੱਲਦਾ ਹੋਵੇ, ਓਦੋਂ ਹੀ ਹਲੇਮੀ-ਰਾਜ ਸਿਰਜਿਆ ਜਾ ਸਕਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਹੁਣ ਤਕ ਸੱਚ ਉੱਤੇ ਪਹਿਰਾ ਦੇਣ ਦਾ ਪਾਠ ਪੜ੍ਹ ਚੁੱਕੇ ਗੁਰਸਿੱਖਾਂ ਨੂੰ ਰਾਜ ਦਾ ਆਖ਼ਰੀ ਅਤੇ ਸਭ ਤੋਂ ਜ਼ਰੂਰੀ ਸੰਦ 'ਤਾਕਤ' ਵੀ ਦੇ ਦਿੱਤਾ। ਹੁਣ ਸਿੱਖ ਨਾ ਸਿਰਫ਼ ਆਪਣੀ, ਸਗੋਂ ਹੋਰਾਂ ਮਜ਼ਲੂਮਾਂ ਦੀ ਸੁਰੱਖਿਆ ਦੇ ਕਾਬਿਲ ਵੀ ਹੋ ਗਏ ਸਨ।

ਇਸ ਦੇ ਨਾਲ਼ ਹੀ ਇੱਕ ਕੌਮੀਅਤ ਵਿੱਚ ਬੱਝੇ ਇਹਨਾਂ ਸਿੱਖਾਂ ਨੂੰ ਇਹਨਾਂ ਦੀ ਰਾਜਸੀ ਹੋਂਦ ਅਮਲੀ ਤੌਰ 'ਤੇ ਦ੍ਰਿੜ੍ਹ ਕਰਵਾਉਣ ਲਈ ਗੁਰੂ ਸਾਹਿਬ ਨੇ ਅਕਾਲ ਤਖ਼ਤ ਦੀ ਉਸਾਰੀ ਕੀਤੀ। 'ਰਾਜਨੀਤੀ' ਰਾਜ-ਪ੍ਰਬੰਧ ਚਲਾਉਣ ਦਾ ਨਾਂ ਹੀ ਹੈ, ਸੋ ਗੁਰੂ ਸਾਹਿਬ ਨੇ ਸਿੱਖਾਂ ਨੂੰ ਰਾਜਨੀਤਿਕ ਤੌਰ ਉੱਤੇ ਵੀ ਇੱਕ ਦੂਸਰੇ ਦੇ ਕੋਲ਼ ਲਿਆਉਣ, ਇੱਕ ਦੂਸਰੇ ਪ੍ਰਤੀ ਵਿਸ਼ਵਾਸ ਅਤੇ ਕਿਸੇ ਹੋਰ ਹਕੂਮਤ ਦਾ ਡਰ ਇਹਨਾਂ ਦੇ ਮਨਾਂ ਵਿੱਚੋਂ ਕੱਢਣ ਲਈ, ਇਹਨਾਂ ਦੇ ਆਪਣੇ ਖ਼ੁਦਮੁਖਤਿਆਰ ਤਖ਼ਤ ਦੀ ਉਸਾਰੀ ਕੀਤੀ। ਹਰਿਮੰਦਰ ਸਾਹਿਬ ਦੇ ਸਾਹਮਣੇ ਜਿੱਥੇ ਅਖਾੜੇ ਲੱਗਦੇ ਅਤੇ ਫ਼ੌਜ ਆਪਣੇ ਕਰਤਬ ਵਿਖਾਉਂਦੀ, ਓਥੇ ਇੱਕ ਥੜ੍ਹਾ ਬਣਾ ਦਿੱਤਾ। ਇਸੇ ਥੜੇ ਨੂੰ 'ਤਖ਼ਤ' ਦਾ ਨਾਂ ਦਿੱਤਾ ਅਤੇ 'ਅਕਾਲ ਤਖ਼ਤ ਸਾਹਿਬ' ਦੀ ਨੀਂਹ ਆਪ ਗੁਰੂ ਹਰਿਗੋਬਿੰਦ ਸਾਹਿਬ ਨੇ ਰੱਖੀ। ਅਕਾਲ ਤਖ਼ਤ ਦੇ ਨਾਲ਼ ਹੀ ਸਿੱਖਾਂ ਕੋਲ਼ 'ਧਰਮ ਅਤੇ ਰਾਜਨੀਤੀ' ਇੱਕੋ ਸੰਕਲਪ ਵਿੱਚ ਸਾਹਮਣੇ ਆ ਗਏ।

ਗੌਰ ਕਰੋ ਕਿ ਇਸ ਦੀ ਉਸਾਰੀ ਗੁਰੂ ਸਾਹਿਬ ਨੇ ਆਪ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਲੈ ਕੇ ਕੀਤੀ। ਆਪ ਗੁਰੂ ਸਾਹਿਬ ਗੁਰੂ-ਜੋਤ ਹਨ, ਭਾਈ ਗੁਰਦ-ਾਸ ਨੇ ਆਦਿ ਗ੍ਰੰਥ ਦੀ ਬੀੜ ਲਿਖੀ। ਸੋ ਇਹਨਾਂ ਦੇ ਹੱਥਾਂ ਵਿੱਚ ਦੀ ਗੁਰਬਾਣੀ ਦਾ ਇੱਕ-ਇੱਕ ਅੱਖਰ ਨਿਕਲ਼ਿਆ ਸੀ, ਅਤੇ ਬਾਬਾ ਬੁੱਢਾ ਜੀ ਗੁਰੂ ਇਤਿਹਾਸ ਦੇ ਸਾਕਸ਼ੀ ਸਨ। ਏਹੀ ਗੁਰੂ ਜੋਤ, ਗੁਰਬਾਣੀ, ਗੁਰੂ ਇਤਿਹਾਸ ਦੀ ਨਿਰੰਤਰਤਾ ਹੈ ਜੋ ਤਖ਼ਤ ਉਸਾਰ ਸਕਦੀ ਹੈ। ਇੱਕ ਨੂੰ ਵੀ ਪਿੱਛੇ ਛੱਡਾਂਗੇ ਤਾਂ ਅਕਾਲ ਤਖ਼ਤ ਉਸਾਰਿਆ ਨਹੀਂ ਜਾ ਸਕਦਾ, ਏਹੀ ਸਿਧਾਂਤ ਹੈ। ਸੰਸਾਰੀ ਤਖ਼ਤਾਂ ਦਾ ਸੁਭਾਅ ਹੈ ਕਿ ਉਹਨਾਂ ਦਾ ਕਰਤਵ ਭਾਵ ਸੁਪਨਾ ਨਵੀਂ ਤਖ਼ਤਨਸ਼ੀਨੀ ਨਾਲ਼ ਬਦਲ ਜਾਂਦਾ ਹੈ, ਅਕਾਲ ਤਖ਼ਤ ਦਾ ਸੁਭਾਅ ਹੈ ਕਿ ਇਹ ਸਦੀਵੀ ਹਲੇਮੀ-ਰਾਜ ਦੇ ਸੁਪਨੇ ਨੂੰ ਲੈ ਆਪਣਾ ਸੁਭਾਅ ਕਦੇ ਨਹੀਂ ਬਦਲੇਗਾ। ਇਸ ਤਖ਼ਤ ਦੀ ਉਸਾਰੀ ਇੱਕ ਤਾਂ ਆਪਣੀ ਪ੍ਰਭੂਸੱਤਾ ਐਲਾਨਣਾ ਸੀ, ਇੱਕ ਹਰਿਮੰਦਰ ਸਾਹਿਬ ਦੀ ਠੀਕ ਸਾਹਮਣੇ ਬਣਾ ਸਿੱਖਾਂ ਨੂੰ ਇਹ ਦ੍ਰਿੜ੍ਹ ਕਰਵਾਉਣਾ ਸੀ ਕਿ ਕੀਰਤਨ ਕਰਦਿਆਂ, ਸਿਆਸਤ ਕਿਸੇ ਹੋਰ ਦੇ ਹਵਾਲੇ ਨਾ ਕਰੇ ਅਤੇ ਸਿਆਸਤ ਕਰਦਿਆਂ, ਧਰਮ ਦਾ ਸਤਿਕਾਰ ਸਦਾ ਕਾਇਮ ਰੱਖੇ।

### ਪੰਜਾਂ ਦਾ ਵਿਧਾਨ

ਮਨੁੱਖੀ ਇਤਿਹਾਸ ਵਿੱਚ ਅਜੇ ਤਕ ਕਦੇ ਵੀ ਧਰਮ ਅਤੇ ਰਾਜਨੀਤੀ ਨੂੰ ਇੱਕ ਸੁਮੇਲ ਰੂਪ ਵਿੱਚ ਨਹੀਂ ਸੀ ਅਪਣਾਇਆ ਗਿਆ। ਇਹ ਪਹਿਲੀ ਵਾਰ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਧਾਰਨ ਕਰ ਧਰਮ ਨੂੰ ਰਾਜਸੀ ਤਾਕਤ ਬਖ਼ਸ਼ੀ ਸੀ ਅਤੇ ਰਾਜਸੀ ਤਾਕਤ ਨੂੰ ਧਰਮ ਦੀ ਵਾੜ ਲਾਈ ਸੀ। ਇਕੱਲਾ 'ਸੰਤ', ਸੱਚ ਦੀ ਰੱਖਿਆ ਨਹੀਂ ਕਰ ਸਕਦਾ ਅਤੇ ਇਕੱਲਾ 'ਸਿਪਾਹੀ' ਹੋਣਾ ਵੀ ਜ਼ਾਲਮ ਹੋਣ ਵੱਲ ਪਹਿਲਾ ਕਦਮ ਹੈ। ਗੁਰੂ ਸਾਹਿਬ ਨੇ 'ਸੰਤ-ਸਿਪਾਹੀ' ਦੇ ਰੂਪ ਵਿੱਚ ਸਿੱਖਾਂ ਨੂੰ ਤਿਆਰ ਕਰ ਇੱਕ ਅਜਿਹਾ ਸੰਕਲਪ ਸਿੱਖਾਂ ਨੂੰ ਦਿੱਤਾ ਸੀ ਜਿਸ ਦਾ ਕੋਈ ਤੋੜ ਨਹੀਂ ਸੀ ਹੋ ਸਕਦਾ। ਸੰਤ ਰੂਪ ਹੋ ਸਿੱਖ ਅਤੇ ਗੁਰੂ ਸਾਹਿਬ ਗੁਰਬਾਣੀ ਅਭਿਆਸ ਕਰਦੇ ਅਤੇ ਸਿਪਾਹੀ ਹੋ ਉਹ ਆਪਣੀ ਰਾਜਸੀ ਤਾਕਤ ਦਾ ਪ੍ਰਗਟਾਵਾ ਵੀ ਕਰਦੇ। ਗੁਰੂ ਹਰਿਗੋਬਿੰਦ ਸਾਹਿਬ ਨੇ ਕਲ਼ਗੀ ਲਾਈ, ਲੋਹਗੜ੍ਹ ਅਤੇ ਬਿਬੇਕਸਰ ਦੇ ਰੂਪ ਵਿੱਚ ਆਪਣੀ ਰਾਜਧਾਨੀ ਦੀ ਕਿਲ੍ਹਾਬੰਦੀ ਕੀਤੀ, 52 ਚੋਣਵੇਂ ਘੋੜਸਵਾਰ ਅੰਗ ਰੱਖਿਅਕ ਰੱਖੇ, ਇਸ ਦੇ ਨਾਲ਼ ਹੀ 500 ਹੋਰ ਘੋੜ ਸਵਾਰਾਂ ਦੀ ਫ਼ੌਜ ਰੱਖੀ, ਕੁਝ ਇਤਿਹ-ਾਸਕ ਹਵਾਲ਼ਿਆਂ ਵਿੱਚ ਇਹ ਗਿਣਤੀ 700-800 ਆਈ ਹੈ।

ਜਦ ਵਹੀਰ ਦੀ ਗਿਣਤੀ ਵੱਧ ਹੋ ਗਈ ਤਾਂ ਉਸ ਨੂੰ ਪੰਜ ਜਥਿਆਂ ਵਿੱਚ ਵੰਡ, ਓਹਨਾਂ ਦੇ ਪੰਜ ਜਥੇਦਾਰ ਥਾਪੇ। ਜਥੇ ਵੀ ਸੁਭਾਅ ਅਤੇ ਕਰਮ ਅਨੁਸਾਰ ਬਣਾਏ ਗਏ ਸਨ ਅਤੇ ਜਥੇਦਾਰ ਵੀ ਉਹਨਾਂ ਦੀ ਮੁਹਾਰਤ ਉੱਤੇ ਹੀ ਨਿਰਧਾਰਿਤ ਕੀਤੇ। ਅੱਗੇ ਵੱਧ ਕੇ ਲੜਨ ਵਾਲ਼ੇ ਜਥੇ ਦੇ ਜਥੇਦਾਰ ਭਾਈ ਲੰਗਾਹ ਬਣੇ; ਗੁਰੀਲਾ ਯੁੱਧ ਵਾਲ਼ੇ ਜਥੇ ਦੇ ਜਥੇਦਾਰ ਭਾਈ ਬਿਧੀ ਚੰਦ ਹੋਏ; ਰਸਦ-ਪਾਣੀ, ਬਰੂਦ ਅਤੇ ਹਥਿਆਰਾਂ ਦੇ ਮੁਖੀ ਭਾਈ ਪਿਆਰਾ ਜੀ ਹੋਏ; ਭਾਈ ਜੇਠਾ ਨੂੰ ਰਸਾਲ ਦਾ ਜਥੇਦਾਰ ਥਾਪਿਆ ਗਿਆ ਅਤੇ ਪਿੰਡ-ਪਿੰਡ ਤੋਂ ਜਾਣੂ ਹੋਣ ਕਾਰਨ ਖ਼ੁਫ਼ੀਆ ਦਸਤੇ ਦੇ ਜਥੇਦਾਰ ਭਾਈ ਪੁਰਾਣਾ ਜੀ ਨੂੰ ਥਾਪਿਆ ਗਿਆ। ਇਸ ਤਰ੍ਹਾਂ ਪਹਿਲੀ ਵਾਰ ਗੁਰੂ ਸਾਹਿਬ ਨੇ ਸਿੱਖਾਂ ਦਾ ਅਭਿਆਸ ਓਸ ਵੇਲ਼ੇ ਲਈ ਕਰਵਾਉਣਾ ਸ਼ੁਰੂ ਕੀਤਾ, ਜਦੋਂ ਦਿੱਲੀ ਤਖ਼ਤ ਨਾਲ਼ ਗੁਰੂ ਨਾਨਕ ਸਾਹਿਬ ਦੇ ਤਖ਼ਤ ਦੀ ਸਿੱਧੀ ਟੱਕਰ ਹੋਣੀ ਸੀ। ਇਸ ਦੇ ਨਾਲ਼ ਹੀ ਗੁਰੂ ਨਾਨਕ ਸਾਹਿਬ ਦਾ ਪੰਜਾਂ ਦਾ ਵਿਧਾਨ ਰਸਮੀ ਤੌਰ 'ਤੇ ਲਾਗੂ ਹੋਇਆ:


(ਸਤਿਬੀਰ ਸਿੰਘ, ਗੁਰ ਭਾਰੀ ਜੀਵਨੀ ਗੁਰੂ ਹਰਿਗੋਬਿੰਦ ਜੀ (ਪਟਿਆਲਾ: ਪੰਜਾਬੀ ਯੂਨੀਵਰਸਿਟੀ), 2015. ਪੰਨਾ ਨੰਬਰ 37.) Khushwant Singh. A History of the Sikhs. Vol 1. (New Delhi: Oxford University Press), 1977, p. 64 ; also see Harinder Singh et.al. 'Akal Takht Sahib: Timeless Sovereign Throne' in State of the Panth, Report 4. (Sikh Research[nstitute), March 2019. 5f81773f8455f6dab3dc6a2e State of the Panth 2019-Akal Takht-Final-digital.pdf (website-files.com)
(ਸਤਿਬੀਰ ਸਿੰਘ, ਗੁਰ ਭਾਰੀ ਜੀਵਨੀ ਗੁਰੂ ਹਰਿਗੋਬਿੰਦ ਜੀ (ਪਟਿਆਲਾ: ਪੰਜਾਬੀ ਯੂਨੀਵਰਸਿਟੀ), 2015. ਪੰਨਾ ਨੰਬਰ 37-38.)

**ਪੰਚ ਪਰਵਾਣ ਪੰਚ ਪਰਧਾਨੁ ॥**
**ਪੰਚੇ ਪਾਵਹਿ ਦਰਗਹਿ ਮਾਨੁ ॥**
**ਪੰਚੇ ਸੋਹਹਿ ਦਰਿ ਰਾਜਾਨੁ ॥**
**ਪੰਚਾ ਕਾ ਗੁਰੁ ਏਕੁ ਧਿਆਨੁ ॥**

(ਅੰਗ 3)

ਏਹੀ ਪੰਜਾਂ ਦਾ ਵਿਧਾਨ ਗੁਰੂ ਗੋਬਿੰਦ ਸਿੰਘ ਸਾਹਿਬ 1699 ਦੀ ਵੈਸਾਖੀ ਨੂੰ ਪੰਜ ਸੀਸ ਮੰਗ, ਪੰਜ ਪਿਆਰੇ ਥਾਪ ਖ਼ਾਲਸੇ ਦੇ ਰੂਪ ਵਿੱਚ ਨਿਹਿਤ ਕਰਦੇ ਹਨ।

ਪੰਜਾਂ ਦਾ ਵਿਧਾਨ ਆਪਣੇ-ਆਪ ਵਿੱਚ ਹੀ ਇੱਕ ਬਹੁਤ ਵੱਡਾ ਵਿਸ਼ਾ ਹੈ, ਇਸ ਕਿਤਾ-ਬਚੇ ਲਈ ਸ਼ਾਇਦ ਇਸ ਨੂੰ ਵਿਸਥਾਰ ਵਿੱਚ ਲਿਖਣਾ ਸੰਭਵ ਨਹੀਂ ਪਰ ਇੱਕ ਟੂਕ-ਮਾਤਰ ਦੇ ਰਹੀ ਹਾਂ। ਮਨੁੱਖੀ ਮਨ ਦੇ ਵੀ ਪੰਜ ਚੋਰ ਨੇ, ਇਨਸਾਨ ਆਪਣੀਆਂ ਪੰਜੇ ਇੰਦਰੀਆਂ ਉੱਤੇ ਕਾਬੂ ਪਾ ਇਹਨਾਂ ਚੋਰਾਂ ਤੋਂ ਆਪਣੇ ਆਪ ਨੂੰ ਬਚਾ ਸਕਦਾ ਹੈ, ਬਿਲਕੁਲ ਐਵੇਂ ਹੀ ਬਾਹਰੀ ਦੁਨੀਆ ਵਿੱਚ ਪੰਜ ਚੋਰਾਂ ਵਰਗੇ ਹੀ ਰਾਜੇ, ਮੁਕਦਮ, ਵਜ਼ੀਰ, ਠੱਗ ਅਤੇ ਚੋਰ; ਲੋਕਾਈ ਨੂੰ ਪ੍ਰੇਸ਼ਾਨ ਕਰ ਰਹੇ ਹੁੰਦੇ ਹਨ, ਇਹਨਾਂ ਦੁਆਲੇ ਵੀ ਪੰਜਾਂ ਦੀ ਵਾੜ ਕਰ ਗੁਰੂ ਸਾਹਿਬ ਨੇ ਕੁਲ ਲੋਕਾਈ ਨੂੰ ਬਚਾਉਣ ਦਾ ਵਿਧਾਨ ਸਥਾਪਿਤ ਕੀਤਾ ਸੀ। ਗੁਰਬਾਣੀ, ਗੁਰੂ ਇਤਿਹਾਸ ਅਤੇ ਗੁਰੂ ਜੋਤ ਅੰਦਰਲੇ ਅਤੇ ਬਾਹਰਲੇ ਦਵੰਧ ਨੂੰ ਇਕਸਾਰ ਵੇਖਦੀ ਹੈ। ਗੁਰੂ ਹਰਿਗੋਬਿੰਦ ਸਾਹਿਬ ਸਮੇਂ ਢਾਡੀ ਵਾਰਾਂ ਗਾਉਣ ਲੱਗੇ, ਅੱਜ ਵੀ ਅਸੀਂ ਉਹਨਾਂ ਯੋਧਿਆਂ ਦੀਆਂ ਵਾਰਾਂ ਗਾਉਂਦੇ ਹਾਂ ਜੋ




ਬਾਹਰੀ ਜ਼ੁਲਮ ਨਾਲ਼ ਜੂਝਦੇ ਸ਼ਹੀਦ ਹੋ ਗਏ ਜਾਂ ਜਿੱਤ ਗਏ ਪਰ ਹਾਰ ਨਹੀਂ ਮੰਨੀ। ਠੀਕ ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਜੋ ਵਾਰਾਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੀਆਂ ਹਨ, ਉਹ ਅੰਦਰਲੇ ਯੁੱਧ ਦੀਆਂ ਹਨ, ਜਿਸ ਨੂੰ ਜਿੱਤਣ ਵਾਲ਼ਾ ਯੋਧਾ ਆਪਣੇ ਅੰਦਰਲੇ ਜ਼ਾਲਮਾਂ (ਭਾਵ ਵਿਕਾਰਾਂ) ਉੱਤੇ ਕਾਬੂ ਪਾ ਵਿਜੇਤਾ ਹੁੰਦਾ ਹੈ। ਤਾਂ ਹੀ ਮੈਂ ਸ਼ੁਰੂ ਵਿੱਚ ਹੀ ਲਿਖਿਆ ਸੀ ਕਿ ਇਹ ਵਰਤਾਰਾ ਅਨੁਭਵ ਕਰਨ ਦਾ ਹੈ, ਮੈਂ ਜਿੰਨਾ ਚਾਹੇ ਲਿਖੀ ਜਾਵਾਂ ਇਹ ਬਾਤ ਕਦੇ ਪੂਰੀ ਨਹੀਂ ਹੋ ਸਕਦੀ ਕਿਉਂਕਿ ਇਹ ਕਲਮ, ਸਿਆਹੀ, ਸ਼ਬਦ ਕੋਸ਼ ਤੋਂ ਕਿਤੇ ਬਾਹਰ ਦੀ ਖੇਡ ਹੈ। ਇਸ ਨੂੰ ਸਮਝਣ ਲਈ ਇਸ ਵਿੱਚ ਉਤਰਨਾ ਪਵੇਗਾ, ਨਿਰਵੈਰ ਨਿਰਭਉ ਹੋ ਕੇ।

### ਗੁਰੂ ਹਰਿਰਾਇ ਜੀ

ਗੁਰੂ ਨਾਨਕ ਸਾਹਿਬ ਦੇ ਵੇਲ਼ੇ ਤੋਂ ਜੋ ਗੁਰਸਿੱਖੀ ਜੀਵਨ ਨੂੰ ਪ੍ਰਣਾਏ ਲੋਕ ਖ਼ਾਲਸੇ ਪੰਥ ਦੀ ਤਿਆਰੀ ਵੱਲ ਵੱਧ ਰਹੇ ਸਨ, ਹੁਣ ਤਕ ਉਹ ਸਰੀਰਕ ਅਤੇ ਆਤਮਿਕ ਵਿਸ਼ਵਾਸ ਨਾਲ਼ ਭਰ ਚੁੱਕੇ ਸਨ, ਸ਼ਸਤਰ ਅਤੇ ਸ਼ਾਸਤਰ ਦੋਹਾਂ ਵਿੱਚ ਨਿਪੁੰਨ ਹੋ ਗਏ ਸਨ, ਨਗਰਾਂ ਅਤੇ ਕਿਲ੍ਹਿਆਂ ਦੀ ਉਸਾਰੀ ਅਤੇ ਸਾਂਭ-ਸੰਭਾਲ਼ ਦੇ ਨਾਲ਼-ਨਾਲ਼ ਉਹ ਵੱਡੇ ਇਕੱਠ ਸੰਭਾਲ਼ਣ ਦੇ ਵੀ ਕਾਬਿਲ ਹੋ ਗਏ ਸਨ। ਗੁਰੂ ਨਾਨਕ ਸਾਹਿਬ ਨੇ ਰੁਲ਼ੇ ਹੋਏ ਨਕਾਰੇ ਹੋਏ ਲੋਕਾਂ ਨੂੰ ਰਾਜਿਆਂ ਦੇ ਪੈਰਾਂ ਵਿੱਚੋਂ ਚੁੱਕ ਖ਼ੁਦ ਰਾਜੇ ਬਣਨ ਦੇ ਸਾਰੇ ਵਲ਼-ਅਭਿਆਸ ਕਰਵਾ ਦਿੱਤੇ ਸਨ। ਬੇਸ਼ੱਕ ਗੁਰਬਾਣੀ ਓਹਨਾਂ ਨੂੰ ਮਨ ਨੀਵਾਂ ਮਤਿ ਉੱਚੀ ਰੱਖਣ ਦਾ ਸੁਨੇਹਾ ਹਰ ਪਲ ਦੇ ਰਹੀ ਸੀ, ਪਰ ਫਿਰ ਵੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖਾਂ ਨੂੰ ਉਹਨਾਂ ਦੀ ਵੱਧਦੀ ਤਾਕਤ ਕਾਰਨ ਹੋਰ ਨਿਮਰ ਹੋ ਜਾਣ ਦੀ ਸਿੱਖਿਆ ਬਾਲ ਹਰਿਰਾਇ ਜ਼ਰੀਏ ਦਿੱਤੀ। ਆਪਾਂ ਸਭ ਇਸ ਸਾਖੀ ਤੋਂ ਵਾਕਫ਼ ਹਾਂ ਕਿ ਬਾਲ ਹਰਰਾਇ ਦੇ ਬਹੁਤ ਖ਼ੂਬਸੂਰਤ ਚੋਲੇ ਨਾਲ਼ ਅੜ ਜੱਦ ਇੱਕ ਫੁੱਲ ਟੁੱਟ ਜਾਂਦਾ ਹੈ ਤਾਂ ਗੁਰੂ ਸਾਹਿਬ ਆਪਣੇ ਸਪੁੱਤਰ ਨੂੰ ਕਹਿੰਦੇ ਹਨ ਕਿ ਜਦੋਂ ਦਾਮਨ ਵੱਡਾ ਹੋ ਜਾਵੇ ਤਾਂ ਸੰਕੋਚ ਕਰ ਚਲਣਾ ਚਾਹੀਦਾ ਹੈ। ਇਹ ਸਿੱਖ ਦਰਅਸਲ ਸਿੱਖਾਂ ਲਈ ਹੀ ਸੀ ਜਿਨ੍ਹਾਂ ਦਾ ਦਾਮਨ ਹੁਣ ਵੱਡਾ ਹੋ ਰਿਹਾ ਸੀ, ਓਹਨਾਂ ਦੀ ਰਾਜਸੀ ਅਤੇ ਆਰਥਿਕ ਤਾਕਤ ਦੀ ਬਾਤ ਵਿਰੋਧੀ ਖੇਮੇ ਵਿੱਚ ਵੀ ਹੋਣ ਲੱਗੀ ਸੀ।

ਚਲਦਾ.....

– ਲੇਖਕ –
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



# ਗੁਰੂ ਬੈਠਾ ਅਮਰੁ ਸਰੂਪ ਹੋਇ


ਗੁਰਦੁਆਰਾ ਸਾਹਿਬ ਜਨਮ ਸਥਾਨ ਗੁਰੂ ਅਮਰ ਦਾਸ ਜੀ ਬਾਸਰਕੇ


ਗੁਰੂ ਅਮਰਦਾਸ ਪਾਤਸ਼ਾਹ ਜੀ

**ਕਿਸ਼ਤ–4**

## ਸੇਵਾ ਵਿਚ ਲੱਗੇ

ਬੀਬੀ ਅਮਰੋ ਜੀ ਨੇ ਕੁਝ ਦਿਨਾਂ ਬਾਦ ਬਾਬਾ ਜੀ ਨੂੰ ਬਾਸਰ ਕੇ ਮੁੜਨ ਲਈ ਜਦੋਂ ਪੁੱਛਿਆ ਤਾਂ ਆਪ ਜੀ ਨੇ ਕਿਹਾ, 'ਪੁੱਤਰੀ! ਤੁਹਾਡਾ ਬਹੁਤ ਵੱਡਾ ਉਪਕਾਰ ਜੋ ਮੈਨੂੰ ਨਿਮਾਣੇ ਨੂੰ ਤੁਸਾਂ ਇਸ ਦਰ ਦਾ ਮਾਣ ਬਖ਼ਸ਼ਿਆ। ਹੁਣ ਤੁਸੀਂ ਬਾਸਰ ਕੇ ਚਲੇ ਜਾਉ, ਸਾਰਿਆਂ ਨੂੰ ਦੱਸ ਦੇਣਾ, ਅਸੀਂ ਏਥੇ ਹੀ ਰਹਾਂਗੇ'।

'ਜੀ, ਬਾਪੂ ਜੀ'! ਆਖਦਿਆਂ ਬੀਬੀ ਅਮਰੋ ਪਿਤਾ ਗੁਰੂ ਜੀ ਦੀ ਖ਼ੁਸ਼ੀ ਲੈ ਕੇ ਬਾਸਰ ਕੇ ਪਰਤ ਗਏ।

ਬਾਬਾ ਅਮਰਦਾਸ ਜੀ ਸਵੇਰੇ ਸ਼ਾਮ ਦਰਬਾਰ ਦੀ ਹਾਜ਼ਰੀ ਭਰਨ ਲਗੇ ਫਿਰ ਇਕਾਂਤ ਵਿਚ ਬੈਠੇ ਰਹਿੰਦੇ। ਲੰਗਰ ਸਮੇਂ ਪੰਗਤ ਵਿਚ ਬੈਠ ਕੇ ਭੋਜਨ ਕਰਦੇ। ਦੋ ਚਾਰ ਦਿਨਾਂ ਬਾਦ ਹੀ ਮਹਿਸੂਸ ਕਰਨ ਲਗੇ ਕਿ ਬਾਕੀ ਸਾਰੇ ਕੁਝ ਨ ਕੁਝ ਕਰਦੇ ਰਹਿੰਦੇ ਹਨ ਮੈਨੂੰ ਵੀ ਕੁਝ ਕਰਨਾ ਚਾਹੀਦਾ ਹੈ। ਇਕ ਦਿਨ ਸਾਹਿਬ ਜੀ ਨੇ ਸਵੇਰੇ ਬਚਨ ਕਰਦਿਆਂ ਫ਼ੁਰਮਾਇਆ:

ਸਲੋਕੁ ਮਹਲਾ 2॥
ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
ਗਲਾ ਕਰੇ ਘਣੇਰੀਆ
ਖਸਮ ਨ ਪਾਏ ਸਾਦੁ॥
ਆਪੁ ਗਵਾਇ ਸੇਵਾ ਕਰੇ
ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ
ਲਗਾ ਸੋ ਪਰਵਾਣੁ॥1॥22॥
ਗੁ.ਗ੍ਰ.ਸਾ. ਪੰਨਾ 474

ਹੋਰਨਾਂ ਦੇ ਨਾਲ ਇਨ੍ਹਾਂ ਵੀ ਸੁਣਿਆ ਅਰ ਜਾਣਿਆ ਕਿ ਜੇ ਸਾਹਿਬ ਦੇ ਦਰ 'ਤੇ ਆਇ ਬੈਠੇ ਹਾਂ ਤਾਂ ਹੁਣ ਚਾਕਰੀ ਕਰਨੀ ਬਣਦੀ ਹੈ। ਬਾਕੀ ਕਰ ਰਹੇ ਹਨ, ਅਸੀਂ ਵੀ ਕਰੀਏ। ਅਜਿਹਾ ਵਿਚਾਰ ਕੇ ਭਾਈ ਜੋਧ ਰਸੋਈਏ ਕੋਲ ਜਾ ਕੇ ਕਹਿਣ ਲਗੇ,

'ਜੇ ਤੁਸੀਂ ਆਗਿਆ ਦਿਉ ਤਾਂ ਮੈਂ ਲੰਗਰ ਲਈ ਪਾਣੀ ਲਿਆਵਾਂ ਕਰਾਂ'? ਜੋਧ ਕਹਿਣ ਲੱਗੇ,

'ਤੁਹਾਡੀ ਇੱਛਾ ਹੈ, ਲੰਗਰ ਵਿਚ ਲੋੜ ਤਾਂ ਬਣੀ ਰਹਿੰਦੀ ਹੈ ਜਿੰਨੀ ਸੇਵਾ ਕਰ ਸਕਦੇ ਹੋ, ਕਰ ਲਵੋ'।

ਇਉਂ ਆਖਦਿਆਂ ਦਰਮਿਆਨੇ ਜਿਹੇ ਅਕਾਰ ਦੀ ਇਕ ਗਾਗਰ ਉਨ੍ਹਾਂ ਬਾਬਾ ਜੀ ਵੱਲ ਵਧਾਈ। ਬਾਬਾ ਜੀ ਨੇ ਭਾਈ ਜੀ ਕੋਲੋਂ ਗਾਗਰ ਲੈ ਲਈ ਅਰ ਲੰਗਰ ਲਈ ਖੂਹ ਤੋਂ ਜਲ ਲਿਆਉਣ ਲਗੇ। ਥੋੜੇ ਦਿਨ ਹੋਰ ਬੀਤੇ ਤਾਂ ਧਿਆਨ ਗਿਆ ਕਿ ਸਤਿਗੁਰੂ ਜੀ ਪਹਿਰ ਰਾਤ ਰਹਿੰਦੀ ਇਸ਼ਨਾਨ ਕਰਦੇ ਹਨ ਜੇ ਹੋ ਸਕੇ ਤਾਂ ਮੈਂ ਉਸ ਵੇਲੇ ਜਲ ਲਿਆਵਾਂ, ਨਾਲੇ ਸੇਵਾ ਹੋ ਜਾਵੇਗੀ ਨਾਲੇ ਹਜ਼ੂਰ ਦੀ ਹੋਰ ਨੇੜਤਾ ਮਿਲ ਜਾਵੇਗੀ। ਇਸ ਤਰਹ ਆਪ ਦਾ ਇਹ ਨੇਮ ਹੀ ਬੱਝ ਗਿਆ ਕਿ ਪਹਿਰ ਰਾਤ ਰਹਿਣ ਤੋਂ ਪਹਿਲਾਂ ਗੁਰੂ ਸਾਹਿਬ ਦੇ ਇਸ਼ਨਾਨ ਲਈ ਜਲ ਦੀ ਗਾਗਰ ਭਰ ਲਿਆਉਣੀ, ਸਵੇਰ ਸਾਰ ਲੰਗਰ ਲਈ ਜਲ ਲਿਆਉਣਾ, ਸੰਗਤ ਵਿਚ ਦਰਸ਼ਨ ਕਰਨੇ, ਗੁਰੂ ਸਾਹਿਬ ਦੇ ਬਸਤਰ ਧੋ ਸੁਕਾ ਕੇ ਲਿਆਉਣੇ, ਸਮਾਂ ਮਿਲਣ 'ਤੇ ਇਕਾਂਤ ਵਿਚ ਬੈਠ ਕੇ ਹਜ਼ੂਰ ਦੇ ਅੱਜ ਹੋਏ ਬਚਨਾਂ ਨੂੰ ਯਾਦ ਕਰਨਾਂ ਅਰ ਗੁਰਬਾਣੀ ਦੀ ਡੂੰਘੀ ਵਿਚਾਰ ਕਰਨੀ, ਪਿਛਲੇ ਪਹਿਰ ਦੇ ਦੀਵਾਨ ਦੀ ਹਾਜ਼ਰੀ ਭਰਨੀ, ਸਾਰਾ ਦਿਨ ਬਿਨਾਂ ਅਲਸਾਏ ਲੰਗਰ ਲਈ ਜਲ ਦੀ ਸੇਵਾ ਕਰਦੇ ਰਹਿਣਾ ਅਰ ਲੋੜ ਅਨੁਸਾਰ ਲੰਗਰ ਛਕ ਲੈਣਾ, ਆਦਿ। ਇਹ ਸਾਰਾ ਕੁਝ ਕਰਦਿਆਂ ਆਪ ਜੀ ਆਮ ਬੋਲ-ਚਾਲ ਤੋਂ ਸੰਕੋਚ ਰੱਖਦੇ। ਗੁਰੂ ਸਾਹਿਬ ਜੀ ਇਹ ਸਭ ਕੁਝ ਵੇਖ ਰਹੇ ਸਨ ਪਰ ਇਨ੍ਹਾਂ ਦੇ ਪੱਖ ਤੋਂ ਬੇਪਰਵਾਹ ਹੀ ਰਹੇ।

ੳ. ਰਹੇ ਪਹਰ ਰਾਤ੍ਰਿ
ਤਬ ਜਲ ਭਰ ਲਿਆਵੈ।
ਸਤਿਗੁਰ ਕੌ ਇਸਨਾਨ ਕਰਾਵੈ।67॥
ਇਸਨਾਨ ਕਰਾਇ ਇਕੰਤ ਬਹ ਰਹੇਂ।
ਕਾਹੂੰ ਸਿਉ ਕਛੁ ਸੁਨੇ ਨਾ ਕਹੇਂ।
ਸਤਿਗੁਰ ਮੂਰਤਿ ਹਿਰਦੇ ਧਰੇ।
ਖਾਨ ਪਾਨ ਕਿਛੁ ਸੁਧ ਨਹੀ ਕਰੇ।68॥
ਸਹਜਿ ਸੁਭਾਇ ਹੋਇ ਸੁ ਹੋਇ।
ਸਰੀਰ ਕ੍ਰਿਆ ਪੁਨ ਰਹਿਓ ਨ ਕੋਇ।
ਸਤਿਗੁਰ ਬਹੁਤ ਨ ਪੂਛੀ ਬਾਤ।
ਅਚਰਜ ਗਤਿ ਕਛੁ ਲਖੀ ਨ ਜਾਤ।69॥9॥
ਮ.ਪ੍ਰ.

ਅ. ਤਬ ਤੇ ਆਗੇ ਹੀ ਉਠਿ ਕਰਿ ਕੈ
(ਪਹਿਰ ਰਾਤ ਰਹਿੰਦੀ ਤੋਂ ਪਹਿਲਾਂ)
ਜਲ ਆਨਹਿਂ ਭਰਿ ਕਲਸ ਬਿਸਾਲ।
(ਵੱਡੀ ਗਾਗਰ ਜਲ ਦੀ ਭਰ ਲਿਆਉਂਦੇ)
ਪ੍ਰਥਮ ਸ਼ਨਾਨਹਿਂ, ਬਸਤ੍ਰ ਪਖਾਲਹਿਂ,
(ਪਹਿਲਾਂ ਹਜ਼ੂਰ ਨੂੰ ਸ਼ਨਾਨ ਕਰਾ ਫਿਰ ਬਸਤ੍ਰ ਧੋਂਦੇ)
ਪੁਨਹਿ ਸੁਸ਼ਕ ਕਰਿਬੇ
ਹਿਤ ਡਾਲ।6॥(ਫਿਰ ਸੁੱਕਣੇ ਪਾਉਂਦੇ)
ਪੁਨ ਇਕੰਤ ਹੋਇ ਸਭ ਤੇ ਬੈਠਹਿਂ
(ਫਿਰ ਇਕਾਂਤ ਵਿਚ ਜਾ ਬੈਠਦੇ)
ਕਰਹਿ ਨ ਸੁਨਹਿ ਬਚਨ ਕਿਸ ਨਾਲਿ।
(ਕਿਸੇ ਨਾਲ ਕੋਈ ਗੱਲਬਾਤ ਨ ਕਰਦੇ)
ਸਤਿਗੁਰ ਮੂਰਤਿ ਰਿਦੇ ਸਮਾਲਹਿ
(ਸਤਿਗੁਰਾਂ ਦਾ ਧਿਆਨ ਧਰਦੇ)
ਅਪਰ ਮਨੋਰਥ ਸਭ ਕੋ ਟਾਲਿ।
(ਹੋਰਨਾਂ ਪਾਸਿਓਂ ਮਨ ਹੋੜ ਕੇ)

ਇਸ ਵਾਧੂ ਸਮੇਂ ਆਪ ਜਿਥੇ ਇਕਾਂਤ ਵਿਚ ਜੁੜ ਬੈਠਦੇ ਸਨ ਅਤੇ ਗੁਰਬਾਣੀ ਦਾ ਪਾਠ ਤੇ ਵਿਚਾਰ ਕਰਦੇ ਸਨ, ਹੁਣ ਉਸ ਸਥਾਨ 'ਤੇ ਸੁੰਦਰ ਸਥਾਨ ਗੁ. ਥੜਾ ਸਾਹਿਬ ਗੁਰੂ ਅਮਰਦਾਸ ਜੀ ਮੌਜੂਦ ਹੈ।

ਇਉਂ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਵੱਲੋਂ 19 ਰਾਗਾਂ ਵਿਚ ਉਚਾਰਣ ਕੀਤੀ ਬਾਣੀ ਦੇ ਨਾਲ ਅੱਜ ਸਾਡੇ ਪਾਸ ਗੁਰੂ ਅਮਰਦਾਸ ਪਾਤਸ਼ਾਹ ਵੱਲੋਂ 17 ਰਾਗਾਂ ਵਿਚ ਉਚਾਰਣ ਕੀਤੀ ਬਾਣੀ ਜੋ ਮੌਜੂਦ ਹੈ, ਉਸ ਦੇ ਬੀਜ ਇਸ ਅਸਥਾਨ 'ਤੇ ਬੀਜੇ ਗਏ ਸਨ।

## ਭਾਨੀ ਦਾ ਵਿਆਹ

ਬਾਬਾ ਜੀ ਲਗਾਤਾਰ ਖਡੂਰ ਸਾਹਿਬ ਇਸੇ ਤਰਹ ਸੇਵਾ ਕਰਦੇ ਰਹੇ। ਪਹਿਲਾਂ ਹੋਏ ਪਰਵਾਰਿਕ ਫ਼ੈਸਲੇ ਅਨੁਸਾਰ ਬੀਬੀ ਭਾਨੀ ਜੀ ਦਾ ਰਿਸ਼ਤਾ ਲਾਹੌਰ ਨਿਵਾਸੀ ਭਾਈ ਹਰਿਦਾਸ ਜੀ ਸੋਢੀ ਦੇ ਸਪੁੱਤਰ ਪਾਵਨ ਸ੍ਰੀ ਰਾਮਦਾਸ ਜੀ ਨਾਲ ਹੋ ਗਿਆ ਸੀ। ਬੰਸਾਵਲੀਨਾਮਾ ਅਨੁਸਾਰ ਅਗਲੇ ਸਾਲ ਭਾਵ 1602 ਬਿ./1545 ਈ. ਨੂੰ ਵਿਆਹ ਰੱਖਿਆ ਗਿਆ। ਬਿਨਾਂ ਸ਼ੱਕ ਸਤਿਗੁਰਾਂ ਦੀ ਆਗਿਆ ਲੈ ਕੇ ਆਪ ਜੀ ਇਸ ਸਮੇਂ ਬਾਸਰ ਕੇ ਗਏ ਅਰ ਬੀਬੀ ਭਾਨੀ ਜੀ ਦਾ ਸਾਰਾ ਵਿਆਹ ਕਾਰਜ ਨਿਬਾਹ ਕੇ ਆਪ ਫਿਰ ਖਡੂਰ ਸਤਿਗੁਰਾਂ ਪਾਸ ਹਾਜ਼ਰ ਹੋ ਕੇ ਪਹਿਲਾਂ ਵਾਂਗ ਸੇਵਾ ਵਿਚ ਲੱਗ ਗਏ।

## ਅਸਚਰਜ ਕੌਤਕ

ਹੁਣ ਇਸੇ ਤਰਹ ਚਲਦਿਆਂ ਕੁਝ ਸਾਲ ਬਿਤੀਤ ਹੋ ਗਏ। ਨਗਰ ਵਾਲੇ ਵੀ ਵੇਖ ਰਹੇ ਸਨ ਕਿ ਬਾਕੀ ਸਿੱਖ ਤਾਂ ਕੁਝ ਸਮਾਂ ਠਹਿਰ ਕੇ ਵਾਪਸ ਚਲੇ ਜਾਂਦੇ ਹਨ ਪਰ ਇਹ ਲਗਾਤਾਰ ਹੀ ਇਥੇ ਟਿਕ ਗਿਆ ਹੈ ਅਰ ਜਦ ਵੇਖੀਏ ਕੁਝ ਨ ਕੁਝ ਸੇਵਾ ਕਰਦਾ ਰਹਿੰਦਾ ਹੈ। ਅਜਿਹਾ ਵੀ ਵਰਨਣ ਮਿਲਦਾ ਹੈ ਕਿ ਇਸ ਸਮੇਂ ਦੌਰਾਨ ਬਾਸਰ ਕੇ ਤੋਂ ਛੋਟੇ ਭਰਾ ਅਤੇ ਸਪੁੱਤਰ ਮੋਹਰੀ ਲੈਣ ਵਾਸਤੇ ਆਏ ਪਰ ਆਪ ਜੀ ਨੇ ਇਹ ਕਹਿ ਕੇ ਉਨ੍ਹਾਂ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ ਕਿ ਅਸੀਂ ਥੋੜੇ ਦਿਨਾਂ ਤੱਕ ਆਵਾਂਗੇ। ਭਾਈ ਬੁੱਢਾ, ਭਾਈ ਜੋਧ, ਦਾਸ, ਦਾਤਾ ਅਰ ਹੋਰ ਗੁਰਸਿੱਖ ਇਹ ਸਾਰਾ ਵਰਤਾਰਾ ਵਰਤਦਾ ਦੇਖ ਰਹੇ ਸਨ। ਜਦੋਂ ਬਾਬਾ ਜੀ ਨੇ ਇਸ ਪ੍ਰਕਾਰ ਦੀ ਘੁਸਰ-ਮੁਸਰ ਹੁੰਦੀ ਸੁਣੀ ਤਾਂ ਆਪ ਨੇ ਨਿੰਮ੍ਰਤਾ ਸਹਿਤ ਕਿਹਾ ਕਿ ਹੁਣ ਮੇਰੇ ਜੀਵਨ ਦਾ ਆਧਾਰ ਖਡੂਰ ਹੀ ਹੈ, ਸਤਿਗੁਰ ਹੀ ਮੇਰੇ ਸਭ ਕੁਝ ਹਨ ਇਨ੍ਹਾਂ ਦੇ ਚਰਨਾਂ ਵਿਚ ਮੈਨੂੰ ਰਹਿੰਦਿਆਂ ਮੈਨੂੰ ਸਭ ਕੁਝ ਮਿਲ ਰਿਹਾ ਹੈ:

ਅਬ ਮੇਰੇ ਸਤਿਗੁਰ ਹੈ ਸਭਿ ਕਿਛੁ,
(ਹੁਣ ਸਤਿਗੁਰ ਹੀ ਮੇਰੇ ਸਭ ਕੁਝ ਹਨ)
ਸਦਨ ਕੁਟੰਬ ਪਿਤਾ ਅਰੁ ਮਾਤ।
(ਘਰ, ਪਰਵਾਰ ਤੇ ਮਾਤਾ ਪਿਤਾ)
ਜੀਵਤਿ ਪ੍ਰਾਨ ਅਧਾਰ ਇਹੀ ਹੈਂ,
(ਜਿਉਂਦਿਆਂ ਵੀ ਇਹੀ ਆਸਰਾ ਹਨ)
**ਬਿਨ ਪਗ ਦੇਖੇ ਕਛੁ ਨ ਸੁਹਾਤਿ'।13॥16॥**
(ਦਰਸ਼ਨਾਂ ਬਿਨਾਂ ਕੁਝ ਚੰਗਾ ਨਹੀਂ ਲਗਦਾ)

ਭਾਈ ਨੰਦ ਲਾਲ ਜੀ ਗੋਯਾ ਇਸ ਅਵਸਥਾ ਦਾ ਚਿੱਤ੍ਰ ਇਉਂ ਪੇਸ਼ ਕਰਦੇ ਹਨ:

ਮਰਾ ਦਰ ਮੰਜ਼ਿਲ-ਇ ਜਾਨਾ ਹਮਹ ਐਸ਼-ਓ ਹਮਹ ਸ਼ਾਦੀ, (ਸਾਨੂੰ ਗੁਰੂ ਮਾਰਗ ਤੇ ਚਲਦਿਆਂ ਸਦਾ ਖ਼ੁਸ਼ੀਆਂ ਤੇ ਖੇੜੇ ਹਨ,
ਜਰਸ ਬੇਹੂਦਾ ਮੀ ਨਾਲਦ ਕੁਜਾ ਬੰਦੇਮ ਮਹਮਲ ਹਾ।3॥ (ਕਾਫ਼ਲੇ ਦਾ ਘੜਿਆਲ ਬੇ-ਫ਼ਾਇਦਾ ਸ਼ੋਰ ਮਚਾਉਂਦਾ ਹੈ, ਅਸੀਂ ਹੁਣ ਕਿਧਰ ਜਾਣਾ ਹੈ?) ਗ਼ਜ਼ਲ 2

ਰੋਜ਼ ਵਾਂਗ ਇਕ ਰਾਤ ਨੂੰ ਸਮੇਂ ਦਾ ਅੰਦਾਜ਼ਾ ਕਰ ਕੇ ਆਪ ਗੁਰੂ ਪਾਤਸ਼ਾਹ ਜੀ ਦੇ ਸ਼ਨਾਨ ਲਈ ਜਲ ਲੈਣ ਚਲੇ ਗਏ। ਮੌਸਮ ਕਾਫ਼ੀ ਖ਼ਰਾਬ ਹੋਣ ਕਰ ਕੇ ਮੀਂਹ ਪੈਣ ਲੱਗ ਪਿਆ। ਵਿਚੋਂ ਵਿਚੋਂ ਬਿਜਲੀ ਲਿਸ਼ਕਣ ਲੱਗ ਪਈ। ਜਦੋਂ ਆਪ ਜੀ ਜਲ ਦੀ ਗਾਗਰ ਮੋਢੇ 'ਤੇ ਚੁੱਕ ਕੇ ਵਾਪਸ ਆ ਰਹੇ ਸਨ ਤਾਂ ਮੀਂਹ ਚੰਗਾ ਮੋਹਲੇਧਾਰ ਪੈ ਰਿਹਾ ਸੀ। ਗੁਰੂ ਸਾਹਿਬ ਦੀ ਰਿਹਾਇਸ਼ ਦੇ ਨਾਲ ਹੀ ਇਕ ਜੁਲਾਹੇ ਦਾ ਘਰ ਸੀ ਜਿਸ ਦੇ ਬਾਹਰਲੇ ਪਾਸੇ ਛੱਤ ਹੇਠ ਉਹ ਤਾਣਾ ਤਣਦਾ ਸੀ। ਇਸ ਸਮੇਂ ਭਾਵੇਂ ਤਾਣਾ ਮੌਜੂਦ ਨਹੀਂ ਸੀ ਪਰ, ਹਨੇਰੇ ਵਿਚ ਕੋਲੋਂ ਲੰਘਦਿਆਂ ਬਾਬਾ ਜੀ ਦਾ ਖੱਬਾ ਪੈਰ ਕਿੱਲੇ ਨਾਲ ਵੱਜਣ ਕਰ ਕੇ ਡਿੱਗ ਪਏ ਪਰ ਮੋਢੇ ਰੱਖੀ ਗਾਗਰ ਸੰਭਾਲ ਲਈ ਗਈ। ਖੜਕਾ ਚੰਗਾ ਹੋ ਗਿਆ। ਖੜਕਾ ਸੁਣ ਕੇ ਦੋਹਾਂ ਦੀ ਜਾਗ ਖੁਲ੍ਹ ਗਈ। ਜੁਲ-ਾਹਾ ਬੋਲਿਆ,

'ਇਸ ਵੇਲੇ ਪਤਾ ਨਹੀਂ ਕੌਣ ਠੁੱਡੇ ਮਾਰਦਾ ਫਿਰਦੈ'?

'ਅਮਰੂ ਨਿਥਾਵਾਂ ਹੋਣੈ ਪਾਣੀ ਭਰਨ ਗਿਆ', ਜੁਲਾਹੀ ਝੱਟ ਬੋਲ ਪਈ, 'ਹੋਰ ਇਸ ਵੇਲੇ ਕਿਨ੍ਹੇ ਹੋਣੈ'?

ਬਾਬਾ ਜੀ ਜਿਹੜੇ ਹੁਣ ਸਾਵਧਾਨ ਹੋ ਕੇ ਬਿਲਕੁਲ ਇਨ੍ਹਾਂ ਦੇ ਨੇੜਿਓਂ ਲੰਘ ਰਹੇ ਸਨ, ਉਹ ਸੁਣ ਕੇ ਬੋਲ ਉੱਠੇ,

'ਕਮਲੀਏ! ਅਮਰਦਾਸ ਨਿਥਾਵਾਂ ਨਹੀਂ, ਮੇਰੇ ਧੰਨ ਭਾਗ ਜੁ ਸੇਵਾ ਮਿਲੀ'। ਹੁਣ ਕੋਈ ਕੁਝ ਨ ਬੋਲਿਆ।

ਚਲਦਾ.....

# ਵਿਸਮਾਦੀ ਸੁਰਾਂ ਦੇ ਮਾਲਕ ਪ੍ਰਸਿੱਧ ਰਾਗੀ ਭਾਈ ਹੀਰਾ ਸਿੰਘ ਨੂੰ ਯਾਦ ਕਰਦਿਆਂ

**6 ਸਤੰਬਰ ਨੂੰ ਬਰਸੀ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਗੁਰਮਤਿ ਸੰਗੀਤ ਦੇ ਅਹਿਮ ਪੰਨੇ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਗੁਰਮਤਿ ਸੰਗੀਤ ਦੀਆਂ ਵਿਸਮਾਦੀ ਧੁੰਨਾਂ ਨਾਲ ਮਨੁੱਖੀ ਆਤਮਾ ਨੂੰ ਅਕਹਿ ਸ਼ਾਂਤੀ ਤੇ ਸਕੂਨ ਮਿਲਦਾ ਹੈ। ਸਾਡੀ ਆਤਮਾ ਗਗਨਚੰਭੀ ਉਚਾਈਆਂ ਨੂੰ ਛੂਹ ਲੈਂਦੀ ਹੈ। 20ਵੀਂ ਸਦੀ ਦੇ ਆਰੰਭ ਵਿੱਚ ਇਕ ਅਜਿਹਾ ਸੁਰੀਲਾ ਕੀਰਤਨੀਆ ਖ਼ਾਲਸਾ ਪੰਥ ਨੂੰ ਮਿਲਿਆ, ਜਿਸ ਨੇ ਭਰ ਜਵਾਨੀ ਵਿੱਚ ਗੁਰਬਾਣੀ ਕੀਰਤਨ ਦੀਆਂ ਧੁੰਨਾਂ ਨਾਲ ਲੱਖਾਂ ਹਿਰਦਿਆਂ ਨੂੰ ਸ਼ਾਂਤ ਕੀਤਾ। ਭਾਈ ਹੀਰਾ ਸਿੰਘ ਦਾ ਜਨਮ 1879 ਈ: ਨੂੰ ਪੱਛਮੀ ਪੰਜਾਬ ਦੇ ਜ਼ਿਲ੍ਹਾ ਸਰਗੋਧਾ ਦੇ ਪਿੰਡ ਫਰੂਕਾ ਵਿਖੇ ਭਾਈ ਭਾਗ ਸਿੰਘ ਅਤੇ ਮਾਤਾ ਸਭਰਾਈ ਦੇ ਗ੍ਰਹਿ ਵਿਖੇ ਹੋਇਆ। ਜ਼ਿਕਰ ਮਿਲਦਾ ਹੈ ਕਿ ਭਾਈ ਭਾਗ ਸਿੰਘ ਦੀ ਸ਼ਾਦੀ ਹੋਇਆਂ 18 ਵਰ੍ਹੇ ਬੀਤ ਗਏ, ਪਰ ਕੋਈ ਔਲਾਦ ਨਾ ਹੋਈ। ਸੇਵਾ ਪੰਥੀ ਬਾਬਾ ਰਾਮ ਸਿੰਘ ਦੀ ਅਰਦਾਸ ਨਾਲ ਭਾਈ ਹੀਰਾ ਸਿੰਘ ਦਾ ਜਨਮ ਹੋਇਆ। ਮੁੱਢਲੀ ਸਿੱਖਿਆ ਪਿੰਡ ਦੀ ਧਰਮਸ਼ਾਲਾ ਤੋਂ ਪ੍ਰਾਪਤ ਕੀਤੀ। ਇਸ ਤੋਂ ਪਿੱਛੋਂ ਪ੍ਰਾਇਮਰੀ ਦੀ ਪੜ੍ਹਾਈ ਵੀ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਮਿਡਲ ਕਰਨ ਲਈ ਸਾਹੀਵਾਲ ਜਾਣਾ ਪਿਆ। ਇਸ ਤੋਂ ਬਾਅਦ ਗੁਰਬਾਣੀ ਤੇ ਸਿੱਖ ਇਤਿਹਾਸ ਦੀ ਸਿੱਖਿਆ ਭਾਈ ਮਾਹਣਾ ਸਿੰਘ ਤੋਂ ਪ੍ਰਾਪਤ ਕੀਤੀ।

ਭਾਈ ਹੀਰਾ ਸਿੰਘ ਦੇ ਪਿਤਾ ਜੀ ਭਾਈ ਭਾਗ ਸਿੰਘ ਦਾ ਸਾਰੰਗੀ ਤੇ ਤਾਊਸ ਵਜਾਉਣ ਵਿੱਚ ਕੋਈ ਮੁਕਾਬਲਾ ਨਹੀਂ ਸੀ। ਘਰ ਵਿੱਚ ਪਿਤਾ ਜੀ ਤੋਂ ਗੁਰਮਤਿ ਸੰਗੀਤ ਵਿੱਚ ਪ੍ਰਬੀਨਤਾ ਪ੍ਰਾਪਤ ਕਰਨ ਤੋਂ ਬਾਅਦ ਭਾਈ ਹੀਰਾ ਸਿੰਘ ਨੇ ਨਿਰੰਕਾਰੀ ਦਰਬਾਰ ਰਾਵਲਪਿੰਡੀ ਅਤੇ ਨਾਮਧਾਰੀ ਦਰਬਾਰ ਭੈਣੀ ਸਾਹਿਬ ਤੋਂ ਕਲਾਸੀਕਲ ਸੰਗੀਤ ਸਿੱਖ ਕੇ ਮੁਹਾਰਤ ਹਾਸਲ ਕੀਤੀ।

ਭਾਈ ਹੀਰਾ ਸਿੰਘ ਦੀ ਆਪਣੇ ਜੀਵਨ ਦੀ ਸਭ ਤੋਂ ਵੱਡੀ ਕਮਾਈ ਉਸ ਸਮੇਂ ਨਾਮਬਾਣੀ ਦੇ ਰਸੀਏ ਮਹਾਂਪੁਰਸ਼ ਸੰਤ ਅਤਰ ਸਿੰਘ ਮਸਤੂਆਣਾ ਵਾਲਿਆਂ ਦੇ ਜਥੇ ਵਿੱਚ ਸ਼ਾਮਿਲ ਹੋ ਕੇ ਪ੍ਰਭੂ ਭਗਤੀ ਵਿੱਚ ਲੀਨ ਹੋਣਾ ਅਤੇ ਨਾਲ ਹੀ ਸੰਤ ਬਾਬਾ ਜੀ ਨਾਲ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕਰਨਾ ਸੀ। 1897 ਈ: ਵਿੱਚ ਜਦੋਂ ਸਿੰਘ ਸਭਾ ਲਹਿਰ ਸਿੱਖ ਧਰਮ ਦੇ ਪ੍ਰਚਾਰ ਨੂੰ ਸਿਖਰ 'ਤੇ ਪਹੁੰਚਾ ਚੁੱਕੀ ਸੀ, ਉਸ ਸਮੇਂ ਆਪ ਆਪਣੇ ਪਰਿਵਾਰ ਸਮੇਤ ਸ੍ਰੀ ਅੰਮ੍ਰਿਤਸਰ ਆ ਵਸੇ। ਇਥੇ ਆ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਆਪਣੇ ਸਮੇਂ ਉਘੇ ਹਜ਼ੂਰੀ ਕੀਰਤਨੀਏ ਭਾਈ ਤਖ਼ਤ ਸਿੰਘ ਤੋਂ ਗੁਰਮਤਿ ਸੰਗੀਤ ਦੀਆਂ ਬਾਰੀਕੀਆਂ ਗ੍ਰਹਿਣ ਕੀਤੀਆਂ।

ਉਹ ਅਜਿਹਾ ਸਮਾਂ ਸੀ ਜਦੋਂ ਸਿੱਖ ਕੌਮ ਸਿੱਖਿਆ ਦੇ ਖੇਤਰ ਵਿੱਚ ਬਹੁਤ ਪੱਛੜੀ ਹੋਈ ਸੀ। 1908 ਈ: ਵਿੱਚ ਚੀਫ਼ ਖ਼ਾਲਸਾ ਦੀਵਾਨ ਵੱਲੋਂ ਹੋਈ ਵਿੱਦਿਅਕ ਕਾਨਫਰੰਸ ਲਈ ਥਾਂ-ਪੁਰ-ਥਾਂ ਜਾ ਕੇ ਸਿੱਖਿਆ ਦੇ ਪ੍ਰਸਾਰ, ਪ੍ਰਚਾਰ ਤੇ ਵਿਕਾਸ ਲਈ ਰਾਤ-ਦਿਨ ਪ੍ਰਚਾਰ ਮੁਹਿੰਮ ਵਿੱਚ ਯੋਗਦਾਨ ਪਾਇਆ। ਅਸਲ ਵਿੱਚ ਚੀਫ਼ ਖ਼ਾਲਸਾ ਦੀਵਾਨ ਨੇ ਸਿੱਖਿਆ ਦੇ ਪ੍ਰਸਾਰ ਲਈ ਜਿਹੜਾ ਕਾਰਜ ਆਰੰਭਿਆ ਸੀ, ਉਸ ਲਈ ਸਭ ਤੋਂ ਵੱਧ ਨਿੱਠ ਕੇ ਕਾਰਜ ਕਰਨ ਵਾਲਿਆਂ ਵਿੱਚ ਭਾਈ ਹੀਰਾ ਸਿੰਘ ਨੂੰ ਵੱਡਾ ਮਾਣ ਪ੍ਰਾਪਤ ਹੋਇਆ।

ਭਾਈ ਹੀਰਾ ਸਿੰਘ ਨੇ ਆਪਣੇ ਪਿਤਾ ਜੀ ਨਾਲ ਜਿਹੜਾ ਕੀਰਤਨੀ ਜਥਾ ਬਣਾਇਆ, ਉਸ ਜਥੇ ਨੇ ਅਣਵੰਡੇ ਦੇਸ਼ ਵਿੱਚ ਲੱਖਾਂ ਸਿੱਖ ਸੰਗਤਾਂ ਨੂੰ ਵਿਸਮਾਦੀ ਸੁਰਾਂ ਨਾਲ ਕੀਲਿਆ। ਆਪ ਦੀ ਅਵਾਜ਼ ਵਿੱਚ ਵਿਸ਼ੇਸ਼ ਕਿਸਮ ਦੀ ਰੱਬੀ ਬਖ਼ਸ਼ਿਸ਼ ਸੀ। 1925 ਈ: ਵਿੱਚ ਭਾਈ ਹੀਰਾ ਸਿੰਘ ਗਵਾਲੀਅਰ ਵਿਖੇ ਕੀਰਤਨ ਦੀ ਸੇਵਾ ਨਿਭਾਉਣ ਲਈ ਪ੍ਰਚਾਰ ਦੌਰੇ 'ਤੇ ਗਏ ਹੋਏ ਸਨ, ਜਦੋਂ ਉਨ੍ਹਾਂ ਇਲਾਹੀ ਬਾਣੀ ਦੀ ਕੀਰਤਨ ਦੀ ਧੁਨੀ ਦਾ ਰਾਗ-ਬੱਧ ਸੁਰ ਅਲਾਪਿਆ ਅਤੇ ਨਾਲ ਹੀ ਇਤਿਹਾਸ ਦੀ ਕਥਾ ਸਰਵਣ ਕਰਵਾਈ। ਉਥੇ ਪੁੱਜੇ ਹੋਏ ਸਰੋਤਿਆਂ ਵਿੱਚ ਇਕ ਮੁਸਲਮਾਨ ਸ਼ਰਧਾਲੂ ਹਾਜ਼ੀ ਮਸਕੀਨ ਵੀ ਝੂਮਣ ਲੱਗ ਪਿਆ। ਹੁਣ ਉਹ ਭਾਈ ਹੀਰਾ ਸਿੰਘ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰਿਆਂ ਲਈ ਵੀ ਬੜੀ ਸ਼ਰਧਾ ਭਾਵਨਾ ਨਾਲ ਪੁੱਜਾ। ਉਸ ਨੇ ਇਕ ਲੱਖ ਪੰਜਤਾਲੀ ਹਜ਼ਾਰ ਸੰਦਲੀ ਤਾਰਾਂ ਦਾ ਆਪਣੇ ਹੱਥੀਂ ਬਣਾਇਆ ਸੁੰਦਰ ਚੌਰ ਧੰਨ ਗੁਰੂ ਰਾਮਦਾਸ ਜੀ ਦੇ ਪਾਵਨ ਸ੍ਰੀ ਦਰਬਾਰ ਸਾਹਿਬ ਭੇਟ ਕੀਤਾ, ਜੋ ਅੱਜ ਵੀ ਤੋਸ਼ੇਖਾਨੇ ਵਿੱਚ ਸੁਰੱਖਿਅਤ ਹੈ।



ਇਹ ਵਿਸਮਾਦੀ ਸੁਰਾਂ ਦਾ ਮਾਲਕ ਭਾਈ ਹੀਰਾ ਸਿੰਘ ਗੰਭੀਰ ਬੀਮਾਰੀ ਨਾਲ 6 ਸਤੰਬਰ, 1926 ਈ: ਦੇਹਰਾਦੂਨ ਵਿਖੇ ਆਪਣੇ ਪਿਆਰੇ ਕੀਰਤਨ ਰਸੀਏ ਸਿੱਖ, ਮੁਸਲਮਾਨ ਤੇ ਹਿੰਦੂ ਸਰੋਤਿਆਂ ਨੂੰ ਸਦੀਵੀ ਵਿਛੋੜਾ ਦੇ ਗਿਆ। ਸਿੱਖ ਸੰਗਤ ਅਤੇ ਦੂਜੇ ਧਰਮਾਂ ਦੇ ਲੱਖਾਂ ਸਰੋਤਿਆਂ ਵੱਲੋਂ ਜਿਹੜਾ ਮਾਣ ਭਾਈ ਹੀਰਾ ਸਿੰਘ ਨੂੰ ਮਿਲਿਆ, ਉਸ ਦੀ ਗਵਾਹੀ ਉਸ ਸਮੇਂ ਦੇ ਵੱਖ-ਵੱਖ ਭਾਸ਼ਾਵਾਂ ਵਾਲੇ ਛਪਣ ਵਾਲੇ ਅਖ਼ਬਾਰਾਂ ਤੇ ਰਸਾਲਿਆਂ ਨੇ ਆਪਣੇ ਪੰਨਿਆਂ ਵਿੱਚ ਕੀਤਾ ਅਤੇ ਹਿਰਦੇ ਵੇਦਕ ਸ਼ਰਧਾਂਜਲੀਆਂ ਭੇਟ ਕੀਤੀਆਂ। ਅੱਜ ਮਹਾਨ ਕੀਰਤਨੀਏ ਦੀ ਯਾਦ ਹੀ ਬਾਕੀ ਹੈ।

## ਯੂ ਐਸ ਇਮੀਗ੍ਰੇਸ਼ਨ ਵੱਲੋਂ ਟਰੱਕ ਡਰਾਈਵਰ ਹਰਜਿੰਦਰ ਸਿੰਘ ਦਾ ਭਰਾ ਹਰਨੀਤ ਸਿੰਘ ਵੀ ਗ੍ਰਿਫਤਾਰ * ਗੱਲਤ ਮੋੜ ਕੱਟਣ ਕਾਰਨ ਵਾਪਰੇ ਹਾਦਸੇ ਦਾ ਮਾਮਲਾ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ (ਆਈ ਸੀ ਈ) ਵੱਲੋਂ ਫਲੋਰਿਡਾ ਵਿੱਚ ਵਾਪਰੇ ਟਰੱਕ ਹਾਦਸੇ ਦੇ ਮਾਮਲੇ ਵਿੱਚ 25 ਸਾਲਾ ਪੰਜਾਬੀ ਨੌਜਵਾਨ ਹਰਨੀਤ ਸਿੰਘ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਇਸ ਹਾਦਸੇ ਵਿੱਚ 3 ਲੋਕ ਮਾਰੇ ਗਏ ਸਨ। ਹਰਨੀਤ ਸਿੰਘ ਟਰੱਕ ਵਿੱਚ ਸਵਾਰ ਸੀ ਤੇ ਟਰੱਕ ਨੂੰ ਉਸ ਦਾ ਭਰਾ ਹਰਜਿੰਦਰ ਸਿੰਘ ਚਲਾ ਰਿਹਾ ਸੀ ਜਿਸ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਤੇ ਉਸ ਵਿਰੁੱਧ ਹੱਤਿਆ ਸਮੇਤ ਹੋਰ ਦੋਸ਼ ਲਾਏ ਗਏ ਹਨ। ਫਲੋਰਿਡਾ ਡਿਪਾਰਟਮੈਂਟ ਆਫ ਹਾਈਵੇਅ ਸੇਫਟੀ ਐਂਡ ਮੋਟਰ ਵੀਹਾਈਕਲਜ ਅਨੁਸਾਰ ਹਾਦਸਾ ਜੋ 12 ਅਗਸਤ ਨੂੰ ਲੂਸੀ ਕਾਉਂਟੀ ਵਿੱਚ ਵਾਪਰਿਆ ਸੀ, ਵਿੱਚ ਹਰਜਿੰਦਰ ਸਿੰਘ ਨੇ ਗਲਤ ਢੰਗ ਨਾਲ ਮੋੜ ਕੱਟਿਆ ਜਿਸ ਕਾਰਨ 3 ਜਾਨਾਂ ਚੱਲੀਆਂ ਗਈਆਂ ਸਨ। ਆਈ ਸੀ ਈ ਅਨੁਸਾਰ ਹਰਨੀਤ ਸਿੰਘ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਰਹਿ ਰਿਹਾ ਸੀ ਤੇ ਉਸ ਵਿਰੁੱਧ ਭਾਰਤ ਵਾਪਿਸ ਭੇਜਣ ਦੀ ਕਾਰਵਾਈ ਚੱਲ ਰਹੀ ਹੈ।




## ਰਾਮਗੜ੍ਹੀਆ ਸਿੱਖ ਗੁਰਦੁਆਰਾ, ਫੌਰੈਸਟ ਗੇਟ ਵਿਖੇ ਤਿੰਨ ਧਾਰਮਿਕ ਸੇਵਾਦਾਰਾਂ (ਕੀਰਤਨੀ ਜਥੇ) ਦੀ ਤੁਰੰਤ ਲੋੜ ਹੈ

**3 Vacancies for Religious Workers (Tier 5) at Ramgarhia Sikh Gurdwara, Forest Gate, London E7 9QX**

**Job requirement:** Applicant must have relevant experience in a similar role and must be capable to perform all religious ceremonies according to the Sikh Rehat Maryada. Knowledge and understanding of Sikh religion and Sikh way of life. Good written and oral command of Punjabi language.

**Duties & responsibilities:**

To undertake non-pastoral work and support activities to assist the Minister of Religion (Head Priest) as and when required at all religious duties within the organisation.

Duties include reading of the Sri Guru Granth Sahib Ji, singing hymns, saying prayers, participating in weekly diwans to support the activities of the Gurdwara.

Performing Akhand Path, Sehaj Path, saying daily prayers from Sri Guru Granth Sahib ji.

Perform kirtan using instruments like, tabla and harmonium.

Co-ordinate all religious programs and events in promotion of Sikh way of life.

Assist with the preparation and serving of Langar.

Undertake any other reasonable religious duties/activities in pursuing the organisation's religious programs.

**PS** – This is not a Pastoral role and duties will not include leading a congregation.

**Salary:** According to UK Employment Law and National minimum wage for a minimum of 30 hours a week.

**Employee Benefits:** Free Food and accommodation will be provided by the Gurdwara Sahib.

**Other requirements:** Applicant has to be a UK resident or must have the right to work in the UK.

Must be able to provide references from previous employers.

The successful applicant will be required to abide by the Sikh moral codes of conduct and practice.

**Closing date 12th September 2025.**

**For more information,**
please contact the General Secretary (6:30pm - 8:00pm - Mon to Fri) **on 020 8552 9494.**

**Interested candidates please send your application /CV to the Gen. Secretary on the address below or email to: rsgtemple@yahoo.co.uk**

**RAMGARHIA SIKH GURDWARA**
10-16 Neville Road, Forest Gate, London, E7 9QX. Tel: 020 8552 9494

ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)




ਫੋਨ : 07853 317 891

Email: jaggikussa@yahoo.de

# ਇੱਕ ਮੇਰੀ ਅੱਖ ਕਾਸ਼ਣੀ...

"ਰਮਣੀਕ, ਪੁੱਤ ਮੈਂ ਤੈਨੂੰ ਇੱਕ ਗੱਲ ਸੁਣਾਉਨੈ...। ਹੁਣ ਤਾਂ ਚਲੋ ਆਪਾਂ ਸ਼ਹਿਰ ਆ ਵਸੇ, ਪਰ ਜਦੋਂ ਮੈਂ ਪਿੰਡ ਰਹਿੰਦਾ ਹੁੰਦਾ ਸੀ, ਆਪਣੇ ਪਿੰਡ ਦਾ ਗਿਆਨੀ ਸੀ ਉਜਾਗਰ ਸਿਉਂ...। ਉਹ ਬਾਬੇ ਨਾਨਕ ਪਾਤਿਸ਼ਾਹ ਦੀ ਇੱਕ ਗੱਲ ਸੁਣਾਉਂਦਾ..। ਇੱਕ ਵਾਰੀ ਗੁਰੂ ਨਾਨਕ ਪਾਤਿਸ਼ਾਹ ਹਲ਼ ਵਾਹ ਕੇ ਥੱਕ ਗਏ ਤੇ ਪਹੀ 'ਤੇ ਅਰਾਮ ਕਰਨ ਲਈ ਲੇਟ ਗਏ, ਸਿਰ ਹੇਠ ਆਪਣੀ ਬਾਂਹ ਦੇ ਲਈ...। ਪਿੰਡੋਂ ਦੋ ਬੀਬੀਆਂ ਆਪਣੇ ਖੇਤ ਰੋਟੀ ਲਈ ਜਾਣ, ਤੇ ਬਾਬੇ ਨਾਨਕ ਨੂੰ ਦੇਖ ਕੇ ਇੱਕ ਨਿਘੋਚ ਨਾਲ਼ ਕਹਿਣ ਲੱਗੀ; ਦੇਖ ਨੀ, ਬਣਿਆਂ ਤਾਂ ਸਾਧ ਫ਼ਿਰਦੈ, ਤੇ ਅਜੇ ਵੀ ਸਿਰ੍ਹਾਣੇ ਭਾਲ਼ਦੈ...! ਬੀਬੀਆਂ ਅੱਗੇ ਲੰਘ ਗਈਆਂ, ਬਾਬੇ ਨਾਨਕ ਨੇ ਆਪਣੇ ਸਿਰ ਹੇਠੋਂ ਬਾਂਹ ਖਿੱਚ ਲਈ ਅਤੇ ਬਿਨਾ ਬਾਂਹ ਵਾਲ਼ੇ ਸਿਰ੍ਹਾਣੇ ਤੋਂ ਹੀ ਸਿੱਧੇ ਪੈ ਗਏ...। ਤੈਨੂੰ ਪਤੈ ਪੁੱਤ ਬਈ ਜਦੋਂ ਸਿਰ ਹੇਠ ਕੋਈ ਕੱਪੜਾ ਜਾਂ ਸਿਰ੍ਹਾਣਾਂ ਨਾ ਹੋਵੇ ਤਾਂ ਸਿੱਧਾ ਪਿਆ ਸਰੀਰ ਆਕੜਿਆ ਜਿਆ ਲੱਗਦੈ...।




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ 38**

## ਕਾਂਡ 19

ਜਿਵੇਂ ਉਸ ਦੇ ਸਰੀਰ ਵਿੱਚ ਨਵੇਂ ਨਰੋਏ ਖ਼ੂਨ ਦਾ ਸੰਚਾਰ ਹੋ ਗਿਆ ਸੀ। ਉਸ ਨੇ ਚਾਹੁੰਦੇ ਹੋਇਆਂ ਵੀ ਕਿਸੇ ਦੇ ਹੱਥ ਅੱਖਾਂ ਉਪਰੋਂ ਨਾ ਚੁੱਕੇ ਅਤੇ ਨਾ ਹੀ ਚੁੱਕਣ ਵਾਸਤੇ ਕਿਹਾ। ਉਹ ਚਾਹੁੰਦਾ ਸੀ ਕਿ ਇਹ ਸਕੂਨ ਸਦੀਵੀ ਬਣ ਜਾਵੇ ਅਤੇ ਸਮਾਂ ਰੁਕ ਜਾਵੇ।

-"ਪਹਿਚਾਣੋਂ ਮੈਂ ਕੌਣ ਆਂ....?" ਸ਼ਹਿਦ ਵਰਗੇ ਮਿੱਠੇ ਬੋਲ ਨੇ ਉਸ ਨੂੰ ਮੰਤਰ ਮੁਗਧ ਕਰ ਦਿੱਤਾ।

-"ਰੱਬ ਕਰੇ ਕੁਦਰਤ ਦੇ ਗੇੜ ਦਾ ਪਹੀਆ ਇਸ ਜਗਾਹ ਹੀ ਰੁਕ ਜਾਵੇ, ਤੇ ਮੈਂ ਇਸ ਸਵਰਗ ਦਾ ਆਨੰਦ ਮਾਣਦਾ ਰਹਾਂ...।" ਪਾਵੀ ਦੇ ਮੂੰਹੋਂ ਅਚਨਚੇਤ ਨਿਕਲ਼ਿਆ।

-"ਐਡੀ ਕਿਸਮਤ ਕਿੱਥੇ....?" ਕਿਸੇ ਦੇ ਹਾਉਕੇ ਦਾ ਸੇਕ ਉਸ ਦੀ ਗਰਦਨ ਤੱਕ ਪਹੁੰਚਿਆ ਤਾਂ ਉਸ ਨੇ ਆਨੰਦ ਨਾਲ਼ ਲਿਬਰੇਜ਼ ਅੱਖਾਂ ਖੋਲ੍ਹੀਆਂ। ਉਸ ਦੀਆਂ ਅੱਖਾਂ ਵਿੱਚ ਕਿਸੇ ਦੀ ਮੁਹੱਬਤ ਦੇ ਰੱਤੇ ਡੋਰੇ ਸਨ।

ਜਦ ਉਸ ਨੇ ਧੌਣ ਘੁੰਮਾ ਕੇ ਪਿੱਛੇ ਦੇਖਿਆ ਤਾਂ ਉਸ ਦੀ ਹੈਰਾਨਗੀ ਦੀ ਕੋਈ ਹੱਦ ਨਾ ਰਹੀ। ਅੱਖਾਂ ਵਿੱਚ ਰੇਲ ਗੱਡੀ ਦਾ ਸਿਗਨਲ ਜਗਿਆ। ਕੰਨਾਂ ਵਿੱਚ ਸਟੇਸ਼ਨ ਉਪਰ ਖੜ੍ਹੀ ਗੱਡੀ ਦੀ ਕੂਕ ਕੂਕੀ। ਦੂਰ ਖੇਤਾਂ ਵਿੱਚ ਕੋਈ ਟਟ੍ਹੀਰੀ ਚੀਕਦੀ ਸੁਣੀ।

-"ਮਾਣੋਂ ਤੂੰ....? ਐਥੇ ਟੋਕੀਓ ਏਅਰਪੋਰਟ 'ਤੇ...??" ਉਸ ਨੇ ਉਪਰੋਥਲ਼ੀ ਕਈ ਸੁਆਲ ਕਰ ਦਿੱਤੇ।

-"ਜੇ ਤੁਸੀਂ ਟੋਕੀਓ ਏਅਰਪੋਰਟ 'ਤੇ ਆ ਸਕਦੇ ਓਂ, ਤਾਂ ਦੂਜਿਆਂ ਲਈ ਕੋਈ 'ਬੈਨ' ਲੱਗਿਐ...?" ਮਾਣੋਂ ਨੇ ਸ਼ਿਕਵਾ ਦਿਖਾਇਆ। ਪੂਰਾ ਨਾਮ ਤਾਂ ਉਸ ਦਾ ਰਮਣੀਕ ਸੀ। ਪਰ ਪਾਵੀ ਉਸ ਨੂੰ ਪਹਿਲਾਂ "ਬਿੱਲੀ" ਕਹਿੰਦਾ ਰਿਹਾ ਅਤੇ ਫ਼ਿਰ ਛੇੜਨ ਦਾ ਮਾਰਾ "ਮਾਣੋਂ" 'ਤੇ ਆ ਗਿਆ ਸੀ। ਪਰ ਰਮਣੀਕ ਨੇ ਕਦੇ ਗੁੱਸਾ ਨਾ ਕੀਤਾ। ਗੁੱਸੇ ਵਾਲ਼ਾ ਗਰਿੱਪ ਤਾਂ ਜਿਵੇਂ ਰੱਬ ਨੇ ਰਮਣੀਕ ਵਿੱਚ ਪਾਇਆ ਹੀ ਨਹੀਂ ਸੀ। ਉਹ ਹਮੇਸ਼ਾ ਮੁਸਕੁਰਾਉਂਦੀ ਹੀ ਰਹਿੰਦੀ। ਜਾਂ ਰੱਬ ਨੇ ਸ਼ਾਇਦ ਕੁਦਰਤੀ ਮੁਸਕੁਰਾਹਟ ਉਸ ਦੇ ਚਿਹਰੇ ਉਪਰ ਲਿਖੀ ਹੋਈ ਸੀ।

-"ਨਹੀਂ ਬੈਨ ਤਾਂ ਨਹੀਂ ਲੱਗਿਆ, ਬੱਸ ਵੈਸੇ ਹੀ ਮੂੰਹੋਂ ਨਿਕਲ਼ ਗਿਆ ਸੀ...।" ਪਾਵੀ ਨੂੰ ਕੋਈ ਹੋਰ ਗੱਲ ਨਾ ਔੜੀ।

ਕਿੰਨੇ ਸਾਲਾਂ ਬਾਅਦ ਅਚਾਨਕ ਟੋਕੀਓ ਏਅਰਪੋਰਟ ਉਪਰ ਹੋਏ ਮੇਲ਼ ਕਾਰਨ ਪਾਵੀ ਅਤੀਅੰਤ ਖ਼ੁਸ਼ ਅਤੇ ਘੋਰ ਹੈਰਾਨ ਸੀ। ਰੱਬ ਉਸ 'ਤੇ ਜਿਵੇਂ ਅਚਨਚੇਤ ਮਿਹਰਵਾਨ ਹੋ ਗਿਆ ਸੀ, ਜਿਸ ਨੇ ਉਸ ਨੂੰ ਬਰਕਤਾਂ ਦੇ ਭੰਡਾਰੇ ਬਖ਼ਸ਼ ਦਿੱਤੇ ਸਨ।

ਪਾਵੀ ਕਾਂਵਾਂ ਵਿੱਚ ਘਿਰੇ ਉੱਲੂ ਵਾਂਗ ਏਅਰਪੋਰਟ ਉਪਰ ਝਾਕ ਰਿਹਾ ਸੀ

-"ਹੁਣ ਮੈਨੂੰ ਬੈਠਣ ਨੂੰ ਵੀ ਨਹੀਂ ਕਹੋਂਗੇ...?" ਉਸ ਨੇ ਡਾਂਗ ਜਿੱਡਾ ਨਿਹੋਰਾ ਦੇ ਕੇ ਕਿਹਾ।

-"................।" ਪਾਵੀ ਚੁੱਪ ਸੀ।

-"ਕਿੱਧਰ ਝਾਕੀ ਜਾਨੇ ਆਂ...?"

-"ਤੇਰੇ ਨਾਲ਼ ਕੌਣ ਆਂ...?" ਪਾਵੀ ਉਭੜਵਾਹੇ ਬੋਲਿਆ।

-"ਮੇਰੇ ਨਾਲ਼ ਤੁਸੀਂ ਐਂ....! ਹੋਰ ਮੇਰੇ ਨਾਲ਼ ਕੌਣ ਆਂ...?"

-"ਮਤਲਬ ਤੂੰ ਇਕੱਲੀ ਐਂ....?"

-"ਤੇ ਹੋਰ ਮੇਰੇ ਨਾਲ ਪੰਚਾਇਤ ਨੇ ਹੋਣਾ ਸੀ...?"

-"ਆ ਬੈਠ..!" ਪਾਵੀ ਬੈਠਾ-ਬੈਠਾ ਉਠ ਕੇ ਖੜ੍ਹਾ ਹੋ ਗਿਆ। ਉਸ ਦਾ ਦਿਲ ਕਰਦਾ ਸੀ ਮਾਣੋਂ ਨੂੰ ਘੁੱਟ ਕੇ ਸੀਨੇਂ ਨਾਲ਼ ਲਾ ਲਵੇ, ਪਰ ਹੁਣ ਉਹ "ਉਸ ਦੀ" ਨਹੀਂ ਸੀ। ਕਿਸੇ ਹੋਰ ਦੀ 'ਅਮਾਨਤ' ਸੀ।

ਮਾਣੋਂ ਬੈਠ ਗਈ।

-"ਕੀ ਪੀਣੈਂ...?" ਪਾਵੀ ਨੇ ਪੁੱਛਿਆ, "ਜੂਸ...? ਕੋਲਾ..? ਜਾਂ ਫ਼ੈਂਟਾ...?"

-"ਤੁਸੀਂ ਕੀ ਪੀ ਰਹੇ ਹੋ...?"

-"ਮੈਂ ਤਾਂ ਬੀਅਰ ਪੀ ਰਿਹੈਂ...।"

-"ਤੇ ਬੀਅਰ ਮੈਨੂੰ ਦੰਦੀ ਵੱਢਦੀ ਆ....?"

-"ਤੂੰ ਪੀ ਲੈਨੀਂ ਐਂ...?"

-"ਮੈਂ ਤਾਂ ਹੁਣ ਸਾਰਾ ਕੁਛ ਈ ਕਰ ਲੈਨੀ ਆਂ, ਜਨਾਬੇ ਆਲੀ...!" ਉਸ ਨੇ ਬੜੀ ਬੇਬਾਕੀ ਨਾਲ਼ ਕਿਹਾ ਤਾਂ ਪਾਵੀ ਦਾ ਮੂੰਹ ਆਲ਼ੇ ਵਾਂਗ ਖੁੱਲ੍ਹ ਗਿਆ।

ਪਾਵੀ ਨੂੰ ਉਹਨਾਂ ਦਾ ਗੋਆ ਦਾ "ਟਰਿੱਪ" ਯਾਦ ਆ ਗਿਆ।

.....ਮਾਣੋਂ ਦਾ ਬਾਪ ਪੜ੍ਹਿਆ ਲਿਖਿਆ ਅਤੇ ਪੁਲੀਸ ਦੇ ਅਹਿਮ ਅਹੁਦੇ ਉਪਰ "ਉੱਚ ਅਫ਼ਸਰ" ਸੀ। ਜਦ ਮਾਣੋਂ ਨੇ ਆਪਣੇ ਬਾਪ ਨੂੰ ਦੱਸਿਆ ਕਿ ਉਹ "ਕਿਸੇ" ਮੁੰਡੇ ਨੂੰ ਮੁਹੱਬਤ ਕਰਦੀ ਹੈ ਅਤੇ ਉਸ ਨਾਲ਼ ਗੋਆ ਟਰਿੱਪ ਉਪਰ ਜਾਣਾ ਚਾਹੁੰਦੀ ਹੈ, ਤਾਂ ਅੱਗਿਓਂ ਖੁੱਲ੍ਹ-ਦਿਲੇ ਬਾਪ ਨੇ ਇੱਕ ਵਾਰ ਵੀ ਨਹੀਂ ਸੋਚਿਆ ਅਤੇ ਝੱਟ "ਹਾਂ" ਕਰ ਦਿੱਤੀ। ਪਰ ਮਾਣੋਂ ਦੀ ਮਾਂ ਨੇ ਬੁੱਲ੍ਹ ਕੱਢੇ।

-"ਜੁਆਨ ਜਹਾਨ ਕੁੜੀ ਐ, ਬਰਾਬਰ ਦੇ ਮੁੰਡੇ ਨਾਲ਼ ਜਾਂਦੀ ਚੰਗੀ ਲੱਗੂ....?"

-"ਤੂੰ ਕਿਉਂ ਵਹਿਮ ਕਰਨ ਲੱਗ ਜਾਨੀ ਐਂ...? ਮੈਨੂੰ ਮੇਰੀ ਧੀ 'ਤੇ ਪੂਰਾ ਵਿਸ਼ਵਾਸ ਐ...!"

-"ਜੱਗ ਕੀ ਕਹੂ...? ਸਮਾਜ ਵਿੱਚ ਵਿਚਰਨੈਂ ਆਪਾਂ...!"

-"ਜੱਗ ਕੀ ਲੱਤ ਭੰਨ ਲਊ...? ਕੀ ਕਰ ਲਊ ਤੇਰਾ ਗਲ਼ਿਆ ਸੜਿਆ ਸਮਾਜ...?"

-"ਮੈਨੂੰ ਕੀ ਐ...? ਵਿਗਾੜੋ...!" ਮਾਂ ਨੇ ਮੱਥੇ ਦੀ ਤਿਊੜੀ ਹੋਰ ਕਸ ਲਈ।

-"ਜਾਹ ਪੁੱਤ ਰਮਣੀਕ, ਜਾਣ ਦੀ ਤਿਆਰੀ ਕਰ...। ਬੱਸ, ਖ਼ੁਦ ਨਾ ਡੋਲੀਏ, ਸਮਾਜ ਅਨੁਸਾਰ ਤੁਰਾਂਗੇ ਤਾਂ ਆਪਾਂ ਦੋ ਕਦਮ ਨਹੀਂ ਚੱਲ ਸਕਦੇ...।"

-"..................।" ਰਮਣੀਕ ਦੀ ਮਾਂ ਰੋਸੇ ਵਜੋਂ ਉਠ ਕੇ ਅੰਦਰ ਤੁਰ ਗਈ।

-"ਰਮਣੀਕ, ਪੁੱਤ ਮੈਂ ਤੈਨੂੰ ਇੱਕ ਗੱਲ ਸੁਣਾਉਨੈ...। ਹੁਣ ਤਾਂ ਚਲੋ ਆਪਾਂ ਸ਼ਹਿਰ ਆ ਵਸੇ, ਪਰ ਜਦੋਂ ਮੈਂ ਪਿੰਡ ਰਹਿੰਦਾ ਹੁੰਦਾ ਸੀ, ਆਪਣੇ ਪਿੰਡ ਦਾ ਗਿਆਨੀ ਸੀ ਉਜਾਗਰ ਸਿਉਂ...। ਉਹ ਬਾਬੇ ਨਾਨਕ ਪਾਤਿਸ਼ਾਹ ਦੀ ਇੱਕ ਗੱਲ ਸੁਣਾਉਂਦਾ..। ਇੱਕ ਵਾਰੀ ਗੁਰੂ ਨਾਨਕ ਪਾਤਿਸ਼ਾਹ ਹਲ਼ ਵਾਹ ਕੇ ਥੱਕ ਗਏ ਤੇ ਪਹੀ 'ਤੇ ਅਰਾਮ ਕਰਨ ਲਈ ਲੇਟ ਗਏ, ਸਿਰ ਹੇਠ ਆਪਣੀ ਬਾਂਹ ਦੇ ਲਈ...। ਪਿੰਡੋਂ ਦੋ ਬੀਬੀਆਂ ਆਪਣੇ ਖੇਤ ਰੋਟੀ ਲਈ ਜਾਣ, ਤੇ ਬਾਬੇ ਨਾਨਕ ਨੂੰ ਦੇਖ ਕੇ ਇੱਕ ਨਿਘੋਚ ਨਾਲ਼ ਕਹਿਣ ਲੱਗੀ; ਦੇਖ ਨੀ, ਬਣਿਆਂ ਤਾਂ ਸਾਧ ਫ਼ਿਰਦੈ, ਤੇ ਅਜੇ ਵੀ ਸਿਰ੍ਹਾਣੇ ਭਾਲ਼ਦੈ...! ਬੀਬੀਆਂ ਅੱਗੇ ਲੰਘ ਗਈਆਂ, ਬਾਬੇ ਨਾਨਕ ਨੇ ਆਪਣੇ ਸਿਰ ਹੇਠੋਂ ਬਾਂਹ ਖਿੱਚ ਲਈ ਅਤੇ ਬਿਨਾ ਬਾਂਹ ਵਾਲ਼ੇ ਸਿਰ੍ਹਾਣੇ ਤੋਂ ਹੀ ਸਿੱਧੇ ਪੈ ਗਏ...। ਤੈਨੂੰ ਪਤੈ ਪੁੱਤ ਬਈ ਜਦੋਂ ਸਿਰ ਹੇਠ ਕੋਈ ਕੱਪੜਾ ਜਾਂ ਸਿਰ੍ਹਾਣਾਂ ਨਾ ਹੋਵੇ ਤਾਂ ਸਿੱਧਾ ਪਿਆ ਸਰੀਰ ਆਕੜਿਆ ਜਿਆ ਲੱਗਦੈ...। ਉਸ ਤੋਂ ਬਾਅਦ ਦੋ ਹੋਰ ਬੀਬੀਆਂ ਰੋਟੀ ਲੈ ਕੇ ਕੋਲ਼ ਦੀ ਲੰਘਣ ਲੱਗੀਆਂ, ਤਾਂ ਬਾਬੇ ਨਾਨਕ ਵੱਲ ਦੇਖ ਕੇ ਇੱਕ ਕਹਿੰਦੀ, ਲੈ ਦੇਖ ਨੀ, ਬਣਿਆਂ ਤਾਂ ਸਾਧ ਫ਼ਿਰਦੈ, ਪਰ ਆਕੜ ਅਜੇ ਤੱਕ ਨੀ ਗਈ...। ਬਾਬਾ ਨਾਨਕ ਉਠ ਕੇ ਬੈਠ ਗਏ, ਬਈ ਇਹ ਤਾਂ ਭਲੀਆਂ ਕਿਸੇ ਪਾਸੇ ਵੀ ਨੀ ਛੱਡਦੀਆਂ...। ਉਹੀ ਗੱਲ ਸਮਾਜ ਦੀ ਐ ਪੁੱਤ ਰਮਣੀਕ...! ਇਹਨਾਂ ਨੇ ਬੰਦੇ ਨੂੰ ਕਿਸੇ ਪਾਸੇ ਵੀ ਨੀ ਛੱਡਣਾ..!"

ਹਫ਼ਤੇ ਬਾਅਦ ਰਮਣੀਕ ਅਤੇ ਪਾਵੀ ਗੋਆ ਪਹੁੰਚ ਗਏ।

ਬੇਹੱਦ ਸੁਹਾਵਣਾ ਮੌਸਮ। ਨਾ ਠੰਢ ਅਤੇ ਨਾ ਹੀ ਗਰਮੀ। ਰਮਣੀਕ ਵਰਗੀ ਹੀ ਰਮਣੀਕ ਜਗਾਹ। ਉਹ ਦੁਪਿਹਰ ਵੇਲ਼ੇ ਹੋਟਲ ਪਹੁੰਚੇ

ਖਾਣਾ ਖਾ ਕੇ ਉਹ ਸਾਰਾ ਦਿਨ ਬੀਚ ਉਪਰ ਘੁੰਮੇਂ ਅਤੇ ਸ਼ਾਮ ਨੂੰ ਮਾੜੀ ਮੋਟੀ ਖਰੀਦਦਾਰੀ ਕਰ ਕੇ ਹੋਟਲ ਆ ਗਏ।

ਪਾਵੀ ਨਹਾਉਣ ਵੜ ਗਿਆ।

ਦੁਧੀਆ ਰੰਗੀ ਜਗਦੀ ਟਿਊਬ ਦੇਖ ਕੇ ਪਾਵੀ ਨੂੰ ਆਪਣੇ ਪਿੰਡ ਵਾਲ਼ੇ ਸੱਘੇ ਅਮਲੀ ਦੀ ਗੱਲ ਯਾਦ ਆ ਗਈ, ਜੋ ਉਸ ਨੇ ਮੋਘੇ ਦੀ ਨੂੰਹ ਬਾਰੇ ਆਖੀ ਸੀ, "ਬਾਈ ਇਹ ਬਿਜਲੀ ਆਲ਼ੀ 'ਟੂਪ' ਦੇ ਚਾਨਣ 'ਚ ਨੰਗੀ ਖੜ੍ਹੀ ਕਿਹੋ ਜੀ ਲੱਗਦੀ ਹੋਊ...?" ਗੱਲ ਯਾਦ ਕਰ ਕੇ ਉਸ ਦਾ ਉਚੀ-ਉਚੀ ਹਾਸਾ ਨਿਕਲ਼ ਗਿਆ। ਪਰ ਪਾਣੀ ਦੇ ਖੜਕੇ ਕਰ ਕੇ ਸ਼ਾਇਦ ਉਸ ਦੇ ਹਾਸੇ ਦੀ ਅਵਾਜ਼ ਬਾਹਰ ਕਮਰੇ ਤੱਕ ਨਹੀਂ ਗਈ ਸੀ। ਉਹ ਨਹਾ ਕੇ ਬਾਹਰ ਆਇਆ ਤਾਂ ਮਾਣੋਂ ਨਹਾਉਣ ਜਾ ਵੜੀ।

ਜਦ ਉਹ ਨਹਾ ਕੇ ਵਾਪਸ ਆਈ ਤਾਂ ਪਾਵੀ ਬੀਅਰ ਖੋਲ੍ਹੀ ਬੈਠਾ ਸੀ।

-"ਐਹਦੇ ਬਿਨਾ ਸਰਦਾ ਨੀ ਸੀ ਥੋਡਾ...?" ਉਸ ਨੇ ਬੀਅਰ ਦੇ ਗਿਲਾਸ ਵੱਲ ਦੇਖ ਕੇ ਚਿੜ੍ਹ ਦਿਖਾਈ।

-"ਪੀ ਕੇ ਦੇਖ...! ਐਂਵੇਂ ਨੀ ਦੁਨੀਆਂ ਪੀਂਦੀ ਨਾਲ਼ੇ ਨਾਅਵਾਂ ਪੱਟਦੀ...!"

-"ਨਾਅਵਾਂ ਨੀ, ਆਬਦਾ ਘਰ ਪੱਟਦੀ ਐ ਦੁਨੀਆਂ...!"

-"ਇੱਕ ਆਰੀ ਪੀ ਕੇ ਤਾਂ ਦੇਖ, ਸੁਰਗਾਂ ਦੇ ਝੂਟੇ ਆਉਂਦੇ ਦੇਖੀਂ...!"

-"ਮੇਰੀ ਪੀਂਦੀ ਐ, ਜੁੱਤੀ...! ਜੇ ਮੈਨੂੰ ਪਤਾ ਹੁੰਦਾ ਤੁਸੀਂ ਆਹ ਗੁੱਲ ਖਿਲਾਉਣੇ ਆਂ, ਮੈਂ ਤਾਂ ਦੋ ਕਦਮ ਨੀ ਸੀ ਚੱਲਦੀ ਥੋਡੇ ਨਾਲ਼..!"

-"ਚੰਗਾ ਇਉਂ ਕਰ...!"

-"..................।"

-"ਮੇਰੇ ਨਾਲ਼ ਇੱਕ ਬੀਅਰ ਲਾ, ਫ਼ੇਰ ਮੈਂ ਸਾਰੀ ਜ਼ਿੰਦਗੀ ਨੀ ਪੀਊਂਗਾ...। ਵਾਅਦਾ ਰਿਹਾ...।"

**ਚਲਦਾ...**

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# ਅੱਥਰੂਆਂ ਭਿੱਜੀ ਅਲਵਿਦਾ - ਹਾਸਿਆਂ ਦੇ ਵਣਜਾਰੇ ਜਸਵਿੰਦਰ ਭੱਲਾ ਨੂੰ

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)



ਜਸਵਿੰਦਰ ਭੱਲਾ ਇੱਕ ਬਹੁਤ ਹੀ ਮਝਿਆ ਹੋਇਆ ਹਾਸਰਸ ਕਲਾਕਾਰ ਸੀ। ਪੰਜਾਬੀ ਹਾਸਰਸ ਕਲਾ ਨੂੰ ਜਿਸ ਉਚਾਈ ਉੱਤੇ ਉਸ ਨੇ ਪਹੁੰਚਾਇਆ, ਉਹ ਕਿਸੇ ਵਿਰਲੇ ਦੇ ਹੀ ਹਿੱਸੇ ਆਉਂਦੀ ਹੈ। ਉਸ ਦੀ ਡਾਇਲਾਗ ਡਿਲੀਵਰੀ ਤੇ ਹਾਜਰ ਜਵਾਬੀ ਏਨੀ ਕਮਾਲ ਦੀ ਸੀ ਕਿ ਦਰਸ਼ਕਾਂ ਦੇ ਸਿੱਧੀ ਸੀਨੇ ਚ ਵੱਜਦੀ ਸੀ। ਏਹੀ ਕਾਰਨ ਹੈ ਕਿ ਉਹਨਾਂ ਦੁਆਰਾ ਬੋਲੇ ਗਏ ਬਹੁਤ ਸਾਰੇ ਕਮੇਡੀ ਡਾਇਲਾਗ, ਪੰਜਾਬੀ ਲੋਕਾਂ ਦੇ ਮਨਾਂ ਵਿਚ ਪੱਕੇ ਵਸ ਗਏ ਜਿਹਨਾਂ ਨੂੰ ਉਹ ਸਮੇਂ ਸਮੇਂ ਸੁਭਾਵਿਕ ਹੀ ਬੋਲਣ - ਵਰਤਣ ਦੇ ਆਦੀ ਹੋ ਗਏ ਹਨ। ਉਹਨਾਂ ਬਹੁਤ ਸਾਰੇ ਸਮਾਜਿਕ ਵਿਸ਼ਿਆਂ ਨੂੰ ਲੈ ਕੇ ਟੇਪਾਂ, ਸੀਡੀਆਂ ਤੇ ਫਿਲਮਾਂ ਬਣਾਈਆਂ, ਜੋ ਸ਼ੋਸ਼ਲ ਮੀਡੀਏ ਉੱਤੇ ਕਦੇ ਵੀ ਦੇਖੀਆਂ/ ਸੁਣੀਆਂ ਤੇ ਮਾਣੀਆਂ ਜਾ ਸਕਦੀਆਂ ਹਨ।

ਭੱਲਾ ਸਾਹਿਬ ਆਪਣੇ ਪਿੱਛੇ ਯਾਦਾਂ ਦਾ ਬਹੁਤ ਵੱਡਾ ਪਟਾਰਾ ਛੱਡਕੇ, ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਦਰਅਸਲ ਇਹ ਉਮਰ ਅਜੇ ਉਹਨਾਂ ਦੇ ਤੁਰ ਜਾਣ ਦਾ ਨਹੀਂ ਸੀ, ਪਰ ਹੁੰਦਾ ਓਹੀ ਹੈ ਜੋ ਮਨਜ਼ੂਰ ਏ ਖੁਦਾ ਹੁੰਦਾ ਹੈ। ਉੂਹਨਾਂ ਪੰਜਾਬੀ ਜਗਤ ਵਿਚ ਭਰਪੂਰ ਹਾਸੇ ਵੰਡੇ, ਫਿਲਮਾਂ ਬਣਾ ਕੇ ਭਰਪੂਰ ਮਨੋਰੰਜਨ ਕੀਤਾ, ਸਮਾਜਿਕ, ਸਿਆਸੀ ਤੇ ਪਰਿਵਾਰਕ ਸਮੱਸਿਆਵਾਂ ਉਤੇ ਤਿੱਖੇ ਨਸ਼ਤਰ ਚਲਾਏ, ਟਕੋਰਾਂ ਕੀਤੀਆਂ ਤੇ ਹੱਲ ਵੀ ਸੁਝਾਏ। ਉਹਨਾਂ ਆਪਣੀ ਕਲਾ ਰਾਹੀਂ ਜਿੰਨਾਂ ਮਾਣ ਜੱਸ ਖੱਟਿਆ, ਉਸ ਦਾ ਸਬੂਤ ਸ਼ੋਸ਼ਲ ਮੀਡੀਆ ਹੈ ਜੋ ਕੱਲ੍ਹ ਦਾ ਵਿਰਲਾਪ ਵਾਲੀਆਂ ਪੋਸਟਾਂ ਨਾਲ ਭਰਿਆ ਪਿਆ ਹੈ। ਹਰ ਪੰਜਾਬੀ ਦਾ ਦਿਲ ਰੋਂਦਾਂ ਤੇ ਅੱਖਾਂ ਨਮ ਹਨ। ਪੰਜਾਬੀ ਸਮਾਜ ਤੇ ਸੱਭਿਆਚਾਰ ਨੂੰ ਉਹਨਾਂ ਦੀ ਦੇਣ ਅਥਾਰ ਹੈ ਤੇ ਪੰਜਾਬੀ ਉਹਨਾਂ ਦੀ ਇਹ ਦੇਣ ਹਮੇਸ਼ਾ ਯਾਦ ਰੱਖਣਗੇ।

ਭੱਲਾ ਸਾਹਿਬ , ਸਰੀਰਕ ਤੌਰ 'ਤੇ ਬੇਸ਼ੱਕ ਸਾਥੋਂ ਸਦਾ ਲਈ ਵਿਛੜ ਗਏ ਹਨ, ਪਰ ਆਪਣੀ ਕਲਾ ਰਾਹੀਂ ਉਹ ਸਾਡੇ ਵਾਸਤੇ ਮਣਾ ਮੂੰਹੀਂ ਖਜਾਨਾ ਛੱਡ ਗਏ ਹਨ, ਜਿਸ ਨਾਲ ਉਹ ਹਮੇਸ਼ਾ ਅਮਰ ਰਹਿਣਗੇ, ਸਾਡੇ ਦਿਲਾਂ ਉੱਤੇ ਰਾਜ ਕਰਦੇ ਰਹਿਣਗੇ, ਸਾਡੀ ਯਾਦਾਂ ਦੀ ਪਟਾਰੀ ਦਾ ਬਹੁਤ ਅਹਿਮ ਹਿੱਸਾ ਬਣਕੇ, ਸਾਡੇ ਦਿਲਾਂ ਵਿਚ ਸਾਡੇ ਅੰਤਿਮ ਸਵਾਸਾਂ ਤੱਕ ਬਣੇ ਰਹਿਣਗੇ। ਉਹਨਾਂ ਦੇ ਅਕਾਲ ਚਲਾਣੇ ਤੋਂ ਬਾਅਦ ਕੁੱਝ ਕਲਾਕਾਰਾਂ ਵਲੋਂ ਉਹਨਾਂ ਦੀ






ਸਿਹਤ ਸਬੰਧੀ, ਕਈ ਵੀਡੀਓ ਕਲਿੱਪ ਸਾਹਮਣੇ ਆਏ ਹਨ, ਜਿਹਨਾਂ ਤੋਂ ਸਾਨੂੰ ਸਭਨਾ ਨੂੰ ਆਪੋ ਆਪਣੀ ਸਿਹਤ ਬਾਰੇ ਸੁਚੇਤ ਹੋਣ ਦੀ ਨਸੀਹਤ ਮਿਲਦੀ ਹੈ। ਭਾਵੇਂ ਕਿ ਉਹਨਾਂ ਦੀ ਮੌਤ ਹਰਟ ਅਟੈਕ ਨਾਲ ਹੋਈ ਦੱਸੀ ਗਈ ਹੈ, ਪਰ ਕਈ ਵੀਡੀਓ ਕਲਿੱਪਾਂ ਵਿਚ ਦਰਸਾਇਆ ਗਿਆ ਹੈ ਕਿ, ਉਹ ਡਾਇਬੈਟਕ ਸਨ ਤੇ ਉਹਨਾਂ ਦੇ ਸਾਥੀ ਕਲਾਕਾਰ ਉਹਨਾਂ ਨੂੰ ਬਿਸਕੁਟ ਖਾਣ ਤੋਂ ਮਨ੍ਹਾ ਕਰਦੇ ਹੋਏ ਉਹਨਾਂ ਦਾ ਖਿਆਲ ਰੱਖਦੇ ਸਨ, ਬਲੱਡ ਸ਼ੂਗਰ ਕੰਟਰੋਲ ਕਰਨ ਲਈ ਉਹ ਇੰਸੁਲਿਨ ਇੰਜੈਕਸਨ ਲੈਂਦੇ ਸਨ। ਅਜਿਹਾ ਕਰਦੇ ਸਮੇਂ ਉਹ ਇੰਸੂਲਿਨ ਦਾ ਟੀਕਾ ਲਗਾ ਕੇ ਜਾਂ ਫੇਰ ਕਈ ਵਾਰ ਲਗਾਉਣਾ ਹੀ ਭੁੱਲ ਜਾਂਦੇ ਸਨ , ਇਸ ਨੂੰ ਇੰਜ ਵੀ ਕਹਿ ਸਕਦੇ ਹਾਂ ਕਿ ਉਹ ਸ਼ੂਗਰ ਦੇ ਮਰੀਜ ਹੋਣ ਦੇ ਨਾਲ ਨਾਲ ਡਿਮੈਂਸ਼ੀਆ ਜਾਂ ਭੁਲੱਕੜਪਣ ਦੇ ਵੀ ਮਰੀਜ ਸਨ, ਦੱਸਦੇ ਹਨ ਕਿ ਉਹਨਾਂ ਨੂੰ ਥਾਇਰਾਡ ਤੇ ਬਲੱਡ ਪਰੈਸ਼ਰ ਦੀ ਵੀ ਆਮ ਸ਼ਿਕਾਇਤ ਸੀ। ਹੁਣ ਜੇਕਰ ਉਕਤ ਸਮੂਹ ਬਿਮਾਰੀਆਂ ਦੀ ਜੜ੍ਹ ਫੜੀ ਜਾਵੇ ਤਾਂ ਉਹ ਇਕ ਹੀ ਹੈ, ਜਿਸ ਨੂੰ "insulin resistance" ਕਹਿੰਦੇ ਹਨ।

ਇੰਸੂਲਿਨ ਰਜਿਸਟੈਂਸ ਦਰਅਸਲ ਕੋਈ ਬਿਮਾਰੀ ਨਹੀਂ ਬਲਕਿ ਵਿਗੜਿਆ ਹੋਇਆ ਜੀਵਨ ਢੰਗ ਹੈ ਜੋ ਬਹੁਤ ਸਾਰੀਆਂ ਬਿਮਾਰੀਆਂ ਦਾ ਜੜ੍ਹ ਬਣਕੇ ਮਨੁੱਖੀ ਸਰੀਰ ਨੂੰ ਮੱਕੜਜਾਲ ਜਾਂ ਤੇਂਦੂਆ ਜਾਲ ਬਣਕੇ ਆਪਣੀ ਜਕੜ ਵਿਚ ਕੱਸ ਲੈਂਦਾ ਹੈ। ਇਹ ਗੱਲ ਮੈਂ ਆਪਣੇ ਤਜਰਬੇ ਤੋਂ ਕਹਿੰਦਾ ਹਾਂ ਕਿ, ਦਵਾਈਆਂ ਦੀ ਸਹੀ ਬੰਦਸ਼ ਨਾਲ ਵਰਤੋਂ ਤੇ ਜੀਵਨ ਢੱਗ ਵਿਚ ਸੁਧਾਰ ਲਿਆਉਣ ਤੋਂ ਬਿਨਾ ਇਸ ਬਿਮਾਰੀ ਉੱਤੇ ਕਾਬੂ ਪਾਉਣਾ ਬਹੁਤ ਮੁਸ਼ਕਲ ਹੁੰਦਾ ਹੈ।

ਇਸ ਉਕਤ ਬਿਮਾਰੀ ਦੀਆਂ ਮੋਟੀਆਂ ਨਿਸ਼ਾਨੀਆਂ ਇਹ ਹਨ ਕਿ ਗਰਦਨ ਤੇ ਕੱਛਾਂ ਬਿਲਕੁਲ ਕਾਲੀਆਂ ਹੋ ਜਾਂਦੀਆਂ ਹਨ, ਸਰੀਰ 'ਤੇ ਮੋਕੇ ਹੋ ਜਾਂਦੇ ਹਨ, ਅੱਖਾਂ ਦੇ ਹੇਠਾਂ ਢਿੱਲੇ (ਪਫਦਾਰ) ਬੈਗ ਤੇ ਘੇਰੇ ਕਾਲੇ ਹੋ ਜਾਂਦੇ ਹਨ, ਲੱਤਾਂ ਪਤਲੀਆਂ ਤੇ ਪਿੰਡਲੀਆਂ ਉੱਤਲਾ ਮਾਸ ਤਿੱਤਰ ਖੰਭੀ ਹੋ ਜਾਂਦਾ ਹੈ ਜਿਸ ਦਾ ਭਾਵ ਇਹ ਹੁੰਦਾ ਹੈ ਕਿ ਲੱਤਾਂ ਵਿਚ ਖੂਨ ਦਾ ਸੰਚਾਰ ਸਹੀ ਨਹੀਂ। ਇਸ ਦੇ ਨਾਲ ਹੀ ਜੋ ਅਸੀਂ ਖਾਂਦੇ ਪੀਂਦੇ ਹਾਂ ਉਹ ਮਸਲ ਐਨਰਜੀ ਵਿਚ ਤਬਦੀਲ ਨਾ ਹੋ ਕੇ ਸਰੀਰ ਵਿਚ ਚਰਬੀ ਵਜੋਂ ਜਮਾ ਹੋਈ ਜਾਂਦਾ ਹੈ ਤੇ ਮਨੁੱਖੀ ਸਰੀਰ ਚੰਗਾ ਖਾਣ ਪੀਣ ਦੇ ਬਾਵਜੂਦ ਵੀ ਦਿਨ ਬ ਦਿਨ ਕਮਜੋਰ ਹੋਈ ਚਲਾ ਜਾਂਦਾ ਹੈ। ਇਸ ਬੀਮਾਰੀ ਨਾਲ ਪੀੜਤ ਵਿਅਕਤੀ ਦੇ ਢਿੱਡ ਉੱਤੇ ਚਰਬੀ ਦੀ ਮੋਟੀ ਤਹਿ ਜੰਮ ਜਾਂਦੀ ਹੈ ਤੇ ਢਿੱਡ ਦੀ ਸ਼ਕਲ ਜਾਂ ਤਾਂ ਸੇਬ ਵਰਗੀ ਤੇ ਜਾਂ ਫਿਰ ਘੀਆ ਕੱਦੂ ਵਰਗੀ ਬੇਢੱਬੀ ਹੋ ਜਾਂਦੀ ਹੈ , ਕਈਆਂ ਦੀਆਂ ਵੱਖੀਆਂ ਵਿਚ ਚਰਬੀ ਦੇ ਤਕੀਏ ਬਣ ਜਾਂਦੇ ਹਨ ਤੇ ਪੇਟ ਬਿਲਕੁਲ ਡੱਡੂ ਦੇ ਪੇਟ ਵਰਗਾ ਹੋ ਜਾਂਦਾ ਹੈ।

ਇਥੇ ਇਹ ਗੱਲ ਵੀ ਸਪੱਸ਼ਟ ਕਰ ਦਿਆਂ ਕਿ ਜਿਵੇਂ ਕਿ ਆਮ ਹੀ ਇਹ ਮੰਨਿਆ ਜਾਂਦਾ ਹੈ ਕਿ ਬਲੱਡ ਸ਼ੂਗਰ ਦੀ ਬਿਮਾਰੀ, ਸ਼ੂਗਰ ਦੇ ਵਧੇਰੇ ਸੇਵਨ ਨਾਲ ਹੁੰਦੀ ਹੈ , ਦਰਅਸਲ ਇਹ ਧਾਰਨਾ ਗਲਤ ਹੈ ਕਿਉਕਿ ਅੱਤ ਖੁਦਾ ਦਾ ਵੈਰ ਵਾਲੀ ਕਹਾਵਤ ਵਾਂਗ ਕਿਸੇ ਵੀ ਚੀਜ ਦੀ ਬਹੁਤਾਤ ਚ ਵਰਤੋਂ ਹਮੇਸ਼ਾ ਹੀ ਨੁਕਸਾਨਦਾਇਕ ਹੁੰਦੀ ਹੈ। ਉਹ ਭਾਵੇਂ ਕੋਈ ਆਦਤ, ਖੁਰਾਕ ਜਾਂ ਨਸ਼ਾ ਹੋਵੇ ਦੇਰ ਸਵੇਰ ਨਤੀਜੇ ਮਾੜੇ ਹੀ ਦਿੰਦਾ ਹੈ। ਇਹ ਉਕਤ ਤਰਾਂ ਦਾ ਵਰਤਾਰਾ ਉਸ ਵੇਲੇ ਵਾਪਰਦਾ ਹੈ ਜਦੋਂ ਸਾਡੇ ਜੀਵਨ ਢੰਗ ਦਾ ਸੰਤੁਲਿਨ ਖਰਾਬ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਇਹ ਵੀ ਕਹਿ ਸਕਦੇ ਹਾਂ ਕਿ ਸੱਚ ਏਹੀ ਹੈ ਕਿ ਸਾਡਾ ਆਪਣਾ ਵਿਗੜਿਆ ਹੋਇਆ ਜੀਵਨ ਢੰਗ, ਸਾਡੇ ਆਪਣੇ ਵਾਸਤੇ ਹੀ ਬਹੁਤ ਸਾਰੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ। ਚਾਲੀ ਸਾਲ ਦੀ ਉਮਰ ਤੋਂ ਬਾਅਦ ਆਪਣੀ ਸਿਹਤ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੁੰਦੀ ਹੈ ਕਿਉਂਕਿ ਇਹ ਉਹ ਉਮਰ ਹੁੰਦੀ ਹੈ ਜਦੋਂ ਮਨੁੱਖੀ ਸਰੀਰ ਵਿਚ ਚੰਗਾ ਖਾਣ ਪੀਣ ਦੇ ਬਾਵਜੂਦ ਵੀ ਕਈ ਲੋੜੀਂਦੇ ਤੱਤਾਂ ਦੀ ਕਮੀ ਆਉਣੀ ਸ਼ੁਰੂ ਹੋ ਜਾਂਦੀ ਹੈ, ਮਿਸਾਲ ਵਜੋਂ ਸਾਨੂੰ ਆਪਣੇ ਸਰੀਰ ਦੇ ਵਜਨ ਮੁਤਾਬਿਕ , ਇਕ ਕਿਲੋ ਭਾਰ ਮਗਰ ਇਕ ਗਰਾਮ ਪਰੋਟੀਨ ਪ੍ਰਤੀ ਦਿਨ ਲੋੜੀਂਦਾ ਹੈ ਤੇ ਇਹ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਇਸ ਦੀ ਪੂਰਤੀ ਆਪਣੇ ਸਰੀਰ ਦੇ ਕੁੱਲ ਵਜਨ ਮੁਤਾਬਿਕ ਕਿਵੇ ਕਰਨੀ ਹੈ। ਇਹ ਤੱਥ ਵੀ ਸਾਡੇ ਧਿਆਨ ਵਿਚ ਹੋਣਾ ਜਰੂਰੀ ਹੈ ਕਿ ਮੈਡੀਕਲ ਸਾਇੰਸ ਦੀ ਖੋਜ ਮੁਤਾਬਿਕ ਬੰਦੇ ਨੂੰ ਹਰਟ ਅਟੈਕ 65 ਸਾਲ ਦੀ ਉਮਰ ਚ ਤੇ ਔਰਤ ਨੂੰ 72 ਸਾਲ ਦੀ ਉਮਰ ਚ ਵਧੇਰੇ ਆਉਂਦਾ ਹੈ। ਸੋ ਜੇਕਰ ਅਸੀਂ ਆਪਣੀ ਸਿਹਤ ਦੀ ਸੰਭਾਲ ਕਰਦੇ ਰਹਾਂਗੇ ਤਾਂ ਇਸ ਤਰਾਂ ਦੇ ਹਾਦਸਿਆਂ ਤੋਂ ਬਚ ਕੇ ਲੰਮਾ ਸਮਾ ਨਿਰੋਗ ਜੀਵਨ ਜੀਵਿਆ ਜਾ ਸਕਦਾ ਹੈ।

ਡਾ. ਜਸਵਿੰਦਰ ਭੱਲਾ ਦਾ ਵਿਛੋੜਾ ਸਾਡੇ ਸਭਨਾ ਵਾਸਤੇ ਅਕਿਹ ਵੀ ਤੇ ਅਸਹਿ ਵੀ ਹੈ, ਉਹਨਾਂ ਦੀ ਘਾਟ ਕਦੇ ਵੀ ਪੂਰੀ ਨਹੀਂ ਹੋਵੇਗੀ, ਹਾਂ, ਅਸੀਂ ਉਹਨਾਂ ਨੂੰ ਪੁਰ ਜੀਵਨ ਯਾਦ ਰੱਖਾਂਗੇ ਤੇ ਇਸ ਦੇ ਨਾਲ ਹੀ ਇਹ ਅਹਿਦ ਵੀ ਲਵਾਂਗੇ ਕਿ ਆਪਣੀ ਤੰਦਰੁਸਤੀ ਦਾ ਵੱਧ ਤੋਂ ਵੱਧ ਖਿਆਲ ਵੀ ਰੱਖਾਂਗੇ ਤੇ ਉਹ ਵੀ ਇਹ ਸੋਚਣ ਤੋਂ ਬਿਨਾਂ ਕਿ ਕੱਲ੍ਹ ਕੀ ਹੋਣਾ, ਅਸੀਂ ਹੋਣਾ ਕਿ ਨਹੀਂ ਹੋਣਾ ਕਿਉਂਕਿ ਸੱਚ ਦਾ ਸਾਨੂੰ ਸਭ ਨੂੰ ਪਤਾ ਹੈ ਕਿ ਇਕ ਨ ਇਕ, ਇਸ ਸੰਸਾਰ ਤੋਂ ਆਪਾਂ ਸਭ ਨੇ ਰੁਖਸਤ ਹੋਣਾ ਹੀ ਹੈ, ਇਹ ਜਗਤ ਸਾਡਾ ਪੱਕਾ ਟਿਕਾਣਾ ਨਹੀਂ ਹੈ, ਇਥੇ ਅਸੀਂ ਸਭ ਕਿਰਾਏਦਾਰ ਹਾਂ, ਫਿਰ ਚਿੰਤਾ ਕਾਹਦੀ, ਜੋ ਪਲ ਹੱਥਾਂ ਚ ਨੇ, ਆਪਣੀ ਸਿਹਤ ਦੀ ਸੰਭਾਲ ਕਰਕੇ ਵਧੀਆ ਜੀਅ ਲਓ, ਸਦੀਵੀ ਤੁਰ ਜਾਣ ਤੋਂ ਪਹਿਲਾਂ ਇਸ ਦੁਨੀਆ ਨੂੰ ਡਾ. ਭੱਲਾ ਵਾਂਗ ਯਾਦਾਂ ਦੀ ਪਟਾਰੀ ਭਰਕੇ ਦੇ ਜਾਓ ਤੇ ਅਮਰ ਹੋ ਜਾਓ।

ਆਖਿਰ ਚ ਕਹਾਂਗਾ ਕਿ ਦੂਸਰਿਆਂ ਨੂੰ ਦੁੱਖ ਦੇਣੇ ਜਾਂ ਫਿਰ ਜਾਣੇ ਅਣਜਾਣੇ ਆਪਣੇ ਵਾਸਤੇ ਦੁੱਖ ਸਹੇੜਨੇ ਔਖਾ ਕੰਮ ਨਹੀਂ, ਪਰ ਦੂਜਿਆਂ ਦੇ ਚੇਹਰਿਆਂ ਨੂੰ ਮੁਸਕਰਾਹਟਾਂ ਤੇ ਹਾਸਿਆਂ ਦੇ ਠਹਾਕੇ ਵੰਡਣੇ ਬਹੁਤ ਵੱਡਾ ਤੇ ਔਖਾ ਕਾਰਜ ਹੁੰਦਾ ਹੈ। ਜਸਵਿੰਦਰ ਭੱਲਾ ਦਰਅਸਲ ਹਾਸਿਆਂ ਦਾ ਵਣਜਾਰਾ ਸੀ ਤੇ ਪੰਜਾਬੀ ਉਸ ਨੂੰ ਹਮੇਸ਼ਾ ਯਾਦ ਰੱਖਣਗੇ। ਅਲਵਿਦਾ ਜਸਵਿੰਦਰ ਭੱਲਾ ਨੂੰ !

*ਨਹੀਓਂ ਲੱਭਣੇ ਲਾਲ ਗੁਆਚੇ,*
*ਮਿੱਟੀ ਨਾ ਫਰੋਲ ਜੋਗੀਆ !!*



ਲੜੀਵਾਰ ਨਾਵਲ
ਕਮਲ ਗਿੱਲ
Mob : +44 07454 394684



ਕਿਸ਼ਤ-39

# ਧੁੰਧਲੇ ਰਿਸ਼ਤੇ

**ਖ਼ੈਰ ਕਰਦਿਆਂ-ਕਰਾਉਂਦਿਆਂ 7 ਵੱਜ ਗਏ ਤਾਂ ਪਰਮ ਦਾ ਪਿਓ ਥੱਲ੍ਹੇ ਆ ਗਿਆ। ਪਤਾ ਨਹੀਂ ਮੇਰੇ ਮਨ 'ਚ ਕੀ ਆਇਆ ਮੈਂ ਇੱਕ ਦਮ ਉਸ ਨੂੰ ਦੇਖ ਆਖਿਆ, ''ਘਰੋਂ ਫੂਨ ਆਇਆ ਆ ਘਰੇ ਬੋਇਲਰ ਦੀ ਪ੍ਰੋਬਲਮ ਪੈ ਗਈ ਆ। ਤਾਜ ਆਪਣੇ ਡੈਡ ਵੱਲ ਗਿਆ ਆ ਤੇ ਮਾਂ ਇੱਕਲੀ ਘਰ ਆ ਉਸ ਤੋਂ ਹੀਟ ਨਹੀਂ ਲੱਗ ਰਹੀ ਤੇ ਉਹ ਘਬਰਾਈ ਵੀ ਆ ਸੋ ਮੈਨੂੰ ਵਾਪਸ ਜਾਣਾ ਪੈਣਾ ਹੁਣੇ ਹੀ ਤਾਂ ਕਿ ਮੈਂ ਜਾ ਕੇ ਕੋਈ ਮਕੈਨਿਕ ਲੱਭ ਕੇ ਬੋਇਲਰ ਠੀਕ ਕਰਵਾਵਾਂ।'' ਉਸ ਨੂੰ ਇੰਨਾਂ ਆਖ ਮੈਂ ਉੱਪਰ ਕਮਰੇ 'ਚ ਜਾ ਕੇ ਆਪਣਾ ਨਿੱਕੜ-ਸੁੱਕੜ ਇੱਕਠਾ ਕਰਨ ਲੱਗ ਗਈ। ਉਦੋਂ ਤੱਕ ਉਹ ਵੀ ਜਾਗ ਗਿਆ। ਮੈਂ ਸੇਮ ਝੂਠੀ ਸਟੋਰੀ ਉਸ ਨੂੰ ਸੁਣਾਈ ਤੇ ਤਕਰੀਬਨ ਸਵੇਰ ਦੇ ਸਾਡੇ ਸੱਤ ਵਜੇ ਮੈਂ ਆਪਣੀ ਕਾਰ ਨਿਉਕੀ ਤੋਂ ਮਿਡਲੈਂਡ ਆਪਣੇ ਘਰ ਵੱਲ ਤੋਰ ਲਈ।**



"ਰਾਹ ਵਿੱਚ ਮੈਨੂੰ ਚੁੱਪ ਬੈਠੀ ਦੇਖ ਉਸ ਨੇ ਆਖਿਆ "ਬੋਲਦੀ ਨਹੀਂ ਕੁੱਝ.... ਇੰਨਾਂ ਚੁੱਪ ਬੈਠੀ ਆ ਕੋਈ ਗੱਲ ਸੁਣਾ, ਕੀ ਗੱਲ ਆ ਮੂੰਹ ਫੁਲਾਇਆ।"

''ਮੈਂ ਕਿਹਾ... ਕੁੱਝ ਨਹੀਂ ਹੋਇਆ ਬੱਸ ਥੋੜੀ ਥਕਾਵਟ ਹੈ । ਫਿਰ ਵੀ ਵਾਰ ਵਾਰ ਪੁੱਛੀ ਜਾਵੇ ਨਾ ਦੱਸ ਤਾਂ ਸਹੀ ਕੋਈ ਗੱਲ ਹੋਈ ਆ ਬੋਲਦੀ ਨਹੀਂ ਆ ਚੁੱਪ ਚੁੱਪ ਆ ਜਦ ਦੀ ਤੂੰ ਆਈ ।" ਉਸ ਦੀ ਗੱਲ ਸੁਣ ਕੇ ਮੈਂ ਹੈਰਾਨ ਸੀ ਕਿ ਹਾਏ ਇਸ ਨੂੰ ਸਮਝ ਨਹੀਂ ਆ ਰਹੀ ਕਿ ਮੈਂ ਜਦ ਦੀ ਆਈ ਆ ਮੇਰੇ ਨਾਲ ਕੀ-ਕੀ ਹੋ ਰਿਹਾ ਇਹ ਹਾਲੇ ਵੀ ਪੁੱਛਦਾ ਚੁੱਪ ਕਿਉਂ ਆ।''

''ਮੈਂ ਬੜਾ ਹੌਸਲਾ ਕਰਕੇ ਮੂੰਹ ਖੋਲਿਆ, "ਡੈਡ ਨੂੰ ਮੇਰੀ ਮਾਂ ਦੇ ਲਿਆਂਦੇ ਸੂਟ ਰੱਖ ਲੈਣੇ ਚਾਹੀਦੇ ਸੀ ਉਹ ਇੰਨੇ ਪਿਆਰ ਨਾਲ ਇੰਡਿਆਂ ਤੋ ਚੁੱਕ ਕੇ ਲੈ ਕੇ ਆਈ । ਇਹ ਸਹੀ ਨਹੀਂ ਸੀ ਚਲੋ ਮਾੜੇ-ਮੋਟੇ ਹੀ ਸਹੀ ਉਹ ਮਾਣ ਨਾਲ ਲੈ ਕੇ ਆਈ ਸੀ। ਹੁਣ ਮੈਂ ਕਿੱਦਾਂ ਉਨ੍ਹਾਂ ਸੂਟਾਂ ਨੂੰ ਵਾਪਸ ਘਰ ਲੈ ਕੇ ਜਾਵਾਂ। ਇੰਨਾਂ ਆਖਦਿਆਂ ਬੀਰਾ ਮੇਰਾ ਮਾੜਾ ਜਿਹਾ ਮਨ ਭਰ ਆਇਆ। ਕਰਕੇ ਮੈਂ ਜਦ ਦੀ ਆਈ ਸੀ ਬਹੁਤ ਕੁਝ ਹੋ ਗਿਆ ਸੀ।''

''ਫਿਰ ਉਸ ਨੇ ਕੀ ਕਿਹਾ?''

"ਕਹਿਣਾ ਕੀ ਸੀ, ਮੇਰੇ ਦਾਰ ਜੀ ਦੇ ਕਹਿਣ ਅਨੁਸਾਰ ਚਾਰੇ ਖੁਰ ਚੱਕ ਕੇ ਫਿਰ ਸ਼ੁਰੂ ਹੋ ਗਿਆ, "ਤੂੰ ਜਦ ਇੱਥੇ ਆਉਂਦੀ ਆ ਤੇਰਾ ਨਵਾਂ ਈ ਡਰਾਮਾ ਹੁੰਦਾ ਆ, ਜੇ ਮੇਰੇ ਡੈਡ ਨੇ ਕਿਹਾ ਨਹੀਂ ਬਣਦੇ ਤਾਂ ਦੈਟ ਮੀਨਜ਼ ਨਹੀ ਬਣਦੇ। ਉਹ ਪਾਗਲ ਥੋੜ੍ਹੇ ਆ... ਉਨ੍ਹਾਂ ਨੇ ਉਮਰ ਦੇਖੀ ਆ ਉਨ੍ਹਾਂ ਪਤਾ ਹੈ ਕਿੱਥੇ ਕੀ ਬਣਦਾ। ਨਾਲੇ ਤੇਰੀ ਮਾਂ ਨੇ ਅਹਿਸਾਨ ਥੋੜੇ ਕੀਤਾ ਸੂਟ ਲਿਆ ਕੇ। ਨਾ ਲਿਆਂਉਦੀ, ਮੇਰੇ ਮਾਮ-ਡੈਡ ਨੇ ਥੋੜੇ ਕਿਹਾ ਸੀ ਸਾਡੇ ਲਈ ਲੈ ਕੇ ਆ।'' ਨਾਲੇ ਹਰ ਵਾਰ ਕੀਰਨੇ ਜਿਹੇ ਨਾ ਅੱਖਾਂ 'ਚ ਲੈ ਆਇਆ ਕਰ। ਤੇਰਾ ਇਹੀ ਕੰਮ ਆ ਜਦ ਦੇਖੋ ਰੋਣ ਲੱਗ ਜਾਂਦੀ। ਜੇ ਇੱਦਾਂ ਹੀ ਮੂੰਹ ਵਿੰਗਾਂ ਕਰਕੇ ਇੱਥੇ ਆਉਣਾ ਹੁੰਦਾ ਤਾਂ ਬੇਸ਼ਕ ਨਾ ਆਇਆ ਕਰ।'' "ਉਹ ਇੱਕੋ ਸਾਰੇ ਬਿਲਕੁੱਲ ਮੇਰੇ ਮੂੰਹ ਦੇ ਮੋਹਰੇ ਆ ਕੇ ਖੜ੍ਹੀ ਕਾਰ 'ਚ ਬੋਲੀ ਜਾ ਰਿਹਾ ਸੀ। ਮੇਰਾ ਅੰਦਰ ਤੱਕ ਕੰਬ ਰਿਹਾ ਸੀ। ਹਾਏ ਆਹ ਕੀ ਹੋ ਰਿਹਾ ਹੈ , ਆਹ ਮੈਂ ਕਿਸ ਚੱਕਰ 'ਚ ਫਸ ਗਈ। ਮੈਨੂੰ ਕੋਈ ਸਮਝ ਨਹੀ ਆ ਰਹੀ ਸੀ। ''ਜੇ ਸੱਚ ਆਖਾਂ ਤਾਂ ਬੀਰਾਂ ਮੈਨੂੰ ਫੀਲ ਹੋ ਰਿਹਾ ਸੀ ਕਿ ਮੈਂ ਹੀ ਗਲਤ ਹਾਂ, ਮੈਂ ਹੀ ਗਲਤੀ ਕਰਦੀ ਹਾਂ ਤਾਂ ਹੀ ਉਹ ਖਿੱਝ ਜਾਂਦਾ ਹੈ।''

''ਪਰ ਇਸ ਸਾਰੇ ਕਾਸੇ 'ਚ ਤੁਸੀਂ ਤਾਂ ਕਿਤੇ ਕੋਈ ਗਲਤੀ ਨਹੀਂ ਕੀਤੀ ਸੀ, ਸਗੋਂ ਜਦ ਦੇ ਤੁਸੀਂ ਘਰ ਆਏ ਤੁਹਾਡੇ 'ਤੇ ਹੀ ਮਾਨਸਿਕ ਟੋਰਚਰ ਹੋ ਰਿਹਾ ਸੀ ਕੈਲਾਸ਼ ਜੀ।''

"ਹਾਂ ਪਰ ਉਹ ਮੇਰੇ 'ਤੇ ਚੀਕ-ਚੀਕ ਮੈਨੂੰ ਗਲਤ ਸਾਬਤ ਕਰ ਦਿੰਦਾਂ ਤੇ ਮੈਂ ਚੁੱਪ ਹੋ ਜਾਂਦੀ, ਹੁਣ ਤੱਕ ਗੱਲਾਂ-ਗੱਲਾਂ 'ਚ ਮੈਨੂੰ 'ਤੂੰ ਸਾਇਕੋ ਆ', 'ਤੈਨੂੰ ਬਾਈਪੋਲਰ ਆ', 'ਤੂੰ ਝੱਟ ਰੋਣ ਲੱਗ ਜਾਂਦੀ ਆ', 'ਤੈਨੂੰ ਡਿਪਰੈਸ਼ਨ ਆ', 'ਮੇਰੀ ਮਾਮ ਤੋਂ ਤੂੰ ਸੜ੍ਹਦੀ ਆ', 'ਤੈਨੂੰ ਜੈਲਸੀ ਈਸ਼ੂ ਵੀ ਆ' ਪਤਾ ਨਹੀਂ ਕਿੰਨੀਆਂ ਬੀਮਾਰੀਆਂ ਉਹ ਮੈਨੂੰ ਲਾ ਚੁੱਕਾ ਸੀ ਆਪਣੀਆ ਗੱਲਾਂ 'ਚ।

ਖ਼ੈਰ ਪੀਜ਼ਾ ਚੱਕ ਘਰੇ ਵਾਪਸ ਆ ਗਏ। ਉਸ ਦੇ ਮਾਂ-ਪੇ ਨਾਲ ਖਾਣਾ ਖਾਦਾ ਇੱਕ ਟੇਬਲ 'ਤੇ ਬੈਠ। ਮੈ ਬੜੇ ਪਿਆਰ ਸਤਿਕਾਰ ਨਾਲ ਉਨ੍ਹਾਂ ਨਾਲ ਗੱਲਾਂ-ਬਾਤਾਂ ਵੀ ਕੀਤੀਆਂ। ਫਿਰ ਮੇਰਾ ਅੰਦਰ ਦੁੱਖ ਰਿਹਾ ਸੀ।

ਖ਼ੈਰ ਰਾਤ ਦੇ 11 ਵਜੇ ਸਾਰੇ ਭਾਂਡੇ ਸਾਂਭ ਮੈਂ ਮਾਤਾ-ਪਿਤਾ ਨੂੰ ਬੁਲਾ ਰੂਮ ਵਿੱਚ ਗਈ। ਉਹ ਉੱਥੇ ਪਿਆ ਗੇਮ ਖੇਡ ਰਿਹਾ ਸੀ ਫੂਨ 'ਤੇ । ਫੂਨ ਰੱਖ ਫਿਰ ਦੁਬਾਰਾ ਉਹੀ ਗੱਲਾਂ ਛੇੜ ਲਈਆਂ। ਨੈਕਸਟ ਟਾਈਮ ਮੈਨੂੰ ਮੁੜ ਕੇ ਨਾ ਕਹੀਂ ਕਿ ਸੂਟ ਰੱਖ ਲੈਂਦੇ, ਤੂੰ ਮੇਰੇ ਮਾਮ-ਡੈਡ ਨੂੰ ਗਲਤ ਸਾਬਤ ਕਰ ਰਹੀ ਸੀ ਕਾਰ 'ਚ ਬੈਠ ਕੇ। ਮੇਰੀ ਮਾਂ ਮੇਰਾ 'ਰੌਕ' ਆ 'ਰੌਕ'। ਜੇ ਮਾਂ ਨੇ ਕਹਿ ਤਾ ਗਲਤ ਤਾਂ ਗਲਤ ਓਕੇ, ਦਿਮਾਗ 'ਚ ਪਾ ਲਾ ਆਪਣੇ ਇਹ ਗੱਲ। ਹੁਣ ਮੈਂ ਤਾਂ ਕੋਈ ਗੱਲ ਵੀ ਨਹੀਂ ਛੇੜੀ ਸੀ, ਬਸ ਆਪ ਹੀ ਉਸ ਦੇ ਦਿਮਾਗ 'ਚ ਮਾਮ-ਡੈਡ, ਮਾਮ-ਡੈਡ ਹੀ ਸੀ।ਮੈਂ ਲਾਈਟ ਬੰਦ ਕਰ ਚੁੱਪ-ਚਾਪ ਅੱਖਾਂ ਮੀਟ ਲਈਆਂ। ਸਾਰੀ ਰਾਤ ਨਾ ਉਸ ਨੇ ਮੈਨੂੰ ਬੁਲਾਇਆ ਨਾ ਮੈਂ। ਬਸ ਮੈਂ ਬੈੱਡ ਦੇ ਇੱਕ ਕੋਨੇ 'ਚ ਪੈ ਕੇ ਰਾਤ ਕੱਟ ਲਈ। ਬਹੁਤ ਵਾਰ ਦਿਮਾਗ 'ਚ ਆਇਆ ਕਿ ਚੁੱਪ-ਚਾਪ ਰਾਤ ਦੇ ਹਨ੍ਹੇਰੇ 'ਚ ਚਾਬੀ ਚੁੱਕਾਂ ਤੇ ਘਰ ਨੂੰ ਹੁਣੇ ਤੁਰ ਪਵਾਂ। ਪਰ ਮੈਂ ਆਪਣਾ ਜਲੂਸ ਨਹੀਂ ਕਢਾਉਣਾ ਚਾਹੁੰਦੀ ਸੀ ਰਾਤ ਨੂੰ ਹਨ੍ਹੇਰੇ 'ਚ ਭਗੋੜੀ ਬਣ ਕੇ। ਪਰ ਹੁਣ ਮੇਰਾ ਸਾਹ ਘੁੱਟ ਹੋ ਰਿਹਾ ਸੀ। ਇਸ ਘਰ 'ਚ ਦੋ ਦਿਨ ਹੋਰ ਤਾਂ ਕਿ ਮੇਰਾ ਆਹ ਰਾਤ ਕੱਟਣਾ ਔਖਾ ਹੋ ਰਿਹਾ ਸੀ। ਸਵੇਰ ਦੇ 6 ਵਜੇ ਤਾਂ ਮੈਂ ਸ਼ਾਵਰ ਲੈ ਕੇ ਥੱਲੇ ਕਿਚਨ 'ਚ ਕੌਫੀ ਬਣਾਉਣ ਆ ਗਈ। ਘਰ 'ਚ ਸੁੰਨਮ-ਸਾਨ ਪਈ ਸੀ । ਸਭ ਘੋੜੇ ਵੇਚ ਸੁੱਤੇ ਪਏ ਸਨ।ਮੈਂ ਥੱਲੇ ਆਉਂਦਿਆਂ ਅੰਨੂੰ ਨੂੰ ਫੂਨ ਲਾਇਆ ਉਸ ਨੂੰ ਕੱਲ ਸ਼ਾਮ ਤੋਂ ਜੋ-ਜੋ ਹੋ ਰਿਹਾ ਸੀ ਉਹ ਸਭ ਦੱਸਿਆ ਤੇ ਨਾਲ ਹੀ ਕਿਹਾ ਕਿ ਮੈਂ ਹੁਣੇ ਵਾਪਸ ਆ ਰਹੀ ਹਾਂ। ਉਸ ਦੀ ਸਲਾਹ ਵੀ ਲਈ ਕਿ ਕੀ ਕਰਾਂ।

ਖ਼ੈਰ ਕਰਦਿਆਂ-ਕਰਾਉਂਦਿਆਂ 7 ਵੱਜ ਗਏ ਤਾਂ ਪਰਮ ਦਾ ਪਿਓ ਥੱਲ੍ਹੇ ਆ ਗਿਆ। ਪਤਾ ਨਹੀਂ ਮੇਰੇ ਮਨ 'ਚ ਕੀ ਆਇਆ ਮੈਂ ਇੱਕ ਦਮ ਉਸ ਨੂੰ ਦੇਖ ਆਖਿਆ, ''ਘਰੋਂ ਫੂਨ ਆਇਆ ਆ ਘਰੇ ਬੋਇਲਰ ਦੀ ਪ੍ਰੋਬਲਮ ਪੈ ਗਈ ਆ। ਤਾਜ ਆਪਣੇ ਡੈਡ ਵੱਲ ਗਿਆ ਆ ਤੇ ਮਾਂ ਇੱਕਲੀ ਘਰ ਆ ਉਸ ਤੋਂ ਹੀਟ ਨਹੀਂ ਲੱਗ ਰਹੀ ਤੇ ਉਹ ਘਬਰਾਈ ਵੀ ਆ ਸੋ ਮੈਨੂੰ ਵਾਪਸ ਜਾਣਾ ਪੈਣਾ ਹੁਣੇ ਹੀ ਤਾਂ ਕਿ ਮੈਂ ਜਾ ਕੇ ਕੋਈ ਮਕੈਨਿਕ ਲੱਭ ਕੇ ਬੋਇਲਰ ਠੀਕ ਕਰਵਾਵਾਂ।'' ਉਸ ਨੂੰ ਇੰਨਾਂ ਆਖ ਮੈਂ ਉੱਪਰ ਕਮਰੇ 'ਚ ਜਾ ਕੇ ਆਪਣਾ ਨਿੱਕੜ-ਸੁੱਕੜ ਇੱਕਠਾ ਕਰਨ ਲੱਗ ਗਈ। ਉਦੋਂ ਤੱਕ ਉਹ ਵੀ ਜਾਗ ਗਿਆ। ਮੈਂ ਸੇਮ ਝੂਠੀ ਸਟੋਰੀ ਉਸ ਨੂੰ ਸੁਣਾਈ ਤੇ ਤਕਰੀਬਨ ਸਵੇਰ ਦੇ ਸਾਡੇ ਸੱਤ ਵਜੇ ਮੈਂ ਆਪਣੀ ਕਾਰ ਨਿਉਕੀ ਤੋਂ ਮਿਡਲੈਂਡ ਆਪਣੇ ਘਰ ਵੱਲ ਤੋਰ ਲਈ।

ਕਾਰ ਔਨ ਕਰਦਿਆਂ ਸਪੋਟੀਫਾਈ ਕਲਿੱਕ ਹੋ ਗਿਆ ਤੇ ਸਵੇਰੇ-ਸਵੇਰੇ ਹੀ ਉਸ 'ਤੇ ਹੰਸ ਰਾਜ ਹੰਸ ਦਾ ਗੀਤ, "ਤੇਰੇ ਸ਼ਹਿਰ ਨੂੰ ਸੱਜਦਾ ਕਰ ਚੱਲੇ, ਜਿੱਤੀ ਹੋਈ ਬਾਜ਼ੀ ਹਰ ਚੱਲੇ' ਚੱਲ ਪਿਆ।

''ਹਾਏ ਬੀਰਾ ਪਤਾ ਨਹੀਂ ਮੈਂ ਸਾਡੇ ਚਾਰ ਘੰਟੇ ਦਾ ਉਹ ਸਫਰ ਉਸ ਦਿਨ ਕਿਵੇਂ ਨਿਬੇੜਿਆ। ਇੱਕ ਮਿੰਟ ਲਈ ਵੀ ਮੇਰੀਆਂ ਅੱਖਾਂ 'ਚੋਂ ਅੱਥਰੂ ਨਾ ਰੁੱਕੇ । ਸਾਰੇ ਰਾਹ ਕਦੇ ਮਾਂ ਦਾ ਫੂਨ ਆਉਂਦਾ, ਕਦੇ ਤਾਜ ਦਾ ਤੇ ਕਦੇ ਅਨੂੰ ਦਾ। ਸਾਰੇ ਵਾਰ-ਵਾਰ ਇਹੀ ਆਖੀ ਜਾਂਦੇ ਤੂੰ ਰਾਜੀ ਖੁਸ਼ੀ ਘਰ ਆ ਜਾ, ਆਪਾਂ ਘਰ ਆਈ 'ਤੇ ਗੱਲ ਕਰਦੇ ਹਾਂ।'' ਸਾਡੇ ਚਾਰ ਘੰਟੇ ਕਾਰ ਚਲਾ ਮੈਂ ਮਸਾਂ ਘਰ ਆ ਕੇ ਢਿੱਗੀ।

ਮਾਂ ਵਾਰ-ਵਾਰ ਪੁੱਛ ਰਹੀ ਸੀ ਕਿ ਹੋਇਆ ਕੀ? ਮੈਂ ਰੋ-ਰੋ ਸਾਰਾ ਹਾਲ ਦੱਸਿਆ। ਉਸ ਦੇ ਬਿਹੇਵ ਨੇ ਮੈਨੂੰ ਧੁਰ ਅੰਦਰ ਤੱਕ ਤੋੜ ਦਿੱਤਾ ਸੀ ਬੀਰਾ ਇਸ ਵਾਰ।

"ਫਿਰ ਤੁਸੀਂ ਅਗਾਂਹ ਕੀ ਫੈਸਲਾ ਲਿਆ ਕੈਲਾਸ਼ ਜੀ? ਇਹ ਜ਼ਿੰਦਗੀ ਤਾਂ ਬਹੁਤ ਭੈੜੀ ਸੀ। ਕਿਹੋ ਜਿਹੇ ਮੂਰਖਾਂ 'ਚ ਤੁਸੀਂ ਫੱਸ ਗਏ ਸੀ।''

ਮੈਂ ਬਹੁਤ ਹੈਰਾਨ ਸਾਂ ਕਿ ਆਹ ਸਭ ਉਸ ਨਾਲ ਹੋ ਰਿਹਾ ਸੀ ਤੇ ਉਸ ਨੂੰ ਜਾਨਣ ਵਾਲੇ ਉਸ ਦੇ ਪਾਠਕ ਉਸ ਦੇ ਪ੍ਰਸ਼ੰਸਕ ਤੇ ਮੈਂ ਵੀ ਨਾਲ ਹੀ ਇਹ ਸੋਚ ਰਹੇ ਸਨ ਕਿ ਉਹ ਆਪਣੀ ਨਵੀਂ ਜ਼ਿੰਦਗੀ 'ਚ ਅਗਾਂਹ ਵੱਧ ਗਈ ਹੈ ਤੇ ਬਹੁਤ ਖੁਸ਼ ਹੈ ਆਪਣੇ ਨਵੇਂ ਸੰਸਾਰ ਵਿੱਚ। ਜਦਕਿ ਸੱਚਾਈ ਬਿਲਕੁੱਲ ਅੱਲਗ ਸੀ।

ਕਾਫੀ ਲੇਟ ਹੋ ਚੁੱਕਾ ਸੀ ਅਸੀਂ ਦੋਹਾਂ ਨੇ ਗੱਲਾਂ ਦਾ ਸਿਲਸਿਲਾ ਇੱਥੇ ਹੀ ਰੋਕਿਆ। ਇੱਕ-ਦੂਜੇ ਨੂੰ ਘੁੱਟ ਕੇ ਜੱਫੀ ਪਾਈ ਤੇ ਗੁੱਡ ਨਾਈਟ ਕਹਿ ਆਪੋ ਆਪਣੇ ਰੂਮਾਂ ਵਿਚ ਸੌਣ ਚਲੇ ਗਈਆਂ। ਬੈੱਡ 'ਚ ਜਾ ਕੇ ਵੀ ਬਹੁਤ ਦੇਰ ਮੈਨੂੰ ਨੀਂਦ ਨਾ ਆਈ। ਪਤਾ ਨਹੀਂ ਸ਼ਾਇਦ ਦਿਨ ਦੇ ਚੜਾਅ ਜਿਹੇ 'ਚ ਮੇਰੀ ਮਸਾਂ ਅੱਖ ਲੱਗੀ। ਸਵੇਰ ਵੇਲੇ ਕੋਈ ਤਕਰੀਬਨ ਅੱਠ ਕੁ ਵਜੇ ਜਾਗ ਆਈ। ਘਰ 'ਚ ਬੜੀ ਸ਼ਾਂਤੀ ਸੀ । ਮੈਂ ਮੂੰਹ-ਹੱਥ ਧੋ ਕੈਲਾਸ਼ ਨੂੰ ਭਾਲਣਾ ਸ਼ੁਰੂ ਕਰ 'ਤਾ। ਉਹ ਕਿਤੇ ਨਜ਼ਰ ਨਹੀਂ ਆ ਰਹੇ ਸਨ। ਉਹ ਸੁੱਤੇ ਤਾਂ ਹਾਲੇ ਹੋ ਨਹੀਂ ਸਕਦੇ। ਉਹ ਤਾਂ ਅਰਲੀ ਬਰਡ ਸਨ।

ਖ਼ੈਰ ਮੈਂ ਕੌਫੀ ਬਣਾ ਕੇ ਕੰਨਸਰਵਟੀ 'ਚ ਗਈ ਤਾਂ ਦੇਖਿਆ ਉਹ ਬਾਹਰ ਸਵਿੰਮਿੰਗ ਪੂਲ 'ਚ ਬੜੇ ਆਰਾਮ ਨਾਲ ਤੈਰ ਰਹੇ ਸਨ। ਮੈਂ ਦੂਰੋਂ ਬੈਠੀ ਕਾਫੀ ਦੇਰ ਉਨ੍ਹਾਂ ਵੱਲ ਦੇਖਦੀ ਰਹੀ ਤੇ ਮਨ ਹੀ ਮਨ ਸੋਚਦੀ ਰਹੀ ਕਿ ਸੱਚੀ ਸਿਆਣੇ ਸਹੀ ਕਹਿਦੇ ਹਨ ਜੀਵਨ ਸਾਥੀ ਦਾ ਸੁੱਖ ਕਰਮਾਂ ਦਾ ਹੁੰਦਾ ਹੈ। ਇਹ ਸੁੱਖ ਕਿਸੇ ਨੂੰ ਸਮਝਾ-ਬੁਝਾ ਕੇ ਜ਼ਬਰੀ ਨਹੀਂ ਉਸ ਕੋਲੋ ਲਿਆ ਜਾ ਸਕਦਾ। ਕੈਲਾਸ਼ ਨਾਲ ਹੋਈਆਂ ਹੁਣ ਤੱਕ ਦੀਆਂ ਗੱਲਾਂ ਤੋਂ ਮੈਨੂੰ ਇਹ ਪਤਾ ਤਾਂ ਲੱਗ ਗਿਆ ਸੀ ਕਿ ਆਹ ਨਵਾਂ ਮਿਲਿਆ ਟੱਬਰ ਕੋਈ ਸਿਆਣਾ ਟੱਬਰ ਨਹੀਂ ਸੀ ਸਗੋ ਮਖੌਟੇ ਪਾ ਕੇ ਦੁਨੀਆਂ 'ਚ ਵਿਚਰਨ ਵਾਲਾ ਟੱਬਰ ਹੀ ਸੀ। ਤੇ ਕੈਲਾਸ਼ ਜਿਹੀ ਸੁਲਝੀ ਹੋਈ ਔਰਤ ਇਹ ਡਿਜ਼ਰਵ ਨਹੀਂ ਕਰਦੀ ਸੀ। ਪਰ ਇੱਕ ਗੱਲ ਮੈਨੂੰ ਹੋਰ ਵੀ ਸਮਝ ਆ ਗਈ ਸੀ ਕਿ ਇੰਨਾਂ ਕੁਝ ਪਤਾ ਲੱਗਣ ਦੇ ਬਾਵਜੂਦ ਵੀ ਉਸ ਦਾ ਮਨ ਇਸ ਬੰਦੇ ਨੂੰ ਛੱਡਣ ਦਾ ਨਹੀਂ ਸੀ।

ਚਲਦਾ....

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 30'ਤੇ ਪੜ੍ਹੋ**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

**ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ**

### 618. ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਗੁਰਬਾਣੀ ਵਾਰੇ ਕੀ ਲਿਖਿਆ ਹੈ?

"ਗੁਰਮੁਖਿ ਨਾਮੁ ਮਿਲੈ ਹਰਿ ਬਾਣੀ ॥3॥ ਅੰਗ 423" । ਜਿਹੜਾ ਗੁਰਬਾਣੀ ਰਾਹੀਂ ਪ੍ਰਭੂ ਦੇ ਨਾਮ ਨੂੰ ਮਨ 'ਚ ਵਸਾ ਲੈਂਦਾ ਹੈ; ਹੇ ਨਾਨਕ! ਉਸ ਸੱਚੇ ਨਾਮ 'ਚ ਰੰਗੇ ਹੋਏ ਨੂੰ ਪ੍ਰਭੂ ਆਪ ਆਪਣੇ ਨਾਲ਼ ਮਿਲਾ ਲੈਂਦਾ ਹੈ। "ਗੁਰਬਾਣੀ ਤੇ ਹਰਿ ਮੰਨਿ ਵਸਾਏ ॥ ਨਾਨਕ ਸਾਚਿ ਰਤੇ ਪ੍ਰਭਿ ਆਪਿ ਮਿਲਾਏ ॥4॥3॥ ਅੰਗ 664" । ਸਤਿਗੁਰੂ ਰੂਪੀ ਸਮੁੰਦਰ ਆਤਮਿਕ ਜੀਵਨ ਦੇ ਸ੍ਰੇਸ਼ਟ ਗੁਣਾਂ ਰੂਪੀ ਰਤਨਾਂ ਨਾਲ਼ ਬਹੁਤ ਭਰਿਆ ਪਿਆ ਹੈ। ਜੇਹੜੇ ਮਨੁੱਖ ਸਤਿਗੁਰੂ ਦੀ ਬਾਣੀ ਵਿਚ ਆਪਣਾ ਚਿਤ ਲਾਉਂਦੇ ਹਨ, ਉਹਨਾਂ ਨੂੰ ਬੇਅੰਤ ਪ੍ਰਭੂ ਦਾ ਨਿਰਮੋਲਕ ਨਾਮ-ਰਤਨ ਮਿਲ ਜਾਂਦਾ ਹੈ । "ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥ ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ ॥ ਅੰਗ 442" । ਜਿਹੜਾ ਮਨੁੱਖ ਗੁਰਬਾਣੀ ਵਿਚ ਸੁਰਤਿ ਜੋੜਦਾ ਹੈ, ਉਹ ਮਕਤੀ ਪ੍ਰਾਪਤ ਕਰ ਲੈਂਦਾ ਹੈ; ਗੁਰੂ ਦੇ ਸ਼ਬਦ ਦੀ ਰਾਹੀਂ ਉਹ ਸਦਾ-ਥਿਰ ਪ੍ਰਭੂ ਵਿਚ ਲੀਨ ਰਹਿੰਦਾ ਹੈ । "ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ ॥21॥ ਅੰਗ 909"।ਜਿਨ੍ਹਾਂ ਮਨੁੱਖਾਂ ਦੇ ਮਨ ਨੂੰ ਸਤਿਗੁਰੂ ਦੀ ਬਾਣੀ ਭਾਉਂਦੀ ਹੈ, ਉਹ ਅਮ੍ਰਿਤ (ਨਾਮ ਬਾਣੀ ਦਾ ਰਸ) ਵਾਰ ਵਾਰ ਪੀਂਦੇ ਹਨ । "ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ ॥ ਅੰਗ 449" । ਸਤਿਗੁਰੂ ਦੀ ਬਾਣੀ ਅੰਮ੍ਰਿਤ ਮਈ ਬਚਨ ਹਨ, ਜਿਹੜਾ ਮਨੁੱਖ ਇਹ ਬਾਣੀ ਉਚਾਰਦਾ ਹੈ, ਉਹ ਮਨੁੱਖ ਆਪਣੇ ਮੂੰਹ ਵਿਚ ਅਮਰ ਕਰਨ ਵਾਲ਼ਾ ਨਾਮ (ਜਲ) ਪਾਉਂਦਾ ਹੈ । "ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ॥2॥ ਅੰਗ 494" । ਪਰਮਾਤਮਾ ਦੇ ਸੇਵਕ ਉੱਤਮ ਪੁਰਸ਼ ਹੁੰਦੇ ਹਨ; ਉਹਨਾਂ ਦੀ ਬਾਣੀ ਉੱਤਮ ਹੁੰਦੀ ਹੈ, ਜਿਸ ਨੂੰ ਉਹ ਆਪਣੇ ਮੂੰਹੋਂ ਹੋਰਨਾਂ ਦੀ ਭਲਾਈ ਵਾਸਤੇ ਉਚਾਰਦੇ ਹਨ । ਜਿਹੜਾ ਮਨੁੱਖ ਉਹਨਾਂ ਦੀ ਉੱਤਮ ਬਾਣੀ ਸ਼ਰਧਾ ਤੇ ਭਗਤੀ ਭਾਵਨਾ ਨਾਲ਼ ਸੁਣਦਾ ਹੈ, ਪਰਮਾਤਮਾ ਕਿਰਪਾ ਕਰ ਕੇ ਉਸ ਨੂੰ (ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਦਿੰਦਾ ਹੈ। "ਹਰਿਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ ॥ ਜੋ ਜਨੁ ਸੁਣੈ ਸਰਧਾ ਭਗਤਿ ਸੇਤੀ ਕਰਿ ਕਿਰਪਾ ਹਰਿ ਨਿਸਤਾਰੇ ॥1॥ ਅੰਗ 493" । ਦਾਸ ਨਾਨਕ ਪ੍ਰਭੂ ਦੇ ਗੁਣਾਂ ਵਾਲ਼ੀ ਬਾਣੀ ਬੋਲਦਾ ਹੈ ਤੇ ਗੁਰਬਾਣੀ ਰਾਹੀਂ ਪ੍ਰਭੂ ਦੇ ਨਾਮ ਵਿਚ ਸਮਾ ਗਿਆ ਹੈ । "ਜਨੁ ਨਾਨਕੁ ਬੋਲੇ ਗੁਣ ਬਾਣੀ ਗੁਰਬਾਣੀ ਹਰਿ ਨਾਮਿ ਸਮਾਇਆ॥4॥5॥ ਅੰਗ 494" । ਹੇ ਨਾਨਕ! ਜਿਹੜਾ ਮਨੁੱਖ ਪ੍ਰਭੂ ਦੇ ਗੁਣਾਂ ਵਾਲ਼ੀ ਬਾਣੀ ਉਚਾਰਦਾ ਹੈ, ਉਹ ਮਨ-ਇੱਛਤ (ਨਾਮ/ਮੁਕਤੀ ਦਾ) ਫਲ ਪ੍ਰਾਪਤ ਕਰ ਲੈਂਦਾ ਹੈ ।"ਮਨ ਚਿੰਦਿਅੜਾ ਫਲੁ ਪਾਇਆ ਹਰਿ ਪ੍ਰਭੁ ਗੁਣ ਨਾਨਕ ਬਾਣੀ ਬੋਲੇ ਰਾਮ॥1॥ ਅੰਗ 538" । ਹੇ ਨਾਨਕ! ਜਿਸ ਮਨੁੱਖ ਦੇ ਮੱਥੇ ਉਤੇ ਵੱਡੇ ਭਾਗ ਲਿਖੇ ਹੁੰਦੇ ਹਨ, ਉਹ ਮਨੁੱਖ ਗੁਰੂ ਦੀ ਬਾਣੀ ਰਾਹੀਂ ਆਤਮਿਕ ਅਡੋਲਤਾ ਤੇ ਵੈਰਾਗ (ਮਾਇਆ ਤੋਂ ਓਪਰਾਮਤਾ) ਵਿਚ ਆਉਂਦਾ ਹੈ । "ਨਾਨਕ ਮਸਤਕਿ ਜਿਸੁ ਵਡਭਾਗੁ ॥ ਗੁਰ ਕੀ ਬਾਣੀ ਸਹਜ ਬੈਰਾਗੁ ॥4॥7॥ ਅੰਗ 560" । ਜੇ ਕੋਈ ਸੱਚੀ ਬਾਣੀ ਨਾਲ਼ ਪਿਆਰ ਰੱਖਦਾ ਹੈ ਤਾਂ ਉਸਨੂੰ ਮੁਕਤੀ ਦਾ ਦੁਆਰ ਮਿਲ ਜਾਂਦਾ ਹੈ । "ਸਾਚੀ ਬਾਣੀ ਸਿਉ ਧਰੇ ਪਿਆਰੁ ॥ ਤਾ ਕੋ ਪਾਵੈ ਮੋਖ ਦੁਆਰੁ ॥ ਅੰਗ 661" । ਜਿਹੜਾ ਇਨਸਾਨ ਸੱਚੀ ਬਾਣੀ ਤੇ ਸੱਚੇ ਪ੍ਰਭੂ ਦੇ ਗੁਣ ਗਾਉਂਦਾ ਹੈ, ਹੇ ਪ੍ਰਭੂ ਉਸਦੇ ਹਿਰਦੇ ਘਰ ਵਿਚ ਅਨੰਦ ਮਈ ਗੀਤ ਚਲਦੇ ਹਨ । "ਸਚੀ ਬਾਣੀ ਸਚੇ ਗੁਣ ਗਾਵਹਿ ਤਿਤੁ ਘਰਿ ਸੋਹਿਲਾ ਹੋਈ ਰਾਮ ॥ ਅੰਗ 769" । ਇਸਦੇ ਉੱਲਟ ਜਿਸ ਸਰੀਰ (ਭਾਵ ਮਨੁੱਖ) ਨੂੰ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ ਭੁੱਲ ਜਾਂਦੀ ਹੈ, ਉਹ ਇਉਂ ਵਿਲਕਦਾ ਹੈ ਜਿਵੇਂ ਕੋੜ੍ਹ ਦੇ ਰੋਗ ਵਾਲ਼ਾ ਬੰਦਾ । "ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ॥1॥ ਅੰਗ 661" । ਸੁੰਦਰ ਮਨ ਨੂੰ ਮੋਹ ਵਾਲ਼ੇ ਗੁਰ ਪਰਮੇਸ਼ਰ ਨੂੰ ਪਾ ਕੇ ਪ੍ਰਭੂ ਦੀ ਪ੍ਰੇਮ ਮਈ ਬਾਣੀ ਨਾਲ਼ ਮੈਂ ਆਪਣੇ ਮਨ ਨੂੰ ਮਾਰ ਲਿਆ ਹੈ । ਮੇਰੇ ਹਿਰਦੇ 'ਚੋਂ ਸੁੱਧ ਤੇ ਬੁੱਧ ਭੁੱਲ ਗਈ ਤੇ ਮੇਰੇ ਮਨ ਨੇ ਆਸਾ ਤੇ ਫਿਕਰਾਂ ਨੂੰ ਭੁਲਾ ਦਿੱਤਾ । "ਗੁਰੁ ਸੁੰਦਰੁ ਮੋਹਨੁ ਪਾਇ ਕਰੇ ਹਰਿ ਪ੍ਰੇਮ ਬਾਣੀ ਮਨੁ ਮਾਰਿਆ ॥ ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ ਮਨ ਆਸਾ ਚਿੰਤ ਵਿਸਾਰਿਆ ॥ ਅੰਗ 776" । ਪ੍ਰਭੂ ਦੀ ਸੱਚੀ ਬਾਣੀ ਰਾਹੀਂ ਪ੍ਰਭੂ ਦੇ ਗੁਣ ਉਚਾਰ ਕੇ ਜੀਵ ਸਦਾ ਥਿਰ (ਭਾਵ ਸਦੀਵੀ) ਸੁਖ ਪ੍ਰਾਪਤ ਕਰਦਾ ਹੈ । "ਸਚੁ ਬਾਣੀ ਗੁਣ ਉਚਰੈ ਸਚਾ ਸੁਖੁ ਪਾਏ ॥ ਅੰਗ 791" । ਜਿਸਨੂੰ ਸਤਿਗੁਰੂ ਦੀ ਮਤਿ (ਸਮਝ) ਆ ਜਾਂਦੀ ਹੈ, ਉਹ ਸਤਿਗੁਰੂ ਨਾਲ਼ ਇਕ ਮਿਕ ਹੋਇਆ ਰਹਿੰਦਾ ਹੈ । ਇਸ (ਗੁਰੂ ਦੀ) ਬਾਣੀ ਨੂੰ ਜੋ ਦਿਲੋਂ ਜਾਣ ਲੈਂਦਾ ਹੈ, ਉਸਦੇ ਅੰਦਰ ਨਾਮ ਵਿਆਪਕ ਰਹਿੰਦਾ ਹੈ । "ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥ ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥1॥ ਰਹਾਉ ॥ ਅੰਗ 797"। ਹੇ ਪਾਰਬ੍ਰਹਮ! ਤੇਰਾ ਦਰਸ਼ਨ ਮਨੁੱਖਾ ਜਨਮ ਸਫਲ ਕਰਨ ਵਾਲ਼ਾ ਹੈ ਅਤੇ ਤੇਰੀ ਬਾਣੀ ਗੁਣਾਂ ਦਾ ਖ਼ਜ਼ਾਨਾ ਹੈ । "ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥ ਅੰਗ 808" । ਗੁਰਬਾਣੀ ਮਾਇਆ ਮੋਹ 'ਚ ਸੁੱਤੇ ਪਿਆਂ ਨੂੰ ਜਗਾਉਂਦੀ ਹੈ! ਹੇ ਸੁੰਦਰ ਨੈਨਾਂ ਵ਼ਲੀਏ ਜਾਗ ਤੇ ਪ੍ਰਭੂ ਦੀ ਬਾਣੀ ਉਚਾਰਨ ਕਰ! "ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥ਅੰਗ 844" । ਜੋਗੀਆਂ ਦੇ ਸਿੰਙੀ ਆਦਿਕ ਸਾਰੇ ਵਾਜੇ ਤੇ ਵੇਦ ਆਦਿਕ ਧਰਮ ਗ੍ਰੰਥ ਸਭ ਗੁਰਬਾਣੀ ਵਿਚ ਹੀ ਆ ਜਾਂਦੇ ਹਨ (ਭਾਵ, ਗੁਰਬਾਣੀ ਕਰਕੇ ਇਹਨਾਂ ਦੀ ਲੋੜ ਨਹੀਂ ਰਹਿ ਜਾਂਦੀ) । "ਸਭਿ ਨਾਦ ਬੇਦ ਗੁਰਬਾਣੀ ॥ਅੰਗ 879"। ਗੁਰੂ ਅਨੁਸਾਰੀ ਗੁਰਬਾਣੀ ਰਾਹੀਂ ਅਮੋੜ/ਵਿਗੜੇ ਹੋਏ ਮਨ ਨੂੰ ਸੁਚੱਜਾ ਬਣਉਂਦਾ ਹੈ । "ਗੁਰਮੁਖਿ ਬਾਣੀ ਅਘੜੁ ਘੜਾਵੈ ॥ ਅੰਗ 941" । ਸਤਿਗੁਰੂ ਜੀ ਬਚਨ ਕਰਦੇ ਹਨ ਕਿ ਗੁਰਬਾਣੀ ਰਾਹੀਂ ਮੈਂ ਪ੍ਰਭੂ ਨੂੰ ਪਾ ਲਿਆ ਹੈ, ਤੇ ਉਸ ਹਰੀ ਦੇ ਨਾਮ ਦਾ ਜਾਪ ਜਪ ਕੇ ਉਸ ਵਿਚ ਸਮਾਇਆ ਰਹਿੰਦਾ ਹਾਂ ।16।5।14। "ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ ॥16॥5॥14॥ ਅੰਗ 1058" । ਗੁਰਬਾਣੀ ਚਾਰੇ ਦਿਸ਼ਾਂਵਾਂ 'ਚ ਸੁਣੀ ਜਾਂਦੀ ਹੈ, ਇਸ ਰਾਹੀਂ ਸਦਾ ਥਿਰ ਨਾਮ 'ਚ ਸਮਾ ਜਾਈਦਾ ਹੈ । "ਗੁਰਬਾਣੀ ਚਹੁ ਕੁੰਡੀ ਸੁਣੀਐ ਸਾਚੈ ਨਾਮਿ ਸਮਾਇਦਾ ॥3॥ ਅੰਗ 1065" । ਜਗਤ ਵਿਚ ਗੁਰਬਾਣੀ ਵਰਤ ਗਈ ਹੈ (ਭਾਵ ਗੁਰਬਾਣੀ ਦਾ ਪ੍ਰਭਾਵ ਪੈ ਗਿਆ ਹੈ), ਇਸ ਬਾਣੀ ਤੋਂ ਪ੍ਰਭੂ ਦਾ ਨਾਮ ਪ੍ਰਾਪਤ ਕਰ ਲਈਦਾ ਹੈ । "ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥3॥ ਅੰਗ 1066" । ਪ੍ਰਭੂ ਦੀ ਬਾਣੀ ਦੀ ਰਾਹੀਂ ਮਨੁੱਖ ਦੀ ਬੇਦਾਗ (ਨਿਰਮਲ) ਸੋਭਾ ਬਣ ਜਾਂਦੀ ਹੈ ਤੇ ਉਸ ਦਾ ਮਨ ਮਜੀਠ (ਦੇ ਪੱਕੇ ਰੰਗ ਵਰਗੇ) ਨਾਮ-ਰੰਗ ਵਿਚ ਰੰਗਿਆ ਜਾਂਦਾ ਹੈ । "ਨਿਰਮਲ ਸੋਇ ਬਣੀ ਹਰਿ ਬਾਣੀ ਮਨੁ ਨਾਮਿ ਮਜੀਠੈ ਰੰਗਨਾ ॥15॥ ਅੰਗ 1081"।ਹੇ ਨਾਨਕ! ਜਿਨ੍ਹਾਂ ਨੂੰ ਪ੍ਰਭੂ ਨੇ ਗੁਰੂ ਦੀ ਸੇਵਾ ਵਿਚ ਲਾ ਦਿੱਤਾ ਹੈ ਉਹ ਵੱਡੇ ਭਾਗਾਂ ਵਾਲ਼ੇ ਹਨ । ਉਹ ਮਨ ਇੱਛਤ ਫਲ ਪ੍ਰਾਪਤ ਕਰ ਲੈਂਦੇ ਹਨ ਤੇ ਗੁਰਬਾਣੀ ਰਾਹੀਂ ਸਦੀਵੀ ਸੁਖ ਪ੍ਰਾਪਤ ਕਰ ਲੈਂਦੇ ਹਨ । "ਨਾਨਕ ਸੇ ਪੂਰੇ ਵਡਭਾਗੀ ਸਤਿਗੁਰ ਸੇਵਾ ਲਾਏ ॥ ਜੋ ਇਛਹਿ ਸੋਈ ਫਲੁ ਪਾਵਹਿ ਗੁਰਬਾਣੀ ਸੁਖੁ ਪਾਏ॥4॥2॥12॥ ਅੰਗ 1130" । ਅਤੇ "ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ॥ ਅੰਗ 1175" । ਜਿਹੜਾ ਬੰਦਾ ਪ੍ਰਭੂ ਦੀ ਕੁਦਰਤ ਵਿਚ ਪ੍ਰਭੂ ਨੂੰ ਅੱਖਾਂ ਨਾਲ਼ ਦੇਖੇਗਾ, ਕੰਨਾਂ ਨਾਲ਼ ਉਸਦੀ ਬਾਣੀ ਸੁਣੇਗਾ ਤੇ ਮੂਹੋਂ ਸਦਾ ਥਿਰ ਨਾਮ ਦਾ ਉਚਾਰਨ ਕਰੇਗਾ, ਉਸ ਨੂੰ ਲੋਕ ਪਰਲੋਕ ਦੀ ਇੱਜ਼ਤ ਦਾ ਸੰਪੂਰਨ ਧਨ ਮਿਲ ਜਾਏਗਾ, ਅਡੋਲ ਮਨ ਨਾਲ਼ ਉਸਦਾ ਧਿਆਨ ਪ੍ਰਭੂ 'ਚ ਲੱਗਿਆ ਰਹੇਗਾ ।"ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥ ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ ਧਿਆਨੁ॥3॥ ਅੰਗ 1168" । ਮਹਾਂ ਪੁਰਖਾਂ ਦੀ ਬਾਣੀ, ਮਹਾਂ ਪੁਰਖਾਂ ਦਾ ਉਪਦੇਸ਼, ਮਨ ਦਾ ਮਾਣ ਦੂਰ ਕਰਨ ਲਈ (ਸਮਰਥ) ਹੈ । ਵੇਦ, ਪੁਰਾਣ, ਸਿੰਮ੍ਰਿਤੀਆਂ ਤੇ ਸੰਤ ਜਨਾਂ ਨੇ ਇਹ ਬਾਣੀ ਜੀਭ ਨਾਲ਼ ਉਚਾਰੀ ਹੈ । "ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥ ਅੰਗ 1208" ।"ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਇਹ ਬਾਣੀ ਰਸਨਾ ਭਾਖੀ ॥ ਅੰਗ 1227"। ਜਿਹੜਾ ਆਦਮੀ ਗੁਰੂ ਦੀ ਬਾਣੀ ਨਾਲ਼ ਪਿਆਰ ਪਾਉਂਦਾ ਹੈ, ਇਸ ਲੋਕ ਤੇ ਪ੍ਰਲੋਕ ਵਿਚ ਬਾਣੀ ਉਸਦਾ ਆਸਰਾ ਬਣਦੀ ਹੈ ।"ਗੁਰ ਕੀ ਬਾਣੀ ਸਿਉ ਲਾਇ ਪਿਆਰੁ॥ ਐਥੈ ਓਥੈ ਏਹੁ ਅਧਾਰੁ ॥ ਅੰਗ 1335" । ਜਿਸਦੇ ਮਨ ਵਿਚ ਗੁਰੂ ਦੀ ਬਾਣੀ ਵਸ ਜਾਂਦੀ ਹੈ, ਉਸਦਾ ਸਭ ਦੁੱਖ ਤੇ ਦਰਦ ਦੂਰ ਹੋ ਜਾਂਦਾ ਹੈ । "ਗੁਰ ਕੀ ਬਾਣੀ ਜਿਸੁ ਮਨਿ ਵਸੈ ॥ ਦੂਖੁ ਦਰਦੁ ਸਭੁ ਤਾ ਕਾ ਨਸੈ ॥1॥ ਅੰਗ 1340" । ਇਸ ਕਰਕੇ, ਇਹ (ਗੁਰੂ) ਦੇ ਅੰਮ੍ਰਿਤ ਬਚਨਾਂ ਤੇ ਬਾਣੀ ਨੂੰ ਸੰਤ-ਜਨ ਹਿਰਦੇ ਵਿਚ ਵੱਡੇ ਉਤਸ਼ਾਹ ਨਾਲ ਜਪਦੇ ਹਨ । "ਜਿਹ ਅੰਮ੍ਰਿਤ ਬਚਨ ਬਾਣੀ ਸਾਧੂ ਜਨ ਜਪਹਿ ਕਰਿ ਬਿਚਿਤਿ ਚਾਓ ॥ ਅੰਗ 1401" ।

**ਬਾਕੀ ਅਗਲੇ ਹਫ਼ਤੇ**

ਪੰਜਾਬ ਟਾਈਮਜ਼

**PANJAB TIMES (EST 1965)**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :**

**FOR SUBSCRIPTION**
*(PLEASE TICK ONE RELEVANT BOX)*

| | |
|---|---|
| 6 MONTHS ---- £105 | ☐ |
| 1 YEAR ---- £205 | ☐ |

**ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।**

NAME............................................................
ADDRESS......................................................
............................................POST CODE...........................
TEL...............................................................

**Barclays Bank details: ACCOUNT: Punjab Times Trust**
**ACCOUNT NO: 20853011 SORT CODE: 20-25-85**

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

**or call on / WHATSAPP NO : 07966 388 388**

*www.panjabtimes.uk Email: Panjabtimes@aol.com*

# ਖ਼ੁਦਮੁਖ਼ਤਿਆਰੀ ਗੁਆ ਰਹੀਆਂ ਪੰਚਾਇਤ ਸੰਸਥਾਵਾਂ

ਗੁਰਮੀਤ ਸਿੰਘ ਪਲਾਹੀ
-9815802070



**ਭਾਰਤ ਵਿੱਚ ਪੰਚਾਇਤਾਂ ਦਾ ਕੰਮ ਪੂਰੀ ਤਰ੍ਹਾਂ ਸਫ਼ਲ ਨਹੀਂ ਹੋਇਆ। ਪੰਚਾਇਤਾਂ ਦੀ ਫੰਡਾਂ ਲਈ ਕੇਂਦਰ ਅਤੇ ਰਾਜ ਸਰਕਾਰਾਂ 'ਤੇ ਬਹੁਤ ਜ਼ਿਆਦਾ ਨਿਰਭਰਤਾ ਹੈ। ਉਹਨਾ ਕੋਲ ਆਪਣੀ ਕਮਾਈ ਦੇ ਸਾਧਨ ਨਹੀਂ ਹਨ। ਉਹਨਾ ਨੂੰ ਖ਼ੁਦਮੁਖ਼ਤਿਆਰ ਹੋਣ ਦਾ ਹੱਕ ਵੀ ਨਹੀਂ ਹੈ।**

ਭਾਰਤ ਵਿੱਚ 6.65 ਲੱਖ ਪਿੰਡ ਹਨ। ਇਹਨਾਂ ਦੇ ਸਥਾਨਿਕ ਪ੍ਰਬੰਧ ਲਈ 2.68 ਲੱਖ ਗ੍ਰਾਮ ਪੰਚਾਇਤਾਂ, 674 ਜ਼ਿਲਾ ਪ੍ਰੀਸ਼ਦ ਅਤੇ 6733 ਬਲਾਕ ਸੰਮਤੀਆਂ ਹਨ। 30 ਲੱਖ ਤੋਂ ਵੱਧ ਚੁਣੇ ਹੋਏ ਪੇਂਡੂ ਨੁਮਾਇੰਦੇ ਪੂਰੇ ਦੇਸ਼ ਵਿੱਚ ਹਨ। ਸਥਾਨਕ ਸਰਕਾਰ ਕਹਾਉਂਦੀਆਂ ਪਿੰਡ ਪੰਚਾਇਤਾਂ, ਅਜੋਕੇ ਸਿਆਸੀ ਮਾਹੌਲ ਵਿੱਚ ਅਪਰਾਧੀਕਰਨ, ਬਾਹੂਬਲ, ਜਾਤੀਵਾਦ ਅਤੇ ਉਚ-ਨੀਚ ਜਿਹੀਆਂ ਕੁਰੀਤੀਆਂ ਦੀ ਜਕੜ ਵਿੱਚ ਹਨ ਅਤੇ ਆਪਣੀ ਅਸਲੀ ਦਿੱਖ ਗੁਆਉਂਦੀਆਂ ਜਾ ਰਹੀਆਂ ਹਨ।

ਇਹੋ ਜਿਹੇ ਹਾਲਾਤ ਵਿੱਚ ਕੀ ਪੰਚਾਇਤਾਂ ਆਮ ਆਦਮੀ ਦੀ ਤਾਕਤ ਬਣ ਰਹੀਆਂ ਹਨ? ਕੀ ਪੰਚਾਇਤਾਂ, ਪੇਂਡੂ ਵਿਕਾਸ ਦੀ ਚਾਲ ਤੇਜ਼ ਕਰ ਰਹੀਆਂ ਹਨ? ਕੀ ਪੰਚਾਇਤਾਂ ਚੰਗੇਰੇ ਪ੍ਰਬੰਧ, ਪਿੰਡਾਂ ਦੀ ਖੁਸ਼ਹਾਲੀ ਦਾ ਸਾਧਨ ਬਣੀਆ ਹਨ? ਜਾਂ ਕੀ ਪੰਚਾਇਤਾਂ ਸਵਰਾਜ ਨੂੰ ਅੱਗੇ ਵਧਾਉਣ ਲਈ ਕੋਈ ਸਾਰਥਿਕ ਭੂਮਿਕਾ ਨਿਭਾ ਸਕੀਆਂ ਹਨ?

ਪੰਚਾਇਤ ਨੂੰ ਲੋਕਤੰਤਰਿਕ ਵਿਕੇਂਦਰੀਕਰਨ ਦਾ ਪੂਰਕ ਮੰਨਿਆ ਗਿਆ ਹੈ। ਸਮੁੱਚਾ ਪੇਂਡੂ ਭਾਈਚਾਰਕ ਵਿਕਾਸ ਇਸਦੀ ਨੀਂਹ ਹੈ। ਇਸੇ ਅਧਾਰ 'ਤੇ ਦੇਸ਼ ਵਿੱਚ ਪਿੰਡਾਂ ਦਾ ਸਮੂਹਿਕ ਵਿਕਾਸ ਅਤੇ ਭਾਈਚਾਰਕ ਢਾਂਚਾ ਮਜ਼ਬੂਤ ਕਰਨ ਦਾ ਟੀਚਾ ਮਿਥਿਆ ਗਿਆ, ਪਰ ਪਿੰਡਾਂ ਦੇ ਵਿਕਾਸ ਦੇ ਹੁਣ ਤੱਕ ਦੇ ਬਹੁਤੇ ਤਜ਼ਰਬੇ ਫੇਲ੍ਹ ਹੋਏ।

ਜਿਹਨਾ ਪੰਚਾਇਤਾਂ ਨੂੰ ਸਿਆਸਤ ਤੋਂ ਪਰ੍ਹੇ ਰੱਖਣ ਦੀ ਗੱਲ ਹੋਈ, ਉਹੀ ਪੰਚਾਇਤਾਂ ਸਿਆਸਤ ਦੇ ਪੰਜੇ 'ਚ ਹਨ। ਜਿਹੜੀਆਂ ਪੰਚਾਇਤਾਂ ਲੋਕ ਮਸਲਿਆਂ ਦੇ ਹੱਲ ਲਈ ਸਨ, ਇਹੋ ਪੰਚਾਇਤਾਂ ਲੋਕ ਸਮੱਸਿਆਵਾਂ ਦੇ ਵਾਧੇ ਦਾ ਕਾਰਨ ਬਣੀਆ ਹਨ। ਪੰਚਾਇਤਾਂ, ਜਿਹਨਾ ਨੇ ਲੋਕਤੰਤਰ ਨੂੰ ਮੋਢਾ ਦੇ ਕੇ ਥੰਮਿਆ ਹੋਇਆ ਸੀ, ਉਹ ਆਪ ਕਈ ਜੰਜਾਲਾਂ 'ਚ ਫਸੀਆ ਹਨ। ਚਾਹੇ ਇਹ ਜੰਜਾਲ ਵਿੱਤੀ ਸੰਕਟ ਹੋਵੇ ਜਾਂ ਧੜੇਬੰਦੀ, ਸਿਆਸੀ ਦਖਲਅੰਦਾਜੀ ਜਾਂ ਰੂੜੀਵਾਦੀ ਸੋਚ, ਅਨਪੜਤਾ ਜਾਂ ਜਾਤੀਵਾਦ ਦਾ ਅਸਰ ਹੋਵੇ। ਪਰ ਇਸ ਸਭ ਕੁਝ ਦੇ ਬਾਵਜੂਦ ਦੇਸ਼ ਵਿੱਚ ਪੰਚਾਇਤਾਂ ਦਾ ਹੋਰ ਕੋਈ ਬਦਲ ਵੀ ਨਹੀਂ ਹੈ ।

ਇਸੇ ਕਰਕੇ ਪੰਚਾਇਤ ਪ੍ਰਬੰਧਨ ਅਤੇ ਪੇਂਡੂ ਵਿਕਾਸ, ਦੀ ਗਤੀਸ਼ੀਲਤਾ ਲਈ ਦੇਸ਼ ਦੀ ਅਜ਼ਾਦੀ ਉਪਰੰਤ ਕਈ ਯਤਨ ਹੋਏ। ਨਵੀਆਂ ਨੀਤੀਆਂ ਘੜੀਆਂ ਗਈਆਂ। ਪੇਂਡੂ ਵਿਕਾਸ ਲਈ ਵੱਖਰੀਆਂ ਸਕੀਮਾਂ ਬਣਾਈਆਂ ਗਈਆਂ। ਬਲਵੰਤ ਰਾਏ ਮਹਿਤਾ ਕਮੇਟੀ ਦਾ ਗਠਨ, ਅਜ਼ਾਦੀ ਉਪਰੰਤ ਪਿੰਡਾਂ ਦੇ ਵਿਕਾਸ ਲਈ ਰੂਪ ਰੇਖਾ ਤਿਆਰ ਕਰਨ ਦਾ ਅਰੰਭ ਸੀ। ਪੰਚਾਇਤਾਂ ਨੂੰ ਵੱਧ ਅਧਿਕਾਰ ਮਿਲਣ, ਪੰਚਾਇਤਾਂ ਵਿੱਤੀ ਤੌਰ ਤੇ ਸੰਪਨ ਹੋਣ, ਪਿੰਡਾਂ ਦਾ ਪ੍ਰਸ਼ਾਸਨ ਮਜ਼ਬੂਤ ਹੋਵੇ ਅਤੇ ਉਹ ਇਕ ਸਥਾਨਕ ਸਰਕਾਰ ਵਜੋਂ ਕੰਮ ਕਰ ਸਕਣ, ਇਸ ਸੋਚ ਨੂੰ ਲੈਕੇ ਸਮੇਂ-ਸਮੇਂ ਸਰਕਾਰਾਂ ਦੇ ਯਤਨ ਭਾਵੇਂ ਛੁਟਿਆਏ ਨਹੀਂ ਜਾ ਸਕਦੇ ਪਰ ਪੇਂਡੂ ਵਿਕਾਸ ਦੀ ਜਿਹੜੀ ਗੂੜ੍ਹੀ ਛਾਪ ਦਿਖਣੀ ਚਾਹੀਦੀ ਸੀ, ਉਹ ਕਦੇ ਵੀ ਦਿਖ ਨਹੀਂ ਸਕੀ।

ਪਰ ਇੱਕ ਗੱਲ ਸਾਫ ਹੈ ਕਿ ਪੇਂਡੂ ਸੁਚੱਜੇ ਪ੍ਰਬੰਧਨ, ਪਿੰਡਾਂ ਦੇ ਲੋਕਾਂ ਦੇ ਅਧਿਕਾਰ ਨੂੰ ਯਕੀਨੀ ਬਨਾਉਣ ਲਈ 1997 ਦਾ ਨਾਗਰਿਕ ਘੋਸ਼ਣਾ ਪੱਤਰ (ਜਿਸ ਦਾ ਉਦੇਸ਼ ਸਰਵਜਨਕ ਸੇਵਾਵਾਂ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਲਿਆਉਣਾ ਸੀ।), 2005 ਦਾ ਸੂਚਨਾ ਅਧਿਕਾਰ, 2006 ਦੀ ਈ - ਗਵਰਨੈਂਸ ਯੋਜਨਾ ਪੇਂਡੂ ਸੁਸ਼ਾਸ਼ਨ ਨੂੰ ਸਹੀ ਦਿਸ਼ਾ ਦੇਣ ਅਤੇ ਤਾਕਤ ਦੇਣ ਲਈ ਬਣਾਈਆਂ ਗਈਆਂ । ਇਹਨਾ ਦੇ ਪ੍ਰਭਾਵ ਨੇ ਪਿੰਡ ਪੰਚਾਇਤਾਂ ਦੀ ਦਿੱਖ ਸੁਧਾਰੀ ਵੀ। ਸੰਵਿਧਾਨ ਦੀ 73ਵੀਂ ਸੋਧ ਨਾਲ ਪਿੰਡਾਂ ਦੀਆਂ ਪੰਚਾਇਤਾਂ ਨੂੰ ਵਧੇਰੇ ਅਧਿਕਾਰ ਦਿੱਤੇ ਜਾਣੇ ਪਾਸ ਕੀਤੇ ਗਏ। ਕੁੱਝ ਕੁ ਸੂਬਿਆਂ 'ਚ ਇਸ ਸੋਧ ਦੇ ਅਧੀਨ ਕੰਮ ਵੀ ਆਰੰਭ ਹੋਇਆ। ਇਹਨਾਂ ਦਿੱਤੇ ਅਧਿਕਾਰਾਂ 'ਚ ਸੂਬੇ ਭਰ ਦੇ 29 ਮਹਿਕਮਿਆਂ ਦੇ ਕੰਮ ਕਾਰ ਦੀ ਨਿਗਰਾਨੀ ਪੰਚਾਇਤਾਂ ਨੂੰ ਸੌਂਪੀ ਗਈ। ਪਰ ਇਸ ਸੋਧ ਨੂੰ ਅਮਲੀ ਤੌਰ 'ਤੇ ਨਾ ਸੂਬਿਆਂ ਦੇ ਉੱਚ ਪ੍ਰਸ਼ਾਸਨ ਨੇ ਪ੍ਰਵਾਨ ਕੀਤਾ ਅਤੇ ਨਾ ਹੀ ਸਿਆਸਤਦਾਨਾਂ ਨੇ।

ਸਿੱਟੇ ਵਜੋਂ ਜ਼ਿਲਿਆਂ 'ਚ ਬਣੀ ਸਥਾਨਕ ਸਰਕਾਰ ਜ਼ਿਲ੍ਹਾ ਪ੍ਰੀਸ਼ਦ, ਬਲਾਕਾਂ 'ਚ ਬਣੀ ਬਲਾਕ ਸੰਮਤੀ ਪੰਗੂ ਬਣਾ ਕੇ ਰੱਖ ਦਿੱਤੀ ਗਈ। ਕਿਉਂਕਿ ਸਾਰੀਆਂ ਕਾਰਜਕਾਰੀ ਸ਼ਕਤੀਆਂ ਸਰਕਾਰੀ ਨਿਯਮ ਬਣਾ ਕੇ, ਪ੍ਰਾਸ਼ਾਸ਼ਨ ਦੇ ਸਪੁਰਦ ਕਰ ਦਿੱਤੀਆਂ ਗਈਆਂ।

ਇਸ ਸੋਧ ਅਧੀਨ ਪੰਚਾਇਤੀ ਸੰਸਥਾਵਾਂ ਵਿੱਚ ਔਰਤਾਂ ਲਈ ਇਕ ਤਿਹਾਈ ਰਾਖਵਾਂਕਰਨ ਕੀਤਾ ਗਿਆ। ਜੋ ਹੁਣ 50 ਫੀਸਦੀ ਹੈ। ਇਹ ਆਪਣੇ ਆਪ ਵਿੱਚ ਪਿਛਲੇ ਤਿੰਨ ਦਹਾਕਿਆਂ 'ਚ ਵੱਡਾ ਬਦਲਾਅ ਸੀ। ਇਸ ਨਾਲ ਗਿਨਾਤਮਕ ਤੌਰ 'ਤੇ ਔਰਤਾਂ ਦੀ ਹਿੱਸੇਦਾਰੀ ਵਧੀ। ਪਰ ਜ਼ਮੀਨੀ ਪੱਧਰ 'ਤੇ ਜੇਕਰ ਦੇਖਿਆ ਜਾਵੇ ਤਾਂ ਇਹ ਬਦਲਾਅ ਪੁਰਸ਼ ਪ੍ਰਧਾਨ ਸਮਾਜ 'ਚ ਉਹ ਸਿੱਟੇ ਨਹੀਂ ਕੱਢ ਸਕਿਆ ਜੋ ਇਸ ਤਬਦੀਲੀ ਨਾਲ ਪਿੰਡਾਂ 'ਚ ਹੋਣੇ ਸਨ। ਉਹ ਬਰਾਬਰੀ, ਜਿਹੜੀ ਔਰਤਾਂ ਨੂੰ ਮਿਲਣੀ ਚਾਹੀਦੀ ਹੈ, ਸਮਾਜ 'ਚ ਨਹੀਂ ਮਿਲ ਸਕੀ ਅਤੇ ਪ੍ਰਬੰਧਨ ਵਿੱਚ ਵੀ ਉਹਨਾਂ ਦੀ ਭਾਗੀਦਾਰੀ ਯਕੀਨੀ ਨਹੀਂ ਹੋ ਸਕੀ। ਇਸ ਦਾ ਇਕ ਕਾਰਨ ਪੇਂਡੂ ਖੇਤਰ 'ਚ ਫੈਲੀ ਅਨਪੜ੍ਹਤਾ ਵੀ ਹੈ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਦੇਸ਼ ਦਾ ਹਰ ਚੋਥਾ ਵਿਅਕਤੀ ਅਨਪੜ੍ਹ ਹੈ। ਅਨਪੜ੍ਹ ਔਰਤਾਂ ਦੀ ਗਿਣਤੀ ਵੱਧ ਹੈ ਅਤੇ ਪੇਂਡੂ ਖੇਤਰ 'ਚ ਤਾਂ ਇਹ ਅਨਪੜ੍ਹਤਾ ਖਾਸ ਕਰਕੇ ਔਰਤਾਂ 'ਚ ਵੱਧ ਹੈ।

ਭਾਰਤ ਸਰਕਾਰ ਦੇ 2025-26 ਦੇ ਬਜਟ ਵਿੱਚ ਪੇਂਡੂ ਵਿਕਾਸ ਨੂੰ ਰਫ਼ਤਾਰ ਦੇਣ ਲਈ ਕੁੱਝ ਯੋਜਨਾਵਾਂ ਉਲੀਕੀਆਂ ਗਈਆਂ ਹਨ, ਜਿਹਨਾਂ ਵਿੱਚ 2028 ਤੱਕ ਜਲ ਜੀਵਨ ਮਿਸ਼ਨ, ਬ੍ਰਾਡਬੈਂਡ ਸੁਵਿਧਾ ਦੇਣਾ ਵਿਸ਼ੇਸ਼ ਤੌਰ 'ਤੇ ਮਿਥਿਆ ਗਿਆ ਹੈ। ਇਹਨਾਂ ਯੋਜਨਾਵਾਂ 'ਚ ਪੇਂਡੂ ਔਰਤਾਂ, ਕਿਸਾਨਾਂ, ਹਾਸ਼ੀਏ ਤੇ ਪਏ ਭਾਈਚਾਰਿਆਂ ਅਤੇ ਭੂਮੀਹੀਣ ਪਰਿਵਾਰਾਂ ਨੂੰ ਰੁਜ਼ਗਾਰ ਦੀ ਪ੍ਰਾਪਤੀ ਦੇਣਾ ਸ਼ਾਮਲ ਹੈ। ਫ਼ਸਲ ਬੀਮਾ ਯੋਜਨਾ, ਰਾਸ਼ਟਰੀ ਗਵਰਨੈਂਸ ਕਾਰਜ ਅਧੀਨ ਖਾਸ ਤੌਰ 'ਤੇ ਪਿੰਡਾਂ 'ਚ ਸੇਵਾਵਾਂ ਦੇਣੀਆਂ ਮਿੱਥੀਆਂ ਗਈਆਂ, ਪਰ ਅਨਪੜਤਾ ਅਤੇ ਹੱਕਾਂ ਪ੍ਰਤੀ ਅਗਿਆਨਤਾ ਕਾਰਨ ਇਹ ਪੇਂਡੂ ਲੋਕਾਂ ਤੱਕ ਪੁੱਜ ਨਹੀਂ ਰਹੀਆਂ।

ਪਰ ਇਸ ਸਭ ਕੁਝ ਤੋਂ ਵੀ ਵੱਡਾ ਸਵਾਲ ਇਹ ਪੈਦਾ ਹੋ ਰਿਹਾ ਹੈ ਕਿ ਕੀ ਪਿੰਡਾਂ ਦੇ ਲੋਕ ਅਜ਼ਾਦੀ ਉਪਰੰਤ ਡਰ ਰਹਿਤ ਹੋਏ ਹਨ? ਆਪਣੀ ਤਾਕਤ ਦੀ ਪਛਾਣ ਕਰ ਸਕੇ ਹਨ? ਕੀ ਉਹਨਾ ਵਿੱਚ ਹੌਸਲਾ ਪੈਦਾ ਹੋਇਆ ਜਾਂ ਵਧਿਆ ਹੈ? ਕੀ ਉਹ ਮਾਨਸਿਕ ਤੌਰ 'ਤੇ ਦੇਸ਼ ਭਾਰਤ ਦੇ ਵਸਨੀਕ ਹੁੰਦਿਆਂ ਆਪਣੇ ਹੱਕਾਂ, ਫ਼ਰਜ਼ਾਂ ਪ੍ਰਤੀ ਜਾਗਰੂਕ ਹੋਏ ਹਨ? ਜਾਂ ਕੀ ਉਹ ਸਿਰਫ਼ ਅਫ਼ਸਰਾਂ, ਸਿਆਸਤਦਾਨਾਂ ਜਾਂ ਕੰਮ ਕਰਾਉਣ ਵਾਲੇ ਬਚੋਲਿਆਂ 'ਤੇ ਹੀ ਨਿਰਭਰ ਹਨ? ਕਿਉਂਕਿ ਸਿਆਸੀ ਧਿਰ ਪਿੰਡਾਂ ਦੇ ਲੋਕਾਂ ਦੀਆਂ ਵੋਟਾਂ ਤਾਂ ਚਾਹੁੰਦੀ ਹੈ, ਪਰ ਉਹਨਾ ਨੂੰ ਸੰਵਿਧਾਨ 'ਚ ਮਿਲੇ ਅਧਿਕਾਰ ਦੇਣ ਤੋਂ ਕੰਨੀ ਕਤਰਾਉਂਦੀਆਂ ਹਨ।

ਪਿਛਲੀ ਪੌਣੀ ਸਦੀ ਇਸ ਗੱਲ ਦੀ ਗਵਾਹ ਹੈ ਕਿ ਆਜ਼ਾਦੀ ਦੇ ਬਾਅਦ, ਜੇਕਰ ਸਭ ਤੋਂ ਵੱਧ ਪੀੜਤ ਹਨ ਤਾਂ ਉਹ ਪੇਂਡੂ ਹਨ। ਜੇਕਰ ਸਭ ਤੋਂ ਵੱਧ ਦੇਸ਼ ਦੀ ਅਬਾਦੀ ਦੇ ਵੱਡੇ ਹਿੱਸੇ ਨੂੰ ਗੁੰਮਰਾਹ ਕੀਤਾ ਗਿਆ ਹੈ ਤਾਂ ਉਹ ਪੇਂਡੂ ਹਨ? ਜੇਕਰ ਸਭ ਤੋਂ ਵੱਧ ਦੇਸ਼ ਦੀ ਵੱਡੀ ਅਬਾਦੀ ਨਾਲ ਵਿਤਕਰਾ ਕੀਤਾ ਗਿਆ ਹੈ ਤਾਂ ਉਹ ਪੇਂਡੂ ਹਨ। ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਦਾ ਵਿਕਾਸ ਇਸ ਗੱਲ ਦਾ ਵੱਡਾ ਸਬੂਤ ਹੈ।

ਬੁਨਿਆਦੀ ਢਾਂਚੇ ਦੀ ਉਸਾਰੀ ਜਿੰਨੀ ਸ਼ਹਿਰਾਂ 'ਚ ਹੋਈ ਪਿੰਡਾਂ 'ਚ ਨਹੀਂ ਹੋਈ। ਵੱਡੇ ਹਸਪਤਾਲ, ਵੱਡੇ ਦਫ਼ਤਰ, ਵੱਡੇ ਸਕੂਲ, ਕਾਲਜ, ਯੂਨੀਵਰਸਿਟੀਆਂ ਪਿੰਡਾਂ 'ਚ ਕਿੰਨੇ ਹਨ? ਕਿੰਨੇ ਪੇਂਡੂ ਲੋਕਾਂ ਦੀ ਵੱਡੇ ਹਸਪਤਾਲਾਂ, ਕਾਲਜਾਂ , ਯੂਨੀਵਰਸਿਟੀਆਂ ਤੱਕ ਪਹੁੰਚ ਹੈ? ਜਾਂ ਕਿੰਨੇ ਪੇਂਡੂਆਂ ਲਈ ਇਹ ਸਹੂਲਤਾਂ ਖੁਲ੍ਹੀਆਂ ਹਨ?

ਬਾਵਜੂਦ ਇਸ ਦੇ ਕਿ ਦੇਸ਼ ਦੀ ਵੱਡੀ ਅਬਾਦੀ ਪੇਂਡੂ ਹੈ। ਪਿੰਡਾਂ ਵਿੱਚ ਜੀਵਨ ਲਈ ਲੋੜੀਂਦੀਆਂ ਘੱਟੋ-ਘੱਟ ਸਹੂਲਤਾਂ ਦੀ ਘਾਟ ਹੈ। ਸਾਫ਼ ਪਾਣੀ ਦੀ ਉਪਲੱਬਧਤਾ ਨਹੀਂ, ਆਵਾਜਾਈ ਦੇ ਸਾਧਨ ਨਹੀਂ, ਸਕੂਲਾਂ ਦੀ ਘਾਟ ਹੈ, ਸਿਹਤ ਸਹੂਲਤਾਂ ਨਾਂਹ ਦੇ ਬਰਾਬਰ ਹਨ। ਇਹੋ ਸਭੋ ਕੁਝ ਸੁਧਾਰਨ ਲਈ ਪਿੰਡਾਂ ਦੇ ਵਿਕਾਸ ਦੀ ਲੋੜ ਸੀ। ਪੇਂਡੂ ਲੋਕਾਂ ਨੂੰ ਹੱਕ ਪ੍ਰਦਾਨ ਕਰਨ ਲਈ, ਸਥਾਨਕ ਲੋੜਾਂ ਦੇ ਪ੍ਰਬੰਧ ਲਈ ਸਥਾਨਕ ਸਰਕਾਰਾਂ, ਜਿਹਨਾ ਕੋਲ ਆਪਣੇ ਅਧਿਕਾਰ ਹੋਣ ਦੀ, ਅਤਿਅੰਤ ਲੋੜ ਸੀ। ਹਾਕਮਾਂ, ਸਿਆਸਤਦਾਨਾਂ ਨੇ ਇਹ ਲੋੜ ਮਹਿਸੂਸ ਵੀ ਕੀਤੀ । ਪੇਂਡੂ ਲੋਕਾਂ ਨੂੰ ਨਿੱਤ ਨਵੀਆਂ ਸਕੀਮਾਂ ਘੜਕੇ ਸੁਪਨੇ ਵੀ ਨਵੇਂ ਵਿਖਾਵੇ। ਪਰ ਅਸਲ 'ਚ ਸਥਾਨਕ ਪ੍ਰਬੰਧ ਜੋ ਚੁਣੇ ਹੋਏ ਲੋਕ ਨੁਮਾਇੰਦਿਆਂ ਨੂੰ ਦਿੱਤਾ ਜਾਣਾ ਬਣਦਾ ਸੀ, ਉਸ ਤੋਂ ਪੇਂਡੂ ਲੋਕਾਂ ਨੂੰ ਹੁਣ ਤੱਕ ਵੀ ਵਿਰਵੇ ਰੱਖਿਆ ਗਿਆ ਹੈ, ਕੋਹਾਂ ਦੂਰ ਰੱਖਿਆ ਗਿਆ। ਕਹਿਣ ਨੂੰ ਤਾਂ ਪੇਂਡੂ ਸੰਸਥਾਵਾਂ ਦੀਆਂ ਚੋਣਾਂ ਹੁੰਦੀਆਂ ਹਨ, ਉਹਨਾ ਨੂੰ ਵਧੇਰੇ ਅਹਿਮੀਅਤ ਦੇਣ ਦੀ ਗੱਲ ਵੀ ਹੁੰਦੀ ਹੈ, ਪਰ ਇਹ ਸਿਆਸਤ ਦੀ ਭੇਂਟ ਚੜ੍ਹਦੀਆਂ ਹਨ।

ਭਾਰਤ ਵਿੱਚ ਪੰਚਾਇਤਾਂ ਦਾ ਕੰਮ ਪੂਰੀ ਤਰ੍ਹਾਂ ਸਫ਼ਲ ਨਹੀਂ ਹੋਇਆ। ਪੰਚਾਇਤਾਂ ਦੀ ਫੰਡਾਂ ਲਈ ਕੇਂਦਰ ਅਤੇ ਰਾਜ ਸਰਕਾਰਾਂ 'ਤੇ ਬਹੁਤ ਜ਼ਿਆਦਾ ਨਿਰਭਰਤਾ ਹੈ। ਉਹਨਾ ਕੋਲ ਆਪਣੀ ਕਮਾਈ ਦੇ ਸਾਧਨ ਨਹੀਂ ਹਨ। ਉਹਨਾ ਨੂੰ ਖ਼ੁਦਮੁਖ਼ਤਿਆਰ ਹੋਣ ਦਾ ਹੱਕ ਵੀ ਨਹੀਂ ਹੈ।

ਉਂਜ ਵੀ ਕਿਉਂਕਿ ਪੰਚਾਇਤ ਨੁਮਾਇੰਦਿਆਂ ਕੋਲ ਪ੍ਰਾਸ਼ਾਸ਼ਨਿਕ ਕੰਮ, ਬਜ਼ਟ ਪ੍ਰਬੰਧਨ, ਯੋਜਨਾਬੰਦੀ ਲਈ ਸਿਖਲਾਈ ਅਤੇ ਸਮਰੱਥਾ ਦੀ ਘਾਟ ਹੁੰਦੀ ਹੈ, ਇਸ ਕਾਰਨ ਪ੍ਰੋਗਰਾਮਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ 'ਚ ਔਖਿਆਈ ਆਉਂਦੀ ਹੈ। ਸੰਵਿਧਾਨ ਦੀ 73ਵੀਂ ਸੋਧ ਅਨੁਸਾਰ ਪਿੰਡ ਦੀ ਗ੍ਰਾਮ ਸਭਾ (ਯਾਨੀ ਪਿੰਡ ਦੇ ਵੋਟਰਾਂ ਦੀ ਸਭਾ) ਪੰਚਾਇਤੀ ਰਾਜ ਪ੍ਰਣਾਲੀ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਦਿੱਤੀ ਗਈ ਹੈ, ਪਰ ਅਮਲੀ ਰੂਪ ਵਿੱਚ ਇਸਦੀ ਭਾਗੀਦਾਰੀ ਬਹੁਤ ਘੱਟ ਹੁੰਦੀ ਹੈ। ਇਹ ਸਿਸਟਮ ਵਿੱਚ ਜਵਾਬਦੇਹੀ ਦੀ ਕਮੀ ਦਾ ਕਾਰਨ ਬਣਦਾ ਹੈ।

ਪਿੰਡਾਂ ਦੀਆਂ ਪੰਚਾਇਤਾਂ ਦੀ ਵਿਸ਼ੇਸ਼ ਭੂਮਿਕਾ ਲੋਕਤੰਤਰ ਨੂੰ ਸਭ ਤੋਂ ਹੇਠਲੇ ਪੱਧਰ 'ਤੇ ਮਜ਼ਬੂਤ ਕਰਨਾ ਅਤੇ ਪਿੰਡਾਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਨੂੰ ਅੱਗੇ ਵਧਾਉਣਾ ਹੈ। ਪਰ ਅਸਲ ਅਰਥਾਂ ਵਿੱਚ ਪੰਚਾਇਤੀ ਤੰਤਰ ਨੂੰ ਸਿਆਸੀ-ਪ੍ਰਸ਼ਾਸ਼ਨਿਕ ਪ੍ਰਛਾਵੇਂ ਨੇ ਆਪਣੇ ਅਸਲ ਕੰਮ ਕਰਨੋਂ ਰੋਕ ਰੱਖਿਆ ਹੈ ਅਤੇ ਸਿਆਸਤ ਨੇ ਪੰਚਾਇਤੀ ਸੰਸਥਾਵਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰ ਲਿਆ ਹੈ। ਜਿਸ ਨਾਲ ਦੇਸ਼ 'ਚ ਲੋਕਤੰਤਰ ਦੀ ਦੁਰਗਤ ਹੋ ਰਹੀ ਹੈ। ਦੇਸ਼ ਦੀਆਂ ਬਾਕੀ ਖ਼ੁਦਮੁਖ਼ਤਿਆਰ ਸੰਸਥਾਵਾਂ ਨੂੰ ਜਿਵੇਂ ਸ਼ਕਤੀਹੀਣ ਕੀਤਾ ਜਾ ਰਿਹਾ ਹੈ, ਉਹੋ ਕਿਸਮ ਦਾ ਹਾਲ ਹਾਕਮ ਧਿਰਾਂ ਪੰਚਾਇਤਾਂ ਦਾ ਕਰ ਰਹੀਆਂ ਹਨ। ਭਾਵ ਸ਼ਕਤੀਆਂ ਦਾ ਕੇਂਦਰੀਕਰਨ ਕਰਕੇ ਇਹਨਾ ਸੰਸਥਾਵਾਂ ਨੂੰ ਰੂਹ-ਹੀਣ ਕੀਤਾ ਜਾ ਰਿਹਾ ਹੈ।


ਭਾਰਤੀ ਸੰਵਿਧਾਨ ਅਨੁਸਾਰ ਸਥਾਨਕ ਸਰਕਾਰਾਂ ਦਾ ਰੁਤਬਾ ਦੇਸ਼ ਦੀ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਵਰਗਾ ਹੈ। ਸਥਾਨਕ ਸਰਕਾਰ ਦੀ ਆਪਣੀ ਖ਼ੁਦਮੁਖ਼ਤਿਆਰ ਹੋਂਦ ਹੈ। ਪਰ ਜਦੋਂ ਤੋਂ ਸਥਾਨਕ ਸਰਕਾਰਾਂ ਕੇਂਦਰ ਤੇ ਸੂਬਾਈ ਸਰਕਾਰਾਂ ਦੀ ਵਿੱਤੀ ਸਹਾਇਤਾ ਉਤੇ ਨਿਰਭਰ ਕਰ ਦਿੱਤੀਆਂ ਗਈਆਂ, ਇਹਨਾ ਦੀ ਖ਼ੁਦਮੁਖ਼ਤਿਆਰ ਸੋਚ ਤੇ ਹੋਂਦ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ।

ਕਹਿਣ ਲਈ ਤਾਂ ਪੇਂਡੂ ਵੋਟਰਾਂ ਦੀ ਸਭਾ, (ਗ੍ਰਾਮ ਸਭਾ) ਜਾਂ ਚੁਣੀਆਂ ਗਈਆਂ ਪੇਂਡੂ ਪੰਚਾਇਤਾਂ ਦੇ ਅਧਿਕਾਰ ਵੱਡੇ ਹਨ, ਪਰ ਇਹ ਅਧਿਕਾਰ ਅਮਲੀ ਤੌਰ 'ਤੇ ਪੰਛੀ ਦੇ ਖੰਭਾਂ ਵਾਂਗਰ ਨੋਚੇ ਜਾ ਚੁੱਕੇ ਹਨ। ਨਿਆਂ ਸੰਬੰਧੀ ਅਤੇ ਵਿਕਾਸ ਸੰਬੰਧੀ ਅਧਿਕਾਰ, ਚੁਣੀਆਂ ਪੰਚਾਇਤਾਂ, ਜਿਲਾ ਪ੍ਰੀਸ਼ਦਾਂ, ਬਲਾਕ ਸੰਮਤੀਆਂ ਲਈ ਬਣਾਏ ਐਕਟਾਂ 'ਚ ਐਡੇ ਵੱਡੇ ਹਨ, ਤਾਂ ਇਵੇਂ ਲੱਗਦਾ ਹੈ ਕਿ ਚੁਣੀਆਂ ਪੇਂਡੂ ਪੰਚਾਇਤਾਂ ਅਤੇ ਹੋਰ ਪੰਚਾਇਤੀ ਸੰਸਥਾਵਾਂ ਅਧਿਕਾਰਾਂ ਅਤੇ ਧੰਨ ਨਾਲ ਮਾਲਾ-ਮਾਲ ਹਨ, ਪਰ ਅਸਲ ਅਰਥਾਂ 'ਚ ਉਹ ਪੰਚਾਇਤ ਫੰਡਾਂ 'ਚੋਂ ਸਰਕਾਰੀ ਕਰਮਚਾਰੀਆਂ, ਅਧਿਕਾਰੀਆਂ ਤੋਂ ਬਿਨ੍ਹਾਂ ਇੱਕ ਦੁਆਨੀ (ਪੈਸਾ) ਵੀ ਕਿਸੇ ਆਪਣੇ ਬਣਾਏ ਪ੍ਰਾਜੈਕਟ ਉਤੇ ਖਰਚਣ ਦਾ ਹੱਕ ਵੀ ਨਹੀਂ ਰੱਖਦੀਆਂ।

# ਆਰ. ਐਸ. ਐਸ. ਸਿੱਖ ਯੂਨੀਵਰਸਿਟੀਆਂ ਰਾਹੀਂ ਸਿੱਖੀ ਧਰਮ ਦੀ ਵਿਲੱਖਣ ਹੋਂਦ ਹਸਤੀ ਨੂੰ ਖ਼ਤਮ ਕਰਨਾ ਚਾਹੁੰਦੀ ਹੈ

## ਸਿੱਖ ਧਰਮ ਦਾ ਹਿੰਦੂਕਰਨ ਕਰਨ ਵਾਲੇ ਮਨਮੁੱਖ ਸਿੱਖ ਵਿਦਵਾਨਾਂ ਤੇ ਸਿੱਖ ਨੇਤਾਵਾਂ ਨੂੰ ਦਰਗਾਹ ਵਿੱਚ ਢੋਈ ਨਹੀਂ ਮਿਲੇਗੀ !

ਲੇਖਕ – ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



**ਸੱਚ ਅਤੇ ਸਿੱਖੀ ਦੀ ਪਕੜ ਜਿਨ੍ਹਾਂ ਨੇ ਤਿਆਗ ਦਿੱਤੀ ਹੈ ਅਤੇ ਉਨ੍ਹਾਂ ਦੀਆਂ ਅੱਖਾਂ ਉਸ ਪਾਸੇ ਲੱਗੀਆਂ ਹੋਈਆਂ ਹਨ, ਜਿਥੋਂ ਉਨ੍ਹਾਂ ਨੂੰ ਉਚੇਰੇ ਪਦ ਅਤੇ ਵਧੇਰੇ ਵਿੱਤ ਲਾਭ ਪ੍ਰਾਪਤ ਹੋਣ ਦੀ ਸੰਭਾਵਨਾ ਹੈ (ਨੋਟ-ਵੀ ਸੀ ਡਾ: ਕਰਮਜੀਤ ਸਿੰਘ ਵੀ ਉਨ੍ਹਾਂ ਵਿੱਚੋਂ ਇਕ ਹੈ) ਅਸਾਡੀਆਂ ਸਿੱਖ ਯੂਨੀਵਰਸਿਟੀਆਂ ਦੇ ਕਈ ਬੁੱਧੀਜੀਵੀਆਂ ਦਾ ਮੁੱਖ ਪ੍ਰੋਗਰਾਮ ਇਹੋ ਦਿੱਸਦਾ ਹੈ ਕਿ ਸਿੱਖੀ, ਸਿੱਖ ਇਤਿਹਾਸ ਤੇ ਸਿੱਖ ਪੰਥ ਦੀਆਂ ਜੜ੍ਹਾਂ ਹਿਲਾਈ ਜਾਉ, ਹਿਲਾਈ ਜਾਉ, ਜੱਬ ਲਗ ਘਟ ਮੇਂ ਪ੍ਰਾਣ । ਇਹ ਕਲਪ ਬਿਰਖ ਆਪੇ ਜਰਜਰਾ ਹੋ ਕੇ ਡਿੱਗ ਪਵੇਗਾ ਅਤੇ ਹੋਰ ਲੋਕ ਇਸ ਦਾ ਬਾਲਣ ਤੇ ਸ਼ਤੀਰੀਆਂ ਬਣਾ ਕੇ ਵਰਤ ਲੈਣਗੇ ਅਤੇ ਤਦ ਇਨ੍ਹਾਂ ਲਾਲਚੀ ਬੁੱਧੀਜੀਵੀਆਂ ਦੀ ਘਾਲ ਥਾਇ ਪਵੇਗੀ ।**



**ਡਾ: ਕਰਮਜੀਤ ਸਿੰਘ**

14-8-2025 ਪੰਜਾਬ ਟਾਈਮਜ਼ ਯੂ.ਕੇ. ਦੇ ਅੰਕ 3092 ਦੇ ਸਫ਼ਾ 9 ਉੱਤੇ ਖ਼ਬਰ ਛੱਪੀ: ਆਰ. ਐਸ. ਐਸ. ਮੁਖੀ ਦੀ ਹਾਜ਼ਰੀ ਵਿੱਚ ਜੀ. ਐਨ. ਡੀ. ਯੂ. ਵੀ. ਸੀ. ਨੇ ਗੁਰੂ ਗ੍ਰੰਥ ਸਾਹਿਬ ਨੂੰ ਵੇਦਾਂ ਨਾਲ ਜੋੜਿਆ, ਇਸ ਖ਼ਬਰ ਦਾ ਸਾਰ-ਅੰਸ਼ ਹੈ ਕਿ: ਅੰਮ੍ਰਿਤਾ ਯੂਨੀਵਰਸਿਟੀ ਕੋਚੀ ਵੱਲੋਂ ਕਰਵਾਏ ਗਏ ਸਮਾਗਮ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ: ਕਰਮਜੀਤ ਸਿੰਘ ਨੇ ਆਪਣੇ ਬਿਆਨ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਰਿੱਗਵੇਦ ਨਾਲ ਜੋੜਨ ਦੀ ਗੱਲ ਕੀਤੀ, ਜਿਸ ਨੇ ਸਿੱਖ ਧਰਮ ਦੀ ਵਿਲੱਖਣਤਾ 'ਤੇ ਸੁਆਲ ਖੜ੍ਹੇ ਕੀਤੇ ਹਨ। ਸਿੱਖ ਮਾਹਿਰਾਂ ਮੁਤਾਬਕ ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਦੇਵ ਜੀ ਦੇ ਫਲਸਫੇ 'ਤੇ ਟਿਕੀ ਹੈ ਜੋ ਵੈਦਿਕ ਪਰੰਪਰਾਵਾਂ ਤੋਂ ਵੱਖਰੀ ਅਤੇ ਸੁਤੰਤਰ ਹੈ। ਗੁਰੂ-ਪੱਖੀ ਪੰਥਕ ਵਿਦਵਾਨਾਂ ਦਾ ਇਹ ਵੀ ਮੰਨਣਾ ਹੈ ਕਿ: ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਨਾਨਕ ਸਾਹਿਬ ਜੀ ਦੀ ਜਾਣ ਪਹਿਚਾਣ ਅਨੁਸਾਰ ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ (ਗੁ: ਗ੍ਰੰ: ਸਾ:, ਪੰਨਾ 966) ਦੀ ਹਸਤੀ ਧਾਰੀ ਗੁਰੂ ਹੋਣ ਦੀ ਗੁਰਤਾ ਦੀ ਪ੍ਰਮਾਣਿਕਤਾ ਦਿੱਤੀ ਗਈ ਹੈ। ਜਿਨ੍ਹਾਂ ਦਾ ਦਾਇਰਾ ਸਿਰਫ਼ ਸਿੱਖ ਸਮਾਜ ਤੱਕ ਸੀਮਤ ਨਾ ਹੋ ਕੇ ਸੰਸਾਰ ਵਿਆਪਕ ਵਿਸ਼ਵਗੁਰੂ ਦੀ ਹਸਤੀ ਦਾ ਲਖਾਇਕ ਹੋ ਜਾਂਦਾ ਹੈ।

ਅਕਾਲੀ ਦਲ ਦੇ ਸ੍ਰਪਸਤ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਦੇ ਵਿੱਦਿਅਕ ਅਦਾਰਿਆਂ ਤੇ ਯੂਨੀਵਰਸਿਟੀਆਂ ਵਿੱਚ ਸਿੱਖੀ ਦੇ ਪੱਖ ਵਿੱਚ ਜਾਂਦੀ ਹਰ ਸਰਗਰਮੀ ਠੱਪ ਕਰਵਾ ਕੇ ਉਨ੍ਹਾਂ ਸਰਗਰਮੀਆਂ ਨੂੰ ਉਤਸ਼ਾਹਿਤ ਕੀਤਾ ਜਿਹੜੀਆਂ ਸਿੱਖੀ ਸਿਧਾਂਤਾਂ ਦੇ ਵਿਰੁੱਧ ਹੋਣ। ਇਸੇ ਯੋਜਨਾ ਤਹਿਤ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਗੁਰੂ ਨਾਨਕ ਯੂਨੀਵਰਸਿਟੀ (ਨੋਟ-ਇਸ ਯੂਨੀਵਰਸਿਟੀ ਦਾ ਪਹਿਲਾ ਨਾਂਅ ਗੁਰੂ ਨਾਨਕ ਯੂਨੀਵਰਸਿਟੀ ਹੀ ਸੀ, ਦੇਵ ਮਗਰੋਂ ਨਾਲ ਜੋੜਿਆ ਗਿਆ, ਭਾਵ ਇਸ ਦਾ ਨਾਂਅ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਰ ਦਿੱਤਾ ਗਿਆ) ਵਿੱਚ ਨਾਮਧਾਰੀਆਂ ਵੱਲੋਂ ਸਥਾਪਤ ਦੇਹ ਧਾਰੀ ਗੁਰੂ ਸਤਿਗੁਰੂ ਰਾਮ ਸਿੰਘ ਦੀ ਚੇਅਰ ਸਥਾਪਤ ਕਰ ਦਿੱਤੀ, ਜਿਸ ਦਾ ਅਰਥ ਹੈ ਸਤਿਗੁਰੂ ਰਾਮ ਸਿੰਘ, ਉਸ ਸਤਿਗੁਰੂ ਨਾਨਕ ਨਾਲੋਂ ਵੱਡਾ ਹੈ ਜਿਹੜਾ, ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ। ਜਿਉਂ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਨਾਮਧਾਰੀਆਂ ਦੀਆਂ ਵੋਟਾਂ ਲੈਣ ਖ਼ਾਤਰ ਗੁਰੂ ਨਾਨਕ ਯੂਨੀਵਰਸਿਟੀ ਵਿੱਚ ਸਤਿ-ਗੁਰ ਰਾਮ ਸਿੰਘ ਦੀ ਚੇਅਰ ਸਥਾਪਤ ਕਰ ਜੋ ਗੁਨਾਹ ਕੀਤਾ ਉਸ ਨੂੰ ਪੰਥ ਕਦੇ ਮੁਆਫ਼ ਨਹੀਂ ਕਰੇਗਾ। 9 ਅਕਤੂਬਰ 2017 ਨੂੰ ਯੈਸ ਪੰਜਾਬ ਨੇ ਇਹ ਖ਼ਬਰ ਛਾਪੀ ਸੀ ਕਿ: ਕੀ ਤੁਸੀਂ ਮੰਨ ਸਕਦੇ ਹੋ ਕਿ ਗੁਰੂ ਨਾਨਕ ਦੇਵ ਜੀ ਦੇ ਨਾਂਅ 'ਤੇ ਬਣੀ ਪੰਜਾਬ ਦੀ ਇਕੋ ਇਕ ਯੂਨੀਵਰਸਿਟੀ ਵਿੱਚ ਸਥਾਪਤ ਗੁਰੂ ਨਾਨਕ ਚੇਅਰ ਅਤੇ ਹੋਰ ਅਤਿ ਮਹੱਤਵਪੂਰਨ ਚੇਅਰਜ਼ ਲਈ ਤਾਂ ਪੰਜਾਬ ਸਰਕਾਰ ਵੱਲੋਂ ਫੰਡ ਰੋਕੇ ਹੋਏ ਹਨ, ਜਿਸ ਕਰਕੇ ਇਨ੍ਹਾਂ ਚੇਅਰਜ਼ ਤਹਿਤ ਖੋਜ ਕਾਰਜ ਪ੍ਰਭਾਵਿਤ ਹੋ ਰਹੇ ਹਨ ਜਦਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਤਿਗੁਰੂ ਰਾਮ ਸਿੰਘ ਚੇਅਰ ਲਈ ਨਿਰਵਿਘਨ ਫੰਡ ਮੁਹੱਈਆ ਕਰਾਏ ਜਾਂਦੇ ਹਨ ਜਿਨ੍ਹਾਂ ਨਾਲ ਪੰਜਾਬ ਵਿੱਚ ਗੁਰੂ ਡੰਮ ਬਹੁਤ ਤੇਜ਼ੀ ਨਾਲ ਪਸਰ ਰਿਹਾ ਹੈ।

ਸਿੱਖ ਸੱਭਿਆਚਾਰ ਅਤੇ ਸਿੱਖ ਸੱਭਿਅਤਾ ਦਾ ਘਾਣ ਕਰਨ ਲਈ ਸ਼੍ਰੋਮਣੀ ਕਮੇਟੀ ਵੀ ਪਿੱਛੇ ਨਹੀਂ ਰਹੀ। ਸ਼੍ਰੋਮਣੀ ਕਮੇਟੀ ਨੇ ਸਿੱਖ ਸੱਭਿਆਚਾਰ ਦਾ ਹੁਲੀਆ ਵਿਗਾੜਨ ਲਈ ਹਿੰਦੀ ਵਿੱਚ ਸਿੱਖ ਇਤਿਹਾਸ ਪੁਸਤਕ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਵੰਡੀ ਜਿਸ ਵਿੱਚ ਗੁਰੂ ਸਾਹਿਬਾਨ ਦੀ ਰੱਜ ਕੇ ਤੌਹੀਨ ਕੀਤੀ ਗਈ ਹੈ। 11-3-2010 ਪੰਜਾਬ ਟਾਈਮਜ਼ ਦੇ ਅੰਕ 2305 ਦੇ ਸਫ਼ਾ 56 ਉੱਤੇ ਹੇਠ ਲਿਖੇ ਅਨੁਸਾਰ ਖ਼ਬਰ ਛਪੀ ਸੀ ਕਿ: ਸ਼੍ਰੋਮਣੀ ਕਮੇਟੀ ਦੇ ਸਿੱਖ ਧਰਮ ਅਧਿਐਨ ਕੋਰਸ ਵਿੱਚ ਹਿੰਦੂ ਗ੍ਰੰਥਾਂ ਦਾ ਵਰਨਣ – ਡਾ: ਸਾਬਰ ਬਣਿਆ ਆਰ. ਐਸ. ਐਸ. ਦਾ ਹੱਥ ਠੋਕਾ। ਉਕਤ ਖ਼ਬਰ ਦਾ ਸਾਰ ਅੰਸ਼ ਹੈ: ਜੇਕਰ ਤੁਸੀਂ ਹਿੰਦੂ ਧਰਮ ਗ੍ਰੰਥਾਂ ਦਾ ਅਧਿਐਨ ਕਰਨਾ ਚਾਹੁੰਦੇ ਹੋ ਜਾਂ ਇਨ੍ਹਾਂ ਹਿੰਦੂ ਧਾਰਮਿਕ ਗ੍ਰੰਥਾਂ ਬਾਰੇ ਕਿਸੇ ਕਿਸਮ ਦੀ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਕਿਤੇ ਜਾਣ ਦੀ ਲੋੜ ਨਹੀਂ ਸਿਰਫ਼ ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਜਾ ਰਹੇ ਸਿੱਖ ਧਰਮ ਅਧਿਐਨ ਕੋਰਸ ਦੀ ਕਿਤਾਬ ਦਾ ਦੂਜਾ ਭਾਗ ਪੜ੍ਹੋ ਸਾਰੀ ਜਾਣਕਾਰੀ ਮਿਲ ਜਾਵੇਗੀ। ਸਿੱਖ ਵਿਦਵਾਨ ਡਾ: ਜਸਬੀਰ ਸਿੰਘ ਸਾਹਿਬ ਨੇ ਸਿੱਖ ਧਰਮ ਅਧਿਐਨ ਕੋਰਸ ਦੀਆਂ ਕਿਤਾਬਾਂ ਵਿੱਚ ਜੋ ਰੋਲ ਘਚੋਲਾ ਪਾਇਆ ਹੈ ਉਹ ਆਪਣੇ ਆਪ ਵਿੱਚ ਕਈ ਸ਼ੰਕੇ ਖੜ੍ਹਾ ਕਰਦਾ ਹੈ? ਡਾ: ਸਾਬਰ ਨੇ ਕਿਸੇ ਲੁਕਵੀਂ ਸਾਜ਼ਿਸ਼ ਤਹਿਤ ਸਿੱਖਾਂ ਦੀਆਂ ਇਤਿਹਾਸ ਵਿੱਚ ਹੋਈਆਂ ਵੱਡਮੁੱਲੀਆਂ ਕੁਰਬਾਨੀਆਂ ਨੂੰ ਦਰ ਕਿਨਾਰ ਕਰਕੇ ਸਿੱਧੇ ਹਿੰਦੂ ਧਰਮ ਦੇ ਇਤਿਹਾਸ, ਧਾਰਮਿਕ ਗ੍ਰੰਥਾਂ ਤੇ ਹਿੰਦੂ ਧਰਮ ਦੀ ਜਾਣਕਾਰੀ ਦੇਣ ਦੀ ਕੋਸ਼ਿਸ਼ ਅਰੰਭ ਕਰ ਦਿੱਤੀ। ਇਸ ਕਿਤਾਬ ਵਿੱਚ ਡਾ: ਸਾਬਰ ਨੇ ਰਿੱਗਵੇਦ, ਸਾਮਵੇਦ, ਯਜੁਰ ਵੇਦ ਤੇ ਅਥਰਵ ਵੇਦ ਦੇ 10 ਮੰਡਲਾਂ 1028 ਸੂਤਕਾਂ ਦੇ ਨਾਲ ਨਾਲ ਰਿੱਗਵੇਦ ਦੀਆਂ 10552 ਰਿਚਾਵਾਂ ਅਤੇ ਕੁੱਲ ਸ਼ਬਦਾਂ ਦੀ ਗਿਣਤੀ ਤੱਕ ਦਿੱਤੀ ਹੋਈ ਹੈ। ਇਸ ਤੋਂ ਇਲਾਵਾ ਸਿਮਰਤੀਆਂ ਭਗਵਤ ਗੀਤਾ ਅਤੇ ਯੋਗ ਗਿਆਨ ਦੀ ਜਾਣਕਾਰੀ ਦਿੱਤੀ ਹੋਈ ਹੈ। (ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਵੀ.ਸੀ. ਕਮਰ-ਜੀਤ ਸਿੰਘ ਨੇ ਕੋਈ ਨਵੀਂ ਪਿਰਤ ਨਹੀਂ ਪਾਈ, ਇਥੇ ਤਾਂ ਗੁਰੂ ਤੋਂ ਬੇ-ਮੁੱਖ ਸਿੱਖ ਵਿਦਵਾਨਾਂ ਨੇ ਪਹਿਲਾਂ ਹੀ ਕਾਅਬੇ ਵਿੱਚ ਕੁੱਫ਼ਰ ਤੋਲਿਆ ਹੋਇਆ ਹੈ)।

ਸਿਰਦਾਰ ਕਪੂਰ ਸਿੰਘ ਨੇ ਲਗਪਗ ਅੱਜ ਤੋਂ ਪੰਜਾਹ ਸਾਲ ਪਹਿਲਾਂ ਇਨ੍ਹਾਂ ਸ਼ਬਦਾਂ ਵਿੱਚ ਸਿੱਖੀ ਧਰਮ ਬਾਰੇ ਚਿੰਤਾ ਜ਼ਾਹਰ ਕੀਤੀ ਸੀ, ਜਿਹੜੇ ਅਸਾਡੇ ਪ੍ਰੋਫੈਸਰ ਪੀ.ਐਚ.ਡੀ., ਬੁੱਧੀਜੀਵੀ ਅਸਾਡੀਆਂ ਸਿੱਖ ਯੂਨੀਵਰਸਿਟੀਆਂ ਵਿੱਚ ਬੁੱਧੀ ਤੇ ਸਿੱਖੀ ਦੋਹਾਂ ਤੋਂ ਆਕੀ ਤੇ ਕਿਲਾਬੰਦ ਹੋਏ ਬੈਠੇ ਹਨ, ਉਨ੍ਹਾਂ ਕੋਲੋਂ ਇਹ ਆਸ ਰੱਖਣੀ ਦਿਨ-ਬ-ਦਿਨ ਕਠਿਨ ਭਾਸ ਰਹੀ ਕਿ ਉਹ ਆਪਣੇ ਨਿੱਜੀ ਸੁਆਰਥ ਤਿਆਗ ਕੇ, ਗੁਰੂ ਦਾ ਭਉ ਤੇ ਰੱਬ ਦਾ ਡਰ ਗ੍ਰਹਿਣ ਕਰਨਗੇ ਅਤੇ ਸਿੱਖੀ ਸਿਧਾਂਤਾਂ, ਤੇ ਸਿੱਖ ਇਤਿਹਾਸ ਅਤੇ ਗੁਰਬਾਣੀ ਨੂੰ ਗੰਧਲਾਉਣ ਦੇ ਯਤਨ ਤਿਆਗ ਦੇਣਗੇ। ਕਿਉਕਿ ਅਗਿਆਨੀ ਨੂੰ ਤਾਂ ਸਮਝਾਇਆ ਜਾ ਸਕਦਾ ਹੈ ਪਰ ਨਸ਼ਟਆਤਮਾ ਗਿਆਨੀ ਨੂੰ ਸਿੱਖਾਂ ਅਤੇ ਸਿੱਖੀ ਉੱਤੇ ਤਰਸ ਕਰਨ ਲਈ ਕਿਵੇਂ ਪ੍ਰੇਰਿਆ ਜਾ ਸਕਦਾ ਹੈ? ਸੱਚ ਅਤੇ ਸਿੱਖੀ ਦੀ ਪਕੜ ਜਿਨ੍ਹਾਂ ਨੇ ਤਿਆਗ ਦਿੱਤੀ ਹੈ ਅਤੇ ਉਨ੍ਹਾਂ ਦੀਆਂ ਅੱਖਾਂ ਉਸ ਪਾਸੇ ਲੱਗੀਆਂ ਹੋਈਆਂ ਹਨ, ਜਿਥੋਂ ਉਨ੍ਹਾਂ ਨੂੰ ਉਚੇਰੇ ਪਦ ਅਤੇ ਵਧੇਰੇ ਵਿੱਤ ਲਾਭ ਪ੍ਰਾਪਤ ਹੋਣ ਦੀ ਸੰਭਾਵਨਾ ਹੈ (ਨੋਟ-ਵੀ.ਸੀ. ਡਾ. ਕਰਮਜੀਤ ਸਿੰਘ ਵੀ ਉਨ੍ਹਾਂ ਵਿੱਚੋਂ ਇਕ ਹੈ) ਅਸਾਡੀਆਂ ਸਿੱਖ ਯੂਨੀਵਰਸਿਟੀਆਂ ਦੇ ਕਈ ਬੁੱਧੀਜੀਵੀਆਂ ਦਾ ਮੁੱਖ ਪ੍ਰੋਗਰਾਮ ਇਹੋ ਦਿੱਸਦਾ ਹੈ ਕਿ ਸਿੱਖੀ, ਸਿੱਖ ਇਤਿਹਾਸ ਤੇ ਸਿੱਖ ਪੰਥ ਦੀਆਂ ਜੜ੍ਹਾਂ ਹਿਲਾਈ ਜਾਉ, ਹਿਲਾਈ ਜਾਉ, ਜੱਬ ਲਗ ਘਟ ਮੇਂ ਪ੍ਰਾਣ। ਇਹ ਕਲਪ ਬਿਰਖ ਆਪੇ ਜਰਜਰਾ ਹੋ ਕੇ ਡਿੱਗ ਪਵੇਗਾ ਅਤੇ ਹੋਰ ਲੋਕ ਇਸ ਦਾ ਬਾਲਣ ਤੇ ਸ਼ਤੀਰੀਆਂ ਬਣਾ ਕੇ ਵਰਤ ਲੈਣਗੇ ਅਤੇ ਤਦ ਇਨ੍ਹਾਂ ਲਾਲਚੀ ਬੁੱਧੀਜੀਵੀਆਂ ਦੀ ਘਾਲ ਥਾਇ ਪਵੇਗੀ। (ਹਵਾਲਾ-ਪੁਸਤਕ ਬਿਖੁ ਮਹਿ ਅੰਮ੍ਰਿਤ ਸਫਾ 73-ਪੰਜਵੀਂ ਐਡੀਸ਼ਨ 2016)

ਇਸੇ ਤਰ੍ਹਾਂ ਪੁਸਤਕ, 1699 ਦੀ ਵੈਸਾਖੀ ਇਕ ਅਲੌਕਿਕ ਸਫ਼ਰ, ਨਿਰਮਲ ਪੰਥ ਤੋਂ ਖ਼ਾਲਸਾ ਪੰਥ ਤੱਕ ਦੇ ਸਫ਼ਾ 54 ਉੱਤੇ ਡਾ: ਕਿਰਨਪ੍ਰੀਤ ਕੌਰ ਨੇ ਗੁਰਮੁੱਖ ਲੇਖਕਾਂ ਅਤੇ ਗੁਰੂ ਤੋਂ ਬੇ-ਮੁੱਖ ਸਿੱਖ ਵਿਦਵਾਨਾਂ ਦਾ ਨਿਖੇੜਾ ਇਸ ਪ੍ਰਕਾਰ ਕੀਤਾ ਹੈ: ਅਸੀਂ ਭੁੱਲ ਇਹ ਕੀਤੀ ਕਿ ਆਪਣੇ ਇਤਿਹਾਸ ਨੂੰ ਆਪਣੇ ਦਾਰਸ਼ਨਿਕਾਂ ਅਤੇ ਬੁੱਧੀਜੀਵੀਆਂ, ਜਿਵੇਂ ਕਿ ਹਰਿੰਦਰ ਸਿੰਘ ਮਹਿਬੂਬ, ਸਿਰਦਾਰ ਕਪੂਰ ਸਿੰਘ, ਗਿਆਨੀ ਦਿੱਤ ਸਿੰਘ, ਪ੍ਰੋ: ਪੂਰਨ ਸਿੰਘ ਦੇ ਅਨੁਭਵ ਰਾਹੀਂ ਨਾ ਸਮਝ, ਕੇਵਲ ਪੱਛਮੀ ਵਿਦਵਾਨਾਂ ਦੇ ਵਿਹਾਰਿਕ ਤਜਰਬੇ ਅਤੇ ਅਨੁਭਵਹੀਣ ਵਿਸ਼ਲੇਸ਼ਣ ਨੂੰ ਠੀਕ ਸਮਝੀ ਗਏ। ਏਹੀ ਕਾਰਨ ਹੈ ਕਿ ਜਦੋਂ ਅਰਨਸਟ ਟਰੰਪ ਵਰਗਿਆਂ ਨੇ ਇਹ ਲਿਖਿਆ ਕਿ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਇਕ ਟਰਨਿੰਗ ਪੁਆਇੰਟ ਸੀ ਅਤੇ ਉਸ ਤੋਂ ਬਾਅਦ ਗੁਰੂ ਨਾਨਕ ਦੀ ਸਿੱਖੀ ਨਾਲੋਂ ਸਿੱਖੀ ਵੱਖਰੇ ਰਾਹ ਤੁਰ ਪਈ ਤਾਂ ਸਾਡੇ ਆਪਣੇ ਪੱਛਮੀ ਮੁਲਕਾਂ ਵਿੱਚ ਆਪਣੇ ਲਈ ਜ਼ਮੀਨ ਲੱਭ ਰਹੇ ਸਕਾਲਰਾਂ ਨੇ ਵੀ ਇਹੀ ਤੋਤਾ ਰਟਨਾ ਸ਼ੁਰੂ ਕਰ ਦਿੱਤਾ। ਸਿੱਟੇ ਵਜੋਂ ਇਹ ਗੱਲ ਸਾਡੀਆਂ ਪੰਥਕ ਹਸਤੀਆਂ ਨੇ ਵੀ ਇੰਝ ਹੀ ਕਰਨੀ ਸ਼ੁਰੂ ਕਰ ਦਿੱਤੀ।

ਬਾਕੀ ਹਿਸਾ ਅਗਲੇ ਸਫ਼ੇ 36 ਤੇ ਪੜ੍ਹੋ

# ਦੁਨੀਆ ਦੀ ਸਭ ਤੋਂ ਬਜ਼ੁਰਗ ਔਰਤ ਨੇ ਯੂ ਕੇ ਵਿੱਚ ਮਨਾਇਆ 116ਵਾਂ ਜਨਮ ਦਿਨ

## ਸੰਨ 1927 ਵਿੱਚ ਬ੍ਰਿਟਿਸ਼ ਰਾਜ ਮੌਕੇ 18 ਸਾਲ ਦੀ ਉਮਰ ਵਿੱਚ ਇਕੱਲੀ ਸਮੁੰਦਰੀ ਰਸਤੇ ਤਿੰਨ ਹਫਤਿਆਂ ਵਿੱਚ ਭਾਰਤ ਆਈ ਸੀ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਦੁਨੀਆਂ ਦੀ ਸਭ ਤੋਂ ਬਜ਼ੁਰਗ ਮਹਿਲਾ ਏਥਲ ਕੈਟਰਹੈਮ ਨੇ ਆਪਣਾ 116ਵਾਂ ਜਨਮ ਦਿਨ ਸਰੀ ਦੇ ਇੱਕ ਬਿਰਧ ਆਸ਼ਰਮ ਵਿੱਚ ਮਨਾਇਆ ਹੈ। ਏਥਲ ਅਪ੍ਰੈਲ 2025 ਵਿੱਚ ਬ੍ਰਾਜ਼ੀਲ ਇਨਾਹ ਕੈਨਬਾਰੋ ਲੁਕਾਸ ਦੀ ਮੌਤ ਤੋਂ ਬਾਅਦ ਦੁਨੀਆਂ ਦੀ ਸਭ ਤੋਂ ਬਜ਼ੁਰਗ ਜੀਵਤ ਮਹਿਲਾ ਬਣ ਗਈ ਸੀ। ਏਥਲ ਦਾ ਜਨਮ 21 ਅਗਸਤ 1909 ਨੂੰ ਹੋਇਆ ਸੀ, ਮਹਾਰਾਜਾ ਐਡਵਰਡ ਸੱਤਵੇਂ ਦੇ ਰਾਜ ਕਾਲ ਦੀ ਉਹ ਆਖਰੀ ਜੀਵਤ ਨਾਗਰਿਕ ਹੈ। ਉਸ ਨੇ ਬਰਤਾਨੀਆਂ ਦੇ ਸ਼ਾਸ਼ਣ ਦੀਆਂ 4 ਤਾਜਪੋਸ਼ੀਆਂ ਵੇਖੀਆਂ ਹਨ। ਟਾਈਟੈਨਿਕ ਦੇ ਡੁਬਣ ਤੋਂ ਤਿੰਨ ਸਾਲ ਪਹਿਲਾਂ ਅਤੇ ਰੂਸੀ ਦੀ ਕ੍ਰਾਂਤੀ ਤੋਂ ਅੱਠ ਸਾਲ ਪਹਿਲਾਂ ਜਨਮੀ ਏਥਲ ਪਿਛਲੇ 50 ਸਾਲਾਂ ਤੋਂ ਬਿਰਧ ਆਸ਼ਰਮ ਵਿੱਚ ਰਹਿ ਰਹੀ ਹੈ, ਉਸ ਦੇ ਨਾਮ ਦਾ ਇੱਕ ਬਾਗ ਵੀ ਹੈ।

21 ਅਗਸਤ, 1909 ਨੂੰ ਸ਼ਿਪਟਨ ਬੇਲਿੰਗਰ, ਹੈਂਪਸ਼ਾਇਰ ਵਿੱਚ ਜਨਮੀ, ਐਥਲ ਦਾ ਪਾਲਣ-ਪੋਸ਼ਣ ਨੇੜਲੇ ਟਿਡਵਰਥ ਵਿੱਚ ਹੋਇਆ। ਸੰਨ 1927 ਵਿੱਚ ਬ੍ਰਿਟਿਸ਼ ਰਾਜ ਮੌਕੇ 18 ਸਾਲ ਦੀ ਉਮਰ ਵਿੱਚ ਇਕੱਲੀ ਸਮੁੰਦਰੀ ਜਹਾਜ਼ ਰਾਹੀਂ ਤਿੰਨ ਹਫਤਿਆਂ ਵਿੱਚ ਭਾਰਤ ਆਈ ਅਤੇ 4 ਸਾਲ ਭਾਰਤ ਵਿੱਚ ਰਹਿਣ ਤੋਂ ਬਾਅਦ 1931 ਵਿੱਚ ਵਾਪਿਸ ਯੂ ਕੇ ਆ ਕੇ ਨੌਰਮਨ ਕੈਟਰਹੈਮ ਵਿਆਹ ਕਰਵਾਇਆ। ਨੌਰਮਨ ਰਾਇਲ ਆਰਮੀ ਪੇਅ ਕੋਰ ਵਿੱਚ ਲੈਫਟੀਨੈਂਟ ਕਰਨਲ ਬਣਿਆ। ਜਿਸ ਦੀ ਮੌਤ 1976 ਵਿੱਚ ਹੋਈ।

ਏਥਲ ਨੇ 97 ਸਾਲ ਦੀ ਉਮਰ ਵਿੱਚ ਗੱਡੀ ਚਲਾਉਣਾ ਬੰਦ ਨਹੀਂ ਕੀਤਾ, ਅਤੇ ਕਹਿੰਦੀ ਹੈ ਕਿ ਉਸਦੀ ਲੰਬੀ ਉਮਰ ਦਾ ਰਾਜ਼ "ਕਦੇ ਵੀ ਕਿਸੇ ਨਾਲ ਬਹਿਸ ਨਹੀਂ ਕਰਨਾ ਹੈ, ਮੈਂ ਸੁਣਦੀ ਹਾਂ ਅਤੇ ਮੈਂ ਉਹ ਕਰਦੀ ਹਾਂ ਜੋ ਮੈਨੂੰ ਪਸੰਦ ਹੈ"। ਏਥਲ ਦੀਆਂ ਤਿੰਨ ਪੋਤੀਆਂ ਕੇਟ ਹੈਂਡਰਸਨ, ਜੂਲੀਆ ਪੌਲਿੰਗ, ਲੂਸੀ ਰੌਬਿਨਸਨ ਅਤੇ ਪੰਜ ਪੜਪੋਤੇ-ਪੜਪੋਤੀਆਂ ਅਕਸਰ ਉਸ ਨੂੰ ਮਿਲਣ ਆਉਂਦੇ ਰਹਿੰਦੇ ਹਨ।

35 ਸਫ਼ੇ ਦੀ ਬਾਕੀ

ਸਾਨੂੰ ਇਹ ਯਾਦ ਰੱਖਣਾ ਪਵੇਗਾ ਕਿ ਗੁਰੂ ਆਸ਼ੇ ਨੂੰ ਗੁਰਮੁੱਖ ਹੋ ਕੀ ਸਮਝਿਆ ਜਾ ਸਕਦਾ ਹੈ, ਘੱਟੋ ਘੱਟ ਸਿੱਖ ਤਾਂ ਇਹ ਗੱਲ ਸਮਝ ਲੈਣ ਕਿ ਇਸ ਤੋਂ ਬਿਨਾਂ ਸਭ ਖਵਾਰੀ ਹੈ ਤੇ ਖਵਾਰੀ ਤੋਂ ਵੱਧ ਹੋਰ ਕੁਝ ਵੀ ਨਹੀਂ। (ਹਵਾਲਾ 1699 ਦੀ ਅਲੌਕਿਕ ਵੈਸਾਖੀ, ਨਿਰਮਲ ਪੰਥ ਤੇ ਖ਼ਾਲਸਾ ਪੰਥ ਤੱਕ ਸਫ਼ਾ 54)

ਗੁਰਬਾਣੀ ਦਾ ਵੇਦਾਂ ਨਾਲ ਕੋਈ ਸਰੋਕਾਰ ਨਹੀਂ ਹੈ ਕਿਉਂਕਿ ਗੁਰਬਾਣੀ ਦੀ ਇਕ ਇਲਾਹੀ ਵਿਸ਼ੇਸ਼ਤਾ ਹੈ, ਇਹ ਮਨੁੱਖ ਨੂੰ ਇਤਿਹਾਸ ਵੱਲ ਧੱਕਦੀ ਹੈ ਤੇ ਇਤਿਹਾਸ ਦੀ ਜਾਗ ਲਾਉਂਦੀ ਹੈ। ਜੇ ਵਕਤ ਦੇ ਰਾਜੇ ਸ਼ੀਹ ਮੁਕਦਮ ਕੁੱਤੇ ਹਨ ਤਾਂ ਫਿਰ ਉਨ੍ਹਾਂ ਵਿਰੁੱਧ ਲੜਾਈ ਇਤਿਹਾਸ ਵਿੱਚ ਉਤਰਕੇ ਹੀ ਲੜੀ ਜਾ ਸਕਦੀ ਹੈ। ਇਹ ਜੰਗ ਖ਼ਾਲਸਾ ਲੜਦਾ ਰਿਹਾ ਹੈ ਅਤੇ ਲੜਦਾ ਰਹੇਗਾ। ਪਰ ਇਸ ਜੰਗ ਨੇ ਕਿਹੜੇ ਰੂਪ ਅਖਤਿਆਰ ਕਰਨੇ ਉਹ ਸਮੇਂ ਤੇ ਸਥਾਨ ਮੁਤਾਬਕ ਵੱਖ-ਵੱਖ ਹੋ ਸਕਦੇ ਹਨ। (ਹਵਾਲਾ ਪੁਸਤਕ ਲਕੀਰ, ਲੇਖਕ ਰਜਿੰਦਰ ਸਿੰਘ ਜੋ ਅੱਜ ਦੁਨੀਆਂ ਵਿੱਚ ਨਹੀਂ ਰਹੇ ਪਰ ਉਨ੍ਹਾਂ ਦੀਆਂ ਲਿਖਤਾਂ ਪੰਥ ਲਈ ਰਾਹ ਦਸੇਰਾ ਬਣੀਆਂ ਰਹਿਣਗੀਆਂ)

ਅੱਜ ਅਸੀਂ ਇਸ ਮੋੜ 'ਤੇ ਪਹੁੰਚ ਗਏ ਹਾਂ ਕਿ ਸਾਡੀ ਸਿਧਾਂਤਕ ਸੋਚ ਵਿੱਚੋਂ ਸਾਡੀ ਪਰੰਪਰਾ, ਗੁਰ-ਇਤਿਹਾਸ, ਧਾਰਮਿਕ ਹਸਤੀ, ਵੱਖਰੀ ਪਹਿਚਾਣ ਦਾ ਅਹਿਸਾਸ ਖ਼ਤਮ ਕਰਨ ਲਈ ਆਰ. ਐਸ. ਐਸ. ਪੱਬਾਂ ਭਾਰ ਹੋਈ ਪਈ ਹੈ ਅਤੇ ਗੁਰੂ ਤੋਂ ਬੇਮੁੱਖ ਹੋਏ ਅਤੇ ਗੁਰੂ ਨੂੰ ਪਿੱਠ ਦੇ ਚੁੱਕੇ ਸਿੱਖੀ ਸ਼ਕਲਾਂ ਸੂਰਤਾਂ ਵਾਲੇ ਸਿੱਖ ਵਿਦਵਾਨਾਂ ਰਾਹੀਂ ਸਿੱਖੀ ਨੂੰ ਮਨ ਭਾਉਂਦਾ ਮੋੜ ਦੇ ਕੇ ਸਿੱਖ ਧਰਮ ਦਾ ਹਿੰਦੂਕਰਨ, ਕਰਨਾ ਚਾਹੁੰਦੀ ਹੈ, ਪਰ ਉਨ੍ਹਾਂ ਦੇ ਇਹ ਮਨਸੂਬੇ ਕਦੇ ਕਾਮਯਾਬ ਨਹੀਂ ਹੋਣਗੇ, ਕਿਉਂਕਿ ਦਰਿਆ ਜਿਨੇ ਮਰਜੀ ਉਚੇ ਵਹਿਣ ਲੱਗ ਜਾਣ ਉਹ ਪਹਾੜਾਂ ਦੇ ਉਤੋਂ ਦੀ ਨਹੀਂ ਲੰਘ ਸਕਦੇ, ਇਸ ਵੇਲੇ ਸਿੱਖ ਨੌਜੁਆਨਾਂ ਅਤੇ ਗੁਰਮੁੱਖ ਸਿੱਖ ਵਿਦਵਾਨਾਂ ਸਿਰ ਇਹ ਜ਼ਿੰਮੇਵਾਰੀ ਆਉਂਦੀ ਹੈ ਕਿ ਉਹ ਸਿੱਖ ਧਰਮ ਦੀ ਵਿਲੱਖਣ ਹੋਂਦ ਹਸਤੀ 'ਤੇ ਹੋ ਰਹੇ ਅਤੇ ਭਵਿੱਖ ਵਿੱਚ ਹੋਣ ਵਾਲੇ ਬੌਧਿਕ ਹਮਲਿਆਂ ਦਾ ਵੱਡੀ ਪੱਧਰ 'ਤੇ ਪ੍ਰਿੰਟ ਅਤੇ ਬਿਜਲਈ ਮੀਡੀਆ ਰਾਹੀਂ ਗੁਰੂ ਦਾ ਆਸਰਾ ਲੈ ਕੇ ਮੂੰਹ ਤੋੜਵਾਂ ਜੁਆਬ ਦੇਣ।

ਭੁੱਲਾਂ ਚੁੱਕਾਂ ਦੀ ਖਿਮਾਂ


ਗੁਰੂ ਪੰਥ ਦਾ ਦਾਸ

ਜਥੇਦਾਰ ਮਹਿੰਦਰ ਸਿੰਘ ਯੂ.ਕੇ.

# ਮੂਰਖ ਮੱਤ ਆਪਣੀ ਦੋਸ਼ ਨਾ ਕਾਹੋ ਦੇ

## ਪਾਠਕਾਂ ਦੇ ਪੱਤਰ

ਸਾਡੇ ਵਿੱਚ ਵੱਡੀ ਸਿਫ਼ਤ ਹੈ ਕਿਸੇ ਪਾਸੇ ਕਿਤੇ ਚਲੇ ਜਾਵੋ। ਅਸੀਂ ਦੂਸਰੇ ਦੇ ਹੁਕਮ ਝੱਟ ਉਛਾਲ ਦਿੰਦੇ ਹਾਂ even ਅਖ਼ਬਾਰਾਂ ਵਿੱਚ ਜ਼ਿਆਦਾ ਇਹੋ ਗੱਲ ਹੈ। ਪਹਿਲਾਂ ਮੈਂ ਇੰਡੀਆ ਹਾਈ ਕਮਿਸ਼ਨ, U.K. India House ਤੋਂ ਗੱਲ ਸ਼ੁਰੂ ਕਰਾਂਗਾ। ਮੈਨੂੰ ਬਹੁਤ ਜਰੂਰੀ ਕੰਮ ਕਰਕੇ India House ਜਾਣਾ ਪਿਆ। ਖ਼ੈਰ 9 ਵਜੇ ਤੋਂ ਪਹਿਲਾਂ ਉਥੇ ਪੁੱਜ ਗਏ। ਮੇਨ ਦਰਵਾਜੇ 'ਤੇ ਦੋ ਪੁਲਸ ਮੈਨ ਸਨ, ਉਨ੍ਹਾਂ ਦੱਸਿਆ ਕਿ 10 ਵਜੇ ਕੰਮ ਸ਼ੁਰੂ ਹੋਣਾ ਹੈ। ਅਸੀਂ ਪੇਪਰ ਅਟੈਸਟ ਕਰਵਾਣੇ ਸਨ ਉਥੇ ਦੋ ਜਣੇ ਖੜ੍ਹੇ ਸਨ, ਇਤਨੇ ਪਿਆਰ ਨਾਲ ਬੋਲਦੇ, ਹਰ ਇਕ ਦੀ ਗੱਲ ਸੁਣਦੇ, ਫਿਰ ਤਰੀਕਾ ਦੱਸਦੇ, ਕਿਵੇਂ ਹੱਲ ਹੋ ਸਕਦੀ ਹੈ। ਹਰ ਇਕ ਨੂੰ ਦੱਸਦੇ ਪਹਿਲਾਂ ਮਿਲਣ ਦਾ ਸਮਾਂ ਨਿਯੁਕਤ ਕਰੋ, ਸਮੇਂ ਸਿਰ ਆਵੋ, ਜਰੂਰ ਕੋਈ ਨਾ ਕੋਈ ਮਿਲੇਗਾ, ਸਾਡਾ ਕੇਸ ਸੀ ਜਿਵੇਂ ਇੰਡੀਆ ਦੇ ਹਾਈ ਕੋਰਟ ਦੇ ਵਕੀਲ ਨੇ ਦੱਸਿਆ ਚਲੇ ਗਏ। ਹਾਈ ਕਮਿਸ਼ਨਰ ਦੇ ਦਫ਼ਤਰ ਤੋਂ ਸਹੀ ਤਰੀਕਾ ਦੱਸਿਆ ਸਰ ਤੁਸੀਂ ਪਹਿਲਾਂ ਇਕ ਨੋਟਰੀ ਤੋਂ ਤਸਦੀਕ ਕਰਵਾ ਕੇ ਫਿਰ ਮਿਲਣ ਦਾ ਸਮਾਂ ਲੈ ਕੇ ਇਥੇ ਆਉ ਕੰਮ ਹੋ ਜਾਵੇ-ਗਾ। ਖ਼ੈਰ ਮੇਰਾ ਦੋਸਤ ਵਕੀਲ ਬੰਸਲ ਸਾਹਿਬ ਸਾਊਥਹਾਲ ਹੈ ਉਸ ਨੂੰ ਟੈਲੀਫ਼ੂਨ ਕੀਤਾ, ਸਮਾਂ ਲਿਆ ਦੋ ਵਜੇ ਦੂਸਰੇ ਮਿਲੇ ਉਸ ਨੇ ਕਿਹਾ ਸਾਰਾ ਕੰਮ ਹੋ ਜਾਵੇਗਾ ਫੀਸ ਦਿੱਤੀ ਚਾਰ ਦਿਨਾਂ ਵਿੱਚ ਸਾਰਾ ਕੰਮ ਕਰਵਾ ਸਾਰੇ ਕਾਗਜ਼ ਪੋਸਟ ਕਰਕੇ ਘਰ ਭੇਜ ਦਿੱਤੇ। ਅਰਥਾਤ India House ਸਾਰਾ ਸਟਾਫ ਇਤਨਾ ਚੰਗਾ ਹੈ ਮੇਰੀ ਕਲਮ ਲਿਖ ਨਹੀਂ ਸਕਦੀ - ਆਮ ਅਸੀਂ ਕਈ ਕੁਝ ਸੁਣਦੇ ਹਾਂ, ਹੁਣ ਅਸੀਂ ਧਰਮ ਦੁਨੀਆਂ ਵਿੱਚ preached ਕਰਨਾ ਚਾਹੀਦਾ ਤਾਂ ਕਿ ਜ਼ਿਆਦਾ ਵਧੇ ਫੁਲੇ। ਕਈ ਸਾਲਾਂ ਤੋਂ ਦੁਨੀਆਂ ਵਿੱਚ ਕਿਤਨੇ ਗੁਰੂ ਘਰ ਚੱਲਦੇ ਹਨ ਹਰ ਗੁਰੂ ਘਰ ਵਿੱਚ ਕਿਤਨੀਆਂ ਪਾਰਟੀਆਂ ਕੰਮ ਕਰਦੇ ਹਨ, ਪਾਰਟੀ ਕੀ ਗੁਰਮੁਖ ਪਿਆਰੇ ਆਪ ਹੀ ਵੱਖੋ ਵੱਖ ਗਰੁੱਪ ਵਿੱਚ ਹਨ ਆਪਣਾ ਆਪਣਾ ਕੰਮ ਕਰਦੇ ਹਨ, ਵੱਸ ਸਿੱਖ ਕਿਤਨੀ ਵੱਧ ਰਹੀ ਗੁਰੂ ਘਰ ਵਿੱਚ ਕਿਤਨੀ ਸੰਗਤ ਜਾਂਦੀ ਹੈ ਸਭ ਸਿੱਖਦੇ ਹਨ ਕੁਝ ਆਪਣੀ ਆਪਣੀ ਬੋਲੀ ਬੋਲਦੇ ਤਕਰਾਰ ਬਾਜੀ ਹੈ ਫਿਰ ਲੜਾਈ ਝਗੜਾ ਭੀ ਹੁੰਦਾ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਕੁਝ ਹੁੰਦਾ ਹੈ ਕਈ ਵਾਰੀ ਹੁਣ ਮਹਾਰਾਜ ਦੀ ਬੀੜ ਬਹੁਤ ਹੀ ਬੇਅਦਬੀ ਰੂਪ ਵਿੱਚ ਚੁੱਕੀ ਜਾਂਦੀ ਹੈ। ਤੁਸੀਂ ਕਿਵੇਂ ਇਸ ਨੂੰ ਪੜ੍ਹਾ ਸਕਦੇ ਜਾਂ ਵਧਾ ਸਕਦੇ। ਹਰ ਕੋਈ ਪ੍ਰਧਾਨ ਬਨਣ ਤੀਕਰ ਹੀ ਹੁੰਦਾ, ਪ੍ਰਧਾਨ ਤੋਂ ਹੱਟਦਾ ਸਭ ਕੁਝ ਉਨ੍ਹਾਂ ਖ਼ਿਲਾਫ ਹੋ ਜਾਂਦਾ ਹੈ। ਫਿਰ ਇਥੇ ਇਹ ਕੁਝ ਠੀਕ ਨਹੀਂ ਉਹ ਠੀਕ ਨਹੀਂ, ਇਥੋਂ ਤੀਕਰ ਕੁਝ ਉਹੀ ਸੇਵਕ ਮਿਲ ਕੇ ਨਵਾਂ ਗੁਰੂ ਘਰ ਖ਼ੋਲ੍ਹ ਲੈਂਦੇ ਹਨ, 0 ਤੋਂ ਸ਼ੁਰੂ ਹੋ ਕੇ ਫਿਰ ਨਵਾਂ ਗੁਰੂ ਘਰ ਉਸਾਰ ਲੈਂਦੇ ਹਨ, ਦੇਖੋ ਕਿਤਨੀ ਸਿੱਖੀ ਵਧੀ, ਨਵੀਂ ਥਾਂ ਨਵੇਂ ਆਦਮੀ ਆ ਗਏ ਅੰਮ੍ਰਿਤ ਛਕਣ ਲਈ ਨਵਾਂ ਛੋਛਾ ਛੱਡ ਦੇਂਦੇ ਹਨ ਜਾਂ ਬੱਚਿਆਂ ਲਈ ਪੰਜਾਬੀ ਦੀ ਕਲਾਸਾਂ ਸ਼ੁਰੂ ਕਰ ਦਿੰਦੇ ਹਨ, ਫਿਰ ਕਦੀ ਚੱਲਦੀਆਂ ਹਨ ਕਦੀ ਬੰਦ, ਫਿਰ ਦੇਖੋ ਕਿਵੇਂ ਸਿੱਖੀ ਵੱਧ ਰਹੀ ਹੈ, ਬੀਬੀਆਂ ਸੂਟ ਦੀ ਬਜਾਏ ਜੀਨਾਂ ਪਾਉਂਦੀਆਂ ਹਨ, ਪੁਸ਼ਾਕ ਅੰਗ੍ਰੇਜ਼ੀ ਪੁਸ਼ਾਕ ਨੂੰ ਮਾਤ ਪਾਉਂਦੀ ਹੈ। ਨੁਕਸ ਲੰਗਰ ਤੇ ਲੈ ਚਾਹ ਪਾਣੀ ਤੀਕਰ ਵੱਸ ਅੱਜ ਪਕੌੜੇ ਨਹੀਂ, ਅੱਜ ਕਮਾਲ ਹੈ ਨਾਲ ਜਲੇਬੀਆਂ ਹਨ। ਲੰਗਰ ਅਕਸਰ ਹੋਟਲ ਦੇ ਖਾਣੇ ਤੋਂ ਘੱਟ ਨਹੀਂ ਖਾਣ ਲਈ ਜੋ ਹੁਕਮ ਕਰੋ ਮਿਲਦਾ ਹੈ। ਵਾਹਿਗੁਰੂ ਮਿਹਰ ਕਰੇ। ਇਸ ਵਧ ਕੀ ਹੋ ਸਕਦਾ ਮੂਰਖਾਂ ਵਾਲੀ ਸਾਡੀ ਹੈ ਦੋਸ਼ ਸਾਰਿਆਂ ਨੂੰ ਦੇਂਦੇ ਹੋ। ਉਪਰੋਕਤ ਗਲਤੀ ਮੁਆਫ਼।



ਆਪ ਦਾ ਦਾਸ

-K.Jogi

# ਸਰੀ ਚ ਟਰੈਵਲ ਦਫਤਰ ਤੇ ਗੋਲੀਬਾਰੀ ਦੀ ਘਟਨਾ ਮਗਰੋਂ ਸਹਿਮ ਦਾ ਮਾਹੌਲ

ਵੈਨਕੂਵਰ-(ਮਲਕੀਤ ਸਿੰਘ)- ਆਏ ਦਿਨ ਕੈਨੇਡਾ ਵਿੱਚ ਅਗਿਆਤ ਵਿਅਕਤੀਆਂ ਵੱਲੋਂ ਫਿਰੌਤੀਆਂ ਲਈ ਧਮਕੀਆਂ ਦੇਣ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸਹਿਰ ਸਰੀ ਵਿੱਚ ਇਸੇ ਹਫਤੇ ਇਸ ਤਰ੍ਹਾਂ ਦੀਆਂ ਦੋ ਘਟਨਾਵਾਂ ਵਾਪਰੇ ਜਾਣ ਦੀਆਂ ਸੂਚਨਾਵਾਂ ਮਿਲੀਆਂ ਹਨ। ਬੀਤੇ ਦਿਨੀ 128 ਸਟਰੀਟ ਅਤੇ 84 ਐਵਨਿਊ ਤੇ ਸਥਿਤ ਇੱਕ ਕਾਰ ਵਾਸ਼ ਉੱਪਰ ਗੋਲੀਬਾਰੀ ਦੀ ਘਟਨਾ ਮਗਰੋਂ ਸਵੇਰੇ ਇੱਥੋਂ ਦੇ ਯੋਰਕ ਸੈਂਟਰ ਚ ਸਥਿਤ ਇੱਕ ਟਰੈਵਲ ਏਜੰਟ ਦੇ ਦਫਤਰ ਉੱਪਰ ਗੋਲੀਬਾਰੀ ਦੀ ਘਟਨਾ ਵਾਪਰੇ ਜਾਣ ਦੀ ਸੂਚਨਾ ਪ੍ਰਾਪਤ ਹੋਈ ਹੈ।। ਪ੍ਰਾਪਤ ਵੇਰਵਿਆਂ ਮੁਤਾਬਿਕ ਸਿੱਧੂ ਟਰੈਵਲ ਏਜੈਂਟਸ ਅਤੇ ਬੈਸਟ ਵੇਅ ਫੌਰਨ ਐਕਸਚੇਂਜ ਦੇ ਦਫਤਰ ਦੇ ਬਾਹਰਵਾਰ ਮੁੱਖ ਦਰਵਾਜ਼ੇ ਤੇ ਤਕਰੀਬਨ ਸੱਤ ਗੋਲੀਆਂ ਚਲਾਈਆਂ ਗਈਆਂ। ਜਿਸ ਮਗਰੋਂ ਹਰਕਤ ਵਿੱਚ ਆਈ ਸਥਾਨਕ ਪੁਲਿਸ ਵੱਲੋਂ ਇਸ ਘਟਨਾ ਸਬੰਧੀ ਵੱਖ-ਵੱਖ ਐਂਗਲਾਂ ਤੋਂ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।। ਅਜਿਹੀਆਂ ਘਟਨਾਵਾਂ ਵਾਪਰਨ ਕਾਰਨ ਆਮ ਨਾਗਰਿਕਾਂ ਵਿੱਚ ਸਹਿਮ ਦਾ ਮਾਹੌਲ ਵੇਖਿਆ ਜਾ ਰਿਹਾ ਹੈ।।

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ


– ਲੇਖਕ –
ਗਿਆਨੀ ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ–8

**ਭਗਤੀ ਦਾ ਪ੍ਰਬਲ ਰੂਪ, ਰਾਧਾ ਭਗਤੀ ਬਣ ਗਈ । ਰਾਧਾ ਨੂੰ ਮਧੁਰ ਭਾਵ ਦੇ ਰੂਪ ਵਿੱਚ ਅਨੁਭਵ ਕਰਨਾ ਭਗਤੀ ਦਾ ਪਰਮ ਲਖਸ਼ਣ ਹੋ ਗਿਆ । ਇਸ ਸ਼ਰਧਾ ਭੂਮੀ ਵਿੱਚੋਂ ਵਲੱਭਾਚਾਰੀਆ ਨੇ ਰਾਧਾ ਵਲੱਭ ਸੰਪਰਦਾਏ ਮੱਤ ਖੜਾ ਕੀਤਾ । ਇਸ ਮੱਤ ਦੀ ਮਾਨਤਾ ਸੀ– ਰਾਧਾ ਦੇ ਨਾਮ ਲਏ ਬਿਨਾਂ ਕ੍ਰਿਸ਼ਨ ਭਗਤੀ ਨਖਿੱਧ ਹੈ । ਤਾਮਲ ਪ੍ਰਬੰਧਮ ਦਾ ਲੇਖ ਹੈ :– ਰਾਧਾ ਬਿਨਾਂ ਕ੍ਰਿਸ਼ਨ ਦੀ ਕਲਪਨਾ ਹੀ ਨਹੀਂ ਕੀ ਜਾ ਸਕਤੀ । ਰਾਧਾ ਕ੍ਰਿਸ਼ਨ ਪ੍ਰੇਮ ਨੂੰ ਨਿਸ਼ਕਾਮ ਪ੍ਰੇਮ ਦੀ ਸੰਗਿਆ ਦਿੱਤੀ । ਇਕ ਹੋਰ ਅਚਾਰੀਆ ਸ੍ਰੀ ਹਿੱਤ ਹਰਿਬੰਸ ਹੋਏ, ਉਨ੍ਹਾਂ ਨੇ ਕ੍ਰਿਸ਼ਨ ਜੀ ਦਾ ਨਾਮ ਰਾਧਾ ਨਾਲੋਂ ਲਾਹ ਕੇ ਇਕੱਲੀ ਰਾਧਾ ਨੂੰ ਹੀ ਇਸ਼ਟ ਮੰਨਣ ਦੇ ਉਪਦੇਸ਼ ਸ਼ੁਰੂ ਕਰ ਦਿੱਤੇ। ਉਨ੍ਹਾਂ ਕਿਹਾ, ਨਿੱਤ ਬਿਰਹਣੀ ਰਾਧਾ ਕੋ ਹਮ ਆਪਣਾ ਇਸ਼ਟ ਮਾਨਤੇ ਹੈਂ ।**




ਸਭਿਤਾਹੀਣ ਕ੍ਰੀੜਾ ਤੇ ਲੀਲਾ ਬਾਰੇ ਪ੍ਰਸ਼ਨਾਂ ਦੇ ਉੱਤਰ ਦਿੰਦਿਆਂ ਸਨਾਤਨੀ ਪੰਡਤਾਂ ਇਹ ਕਹਿਕੇ ਖਹਿੜਾ ਛੁਡਾਇਆ ਸੀ ਕਿ ਗ੍ਰੰਥਾਂ ਵਿੱਚ ਸਰਗੁਣਵਾਦੀ ਭਗਤੀ ਦੇ ਅਚਾਰੀਆ ਨੇ ਭੱਦੇ ਤੇ ਬੇਲੋੜੇ ਵਾਧੇ ਕੀਤੇ ਹਨ। ਕ੍ਰਿਸ਼ਨ ਭਗਤੀ ਵਿੱਚ ਗੋਪੀਆਂ, ਖਾਸ ਕਰਕੇ ਕ੍ਰਿਸ਼ਨ ਜੀ ਦੀ ਲਾਡਲੀ ਰਾਧਾ ਦਾ ਵਰਨਣ ਜਿਥੇ ਭੀ ਹੈ ਪਹਿਲੇ ਨਾਲੋਂ ਦੂਜਾ, ਵਧੇਰੇ ਬਿਲਾਸ ਭਰੀ ਭਾਵਨਾ ਦੇ ਨਵੇਂ ਤੇ ਨਵੇਂ ਰੰਗਾਂ ਵਿੱਚ ਖਿੜ੍ਹਦਾ ਹੈ।

ਅਚਾਰੀਆ ਨਿੰਬਾਰਕ ਨੇ ਮਧੁਰ ਭਾਵ ਨੂੰ ਉੱਤਮ ਮੰਨਿਆ ਉਸੇ ਮਧੁਰ ਤੱਤ ਨੂੰ ਰਾਧਾ ਅਤੇ ਗੋਪੀਆਂ ਵਿੱਚ ਵੱਸਦਾ ਦੱਸਿਆ ਹੈ। ਉਨ੍ਹਾਂ ਨੇ ਰਾਧਾ ਨੂੰ ਕ੍ਰਿਸ਼ਨ ਦੇ ਬਰਾਬਰ ਲਿਆ ਖੜ੍ਹਾ ਕੀਤਾ। ਬ੍ਰਿਸ਼ਭਾਨ ਕੀ ਕੰਨਿਆ, ਰਾਧਾ ਹਜ਼ਾਰੋਂ ਸਖੀਉਂ ਕੇ ਸਾਥ ਸੁਸ਼ੋਭਿਤ, ਦੱਸ ਕੇ ਰਾਧਾ ਕੋ ਸਿਮਰਨ ਸਭਿ ਕਾਮਨਾ ਪੂਰੀ ਕਰਨੇ ਵਾਲੀ ਦੱਸਿਆ ਹੈ। ਇਸ ਅਚਾਰੀਆ ਨੇ ਰਾਧਾ ਭਗਤੀ ਦੇ ਰੂਪ ਨੂੰ ਜ਼ੋਰ ਨਾਲ ਪ੍ਰਚਾਰਿਆ।

ਰਾਮਾਨੁਜ ਨੇ ਤਾਂ ਭਗਤੀ ਭਾਵ ਨੂੰ ਨਰਾਇਣ ਲੱਛਮੀ ਦੇ ਮਧੁਰ ਭਾਵਾਂ ਨਾਲ ਜੋੜਿਆ ਸੀ, ਅਚਾਰੀਆ ਨਿੰਬਾਰਕ ਨੇ ਰਾਧਾ ਕ੍ਰਿਸ਼ਨ ਮਤ ਦੀ ਸਥਾਪਤੀ ਕਰ ਦਿੱਤੀ। ਰਾਧਾ ਦੀ ਪ੍ਰਧਾਨਤਾ ਹੇਠਾਂ ਸਖੀਆਂ ਦੇ ਝੁੰਡ ਖੜੇ ਕੀਤੇ ਗਏ। ਕ੍ਰਿਸ਼ਨ ਜੀ ਦੀ ਲਛਣਾ ਭਗਤੀ ਨੂੰ ਪ੍ਰੇਮਾ ਤੇ ਭਗਤੀ ਸਾਧਨਾ ਦਾ ਸਿਖਰ ਮੰਨਿਆ। ਗ੍ਰੰਥ ਆਲਵਰ ਪ੍ਰਬੰਧਮ ਦਾ ਲੇਖ ਹੈ:–

ਰਾਧਾ ਕ੍ਰਿਸ਼ਨ ਭਗਤੀ ਨੂੰ ਸ਼ਾਸਤਰੀ ਢੰਗ ਨਾਲ ਪ੍ਰਤੀਪਾਦਨ ਕਰਨ ਦਾ ਪੂਰਵ ਸ਼੍ਰੇਯ ਸ੍ਰੀ ਨਿੰਬਾਰਕ ਚਾਰੀਆ ਦੇ ਇਸ ਮਤ ਨੂੰ ਪ੍ਰਚਾਰਨਾ ਤੇ ਲੋਕਾਂ ਵੱਲੋਂ ਭੀ ਸਵੀਕਾਰ ਕਰਨਾ ਸੀ। ਉੱਤਰ ਭਾਰਤ ਵਿੱਚ ਭੀ ਰਾਧਾ ਕ੍ਰਿਸ਼ਨ ਦੀ ਧੁਨੀ ਗੂੰਜ ਉੱਠੀ। ਰਾਧਾ ਦਾ ਨਾਮ ਪਹਿਲਾਂ,

–––––––

* ਈਸਾਈਆਂ ਦੇ ਹੱਥ ਖੋਜ ਦਾ ਮੈਦਾਨ ਆਇਆ ਤਾਂ ਉਨ੍ਹਾਂ ਸਿੱਧ ਕਰਨਾ ਸ਼ੁਰੂ ਕਰ ਦਿੱਤਾ ਕਿ ਕ੍ਰਿਸ਼ਨ ਜੀ ਦੀ ਕਥਾ ਈਸਾ ਮਸੀਹ ਦੀ ਕਥਾ ਦਾ ਹੀ ਭਾਰਤੀ ਰੂਪ ਹੈ, ਉਨ੍ਹਾਂ ਪੂਤਨਾਂ ਜਿਹੀ ਇਕ ਵਲੈਤੀ ਇਸਤਰੀ ਈਸਾ ਜੀ ਦੀ ਭਗਤਣੀ ਲੱਭ ਲਈ ਸੀ, ਪਰ ਉਹ ਰਾਧਾ ਕਿਥੋਂ ਲੱਭਦੇ? (ਲੇਖ ਹੈ ਈਸਾ ਈਸਾਈ ਅਤੇ ਗੁਜਰ)

ਅਤੇ ਕ੍ਰਿਸ਼ਨ ਜੀ ਦਾ ਪਿੱਛੇ ਲਿਆ ਜਾਣ ਲੱਗਿਆ। ਇਕ ਅਵਸਥਾ ਵਿੱਚ ਬੱਲਭਾਚਾਰੀਆ ਦੇ ਸਮਯ ਰਾਧਾ ਭਗਤੀ ਅਜਿਹੀ ਪੱਧਰ ਉੱਤੇ ਆਈ ਕ੍ਰਿਸ਼ਨ ਜੀ ਦਾ ਨਾਮ ਹੀ ਅਲੋਪ ਹੋ ਗਿਆ, ਇਕੱਲੀ ਰਾਧਾ ਕੀ ਭਗਤੀ ਹੋਣ ਲੱਗੀ। (ਆਲਵਰ ਪ੍ਰਬੰਧਮ ਲੇਖਕ)

## ਰਾਧਾ ਕੌਣ ਸੀ?

ਰਾਧਾ ਕ੍ਰਿਸ਼ਨ ਜੀ ਦੀ ਵਿਵਾਹਤ ਇਸਤਰੀ ਨਹੀਂ ਸੀ। ਮਥਰਾ ਨੇੜੇ ਬਰਸਾਨਾ ਪਿੰਡ ਦੇ ਬ੍ਰਿਸ਼ਭਾਨ ਦੀ ਇਕ ਸੁੰਦਰ ਧੀ ਸੀ। ਇਸ ਦਾ ਵਿਵਾਹ ਪਹਿਲਾਂ ਭੀ ਹੋਇਆ ਸੀ। ਪਤੀ ਇਕ ਵੈਸ਼ਯ ਸੀ। ਰਾਧਾ ਭਗਤੀ ਵਾਲੇ ਲਿਖਦੇ ਹਨ, ਰਾਧਾ ਆਪਣੇ ਪਤੀ ਕੋਲ ਆਪਣੀ ਪਰਛਾਈ ਛੱਡ ਗਈ, ਖੁਦ ਕ੍ਰਿਸ਼ਨ ਜੀ ਦੇ ਅੰਗ ਸੰਗ ਰਹਿਣ ਲੱਗੀ। ਕ੍ਰਿਸ਼ਨ ਜੀ ਰਾਧਾ ਨੂੰ ਜਾਨ ਤੋਂ ਵੱਧ ਪਿਆਰ ਕਰਦੇ ਸਨ। (ਹਿੰਦੀ ਸਾਹਿਤ ਮੇ ਕ੍ਰਿਸ਼ਨ ਭਗਤੀ ਸਫ਼ਾ 111) ਭਗਤੀ ਮੱਤ ਦੀਆਂ ਸ਼ਾਖਾਂ ਉੱਤੇ ਰਾਧਾ ਦੀ ਰੰਗ ਬਿਰੰਗੀ ਵਿਲਾਸਤਾ ਦੇ ਵਿਆਪਕ ਪ੍ਰਭਾਵ ਪਏ। ਕ੍ਰਿਸ਼ਨ ਜੀ ਨੂੰ ਕਿਤਨਾ ਹੀ ਨਿਹਕਲੰਕ ਮੰਨਿਆ ਜਾਵੇ, ਗੋਪੀਆਂ ਨਾਲ ਕ੍ਰੀੜਾ ਦੀਆਂ ਲੀਲਾ ਉਨ੍ਹਾਂ ਦਾ ਪਿੱਛਾ ਨਹੀਂ ਛੱਡਦੀਆਂ। ਕ੍ਰਿਸ਼ਨ ਭਗਤੀ ਦੇ ਉਪਾਸਕ, ਇਸ ਤਰ੍ਹਾਂ ਦੀਆਂ ਲੀਲ੍ਹਾ ਨੂੰ ਬੜੇ ਮਾਣ ਨਾਲ, ਨਿਰਸੰਕੋਚ ਕ੍ਰਿਸ਼ਨ ਜੀ ਨਾਲ ਜੋੜਕੇ ਪ੍ਰਗਟਾਉਂਦੇ ਹਨ। ਬਿਲਾਸੀ ਭਾਵਨਾਵਾਂ ਤੇ ਕ੍ਰੀੜਾ ਦੇ ਗੀਤ ਗਾਉਂਦੇ ਤ੍ਰਿਪਤ ਨਹੀਂ ਹੁੰਦੇ। ਇਹ ਭਗਤ ਜਦੋਂ ਸਮਾਧੀਆਂ ਭੀ ਲਗਾਉਂਦੇ ਹਨ ਤਦ ਏਨ੍ਹਾਂ ਲੀਲ੍ਹਾ ਦਾ ਹੀ ਧਿਆਨ ਕਰਕੇ ਸਾਧਨਾ ਕਰਨ ਨੂੰ ਭਗਤੀ ਸਮਝਦੇ ਹਨ। ਸਾਹਿਤਯ ਦੇ ਰਸੀਏ, ਸ਼ਿੰਗਾਰ ਰਸੀ ਕਵੀ ਜੈ ਦੇਵ, ਜਿਨ੍ਹਾਂ ਨੇ ਨਾਇਕ ਨਾਇਕਾਵਾਂ ਦੇ ਭੇਦਾਂ ਤੋਂ ਅੱਗੇ ਲੰਘਕੇ ਵਿਲਾਸੀ ਮਧੁਰ ਰੱਸ ਤੋਂ ਵਧੇਰੇ ਹੀ ਪ੍ਰਭਾਵ ਪਾਏ ਹਨ। ਕਵੀਆਂ ਨੇ ਤਾਂ ਸ਼ਿੰਗਾਰ ਰੱਸ ਦੇ ਨਖਸਿਖ ਸਵਾਰਨੇ ਹੀ ਸਨ, ਖੋਜੀ ਵਿਦਵਾਨ, ਰਾਮ ਭਗਤੀ ਨੂੰ ਏਸੇ ਰੰਗ ਵਿੱਚ ਰੰਗਣਾ, ਆਪਣਾ ਪਵਿੱਤਰ ਫਰਜ ਸਮਝ ਕੇ ਗ੍ਰੰਥ ਰਚਨਾ ਕਰਦੇ ਰਹੇ ਹਨ। ਮੱਧਕਾਲ ਵਿੱਚ ਭਗਤੀ ਭਾਵਨਾ ਦਾ ਸਰੂਪ ਨਿਸ਼ਚੇ ਹੀ ਨਾਰੀ ਪ੍ਰਧਾਨ ਤੱਤ ਵਾਲਾ ਰਿਹਾ ਹੈ। ਚੇਤੰਨ ਪ੍ਰਭੂ ਬਲੱਭਾਚਾਰੀਆਂ ਜਿਹੇ ਅਚਾਰੀਆਂ ਨੇ ਉਨ੍ਹਾਂ ਸੰਬੰਧੀ ਕਿਤਾਬਾਂ ਲਿਖਣ ਵੇਲੇ ਰਾਸ ਲੀਲਾ ਅਤੇ ਰੰਗਸ਼ਾਲਾ ਤੱਕ ਪਹੁੰਚਕੇ ਭੀ ਬੱਸ ਨਾ ਕੀਤੀ, ਸਖੀ ਭਾਵ ਨੂੰ ਅਜਿਹਾ ਰੂਪ ਦਿੱਤਾ ਕਿ, ਬੰਦੇ ਭੀ ਇਸਤਰੀ ਰੂਪ ਧਾਰਕੇ ਨੱਚਣਾ ਧਰਮ ਭਗਤੀ ਸਮਝਣ ਲੱਗੇ। ਭਗਤੀ ਮੱਤ ਉੱਤੇ ਇਸ ਨਾਰੀ ਤੱਤ ਦੇ ਰੂਪ ਭਾਰੂ ਪੈਣ ਨਾਲ ਅਤਿ ਦਰਜੇ ਦੀ ਗਿਰਾਵਟ ਆਈ। ਸਖੀ ਭਾਵ ਅਧੀਨ, ਦੇਵ ਦਾਸੀਆਂ ਨੇ ਮੰਦਰਾਂ ਨੂੰ ਰੰਗਸ਼ਾਲਾ ਬਣਾ ਦਿੱਤਾ। ਮਹਾਂਪ੍ਰਭੂ ਬਲਭਾਚਾਰੀਆ ਨੇ ਕ੍ਰਿਸ਼ਨ ਨੂੰ ਹੀ ਪ੍ਰਮੇਸ਼ਰ ਹੋਣ ਦੀ ਮਾਨਤਾ ਦਿੱਤੀ ਫੱਲ, ਅਸਮਾਨੀ ਬੈਕੁੰਠ ਗੋਲੋਕ ਦੱਸਿਆ, ਅਤੇ ਜ਼ੋਰ ਨਾਲ ਹੀ ਕਿਹਾ:–

ਸ੍ਰੀ ਕ੍ਰਿਸ਼ਨ ਆਪਣੀ ਅਨੰਤ ਸਖੀਉਂ ਸੇ ਪ੍ਰਤਿਸ਼ਟ ਹੋ ਕਰ ਅਪਨੇ ਭਕਤੋਂ ਕੇ ਸਾਥ ਬੈਕੁੰਠ ਮੇਂ ਨਿੱਤ ਲੀਲਾ ਕਰਤੇ ਹੈ ਜੋ ਗੋਕਲ ਸਥਿਤ ਹੈ ਗੋ ਲੋਕ ਭੀ ਇਸੀ ਬੈਕੁੰਠ ਕਾ ਇਕ ਅੰਸ਼ ਮਾਤਰ ਹੈ। (ਸਫ਼ਾ 81 ਤਾਮਿਲ ਪ੍ਰਬੋਧਮ)

ਕ੍ਰਿਸ਼ਨ ਜੀ ਦੀਆਂ 12 ਪ੍ਰਮੁੱਖ ਸ਼ਕਤੀਆਂ ਵਿੱਚੋਂ ਇਕ ਰਾਧਾ ਮੰਨੀ ਗਈ। ਕ੍ਰੀੜਾ ਕੇ ਲੀਏ ਭਗਵਾਨ ਕਾ ਸਮਯ ਇਸ ਪ੍ਰਿਥਵੀ ਪਰ ਗੋਕਲ ਕੇ ਰੂਪ ਮੇਂ ਹੈ। ਕ੍ਰਿਸ਼ਨ ਕੀ ਪ੍ਰਾਪਤੀ ਹੀ ਭਗਤੀ ਮੁਕਤੀ ਕਾ ਫਲ ਮਾਨਾ ਗਿਆ।

ਸ੍ਰੀ ਕ੍ਰਿਸ਼ਨ ਸਰਣੰ ਮਮ ਬਲਭ ਸੰਪਰਦਾਏ ਨੇ ਜਪ ਮੰਤਰ ਪ੍ਰਚਾਰਿਆ। ਉਨ੍ਹਾਂ ਨੇ ਆਪਣੇ ਮੱਤ ਨੂੰ ਪੁਸ਼ਠੀ ਮਾਰਗ ਦਾ ਨਾਮ ਦਿੱਤਾ ਹੈ, ਮੁਕਤੀ ਬਾਰੇ ਕਿਹਾ ਹੈ। ਪੁਸ਼ਠੀ ਮਾਰਗ ਵਿੱਚ, ਲੋਕ ਔਰ ਵੇਦ, ਦੇਵੀ, ਦੇਵ, ਦੋਨੋਂ ਪ੍ਰਲੋਭਨੇ ਸੇ ਦੂਰ ਹੋ ਜਾਣੇ ਸੇ ਹੀ ਮੁਕਤੀ ਸੰਭਵ ਹੈ।

ਬਲਭ ਸੰਪਰਦਾਇ ਦੀ ਮਾਨਤਾ ਹੈ, ਭਗਤ ਲੋਕ ਮਰਨ ਉਪਰੰਤ ਗੋ ਲੋਕ ਵਿੱਚ ਵਾਸ ਕਰਦੇ ਹਨ, ਚੇਤੰਨਯ ਪ੍ਰਭੂ ਦੇ ਮੱਤ ਬਾਰੇ ਲਿਖਿਆ ਮਿਲਦਾ ਹੈ ਇਨਕਾ ਗੋ ਲੋਕ ਗਮਨ, 1533 ਮੇਂ ਹੂਆ। (ਸਫ਼ਾ 84 ਤਾਮਲ ਪ੍ਰਬੰਧਮ)

ਮੁਕਤੀ ਦਾ ਸਰੂਪ, ਗੋ ਲੋਕ ਦੇ ਵਾਸੀ ਹੋਣਾ, ਭਗਤੀ ਸਾਧਕਾ ਉੱਤੇ ਛਾਇਆ ਹੋਇਆ ਸੀ। ਰਾਧਾ ਭਗਤੀ ਇਸ ਦੀ ਪ੍ਰਾਪਤੀ ਦਾ ਸਾਧਨ ਮੰਨੀ ਗਈ।

ਰਾਧਾ ਕਲਪਤ ਸੁੰਦਰੀ ਸੀ ਜਾਂ ਯਥਾਰਥ ਹਸਤੀ? ਇਸ ਸਬੰਧੀ ਕਈ ਮੱਤ ਹਨ, ਰਾਧਾ ਜੀ ਬਾਰੇ ਭਗਤੀ ਮੱਤ ਦੇ ਗ੍ਰੰਥਾਂ ਵਿੱਚ ਖੁੱਲ੍ਹੀ ਚਰਚਾ ਦਾ ਪ੍ਰਸੰਗ ਇਕ ਲੰਮਾ ਵਿਸ਼ਾ ਹੈ।

ਇਕ ਵਿਦਵਾਨ ਨੇ ਰਾਧਾ ਦਾ ਨਾਮ ਰਿਗਵੇਦ ਵਿੱਚੋਂ ਜਾ ਖੋਜਿਆ ਹੈ। (ਰਸਾਲਾ ਭਾਰਤੀ ਬੰਬਈ ਸਫ਼ਾ 53, ਅਗਸਤ 1965)। ਇਕ ਗ੍ਰੰਥ ਗਾਹਾ ਸਤਸਈ ਈਸਵੀ ਦੀ ਪੰਜਵੀਂ ਸਦੀ ਦੇ ਲਿਖੇ ਹੋਏ ਵਿੱਚ ਭੀ ਰਾਧਾ ਦਾ ਨਾਮ ਲੱਭਿਆ ਹੈ। ਇਹ ਭੀ ਮੱਤ ਹੈ ਕਿ ਈਸਾ ਦੀ ਅੱਠਵੀਂ ਸਦੀ ਤੱਕ ਦੇ ਸਾਹਿਤ ਵਿੱਚ ਰਾਧਾ ਦਾ ਨਾਮ ਹਾਲਾਂ ਲੋਕ ਪ੍ਰਿਯ ਨਹੀਂ ਸੀ। ਪਦਮ ਪੁਰਾਨ ਦੇ (ਦੱਸਵੇਂ ਸਕੰਧ) ਕ੍ਰਿਸ਼ਨ ਜੀ ਜਿਥੇ ਗੋਪੀਆਂ ਨਾਲ ਰਾਸ ਲੀਲਾ ਕਰਦੇ ਦੱਸੇ ਹਨ, ਜਿਸ ਗੋਪੀ ਨੂੰ ਲੈ ਕੇ ਗੁਪਤ ਹੋ ਗਏ, ਕਿਹਾ ਹੈ, ਉਹ ਗੋਪੀ ਰਾਧਾ ਸੀ। ਰਾਧਾ ਦਾ ਨਾਮ ਪਹਿਲਾਂ ਪਹਿਲ ਬਾਰਵ੍ਹੀਂ ਸਦੀ ਵਿੱਚ ਕ੍ਰਿਸ਼ਨ ਜੀ ਦੇ ਨਾਮ ਨਾਲ ਪ੍ਰਸਿੱਧ ਹੋਇਆ। ਪਹਿਲਾਂ ਅਹੀਰ ਜਾਤੀ ਦੀ ਪ੍ਰੇਮ–ਦੇਵੀ ਫਿਰ ਪ੍ਰੇਮਿ–ਕਾ, ਉਸ ਪਿੱਛੋਂ ਕ੍ਰਿਸ਼ਨ ਜੀ ਦੀ ਸਾਥਣ ਦੇ ਰੂਪ ਵਿੱਚ। ਉਸ ਪਿੱਛੋਂ ਕ੍ਰਿਸ਼ਨ ਜੀ ਨਾਲੋਂ ਭੀ ਪ੍ਰਮੁੱਖ ਬਣਾ ਕੇ ਇਕੱਲੀ ਰਾਧਾ ਦੇ ਜਾਪ ਨੂੰ ਹੀ ਭਗਤੀ ਦਾ ਪ੍ਰਮਾਣ ਮੰਨਿਆ ਗਿਆ। ਚੈਤੰਨਯ ਪ੍ਰਭੂ, ਮਹਾਂ ਪ੍ਰਭੂ ਵਲੱਭਾਚਾਰੀਆ ਮੱਤ ਦੇ ਭਗਤ ਲੋਕ ਰਾਧਾ ਰਮਣ ਪਰਮ ਸੁਖ ਦਾਈ ਜਹੇ ਰਸੀਲੇ ਗੀਤ ਗਾਉਂਦੇ, ਭਾਵਕ ਹੋ ਕੇ ਨੱਚਦੇ ਅਤੇ ਰਾਧਾ, ਰਾਧਾ ਕੂਕਦੇ ਮੂਰਛਲ ਹੁੰਦੇ ਰਹੇ।

ਭਗਤੀ ਦਾ ਪ੍ਰਬਲ ਰੂਪ, ਰਾਧਾ ਭਗਤੀ ਬਣ ਗਈ। ਰਾਧਾ ਨੂੰ ਮਧੁਰ ਭਾਵ ਦੇ ਰੂਪ ਵਿੱਚ ਅਨੁਭਵ ਕਰਨਾ ਭਗਤੀ ਦਾ ਪਰਮ ਲਖਸ਼ਣ ਹੋ ਗਿਆ। ਇਸ ਸ਼ਰਧਾ ਭੂਮੀ ਵਿੱਚੋਂ ਵਲੱਭਾਚਾਰੀਆ ਨੇ ਰਾਧਾ ਵਲੱਭ ਸੰਪਰਦਾਏ ਮੱਤ ਖੜਾ ਕੀਤਾ। ਇਸ ਮੱਤ ਦੀ ਮਾਨਤਾ ਸੀ– ਰਾਧਾ ਦੇ ਨਾਮ ਲਏ ਬਿਨਾਂ ਕ੍ਰਿਸ਼ਨ ਭਗਤੀ ਨਖਿੱਧ ਹੈ। ਤਾਮਲ ਪ੍ਰਬੰਧਮ ਦਾ ਲੇਖ ਹੈ:– ਰਾਧਾ ਬਿਨਾਂ ਕ੍ਰਿਸ਼ਨ ਦੀ ਕਲਪਨਾ ਹੀ ਨਹੀਂ ਕੀ ਜਾ ਸਕਤੀ। ਰਾਧਾ ਕ੍ਰਿਸ਼ਨ ਪ੍ਰੇਮ ਨੂੰ ਨਿਸ਼ਕਾਮ ਪ੍ਰੇਮ ਦੀ ਸੰਗਿਆ ਦਿੱਤੀ। ਇਕ ਹੋਰ ਅਚਾਰੀਆ ਸ੍ਰੀ ਹਿੱਤ ਹਰਿਬੰਸ ਹੋਏ, ਉਨ੍ਹਾਂ ਨੇ ਕ੍ਰਿਸ਼ਨ ਜੀ ਦਾ ਨਾਮ ਰਾਧਾ ਨਾਲੋਂ ਲਾਹ ਕੇ ਇਕੱਲੀ ਰਾਧਾ ਨੂੰ ਹੀ ਇਸ਼ਟ ਮੰਨਣ ਦੇ ਉਪਦੇਸ਼ ਸ਼ੁਰੂ ਕਰ ਦਿੱਤੇ। ਉਨ੍ਹਾਂ ਕਿਹਾ, ਨਿੱਤ ਬਿਰਹਣੀ ਰਾਧਾ ਕੋ ਹਮ ਆਪਣਾ ਇਸ਼ਟ ਮਾਨਤੇ ਹੈਂ। (ਤਾਮਲ ਪ੍ਰਬੋਧਮ ਸਫ਼ਾ 88) ਇਸ ਭਗਤੀ ਸੰਪਰਦਾਏ ਵੱਲੋਂ ਰਾਧਾ ਨੂੰ ਪਰਮ ਰੱਸ ਮਾਧਰੀ ਦੀ ਉਪਾਧੀ ਦਿੱਤੀ ਗਈ। ਇਸ ਤਰ੍ਹਾਂ ਰਾਧਾ ਭਗਤੀ ਦੇ ਰਸੀਏ ਕ੍ਰਿਸ਼ਨ ਭਗਤੀ ਤੋਂ ਵੀ ਅੱਗੇ ਲੰਘ ਗਏ। ਵਲੱਭਾਚਾਰੀਆ, ਚੇਤੰਨ ਪ੍ਰਭੂ ਅਤੇ ਸ੍ਰੀ ਹਿਤ ਹਰਬੰਸ ਸ੍ਰੀ ਨੇ ਸਖੀਵਾਦ ਕੀ ਭੂਮਿਕਾ ਤਿਆਰ ਕੀਤੀ ਜਿਸ ਵਿੱਚ ਸਵਾਮੀ ਹਰੀ–ਦਾਸ ਨੇ ਪਿੱਛੋਂ ਹੋਰ ਗੂੜ੍ਹਾ ਰੰਗ ਭਰਿਆ।

*ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ*

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗ

**ਗੁਰਨਾਬ ਸਿੰਘ ਭੱਟੀ**
ਫੋਨ: 07940186524



ਇਸ ਲੇਖ ਦਾ ਮੁੱਖ ਮੰਤਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਦੀ ਜਾਣਕਾਰੀ ਪ੍ਰਾਪਤ ਕਰਨਾ ਹੈ। ਖ਼ਾਸ ਤੌਰ 'ਤੇ ਸਾਡੀ ਅਗਲੀ ਪੀੜ੍ਹੀ ਦੇ ਬੱਚਿਆਂ ਨੂੰ ਗੁਰਬਾਣੀ ਪੜ੍ਹਨ ਤੇ ਸਿੱਖਣ ਵਾਲੇ, ਪਾਠੀ ਤੇ ਪ੍ਰਚਾਰਕ ਬਣ ਸਕਣ ਦੀ ਉਮੰਗ ਰੱਖਣ ਵਾਲੇ ਅਤੇ ਸਿੱਖੀ ਨਾਲ ਜੁੜਨ ਵਾਲਿਆਂ ਦੀ ਭਾਵਨਾਵਾਂ ਨੂੰ ਮੁੱਖ ਰੱਖ ਕੇ ਲਿਖਿਆ ਹੈ। ਲਿਖਣ ਦੀ ਜਰੂਰਤ ਇਸ ਕਰਕੇ ਸਮਝੀ ਗਈ: ਜਦੋਂ ਵੀ ਕੋਈ ਧਰਮ-ਪ੍ਰਚਾਰਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਦੀ ਕਥਾ ਸੁਣਾਉਂਦਾ ਹੈ ਤਾਂ ਇਹੋ ਹੀ ਦੱਸਦਾ ਹੈ ਕਿ ਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 31 ਰਾਗਾਂ ਵਿੱਚ ਹੈ। ਜਿਸ ਵਿੱਚ 20 ਰਾਗੁ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ ਅਤੇ 10 ਰਾਗੁ ਸ੍ਰੀ ਗੁਰੂ ਰਾਮਦਾਸ ਜੀ ਦੀ ਰਚਨਾ ਅਤੇ ਇਕ ਰਾਗੁ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਰਚਨਾ ਹੈ। ਇਸ ਤੋਂ ਅੱਗੇ ਬਹੁਤ ਸਾਰੇ ਪ੍ਰਚਾਰਕ ਚੁੱਪ ਵੱਟ ਲੈਂਦੇ ਹਨ। ਕਿਹੜਾ ਰਾਗੁ ਕਿਸ ਗੁਰੂ ਸਾਹਿਬਾਨ ਦੀ ਰਚਨਾ ਹੈ, ਇਸ ਦਾ ਜੁਆਬ ਬਹੁਤੇ ਪ੍ਰਚਾਰਕ ਨਹੀਂ ਦਿੰਦੇ। ਕਿਉਂਕਿ ਸਾਡੀ ਨਵੀਂ ਪੀੜ੍ਹੀ, ਖ਼ਾਸ ਕਰਕੇ ਵਿਦੇਸ਼ਾਂ ਵਿੱਚ ਜਨਮ ਲੈ ਕੇ, ਵੱਡੇ ਹੋਣ ਕਰਕੇ, ਗੁਰੂ ਜੀ ਦੀ ਬਾਣੀ ਲਈ ਸ਼ਰਧਾ ਰੱਖਦੀ ਹੈ। ਪਰ ਗੁਰਬਾਣੀ ਦੇ ਸਿਧਾਂਤ ਤੇ ਰਾਗਾਂ ਨੂੰ ਸਮਝ ਕੇ ਇਸ ਦੀ ਇਤਿਹਾਸਕ ਖੋਜ ਕਰਨ ਦੀ ਪ੍ਰਬਲ ਇੱਛਾ ਰੱਖਦੇ ਹਨ। ਸਾਡੇ ਧਰਮ ਦੇ ਪ੍ਰਚਾਰਕ ਤੇ ਗੁਰਬਾਣੀ ਪੜ੍ਹਨ ਤੇ ਪੜ੍ਹਾਉਣ ਵਾਲੇ ਪਾਸੋ-ਨਵੇਂ ਜੁੜਨ ਵਾਲੇ ਬੱਚਿਆਂ ਨੂੰ ਪਾਠ, ਕਥਾ-ਕੀਰਤਨ ਦੀ ਸਿੱਖਿਆ ਤਾਂ ਮਿਲ ਜਾਂਦੀ ਹੈ ਪਰ ਇਤਿਹਾਸਕ ਖੋਜ ਲਈ ਗੂਗਲ (Google) ਦਾ ਸਹਾਰਾ ਲੈਣਾ ਪੈਂਦਾ ਹੈ। ਜੋ ਕਿ ਕਈ ਵਾਰ ਅਧੂਰੀ ਜਾਂ ਗਲਤ ਜਾਣਕਾਰੀ ਹੁੰਦੀ ਹੈ। ਦਾਸ ਦਾ ਨਿੱਜੀ ਤੌਰ ਦਾ ਤਜਰਬਾ ਵੀ ਇਹੋ ਹੀ ਹੈ। ਇਸੇ ਕਰਕੇ ਇਹ ਲਿਖਣ ਦੀ ਜਰੂਰਤ ਸਮਝੀ ਗਈ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਿਰਮਲ ਪੰਥ ਦੀ ਨੀਂਹ ਦਾ ਅਧਾਰ ਗੁਰਬਾਣੀ ਅਤੇ ਸੰਗਤ ਹੀ ਸੀ। ਭਾਈ ਗੁਰਦਾਸ ਜੀ ਦਾ ਕਥਨ ਹੈ - ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ - ਦਰਸਾਉਂਦਾ ਹੈ ਕਿ ਸਿੱਖ ਧਰਮ ਵਿੱਚ ਗ੍ਰੰਥ ਤੇ ਪੰਥ ਦਾ ਵਿਸ਼ੇਸ਼ ਸਥਾਨ ਹੈ। ਦਸਾਂ ਹੀ ਪਾਤਿਸ਼ਾਹੀਆਂ ਨੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਤੇ ਨਿਰਮਲ ਪੰਥ ਨੂੰ ਅੱਗੇ ਸੰਗਤ ਵਿੱਚ ਦ੍ਰਿੜ ਕਰਾਇਆ ਅਤੇ ਕਲਯੁੱਗੀ ਜੀਵਾਂ ਦਾ ਉਧਾਰ ਕੀਤਾ। ਸੋ ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਨਾ ਦਾ ਕਾਰਜ ਸ਼ੁਰੂ ਕੀਤਾ ਜੋ ਸੰਨ 1706 ਈ: ਵਿੱਚ ਸੰਪੂਰਨ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 6 ਗੁਰੂ ਸਾਹਿਬਾਨ ਜੀ - ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਰਜ ਹੈ। ਇਸ ਗ੍ਰੰਥ ਵਿੱਚ ਚਾਰ ਗੁਰੂ ਸਾਹਿਬਾਨ - ਸ੍ਰੀ ਗੁਰੂ ਹਰਿਗੋਬਿੰਦ ਜੀ, ਸ੍ਰੀ ਗੁਰੂ ਹਰਿ ਰਾਏ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਸਾਹਿਬਾਨ ਤੋਂ ਇਲਾਵਾ 15 ਭਗਤਾਂ, 3 ਸਿੱਖਾਂ ਅਤੇ 11 ਭੱਟਾ ਦੀ ਬਾਣੀ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਦਾ ਅਧਾਰ - ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਧਾਂਤ ਹੀ ਹੈ ਅਤੇ ਸਾਰੀ ਹੀ ਬਾਣੀ ਰਾਗਾਂ ਵਿੱਚ ਉਚਾਰਨ ਕੀਤੀ ਹੋਈ ਹੈ। ਭਾਰਤੀ ਉਪ ਮਹਾਂਦੀਪ ਵਿੱਚ ਰਾਗੁ ਅਤੇ ਸੰਗੀਤ ਦਾ ਪੁਰਾਤਨ ਸਮੇਂ ਤੋਂ ਰਿਸ਼ਤਾ ਹੈ। ਪ੍ਰਮਾਤਮਾਂ ਦੀ ਉਪਾਸਨਾ ਕਰਨ ਸਮੇਂ ਸੰਗੀਤ ਦਾ ਮਾਧਿਅਮ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਅਸੀਂ ਆਮ ਦੇਖਦੇ ਹਾਂ ਕਿ ਹਿੰਦੂ ਦੇਵੀ-ਦੇਵਤਿਆਂ ਦੀ ਪੂਜਾ ਸਮੇਂ ਭਜਨ ਜਾਂ ਭੇਟਾਂ ਗਾਈਆਂ ਜਾਂਦੀਆਂ ਹਨ ਅਤੇ ਸੰਗੀਤ ਕੀਤਾ ਜਾਂਦਾ ਹੈ। ਪੀਰਾਂ, ਸੂਫ਼ੀ-ਫ਼ਕੀਰਾਂ ਦੀਆਂ ਮਜਾਰਾਂ ਉੱਤੇ ਵੀ ਗੀਤ-ਸੰਗੀਤ ਦਾ ਸਹਾਰਾ ਲੈ ਕੇ ਉਨ੍ਹਾਂ ਦੀ ਉਸਤਤ ਕੀਤੀ ਜਾਂਦੀ ਹੈ। ਪੱਛਮੀ ਸੱਭਿਆਚਾਰ ਵਿੱਚ ਸੰਗੀਤ ਦਾ ਬਹੁਤ ਮਾਣ-ਸਤਿਕਾਰ ਹੈ। ਪਰ ਇਸ ਦੇ ਬਿਲਕੁੱਲ ਉਲਟ ਇਸਲਾਮ ਧਰਮ ਵਿੱਚ ਸੰਗੀਤ ਤੇ ਗਾਉਣ ਨੂੰ ਨਿਕਾਰ ਦਿੱਤਾ ਗਿਆ ਹੈ। ਗਾਣਾ-ਵਜਾਉਣਾ ਤੇ ਸੰਗੀਤ ਦਾ ਇਸਲਾਮ ਨਿੰਦਕ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਸੁਲਤਾਨ ਪੁਰ ਲੋਧੀ ਤੋਂ ਧੁਰ ਕੀ ਬਾਣੀ ਦਾ ਉਚਾਰਨ ਕਰਦੇ ਹੋਏ, ਆਪਣੀ ਪਹਿਲੀ ਉਦਾਸੀ ਦੀ ਸ਼ੁਰੂਆਤ ਕੀਤੀ, ਉਸ ਸਮੇਂ ਗੁਰੂ ਜੀ ਨੇ ਭਾਈ ਮਰਦਾਨਾ ਜੀ ਦੀ ਰਬਾਬ ਦੀ ਧੁੰਨ ਨੂੰ ਸੰਗੀਤਕ ਮਾਧਿਅਮ ਚੁਣਿਆ ਸੀ। ਗੁਰੂ ਜੀ ਨੇ ਆਪਣੀ ਬਾਣੀ ਦਾ ਉਚਾਰਨ 20 ਰਾਗਾਂ ਵਿੱਚ ਕੀਤਾ ਅਤੇ ਭਾਈ ਮਰਦਾਨਾ ਜੀ ਨੇ ਆਪਣੀ ਰਬਾਬ ਨਾਲ ਇਨ੍ਹਾਂ ਰਾਗਾਂ ਨੂੰ ਸੰਗੀਤ ਦੀ ਧੁੰਨੀ ਪ੍ਰਦਾਨ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਹੇਠ ਲਿਖੇ 20 ਰਾਗਾਂ ਵਿੱਚ ਉਚਾਰਨ ਕੀਤੀ - (1) ਰਾਗੁ ਸਿਰੀ ਰਾਗੁ (2) ਰਾਗੁ ਮਾਝ (3) ਰਾਗੁ ਗਉੜੀ (4) ਰਾਗੁ ਆਸਾ (5) ਰਾਗੁ ਗੁਜਰੀ (6) ਰਾਗੁ ਬਿਰਾਗੜਾ (7) ਰਾਗੁ ਵਡਹੰਸ (8) ਰਾਗੁ ਸੋਰਠਿ (9) ਰਾਗੁ ਧਨਾਸਰੀ (10) ਰਾਗੁ ਤਿਲੰਗ (11) ਰਾਗੁ ਸੂਹੀ (12) ਰਾਗੁ ਬਿਲਾਵਲ (13) ਰਾਗੁ ਰਾਮਕਲੀ (14) ਰਾਗੁ ਮਾਰੂ (15) ਰਾਗੁ ਤੁਖਾਰੀ (16) ਰਾਗੁ ਭੈਰਉ (17) ਰਾਗੁ ਬਸੰਤ (18) ਰਾਗੁ ਸਾਰੰਗ (19) ਰਾਗੁ ਮਲਾਰ (20) ਰਾਗੁ ਪ੍ਰਭਾਤੀ। ਇਨ੍ਹਾਂ 20 ਰਾਗਾਂ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਉਚਾਰਨ ਕੀਤੀ ਹੋਈ ਬਾਣੀ ਲਈ ਅਧਾਰ-ਸ਼ਿਲਾ ਮੰਨਿਆ। ਪਰ ਚੌਥੀ ਪਾਤਿਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਬਾਣੀ ਉਚਾਰਨ ਕਰਦੇ ਸਮੇਂ 10 ਹੋਰ ਨਵੇਂ ਰਾਗੁ ਆਪਣੀ ਉਚਾਰੀ ਹੋਈ ਬਾਣੀ ਵਿੱਚ ਸ਼ਾਮਿਲ ਕੀਤੇ ਜੋ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਵੀ ਬਾਣੀ ਉਚਾਰਨ ਸਮੇਂ ਅਪਣਾਏ। ਸ੍ਰੀ ਗੁਰੂ ਰਾਮਦਾਸ ਜੀ ਦੇ 10 ਰਾਗੁ ਇਸ ਤਰ੍ਹਾਂ ਹਨ।

(1) **ਰਾਗੁ ਦੇਵਗੰਧਾਰੀ** - ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਛੇਵਾਂ (6ਵਾਂ) ਰਾਗੁ ਹੈ। ਇਸ ਰਾਗੁ ਵਿੱਚ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਹੈ।

(2) **ਰਾਗੁ ਜੈਤਸਰੀ** - ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 11ਵੇਂ (ਗਿਆਰਵੇਂ) ਸਥਾਨ 'ਤੇ ਸੁਸ਼ੋਭਿਤ ਹੈ। ਇਸ ਰਾਗੁ ਵਿੱਚ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਹੈ।

(3) **ਰਾਗੁ ਟੋਡੀ** - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਾਰ੍ਹਵਾਂ (12ਵਾਂ) ਰਾਗੁ ਹੈ। ਇਸ ਵਿੱਚ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਅਤੇ ਭਗਤ ਨਾਮਦੇਵ ਜੀ ਦੀ ਬਾਣੀ ਦਰਜ ਹੈ।

(4) **ਰਾਗੁ ਬੈਰਾੜੀ** - ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਤੇਰ੍ਹਵਾਂ (13ਵਾਂ) ਸਥਾਨ 'ਤੇ ਹੈ। ਇਸ ਰਾਗੁ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਸ਼ਾਮਿਲ ਹੈ।

(5) **ਰਾਗੁ ਗੌਂਡ** - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਾਰ੍ਹਵਾਂ (17ਵਾਂ) ਰਾਗੁ ਹੈ। ਇਸ ਰਾਗ ਵਿੱਚ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਭਗਤ ਕਬੀਰ ਜੀ, ਭਗਤ ਨਾਮ ਦੇਉ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਸ਼ਾਮਿਲ ਹੈ।

(6) **ਰਾਗੁ ਨਟ ਨਰਾਇਣ** - ਇਹ ਰਾਗੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਨ੍ਹੀਵੇਂ (19ਵੇਂ) ਸਥਾਨ ਉਪਰ ਹੈ। ਇਸ ਰਾਗੁ ਵਿੱਚ ਸ਼ਾਮਿਲ ਬਾਣੀ ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹੈ।

(7) **ਰਾਗੁ ਮਾਲੀ ਗਉੜਾ** - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵੀਹਵਾਂ (20ਵਾਂ) ਰਾਗੁ ਹੈ। ਇਸ ਵਿੱਚ ਗੁਰੂ ਰਾਮਦਾਸ ਜੀ, ਗੁਰੂ ਅਜਰਨ ਦੇਵ ਜੀ ਅਤੇ ਭਗਤ ਨਾਮਦੇਵ ਜੀ ਦੀ ਬਾਣੀ ਸ਼ਾਮਿਲ ਹੈ।

(8) **ਰਾਗੁ ਕੇਦਾਰਾ** - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਤੇਈਵੇਂ (23ਵੇਂ) ਸਥਾਨ ਉਪਰ ਹੈ। ਇਸ ਰਾਗੁ ਵਿੱਚ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਸ਼ਾਮਿਲ ਹੈ।

(9) **ਰਾਗੁ ਕਾਨੜਾ** - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਠ੍ਹਾਈਵਾਂ (28ਵਾਂ) ਰਾਗੁ ਹੈ। ਇਸ ਰਾਗੁ ਵਿੱਚ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਭਗਤ ਨਾਮਦੇਵ ਜੀਉ ਦੀ ਬਾਣੀ ਅੰਕਿਤ ਹੈ।

(10) **ਰਾਗੁ ਕਲਿਆਣ** - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਣੱਤੀਵਾਂ (29ਵਾਂ) ਰਾਗੁ ਹੈ। ਇਸ ਰਾਗੁ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਸ਼ਾਮਿਲ ਹੈ।

ਉਪਰ ਲਿਖੇ 30 ਰਾਗਾਂ ਤੋਂ ਪਿੱਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਕੱਤੀਵਾਂ (31ਵਾਂ) ਰਾਗੁ - ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਰਚਨਾ ਹੈ - ਇਸ ਰਾਗੁ ਦਾ ਨਾਮ ਹੈ - **ਰਾਗੁ ਜੈਜਾਵੰਤੀ** - ਇਸ ਰਾਗੁ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਹੀ ਬਾਣੀ ਹੈ। ਹੋਰ ਕਿਸੇ ਵੀ ਗੁਰੂ ਸਾਹਿਬਾਨ ਜਾਂ ਭਗਤਾਂ ਦੀ ਬਾਣੀ ਨਹੀਂ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਹੀ 31 ਰਾਗੁ ਦੀ ਸੰਖੇਪ ਜਿਹੀ ਜਾਣਕਾਰੀ ਦਿੱਤੀ ਗਈ ਹੈ। ਸ਼ਾਇਦ ਬਹੁਤ ਸਾਰੀਆਂ ਤਰੁੱਟੀਆਂ ਹੋਣਗੀਆਂ। ਆਸ ਹੈ ਕਿ ਪਾਠਕ ਮੁਆਫ਼ ਕਰ ਦੇਣਗੇ ਅਤੇ ਕ੍ਰਿ-ਪਾਲਤਾ ਕਰਕੇ ਦਾਸ ਦੇ ਧਿਆਨ ਵਿੱਚ ਜਰੂਰ ਲਿਆਉਣ ਦੀ ਖੇਚਲ ਕਰਨਗੇ।

ਭੁੱਲ ਚੁੱਕ ਲਈ ਮੁਆਫ਼ੀ ਜਾਚਕ।

# THE POWER OF PRAYER : GURU NANAK'S VISION AND MODERN SCIENTIFIC INSIGHT

**IQBAL SINGH LALPURA**
**9780003333**



In today's world of scientific progress and material achievement, prayer is often relegated to the private sphere, dismissed as ritualistic or unscientific. Yet, modern research is steadily bringing prayer back into the conversation, not as blind faith but as a transformative force with measurable impact.

At Duke University Medical Center, clinical studies on patients with chronic heart disease and depression revealed that those who engaged in regular prayer or meditation showed significantly lower stress, better emotional balance, and improved survival rates. Prayer was not simply psychological comfort; it had tangible biological outcomes.

Similarly, neuroscientists at the University of Pennsylvania conducted brain imaging scans on people during deep prayer and meditation. They found heightened activity in areas of the brain linked with compassion, focus, and emotional regulation, while activity in the regions associated with fear and stress declined. Prayer, in other words, reshapes the human brain toward peace.

Neurobiologist Dr. Arlene R. Taylor has demonstrated that prayer helps reduce the secretion of cortisol — the stress hormone — and enhances the immune system's functioning. Regular prayer improves resilience, emotional health, and clarity of purpose.

They have also proved scientifically that if someone pray for a patient from distance, there are positive signs in the brain of the patient's.

Science now admits what spiritual traditions have always maintained: prayer is not escape from reality, it is empowerment to live within it.

In Sikh philosophy, prayer (Ardaas) is not mere petitioning for worldly gains. It is communion with the Divine, a way of aligning the human will with Hukam ,the Divine Order. Guru Nanak Dev Ji emphasized that true prayer does not lie in ritual repetition or formalism, but in living remembrance of the One Creator.

The Sikh Ardaas begins with the invocation of Ek Onkaar, affirming that prayer is directed to the One Universal Creator, beyond sects and boundaries. It then recalls the sacrifices of the Gurus, martyrs, and saints, and finally seeks collective welfare, "Nanak Naam chardi kala, tere bhaane sarbat da bhala."

Nanak, through the Naam of Almighty,comes uplifted spirit,through Your will, may there be good for all.

This line alone reflects a universal, compassionate worldview: Sikh prayer is never for self alone, but for the entire humanity.

Sri Guru Granth Sahib is replete with verses that highlight both the assurance and the transformative effect of prayer.

One of the most powerful shabads is by Guru Arjan Dev Ji,"birathi kade na hovai jan ki ar?as "

The prayer of the humble servant of the Lord is never in vain.

The Perfect Guru has perfectly fulfilled my life, each and every breath and morsel. ||1||

(Ang 819,

Sri Guru Granth Sahib Ji)

Here, Guru Arjan Dev Ji declares that true prayer always bears fruit ,not necessarily in material gains, but in spiritual fulfillment, peace, and nearness to God.

In another shabad, Guru Ji reveals the healing power of prayer:"bilaval mahala 5"

rogu mi?aia ap prabh, upjia sukh sa?t.

God Himself eradicated the disease; peace and tranquility have welled up.

vad par?ap acraj rup, har kini da?. ||1||

The Lord has blessed me with glorious gifts and wondrous radiance. ||1||

(Ang 815, Sri Guru Granth Sahib Ji)Centuries before medical science spoke of psychosomatic healing, Guru Arjan Dev Ji articulated that prayer itself can dissolve illness by filling the mind with hope, positivity, and Divine strength.Guru Nanak Dev Ji challenged ritualistic prayer, emphasizing that words alone without inner transformation are hollow. He taught that true prayer is lived through conduct:

"mann jeetai jag jeet."

By conquering the mind, one conquers the world. (Ang 6)

Prayer is thus not escape into another world but discipline for this world. It molds character, strengthens courage, and inspires compassion. Guru Nanak's concept of Ardaas is revolutionary, it is not a transaction with God but a transformation of the self. It is gratitude for blessings, remembrance of sacrifices, and a pledge to live righteously. A Sikh is supposed to pray regularly every day even before leaving home and again after arrival back.

Throughout Sikh history, prayer has been the fountain of courage and sacrifice.Guru Arjan Dev Ji, while enduring martyrdom on the burning hot plate in 1606, did not pray for deliverance from pain. Instead, he uttered, "Tera kiya meetha lage" Sweet is Your Will, O Lord. His prayer was acceptance of Hukam, becoming the source of infinite courage for generations.

Guru Gobind Singh Ji, before creating the Khalsa in 1699, led the congregation in collective Ardaas. It was not merely a ritual but the empowerment of an entire community to rise as saint-soldiers ,fearless yet humble, devoted to God yet committed to justice.

During the darkest days of the Partition of 1947, Sikh refugees uprooted from their homes carried with them little more than faith and Ardaas. At refugee camps, collective prayer became the strength to rebuild lives from ashes.Even today, every Sikh function ,from birth to death, from starting a new school to beginning a important deliberation session ,begins with Ardaas. It is the heartbeat of Sikh identity.

When modern scientists say that prayer lowers stress, improves immunity, and rewires the brain for empathy, they are confirming what Sikh Gurus proclaimed five centuries ago. But Sikhism goes further,it connects prayer not only with individual healing but also with collective responsibility. While neuroscience shows that prayer changes brain patterns, Gurbani insists that true prayer must change behavior ,making us truthful, compassionate, and selfless.

The Sikh daily Ardaas ends with "Sarbat da bhala" good of all. This universal concern is the highest form of prayer, transcending the self and embracing humanity.

Prayer in Sikh thought is not a private escape but a public commitment. The Sikh tradition of Langar (community kitchen) itself is a living extension of Ardaas. After prayer, Sikhs feed the hungry without discrimination. Thus, prayer translates into action.

The Sikh martyrs, from Banda Singh Bahadur to the warriors of the Misls, drew strength from collective Ardaas before battle. Guru Gobind Singh said "Bhaee Jeet meri kirpa Akal teri " I have won with your blessing O lord . They prayed not for personal safety but for victory of righteousness.This dimension of prayer ,courage in action, compassion in service ,is what makes Sikh spirituality profoundly practical. Guru Nanak envisioned a humanity where prayer is not confined to words but embodied in life. Every breath should become remembrance of God, every action an offering.

In the modern world, when stress, conflict, and despair are widespread, prayer offers a way back to balance. Scientific evidence validates its benefits,Sikh philosophy elevates its purpose.

As Guru Arjan Dev Ji reminds us,"Without the Name, all other prayers and petitions are worthless. (Ang 387)prayer is not about demanding favors, but about dissolving ego and merging with the Divine Will.

Science and spirituality are converging on a timeless truth: prayer transforms. It heals the body, steadies the mind, and uplifts the soul. In Sikh philosophy, prayer is not ritual but relationship with the Divine, with humanity, and with one's own higher self.

Guru Nanak Dev Ji gave the world a vision of prayer that was universal, selfless, and practical. The daily Sikh Ardaas reminds us that we must not only seek blessings but also shoulder responsibility , to serve, to protect, and to love all.

Thus prayer is not the end of effort,it is the beginning of courage. It is not retreat from life,it is renewal of life. And when lived fully, as Guru Nanak taught, each Sikh, each human being, can become a living Ardaas ,a prayer while walking on earth . Let's use the prayer for the welfare of humanity with the blessing of Almighty.

**Former Chairman, National Commission for Minorities, Government of India**

# ਕਾਵਿ-ਕਿਆਰੀ

## ਗੀਤ



ਬਲਵਿੰਦਰ ਬਾਲਮ ਗੁਰਦਾਸਪੁਰ

ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਕੀ-ਕੀ ਦੱਸਾਂ ਕੀ-ਕੀ ਖਾ ਗਏ ਨਸ਼ਿਆਂ ਦੇ ਵਿਉਪਾਰੀ।
ਸੜਕਾਂ ਖਾ ਗਏ ਬਿਜਲੀ ਖਾ ਗਏ ਖਾ ਗਏ ਮੰਦਿਰ ਦੁਆਰੇ।
ਚੜ੍ਹਤ ਚੜ੍ਹਾਵੇ ਘਰ ਨੂੰ ਲੈ ਗਏ ਦਫ਼ਤਰ ਖਾ ਗਏ ਸਾਰੇ।
ਕਰਜ਼ੇ ਵਾਲਾ ਬੋਝ ਚੜ੍ਹਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਛੈਲ ਛਬੀਲੇ ਗਭਰੂ ਨਾਰਾਂ ਆਤੰਕ ਦੇ ਨਾਲ ਜੋੜੇ।
ਨਸ਼ਿਆਂ ਗੰਨੇ ਵਾਗੂੰ ਪੀੜ ਦੇ ਲੱਕ ਦੇ ਵਿੱਚੋਂ ਤੋੜੇ।
ਕੌਡੀਆਂ ਭਾਅ ਬੱਚੇ ਮਰਵਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਮੌਜੂਦਾ ਹਾਲਾਤ 'ਚ ਦਿੱਤੇ ਲਾਲਚ ਦੇ ਸੌਹਨ।
ਦੇ ਕੇ ਜ਼ਖ਼ਮ ਅਵੱਲੇ ਸਾਰੇ ਲੂਣ ਲਗਾ ਕੇ ਧੋਵਨ।
ਉਜਲਾ ਭਵਿੱਖ ਲੁੱਟਣ ਆ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਬੇਰੁਜ਼ਗਾਰੀ ਦੇ ਨਾਂ ਉਤੇ ਲੁੱਟ ਲਏ ਸ਼ਹਿਰ ਨਗੀਨੇ।
ਥਾਂ-ਥਾਂ ਉਤ ਪ੍ਰੇਰਕ ਛਡ 'ਤੇ ਪੀਵਣ ਖ਼ੂਨ ਕਮੀਨੇ।
ਸਦੀਆਂ ਤੀਕਰ ਜਨ ਤੜਪਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਸੰਵੇਦਨ ਸ਼ੀਲ ਅਦਾਵਾਂ ਦੇ ਵਿਚ ਕੱਟੜਤਾ ਭਰ ਦਿੱਤੀ।
ਸੋਚ-ਮੁਹੱਬਤ ਵਾਲੀ ਸਾਰੀ ਲੰਗੜੀ ਹੀ ਕਰ ਦਿੱਤੀ।
ਹਰ ਰਿਸ਼ਤੇ ਵਿਚ ਗੁੰਝਲਾਂ ਪਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਪਾਕਿ-ਪਵਿੱਤਰ ਸੱਤਾ ਸਾਰੀ ਲੋਕਾਂ ਤੋਂ ਹਥਿਆਈ।
ਹਰਨਾਕਸ਼ ਦੇ ਵਾਗੂੰ ਕਰਦੇ ਅਪਣੀ ਖ਼ੁਦ ਵਡਿਆਈ।
ਕੋਰਟ ਕਚਹਿਰੀ ਦੇ ਵਿਚ ਛਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਰਹਿਬਰ ਵਾਲਾ ਭੇਸ ਬਦਲ ਕੇ ਲੁੱਟਿਆ ਖ਼ੂਬ ਖ਼ਜ਼ਾਨਾ।
ਖ਼ੁਸ਼ਹਾਲੀ ਦੇ ਉਪਰ ਲਾਇਆ ਤੀਰਾਂ ਨਾਲ ਨਿਸ਼ਾਨਾ।
ਉਂਗਲਾਂ ਉਪਰ ਵਕਤ ਨਚਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਪੀੜੀਆਂ ਤੀਕਰ ਗ਼ਲਤ ਰਵਾਇਤਾਂ ਮਸਤਕ ਦੇ ਵਿਚ ਭਰੀਆਂ।
ਜਿੱਦਾਂ ਬਿੱਲੀਆਂ ਸ਼ੇਰਾਂ ਕੋਲੋਂ ਗੁੱਠੇ ਲਗ-ਲਗ ਡਰੀਆਂ।
ਸੋਚਾਂ ਨੂੰ ਏਦਾਂ ਉਲਝਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਜਾਗ੍ਰਤੀ ਨੇ ਸੋਚਾਂ ਦੇ ਵਿਚ ਇੱਕ ਕਰਾਂਤੀ ਦਿੱਤੀ।
ਨਵ ਯੁਵਕਾਂ ਨੇ ਹਾਰੀ ਹੋਈ ਸਾਰੀ ਬਾਜ਼ੀ ਜਿੱਤੀ।
ਡੂੰਘੀ ਪੀੜਾਂ ਵਿਚ ਕੁਰਲਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਉਨਤੀ ਵਾਲੇ ਸਾਰੇ ਗੁਲਸ਼ਨ ਖ਼ੁਸ਼ਹਾਲੀ ਵਿਚ ਹੋਏ।
ਵੱਖੋ-ਵੱਖਰੇ ਫੁੱਲਾਂ ਵਾਲੇ ਸੁੰਦਰ ਹਾਰ ਪਿਰੋਏ।
ਫੇਰ ਸੁਧਾਰ ਘਰਾਂ ਵਿਚ ਆ ਗਏ ਨਸ਼ਿਆਂ ਦੇ ਵਿਉਪਾਰੀ।
ਏਸ ਕਰਕੇ ਬਾਲਮ ਦੀ ਹੈ ਗੀਤਾਂ ਵਿਚ ਸਰਦਾਰੀ।

## ਰੁੱਖਾਂ ਦੀ ਮੈਂ ਗੱਲ ਕਰਾਂ....




ਰੁੱਖਾਂ ਦੀ ਮੈਂ ਗੱਲ ਕਰਾਂ
ਮਨੁੱਖ ਦੇ ਦੁੱਖਾਂ ਦੀ ਮੈਂ ਗੱਲ ਕਰਾਂ,
ਗੰਧਲਾ ਹੋ ਰਿਹਾ ਵਾਤਾਵਰਨ ਅੱਜ
ਵੱਧਦੀਆਂ ਮਨੁੱਖ ਦੀਆਂ ਭੁੱਖਾਂ ਦੀ ਮੈਂ ਗੱਲ ਕਰਾਂ ।
ਲਿਖਦੇ , ਕਹਿੰਦੇ ਤੇ ਵਿਚਾਰ ਕਰਦੇ ਕਈ
ਪਰ " ਆਪਾਂ ਕਿਉਂ ਕਰੀਏ ਤੇ ਸਾਨੂੰ ਕੀ ਪਈ ? "
ਇਹੋ ਸੋਚ ਸਾਡੇ ਲਈ ਘਾਤਕ ਹੈ
ਜੋ ਮਨ ਸਾਡੇ ਅੰਦਰ ਹੁਣ ਤੱਕ ਬੈਠੀ ਪਈ ।
ਦੂਸਰਿਆਂ ਵੱਲ ਤੱਕਣ ਨਾਲੋਂ
ਵਾਤਾਵਰਨ ਲਈ ਆਪ ਕੁਝ ਕਰ ਲਈਏ ,
ਬਹੁਤਾ ਨਹੀਂ, ਤਾਂ ਥੋੜ੍ਹਾ ਹੀ ਸਹੀ
ਨਾ ਚੁੱਪ ਕਰਕੇ ਬਹੀਏ ।
ਵੱਧ ਤੋਂ ਵੱਧ ਪੌਦੇ ਲਗਾ ਕੇ
ਕਰ ਲਈਏ ਉਨ੍ਹਾਂ ਦੀ ਸੰਭਾਲ਼ ,
ਦੂਜਿਆਂ ਨੂੰ ਜਾਗਰੂਕ ਕਰ ਦੇਈਏ
ਹੋ ਜਾਏਗਾ ਵਾਤਾਵਰਨ ਖੁਸ਼ਹਾਲ ।
ਰੁੱਖ ਨਹੀਂ " ਧਰਮਾਣੀ " ਭਗਵਾਨ ਹੈ ਇਹ
ਵਾਤਾਵਰਨ ਦੀ ਅਸਲ ਸ਼ਾਨ ਹੈ ਇਹ ,
ਇਨ੍ਹਾਂ ਬਾਝ ਨਾ ਹੋਣਾ ਗੁਜ਼ਾਰਾ
ਬੰਦਾ ਫਿਰੂ ਫਿਰ ਮਾਰਾ - ਮਾਰਾ।
ਵਰਖਾ, ਹਰਿਆਲੀ , ਆਕਸੀਜਨ
ਬਹੁਤ ਕੁਝ ਇਹ ਦਿੰਦੇ ਨੇ ,
ਪੰਛੀ, ਜੀਵ - ਜੰਤੂ ਸਭ
ਇਨ੍ਹਾਂ ਸਹਾਰੇ ਰਹਿੰਦੇ ਨੇ।
ਧਰਤੀ ਦਾ ਸ਼ਿੰਗਾਰ ਨੇ
ਸਭ ਦੇ ਜੀਵਨ ਦਾ ਅਧਾਰ ਨੇ ,
ਦਰੱਖਤ ਤਾਂ ਰੱਬ ਦਾ ਰੂਪ ਨੇ
ਇਹ ਸਭ ਦੇ ਮੱਦਦਗਾਰ ਨੇ ।
ਲਗਾ ਲਉ , ਸੰਭਾਲ਼ ਲਉ ਰੁੱਖਾਂ ਨੂੰ
ਘੱਟ ਕਰ ਲਉ , ਸਭ ਦੇ ਦੁੱਖਾਂ ਨੂੰ ,
" ਧਰਮਾਣੀ " ਸੰਭਾਲ਼ ਲਉ ਰੁੱਖਾਂ ਨੂੰ
ਬੱਚਿਆਂ ਵਾਂਗ ਪਾਲ਼ ਲਉ ਰੁੱਖਾਂ ਨੂੰ।



ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ

## ਅਣਮਨੁੱਖੀ ਕਾਰੇ



ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ ਕੇ

ਰੱਖੋ ਘਰਾਂ 'ਚ ਰਿਵਾਲਵਰ, ਬੰਦੂਕਾਂ ਸੱਜਣੋਂ,
ਕਰੋ ਜ਼ਾਹਰ ਨਿੱਤ ਨਿੱਜੀ, ਕਰਤੂਤਾਂ ਸੱਜਣੋਂ।

ਕੱਢੋ ਫਾਇਰ ਨਿੱਤ ਲੋਕਾਂ ਨੂੰ, ਡਰਾਓ ਰੱਜ ਕੇ,
ਅੜਾਓ ਟੰਗ ਹਰ ਮਸਲੇ 'ਚ, ਅੜ ਕੇ ਭੱਜ ਕੇ।

ਕੋਈ ਵਿਆਹ ਸ਼ਾਦੀ ਜਸ਼ਨ, ਨਹੀਂ ਪੂਰੇ ਹੋਣਗੇ,
ਜਿੱਥੇ ਤੁਹਾਡੇ ਜਿਹੇ ਬਹਾਦਰ, ਨਾ ਸੂਰੇ ਹੋਣਗੇ।

ਦਿਓ ਬੱਚਿਆਂ ਨੂੰ ਖੇਡਣ ਲਈ, ਹਥਿਆਰ ਨਿੱਤ ਜੀ,
ਭਾਵੇਂ ਖੇਡੇ ਕਿਹੜਾ ਮੌਤ ਹਿੱਸੇ, ਆਵੇ ਕਿਸ ਦੀ।

ਥੁੱਕੋ ਅਸਮਾਨ ਉੱਤੇ, ਭਾਵੇਂ ਮੂੰਹ ਹੀ ਲਿੱਬੜੇ,
ਹੋਵੇ ਬੇਇਜ਼ਤੀ ਤੁਹਾਡੀ, ਭਾਵੇਂ ਜਿੱਥੇ ਕਿੱਧਰੇ।

ਦਿਓ ਸ਼ਰਮਾਂ ਹਿਆਵਾਂ ਸਭ, ਛਿੱਕੇ ਟੰਗ ਜੀ,
ਕਰੋ ਲੱਭ ਕੇ ਸ਼ਰੀਫ਼ਾਂ ਨੂੰ, ਰੋਜ਼ਾਨਾ ਤੰਗ ਜੀ।

ਹੋਵੇ ਤੋਏ ਤੋਏ ਤੁਹਾਡੀ, ਦੁਨੀਆ ਦੇ ਵਿੱਚ ਜੀ,
ਰਹੇ ਗੁਣ ਨਾ ਮਨੁੱਖਤਾ ਵਾਲਾ, ਕੋਈ ਇੱਕ ਵੀ।

ਪੁੱਠੇ ਪਾਸੇ ਸੜਕਾਂ ਦੇ, ਚਲਾਓ ਗੱਡੀਆਂ,
ਜਿਹੜਾ ਰੋਕੇ ਤੁਹਾਨੂੰ ਤੋੜੋ, ਉਸ ਦੀਆਂ ਹੱਡੀਆਂ।


ਕਰੋ ਨਸ਼ੇ ਹਰ ਕਿਸਮ ਦੇ, ਸਭ ਮਾਣ ਨਾਲ ਜੀ,
ਮਾਰੋ ਮਾਪੇ ਹੋਰ ਵੀ ਨਾਤੇ, ਸਭ ਜਾਨ ਮਾਲ ਜੀ।

ਕਰੋ ਘਾਣ ਅੱਜ ਆਪਣਾ ਹੀ, ਸਿਰ 'ਤੇ ਚੜ੍ਹ ਕੇ,
ਕੱਲ ਬੈਠੋਗੇ ਤੁਸੀਂ ਹੀ, ਆਪਣਾ ਸਿਰ ਫੜ ਕੇ।

ਪੁੱਠੇ ਕੰਮਾਂ ਦਾ ਵੀ ਫਲ, ਕਦੀ ਹੁੰਦਾ ਨਹੀਂ ਮਿੱਠਾ,
ਲੱਗਿਆ ਕਿੱਕਰਾਂ ਨੂੰ ਅੰਬ, ਕਦੇ ਕਿਸੇ ਨਹੀਂ ਡਿੱਠਾ।

ਜੋ ਵੀ ਬੀਜੋਗੇ ਵੱਢਣਾ ਵੀ, ਉਹੀ ਪੈਣਾ ਏ,
ਇਹ ਅਸੂਲ ਸਚਾਈ ਵਾਲਾ, ਸੱਚਾ ਹੀ ਰਹਿਣਾ ਏ।

## ਮੌਸਮੀਂ ਤੇ ਸਿਆਸੀ ਤੀਰ



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਲੋਕ-ਰੋਹ ਫਿਰ ਬਹੁਤਾ 'ਪ੍ਰਚੰਡ' ਹੁੰਦਾ
ਝੂਠਾ ਲੀਡਰ ਜਦ ਮਾਰਦਾ ਤੜੀ ਹੋਵੇ।
ਸੱਤਾਧਾਰੀ ਉਹ ਬਦਲਣਾ ਚਾਹੀਦਾ ਏ
ਵੋਟ ਸਿਸਟਮ 'ਚ 'ਘੋਲਦਾ ਕੜੀ' ਹੋਵੇ।
'ਕੱਠ ਜਨਤਾ ਦਾ ਇੱਕੋ ਇਲਾਜ ਸਮਝੋ
ਜੇਕਰ ਹਾਕਮ ਨੇ ਜਿਦ ਕੋਈ ਫੜੀ ਹੋਵੇ।
ਹੱਥੋਂ ਪਾਰਟੀ ਖਿਸਕਦੀ ਖਿਸਕ ਜਾਂਦੀ
ਜੇ ਕਿਸਮਤ 'ਭਰਦਾਨ' ਦੀ ਸੜੀ ਹੋਵੇ।
'ਚੱਪਣ' ਰੱਖਦਾ ਨਹੀਂ ਉਹ ਘੜੇ ਉੱਪਰ
ਨੀਲੇ ਬਾਬੇ ਨੇ ਫੜ ਲਈ ਜੇ ਅੜੀ ਹੋਵੇ।
ਛਿੜਦੀ ਕੰਬਣੀ 'ਹੜ੍ਹਾਂ' ਨੂੰ ਯਾਦ ਕਰਕੇ
ਸਾਵਣ-ਭਾਦੋਂ ਦੀ ਲੱਗੀ ਜੇ ਝੜੀ ਹੋਵੇ !
-ਤਰਲੋਚਨ ਸਿੰਘ ਦੁਪਾਲ ਪੁਰ
78146-92724

## ਝੂਠਾ ਤੱਖਤ



ਮੇਰੀ ਹੀ ਲੱਕੜ ਦਾ ਦਸਤਾ ਸੀ, ਵੱਢਿਆ ਜਿਸ ਕੁਹਾੜੀ ਮੈਨੂੰ
ਦੱਸੋ ਦੋਸ਼ ਕੀ ਦੇਵਾਂ ਦੂਜੇ ਨੂੰ, ਹੋਊ ਕੇਰ ਦਰੱਖਤ ਬੋਲਦਾ ਏ!
ਤੇਰੇ ਭੁੱਜੇ ਜੰਮਣ ਦਾਣੇ ਅੱਜ, ਤਾਹੀਂ ਨਾ ਰੱਬ ਪਛਾਣੇ ਅੱਜ
ਬਖ਼ਤਾਂ-ਵਰਾਂ ਨੂੰ ਵੱਖਤ ਪਵੇ, ਜਦ ਬੁਰਾ ਵੱਖਤ ਬੋਲਦਾ ਏ!
ਹੱਥੀਂ ਦਿੱਤੀਆਂ ਕਹਿਣ ਸਿਆਣੇ, ਖੋਲਦੇ ਵੇਖੇ ਦੰਦਾਂ ਨਾਲ
ਵੱਡੇ-ਛੋਟੇ ਦਾ ਲਿਹਾਜ ਨਹੀਂ, ਬੋਲ ਬੜੇ ਕੁਰੱਖਤ ਬੋਲਦਾ ਏ!
ਜੀਉਂਦੇ ਜੀਅ ਮਰ ਜਾਂਦੇ ਮਾਪੇ, ਜੀਣਾ ਨਰਕਾਂ ਤੋਂ ਭੈੜਾ ਜਾਪੇ
ਕੀਤਾ ਕੀ ਏ ਮੇਰੇ ਲਈ ਜਦ, ਜਿਗਰੇ-ਏ-ਲੱਖਤ ਬੋਲਦਾ ਏ!
ਜੋ ਨਾਲ ਬੈਠ ਅੱਜ ਹੱਸਦੇ ਨੇ, ਮੁੜ ਪਿੱਠ ਪਿੱਛੇ ਡੱਸਦੇ ਨੇ
ਸੱਪਾਂ ਤੋਂ ਵੱਧ ਜ਼ਹਿਰੀ ਏ, ਜੋ ਰਗਾਂ ਵਿੱਚ ਰੱਕਤ ਬੋਲਦਾ ਏ!
ਸੁਣਦਾ ਏ ਰੱਬ ਹੋ ਕੇ ਨੇੜੇ, ਕਰਮਾਂ ਦੇ ਚੱਕਰ ਝੱਟ ਨਬੇੜੇ
ਸੱਚੇ ਦਿਲੋਂ ਧਿਆਨ-ਧਰ ਜਦ, ਰੱਬ ਦਾ ਭੱਗਤ ਬੋਲਦਾ ਏ!
ਦੇਣ ਲੱਗਿਆਂ ਸਜ਼ਾ ਅਮੀਰਾਂ ਨੂੰ, ਲੁੱਚੇ ਲੰਡੇ ਸਾਧ ਵਜ਼ੀਰਾਂ ਨੂੰ
ਝੱਟ ਨੱਕ ਮੋਮ ਦਾ ਬਣ ਜਾਵੇ, ਕਾਨੂੰਨ ਜੋ ਸੱਖਤ ਬੋਲਦਾ ਏ!
ਕੌਡੀ ਇੱਜ਼ਤ ਰਹੇ ਨਾ ਪੱਲੇ, ਨਜ਼ਰਾਂ ਰਹਿਣ ਸਦਾ ਹੀ ਥੱਲੇ
ਪਰਮਿੰਦਰ ਜਿਹੇ ਪਾਪੀ ਦਾ ਜਦ, ਝੂਠਾ ਤੱਖਤ ਡੋਲ੍ਹਦਾ ਏ!

-ਪਰਮਿੰਦਰ ਸਿੰਘ ਸਿੱਧੂ

# ਅਲਵਿਦਾ ! ਵਿਅੰਗ ਦੇ ਬਾਦਸ਼ਾਹ : ਜਸਵਿੰਦਰ ਸਿੰਘ ਭੱਲਾ

ਉਜਾਗਰ ਸਿੰਘ



ਮਿਹਰ ਮਿੱਤਲ ਤੋਂ ਬਾਅਦ ਮਜ਼ਾਹੀਆ ਕਲਾਕਾਰ ਦੇ ਤੌਰ ’ਤੇ ਪੰਜਾਬੀਆਂ ਦੇ ਦਿਲਾਂ ਨੂੰ ਮੋਹ ਲੈਣ ਵਾਲਾ ਜਸਵਿੰਦਰ ਸਿੰਘ ਭੱਲਾ 65 ਸਾਲ ਸਾਢੇ ਤਿੰਨ ਮਹੀਨੇ ਦੀ ਉਮਰ ਭੋਗਕੇ ਅਚਾਨਕ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ ਹੈ। ਉਹ ਬਹੁ-ਪੱਖੀ, ਬਹੁ-ਪਰਤੀ, ਬਹੁ-ਵਿਧਾਵੀ, ਕਲਾਕਾਰ, ਅਦਾਕਾਰ ਅਤੇ ਡਾਇਰੈਕਟਰ ਸੀ। 1985 ਤੋਂ 2025 ਤੱਕ 40 ਸਾਲ ਉਹ ਪੰਜਾਬੀ ਫ਼ਿਲਮੀ, ਅਦਾਕਾਰੀ ਤੇ ਸੰਗੀਤ ਜਗਤ ਵਿੱਚ ਧਰੂ ਤਾਰੇ ਦੀ ਤਰ੍ਹਾਂ ਚਮਕਦਾ ਰਿਹਾ ਹੈ। ਭਾਵੇਂ ਜਸਵਿੰਦਰ ਸਿੰਘ ਭੱਲਾ ਇਸ ਸੰਸਾਰ ਵਿੱਚ ਸਰੀਰਕ ਤੌਰ ‘ਤੇ ਨਹੀਂ ਰਿਹਾ, ਪ੍ਰੰਤੂ ਉਸਦੇ ਵਿਅੰਗ ਤੇ ਹਾਸਿਆਂ ਦੇ ਫ਼ੁਹਾਰੇ ਰਹਿੰਦੀ ਦੁਨੀਆਂ ਤੱਕ ਪੰਜਾਬੀਆਂ ਨੂੰ ਜਸਵਿੰਦਰ ਭੱਲਾ ਦੀ ਯਾਦ ਤਾਜ਼ਾ ਕਰਵਾਉਂਦੇ ਰਹਿਣਗੇ। ਲੋਕਾਂ ਨੂੰ ਖ਼ੁਸ਼ੀਆਂ ਤੇ ਹਾਸੇ ਵੰਡਣ ਵਾਲਾ ਜਸਵਿੰਦਰ ਸਿੰਘ ਭੱਲਾ ਪੰਜਾਬੀ ਸੰਸਾਰ ਨੂੰ ਉਦਾਸੀ ਦੇ ਮੰਜਰ ਵਿੱਚ ਪਾ ਗਿਆ। ਪੰਜਾਬੀ ਵਿੱਚ ਵਿਅੰਗ ਦੇ ਮਜ਼ਾਹੀਆ ਕਲਾਕਾਰ ਦੇ ਤੌਰ ’ਤੇ ਪੰਜਾਬੀ ਸੰਸਾਰ ਵਿੱਚ ਪ੍ਰਸਿੱਧ ਜਸਵਿੰਦਰ ਸਿੰਘ ਭੱਲਾ ਦਾ ਅਜੇ ਤੱਕ ਕੋਈ ਸਾਨੀ ਪੈਦਾ ਨਹੀਂ ਹੋ ਸਕਿਆ। ਲੁਧਿਆਣਾ ਜ਼ਿਲ੍ਹੇ ਦੀ ਪਿੰਡ ਕੱਦੋਂ ਦੀ ਜ਼ਰਖ਼ੇਜ ਸਾਹਿਤਕ ਤੇ ਸੰਗੀਤਕ ਧਰਤੀ ਦਾ ਧਰਤੀ ਪੁੱਤਰ ਜਸਵਿੰਦਰ ਸਿੰਘ ਭੱਲਾ ਦੇ ਸਮਾਜਿਕ ਕੁਰੀਤੀਆਂ ਜਿਨ੍ਹਾਂ ਵਿੱਚ ਭਰੂਣ ਹੱਤਿਆ, ਨਸ਼ੇ ਅਤੇ ਬੇਰੋਜ਼ਗਾਰੀ ਬਾਰੇ ਤਿੱਖੇ ਵਿਅੰਗ ਦੀ ਮਾਰ ਨੂੰ ਸਹਿਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੁੰਦਾ ਸੀ।

ਉਸਦੇ ਵਿਅੰਗ ਦੇ ਤੀਰ ਢਿੱਡੀਂ ਪੀੜਾਂ ਪਾ ਦਿੰਦੇ ਸਨ। ਵਿਅੰਗ ਦੇ ਖੇਤਰ ਵਿੱਚ ਜਸਵਿੰਦਰ ਭੱਲਾ ਦਾ ਅੰਦਾਜ਼ ਵੱਖਰਾ ਸੀ। ਉਸਦਾ ਤਕੀਆ ਕਲਾਮ ਅਤੇ ਡਾਇਲਾਗ ਜਿਵੇਂ ‘ਮੈਂ ਤਾਂ ਭੰਨ ਦਊਂ ਬੁਲਾਂ ਨਾਲ ਅਖ਼ਰੋਟ’, ‘ਜੇ ਚੰਡੀਗੜ੍ਹ ਢਹਿ ਜਾਊ ਤਾਂ ਪਿੰਡਾਂ ਵਰਗਾ ਤਾਂ ਰਹਿ ਜਾਊ’ ਅਤੇ ‘ਢਿਲੋਂ ਨੇ ਐਵੇਂ ਕਾਲਾ ਕੋਟ ਨਹੀਂ ਪਾਇਆ’ ਆਦਿ ਦਰਸ਼ਕਾਂ ਨੂੰ ਹੱਸਣ ਲਈ ਮਜ਼ਬੂਰ ਕਰ ਦਿੰਦੇ ਸਨ। ਉਸ ਦੀਆਂ ਛਣਕਾਟਾ ਸੀਰੀਜ਼ ਦੀਆਂ ਹੁਣ ਤੱਕ 29 ਆਡੀਓਜ਼, ਵੀਡੀਓਜ਼ ਅਤੇ ਐਲਬਮਾਂ ਆ ਚੁੱਕੀਆਂ ਹਨ। ਇਸ ਤੋਂ ਇਲਾਵਾ ਉਹ 50 ਦੇ ਲਗਪਗ ਪੰਜਾਬੀ ਫਿਲਮਾਂ ਵਿੱਚ ਅਦਾਕਾਰੀ ਕਰ ਚੁੱਕੇ ਹਨ। ਚਾਚਾ ਚਤਰ ਸਿੰਘ ਜਸਵਿੰਦਰ ਭੱਲਾ ਦਾ ਕ੍ਰੈਕਟਰ ਬਹੁਤ ਹਰਮਨ ਪਿਆਰਾ ਹੋਇਆ ਸੀ। ਚਾਚਾ ਚਤਰ ਸਿੰਘ ਦੇ ਕ੍ਰੈਕਟਰ ਨੇ ਉਸਨੂੰ ਸੰਸਾਰ ਵਿੱਚ ਹਰਮਨ ਪਿਆਰਾ ਕਰ ਦਿੱਤਾ। ਉਸ ਤੋਂ ਬਾਅਦ ਜਸਵਿੰਦਰ ਸਿੰਘ ਭੱਲਾ ਦਾ ਸਿਤਾਰਾ ਚੜ੍ਹਦਾ ਹੀ ਗਿਆ। ਜਸਵਿੰਦਰ ਸਿੰਘ ਭੱਲਾ ਸਰਲ ਸ਼ਬਦਾਵਲੀ ਵਿੱਚ ਡੂੰਘਾ ਵਿਅੰਗ ਕਰਨ ਦੇ ਮਾਹਿਰ ਤੇ ਤੌਰ ’ਤੇ ਜਾਣੇ ਜਾਂਦੇ ਹਨ। ਸਹਿਜ ਸੁਭਾਅ ਹੀ ਉਹ ਵਿਅੰਗ ਦੇ ਅਜਿਹੇ ਤਿੱਖੇ ਤੀਰ ਮਾਰਦਾ ਸੀ ਕਿ ਹਾਸਿਆਂ ਦਾ ਫੁਹਾਰਾ ਵਗਣ ਲੱਗ ਜਾਂਦਾ ਸੀ।




1975 ਵਿੱਚ ਜਸਵਿੰਦਰ ਸਿੰਘ ਭੱਲਾ ਦੀ ਆਪਣੇ ਦੋ ਸਹਿਯੋਗੀ ਕਲਾਕਾਰਾਂ ਦੇ ਨਾਲ ਆਲ ਇੰਡੀਆ ਰੇਡੀਓ ਦੇ ਪ੍ਰੋਗਰਾਮਾਂ ਲਈ ਚੋਣ ਹੋ ਗਈ। ਸਾਹਿਤਕ, ਗਾਇਕੀ ਅਤੇ ਸੰਗੀਤਕ ਰੁਚੀਆਂ ਦੇ ਬਾਦਸ਼ਾਹ ਜਗਦੇਵ ਸਿੰਘ ਜੱਸੋਵਾਲ ਨੇ ਲੁਧਿਆਣਾ ਵਿੱਚ ਪ੍ਰੋ. ਮੋਹਨ ਸਿੰਘ ਮੇਲੇ ਆਯੋਜਿਤ ਕਰਨੇ ਸ਼ੁਰੂ ਕੀਤੇ ਤਾਂ ਉਨ੍ਹਾਂ ਨੇ ਜਸਵਿੰਦਰ ਸਿੰਘ ਭੱਲਾ ਅਤੇ ਬਾਲ ਮੁਕੰਦ ਸ਼ਰਮਾ ਨੂੰ ਵੀ ਉਥੇ ਆਪਣਾ ਪ੍ਰੋਗਰਾਮ ਕਰਨ ਲਈ ਬੁਲਾਇਆ ਸੀ। ਇਸ ਮੌਕੇ ਤੇ ਦੂਰ ਦਰਸ਼ਨ ਜਲੰਧਰ ਦੇ ਅਧਿਕਾਰੀ ਆਏ ਹੋਏ ਸਨ, ਜਿਹੜੇ ਜਸਵਿੰਦਰ ਸਿੰਘ ਭੱਲਾ ਅਤੇ ਬਾਲ ਮੁਕੰਦ ਦੀ ਅਦਾਕਾਰੀ ਤੋਂ ਫਿਦਾ ਹੋ ਗਏ। ਫਿਰ ਉਨ੍ਹਾਂ ਦੇ ਪ੍ਰੋਗਰਾਮ ਦੂਰ ਦਰਸ਼ਨ ਜਲੰਧਰ ਤੋਂ ਟੈਲੀਕਾਸਟ ਹੋਣ ਲੱਗੇ। ਉਨ੍ਹਾਂ ਦੀ ਪਹਿਲੀ ਆਡੀਓ ਛਣਕਾਟਾ-88, 1988 ਵਿੱਚ ਮਾਰਕੀਟ ਵਿੱਚ ਆਈ ਸੀ। ਇਸ ਤੋਂ ਬਾਅਦ ਤਾਂ ਚੱਲ ਸੋ ਚੱਲ ਹਾਸੇ ਦੀਆਂ ਪਟਾਰੀਆਂ ਦਾ ਪ੍ਰਵਾਹ ਲਗਾਤਾਰ ਜਾਰੀ ਰਿਹਾ ਹੈ। ਦੁੱਲਾ ਭੱਟੀ ਜਸਵਿੰਦਰ ਸਿੰਘ ਭੱਲਾ ਦੀ ਪਹਿਲੀ ਫ਼ਿਲਮ ਨੇ ਹੀ ਉਸਦੀ ਫ਼ਿਲਮ ਜਗਤ ਵਿੱਚ ਪਛਾਣ ਬਣਾ ਦਿੱਤੀ ਸੀ। ਉਸਤੋਂ ਬਾਅਦ ਜ਼ਰਾ ਸੱਜੇ ਖੱਬੇ, ਡੁਗ ਡੁਗੀ ਵਜਦੀ, ਝੁਮਕੇ, ਨਾਟੀ ਬਾਬਾ ਇਨ ਟਾਊਨ, ਮਾਹੌਲ ਠੀਕ ਹੈ, ਜਿਹਨੇ ਮੇਰਾ ਦਿਲ ਲੁੱਟਿਆ, ਜੀਜਾ ਜੀ, ਪਾਵਰ ਕੱਟ, ਕਬੱਡੀ ਵਨਸ ਅਗੇਨ, ਆਪਾਂ ਫਿਰ ਮਿਲਾਂਗੇ, ਮੇਲ ਕਰਾਦੇ ਰੱਬਾ ਅਤੇ ਜੱਟ ਏਅਰਵੇਜ਼, ਕੈਰੀ ਆਨ ਜੱਟਾ-2012, ਵਧਾਈਆਂ ਜੀ-2018, ਕੈਰੀ ਆਨ ਜੱਟਾ-2, 2018, ਮਿਸਟਰ 420, 2014, ਜੱਟ ਤੇ ਜੂਲੀਅਟ 1, 2, 3, ਜਿਨ ਡੈਡੀ ਕੂਲ ਮੁੰਡੇ ਆਦਿ ਵਰਣਨਯੋਗ ਫਿਲਮਾਂ ਵਿੱਚੋਂ ਹਨ।

ਇਸ ਤੋਂ ਬਾਅਦ ਦੇਸ਼ ਵਿਦੇਸ਼ ਵਿੱਚ ਜਸਵਿੰਦਰ ਸਿੰਘ ਭੱਲਾ ਦੀ ਮੰਗ ਵੱਧ ਗਈ। ਉਸਨੇ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਇੰਗਲੈਂਡ ਅਤੇ ਨਿਊਜ਼ੀਲੈਂਡ ਦੇਸ਼ ਵਿਦੇਸ਼ ਵਿੱਚ ਅਣਗਿਣਤ ਸ਼ੋ ਕੀਤੇ, ਹਮੇਸ਼ਾ ਹਰ ਸ਼ੋ ਵਿੱਚ ਲੋਕਾਂ ਨੇ ਉਸਦੀ ਅਦਾਕਾਰੀ ਨੂੰ ਹੱਥਾਂ ‘ਤੇ ਚੁੱਕ ਕੇ ਮਾਣ ਸਨਮਾਨ ਦਿੱਤਾ। ਪੰਜਾਬੀ ਅਦਾਕਾਰੀ ਦੇ ਖੇਤਰ ਵਿੱਚ ਸਭ ਤੋਂ ਵੱਧ ਮਾਣ ਸਨਮਾਨ ਜਸਵਿੰਦਰ ਭੱਲਾ ਨੂੰ ਮਿਲੇ ਸਨ। ਇਤਨੀਆਂ ਬੁਲੰਦੀਆਂ ‘ਤੇ ਪਹੁੰਚਣ ਤੋਂ ਬਾਅਦ ਵੀ ਉਹ ਜ਼ਮੀਨ ਨਾਲ ਜੁੜਿਆ ਕਲਾਕਾਰ ਤੇ ਅਦਾਕਾਰ ਸੀ। ਨਮਰਤਾ ਉਸਦਾ ਗਹਿਣਾ ਸੀ। ਅਦਾਕਾਰੀ ਦੇ ਖੇਤਰ ਵਿੱਚ ਜਸਵਿੰਦਰ ਸਿੰਘ ਭੱਲਾ ਇੱਕ ਅਮੀਰ ਵਿਰਾਸਤ ਛੱਡ ਕੇ ਗਿਆ ਹੈ। ਉਸਦੇ ਲੜਕਾ ਪੁਖਰਾਜ ਜਸਵਿੰਦਰ ਭੱਲਾ ਦੀ ਵਿਰਾਸਤ ਦਾ ਪਹਿਰੇਦਾਰ ਬਣ ਰਿਹਾ ਹੈ। ਇਤਨੀ ਪ੍ਰਸਿੱਧੀ ਤੋਂ ਬਾਅਦ ਉਸਨੂੰ ਸਰਕਾਰੀ ਅਤੇ ਗ਼ੈਰ ਸਰਕਾਰੀ ਸੰਸਥਾਵਾਂ ਨੇ ਸਨਮਾਨ ਦਿੱਤੇ ਹਨ, ਜਿਨ੍ਹਾਂ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਅਵਾਰਡ 1986-87, ਮੁਹੰਮਦ ਰਫੀ ਅਵਾਰਡ ਪੰਜਾਬ ਬੈਸਟ ਕਾਮੇਡੀਅਨ 1990-91, ਬੈਸਟ ਕਾਮੇਡੀਅਨ ਅਵਾਰਡ ਏਸ਼ੀਅਨ ਮੂਵੀ 1991, ਪੰਜਾਬੀ ਕਾਮੇਡਅਨ ਅਵਾਰਡ ਕੈਨੇਡਾ 1993, ਗੁਰਨਾਮ ਸਿੰਘ ਤੀਰ ਹਾਸ ਵਿਅੰਗ ਪੁਰਸਕਾਰ 1996, ਪੰਜਾਬੀ ਸਾਹਿਤ ਅਤੇ ਕਲਾ ਕੇਂਦਰ ਫ਼ਗਵਾੜਾ ਵੱਲੋਂ ਸਰਵੋਤਮ ਕਾਮੇਡੀ ਅਵਾਰਡ 1998, ਨਿਊਯਾਰਕ ਵਿਖੇ ਸ਼ਾਨਦਾਰ ਕਾਮੇਡੀਅਨ ਅਵਾਰਡ 1999, ਅਜੀਤ ਅਖ਼ਬਾਰ ਵੱਲੋਂ ਬੈਸਟ ਕਾਮੇਡੀ ਪੁਰਸਕਾਰ 2000, ਪੀ.ਟੀ.ਸੀ.ਵੱਲੋਂ 2012, 2013, 2014 ਅਤੇ 2015 ਵਿੱਚ ਚਾਰ ਵਾਰ ਫ਼ਿਲਮ ਅਵਾਰਡ ਅਤੇ ਪੀ.ਏ.ਯੂ.ਅਲੂਮਨੀ ਵੱਲੋਂ ਸਭਿਆਚਾਰ ਅਤੇ ਅਕਾਦਮਿਕ ਪ੍ਰਾਪਤੀਆਂ ਲਈ ਪੁਰਸਕਾਰ ਦਿੱਤਾ ਗਿਆ, ਆਦਿ ਸ਼ਾਮਲ ਹਨ।

ਜਸਵਿੰਦਰ ਸਿੰਘ ਭੱਲਾ ਦਾ ਜਨਮ ਪਿਤਾ ਬਹਾਦਰ ਸਿੰਘ ਭੱਲਾ ਦੇ ਘਰ ਮਾਤਾ ਸਤਵੰਤ ਕੌਰ ਦੀ ਕੁੱਖੋਂ 4 ਮਈ, 1960 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕੱਦੋਂ ਵਿਖੇ ਹੋਇਆ ਸੀ। ਉਸ ਦਾ ਵਿਆਹ ਪ੍ਰਮਿੰਦਰ ਕੌਰ (ਪਰਮਦੀਪ ਭੱਲਾ) ਨਾਲ ਹੋਇਆ। ਪ੍ਰਮਿੰਦਰ ਕੌਰ ਫ਼ਾਈਨ ਆਰਟਸ ਟੀਚਰ ਹਨ। ਉਨ੍ਹਾਂ ਦੇ ਦੋ ਬੱਚੇ ਲੜਕਾ ਪੁਖਰਾਜ ਸਿੰਘ ਭੱਲਾ ਅਤੇ ਲੜਕੀ ਅਰਸ਼ਪ੍ਰੀਤ ਕੌਰ ਭੱਲਾ ਹਨ। ਅਰਸ਼ਦੀਪ ਕੌਰ ਨਾਰਵੇ ਵਿੱਚ ਸੈਟਲ ਹਨ। ਜਸਵਿੰਦਰ ਸਿੰਘ ਭੱਲਾ ਦੇ ਪਿਤਾ ਬਹਾਦਰ ਸਿੰਘ ਭੱਲਾ ਅਧਿਆਪਕ ਸਨ, ਜਿਹੜੇ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਪਿੰਡ ਕੱਦੋਂ ਤੋਂ ਦੋਰਾਹਾ ਵਿਖੇ ਆ ਕੇ ਰਹਿਣ ਲੱਗ ਪਏ ਸਨ। ਉਸਦਾ ਦਾਦਾ ਰਲਾ ਸਿੰਘ ਪਿੰਡ ਕੱਦੋਂ ਤੋਂ ਹਰ ਰੋਜ ਦੋਰਾਹਾ ਵਿਖੇ ਆਪਣੀ ਦੁਕਾਨ ’ਤੇ ਜਾਂਦਾ ਸੀ। ਜਸਵਿੰਦਰ ਭੱਲਾ ਨੇ ਆਪਣੀ ਮੁੱਢਲੀ ਪੜ੍ਹਾਈ ਪਿੰਡ ਕੱਦੋਂ ਦੇ ਨਾਲ ਹੀ ਬਰਮਾਲੀਪੁਰ ਪਿੰਡ ਵਿੱਚ ਕੀਤੀ, ਕਿਉਂਕਿ ਉਸਦੇ ਪਿਤਾ ਬਹਾਦਰ ਸਿੰਘ ਉਸ ਸਮੇਂ ਬਰਮਾਲੀਪੁਰ ਸਕੂਲ ਵਿੱਚ ਪੜ੍ਹਾਉਂਦੇ ਸਨ। ਫਿਰ ਉਸਨੇ ਹਾਇਰ ਸੈਕੰਡਰੀ ਤੱਕ ਦੀ ਪੜ੍ਹਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਤੋਂ ਪ੍ਰਾਪਤ ਕੀਤੀ। ਦੋਰਾਹਾ ਸਕੂਲ ਵਿੱਚ ਪੜ੍ਹਦਿਆਂ ਹੀ ਜਸਵਿੰਦਰ ਸਿੰਘ ਭੱਲਾ ਮੋਨੋ ਐਕਟਿੰਗ ਅਤੇ ਨਾਟਕਾਂ ਵਿੱਚ ਅਦਾਕਾਰੀ ਕਰਨ ਲੱਗ ਗਿਆ ਸੀ। ਉਸ ਸਮੇਂ ਉਹ ਬਹੁਤ ਸ਼ਰਮੀਲਾ ਹੁੰਦਾ ਸੀ।

ਇਹ ਜਾਣਕਾਰੀ ਉਸਦੇ ਪਰਿਵਾਰ ਦੇ ਨਜ਼ਦੀਕੀ ਦੋਰਾਹੇ ਤੋਂ ਜੋਗਿੰਦਰ ਸਿੰਘ ਓਬਰਾਏ ਨੇ ਦਿੱਤੀ ਹੈ। ਉਸ ਤੋਂ ਬਾਅਦ ਉਨ੍ਹਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਬੀ.ਐਸ.ਸੀ. ਖੇਤੀਬਾੜੀ ਆਨਰਜ਼ ਦੀ ਡਿਗਰੀ 1982 ਵਿੱਚ ਪ੍ਰਾਪਤ ਕੀਤੀ। ਇਸੇ ਯੂਨੀਵਰਸਿਟੀ ਵਿੱਚੋਂ ਐਮ.ਐਸ.ਸੀ. ਐਕਸਟੈਨਸ਼ਨ ਐਜੂਕੇਸ਼ਨ ਦੀ ਡਿਗਰੀ 1985 ਵਿੱਚ ਪ੍ਰਾਪਤ ਕੀਤੀ। ਫਿਰ ਉਸਨੇ ਖੇਤੀਬਾੜੀ ਵਿਭਾਗ ਵਿੱਚ ਏ.ਆਈ/ਏ.ਡੀ.ਓ. ਦੀ ਅਸਾਮੀ ’ਤੇ ਪੰਜ ਸਾਲ ਨੌਕਰੀ ਕੀਤੀ। 1989 ਵਿੱਚ ਉਸਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਖੇਤੀ ਪਾਸਾਰ ਵਿਭਾਗ ਵਿੱਚ ਲੈਕਚਰਾਰ ਦੀ ਨੌਕਰੀ ਜਾਇਨ ਕਰ ਲਈ। ਇਥੇ ਹੀ ਉਹ ਪਹਿਲਾਂ ਐਸੋਸੀਏਟ ਪ੍ਰੋਫ਼ੈਸਰ ਅਤੇ 2020 ਵਿੱਚ ਪ੍ਰੋਫ਼ੈਸਰ ਅਤੇ ਵਿਭਾਗ ਦੇ ਮੁੱਖ ਬਣ ਗਏ। ਨੌਕਰੀ ਕਰਦਿਆਂ ਹੀ ਜਸਵਿੰਦਰ ਸਿੰਘ ਭੱਲਾ ਨੇ ਸਾਲ 2000 ਵਿੱਚ ਡਾ.ਦਵਿੰਦਰ ਸਿੰਘ ਦੀ ਅਗਵਾਈ ਵਿੱਚ ਚੌਧਰੀ ਚਰਨ ਸਿੰਘ ਪੋਸਟ ਗ੍ਰੈਜੂਏਸ਼ਨ ਕਾਲਜ ਮੇਰਠ ਤੋਂ ਐਗਰੀਕਲਚਰ ਐਕਸਟੈਨਸ਼ਨ ਵਿਸ਼ੇ ‘ਤੇ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ। 31 ਮਈ, 2020 ਨੂੰ ਸੇਵਾ ਮੁਕਤ ਹੋਏ ਹਨ। ਆਪਣੀ ਨੌਕਰੀ ਦੌਰਾਨ ਉਹ ਆਪਣੀ ਕਲਾ ਦਾ ਪ੍ਰਗਟਾਵਾ ਲਗਾਤਾਰ ਕਰਦੇ ਰਹੇ।

20 ਅਗਸਤ ਨੂੰ ਜਸਵਿੰਦਰ ਭੱਲਾ ਨੂੰ ਬ੍ਰੇਨ ਹੈਮਰੇਜ ਹੋਇਆ। ਉਸਤੋਂ ਤੁਰੰਤ ਬਾਅਦ ਉਸਨੂੰ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਪ੍ਰੰਤੂ ਇਹ ਬ੍ਰੇਨ ਹੈਮਰੇਜ ਘਾਤਕ ਸਿੱਧ ਹੋਇਆ ਤੇ ਉਹ 22 ਅਗਸਤ ਨੂੰ ਸਵਰਗਵਾਸ ਹੋ ਗਏ। ਉਨ੍ਹਾਂ ਦੇ ਜੱਦੀ ਪਿੰਡ ਕੱਦੋਂ ਅਤੇ ਦੋਰਾਹਾ ਵਿਖੇ ਉਦਾਸੀ ਦੀ ਲਹਿਰ ਛਾ ਗਈ। ਪੰਜਾਬੀ ਜਗਤ ਨੂੰ ਸਮਾਜਿਕ ਬੁਰਾਈਆਂ ਵਿਰੁੱਧ ਰੌਸ਼ਨੀ ਦੇਣ ਵਾਲਾ ਸੰਗੀਤਕ ਦੀਵਾ ਬੁੱਝ ਗਿਆ ਹੈ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



ਗੁਰਦੁਆਰਾ ਭਾਈ ਦਇਆ ਸਿੰਘ ਜੀ

## ਅਨੰਤ ਨਾਗ

ਕਸ਼ਮੀਰ ਵਿੱਚ ਜ਼ਿਲ੍ਹਾ ਅਨੰਤ ਨਾਗ ਦੱਖਣੀ ਸਿਰੇ ਵੱਲ ਹੈ। ਜਿਸ ਦਾ ਨਾਂ ਹਿੰਦੂ ਪਵਿੱਤਰ ਚਸ਼ਮੇ ਅਨੰਤ ਨਾਗ (ਬੇਸ਼ੁਮਾਰ ਚਸ਼ਮੇ) ਤੋਂ ਪੈ ਗਿਆ। ਅਨੰਤ ਨਾਗ ਦਾ ਅਕਸ਼ਾਸ਼ 330–44 ਅਤੇ ਰੇਖਾਸ਼ ਦੇਸ਼ਾਂਤਰ 750–13 ਹੈ। ਗੁਰਦੁਆਰਾ, ਗੁਰਦੁਆਰਾ ਨਾਨਕ ਅਸਥਾਨ ਕਰਕੇ ਪ੍ਰਸਿੱਧ ਹੈ।

ਇਸ ਨਗਰ ਵਿੱਚ ਗੁਰੂ ਨਾਨਕ ਸਾਹਿਬ 1517 ਨੂੰ ਮਟਨ ਸਾਹਿਬ ਤੋਂ ਹੋ ਕੇ ਆਏ ਸਨ। ਗੁਰੂ ਸਾਹਿਬ ਨੇ ਅਨੰਤ ਨਾਗ ਤੋਂ ਬਾਹਰਵਾਰ ਨਾਗਬਲ ਦੇ ਚਸ਼ਮੇ ਕੋਲ ਕਿਆਮ ਕੀਤਾ। ਕੀ ਗੁਰੂ ਨਾਨਕ ਸਾਹਿਬ ਇੱਛਾ ਬੱਲ, ਕੁਕਰਨਾਗ, ਵੈਰੀਨਾਗ ਆਦਿ ਆਸ-ਪਾਸ ਥਾਵਾਂ 'ਤੇ ਵੀ ਗਏ ਸਨ? ਇਹ ਨੁਕਤਾ ਖੋਜ ਦੀ ਮੰਗ ਕਰਦਾ ਹੈ। ਇਹ ਗੁਰਦੁਆਰਾ ਸਿੱਖ ਰਾਜ ਤੋਂ ਪਹਿਲਾਂ ਹੀ ਇਥੇ ਕਾਇਮ ਹੋ ਚੁੱਕਾ ਸੀ। ਸਿੱਖ ਰਾਜ ਸਮੇਂ ਇਸ ਗੁਰਦੁਆਰੇ ਨਾਲ ਕਾਫੀ ਜਗੀਰਾਂ ਲੱਗੀਆਂ ਹੋਈਆਂ ਸਨ ਜਿਸ ਦੀ ਗਵਾਹੀ ਪੁਰਾਣੀ ਰਿਕਾਰਡ ਤੋਂ ਮਿਲਦੀ ਹੈ। 1945 ਵਿੱਚ ਡੋਗਰਾ ਰਾਜ ਸਮੇਂ ਇਸ ਗੁਰਦੁਆਰੇ ਨੂੰ ਵੀ ਗੁਰਦੁਆਰਾ ਨਾਨਕਸਰ ਮਟਨ ਵਾਂਗ ਹਿੰਦੂ ਪ੍ਰਾਪਰਟੀ ਕਰਾਰ ਦੇਣ ਦੀਆਂ ਸਾਜਿਸ਼ਾਂ ਨੁਮਾਇਦਾਰ ਹੋਈਆਂ। ਧਰਮ ਅਰਥ ਕੌਂਸਲ ਵੱਲੋਂ ਕੇਸ ਦਾਇਰ ਕੀਤੇ ਗਏ। ਉਸ ਸਮੇਂ ਕੁਝ ਗੁਰਸਿੱਖਾਂ ਅਤੇ ਚਿੰਤਕਾਂ ਨੇ ਇਨ੍ਹਾਂ ਗੁਰਦੁਆਰਿਆਂ ਦੀ ਪ੍ਰਾਚੀਨ ਤਵਾਰੀਖ ਸਿੱਧ ਕਰਨ ਲਈ ਮਟਨ ਦੇ ਸਿੱਖਾਂ ਪਾਸੋਂ ਪੁਰਾਣੇ ਰਿਕਾਰਡ ਢੂੰਡ ਕੇ ਸਿੱਖ ਰਾਜ ਨੂੰ ਮਜ਼ਬੂਤ ਕੀਤਾ ਅਤੇ ਅਹਿਮ ਭੂਮਿਕਾ ਨਿਭਾਈ। ਇਸ ਦਾ ਸਿਹਰਾ ਸ਼੍ਰੋਮਣੀ ਖ਼ਾਲਸਾ ਦਰਬਾਰ ਜੰਮੂ ਕਸ਼ਮੀਰ ਦੇ ਅਣਥੱਕ ਕਾਰਕੁਨਾਂ ਨੂੰ ਜਾਂਦਾ ਹੈ। ਇੰਝ ਡੋਗਰੇ ਰਾਜਿਆਂ ਦੀ ਸਾਜਿਸ਼ ਨੂੰ ਬੇਨਕਾਬ ਕੀਤਾ।

ਗੁਰਦੁਆਰੇ ਦੀ ਅਜੋਕੀ ਇਮਾਰਤ ਦੱਖਣ ਵੱਲ 1950 ਵਿੱਚ ਅਤੇ ਦੂਸਰੀ ਮੰਜ਼ਿਲ 1970 ਵਿੱਚ ਬਣਾਈ ਗਈ ਸੀ। ਦੀਵਾਨ ਹਾਲ ਦੇ ਕੇਂਦਰ ਵਿੱਚ ਪ੍ਰਕਾਸ਼ ਅਸਥਾਨ ਹੈ ਜੋ ਦੂਜੀ ਮੰਜ਼ਿਲ ਵਿੱਚ ਹੀ ਹੈ। ਇਹ ਗੁਰਦੁਆਰਾ ਬਾਜ਼ਾਰ ਦੇ ਵਿੱਚਕਾਰ ਹੈ। ਗੁਰਦੁਆਰੇ ਦਾ ਪ੍ਰਬੰਧ ਜੰਮੂ ਕਸ਼ਮੀਰ ਗੁਰਦੁਆਰਾ ਪ੍ਰਬੰਧਕ ਬੋਰਡ ਜ਼ਿਲ੍ਹਾ ਅਨੰਤ ਨਾਗ ਕਮੇਟੀ ਕਰਦੀ ਹੈ। ਇਹ ਨਗਰ ਉਸ ਸਮੇਂ ਵੀ ਸੰਸਾਰ ਦੀਆਂ ਖ਼ਬਰਾਂ ਵਿੱਚ ਆਇਆ ਜਦੋਂ 36 ਨਿਹੱਥੇ ਸਿੱਖਾਂ ਨੂੰ ਪਿੰਡ ਚਿੱਠੀ ਸਿੰਘਪੁਰਾ ਵਿੱਚ ਬੜੀ ਬੇਦਰਦੀ ਨਾਲ ਜ਼ਾਲਮਾਂ ਨੇ ਮਾਰ ਦਿੱਤਾ ਸੀ।

**ਪੁਸਤਕ ਸੂਚੀ:–**

1. ਸਰਨਾ, ਜਸਬੀਰ ਸਿੰਘ (ਡਾ.)– ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ, ਕਸ਼ਮੀਰ, 1997

2. ਸਰਨਾ, ਜਸਬੀਰ ਸਿੰਘ (ਡਾ.)– ਸਿੱਖ ਸ਼ਰਾਇਨਜ਼ ਇਨ ਜੰਮੂ ਐਂਡ ਕਸ਼ਮੀਰ, ਕੈਨੇਡਾ 1993

3. ਸਰਨਾ, ਜਸਬੀਰ ਸਿੰਘ (ਡਾ.)– ਸਿੱਖਜ਼ ਇਨ ਕਸ਼ਮੀਰ, ਦਿੱਲੀ, 1993

4. ਸਰਨਾ, ਜਸਬੀਰ ਸਿੰਘ (ਡਾ.)– ਜੰਮੂ ਕਸ਼ਮੀਰ ਦੇ ਇਤਿਹਾਸਕ ਗੁਰਦੁਆਰੇ, ਚੰਡੀਗੜ੍ਹ, 2005

## ਅਵਾਂਤੀਪੁਰਾ

ਅਵਾਂਤੀਪੁਰਾ ਇਕ ਪੁਰਾਤਨ ਸ਼ਹਿਰ ਹੈ, ਜੋ ਸ੍ਰੀ ਨਗਰ ਤੋਂ ਕੇਵਲ 29 ਕਿਲੋਮੀਟਰ ਦੂਰ ਹੈ। ਇਹ ਕਸ਼ਮੀਰ ਦੇ ਜ਼ਿਲ੍ਹਾ ਪੁਲਵਾਮਾ ਵਿੱਚ ਆਉਂਦਾ ਹੈ। ਇਥੇ ਹਿੰਦੂਆਂ ਦੇ ਪੁਰਾਤਨ ਮੰਦਰ ਸਨ ਜੋ ਸੁਲਤਾਨ ਲੋਧੀ ਨੇ ਢਾਹ ਦਿੱਤੇ ਸਨ। ਅਨੰਤ ਨਾਗ ਤੋਂ ਸ੍ਰੀ ਨਗਰ ਜਾਣ ਸਮੇਂ ਗੁਰੂ ਨਾਨਕ ਸਾਹਿਬ ਅਵਾਂਤੀਪੁਰਾ ਠਹਿਰੇ ਸਨ। ਅਵਾਂਤੀਪੁਰਾ ਪੁੱਜਣ ਤੋਂ ਪਹਿਲਾਂ ਗੁਰੂ ਸਾਹਿਬ ਕੁਝ ਸਮਾਂ ਬੀਜ ਬਿਹਾੜਾ ਨਗਰ ਠਹਿਰੇ ਸਨ। ਇਥੇ ਹੁਣ ਗੁਰ-ਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ ਸੜਕ ਦੇ ਕਿਨਾਰੇ ਸੁਸ਼ੋਭਿਤ ਹੈ।

**ਪੁਸਤਕ ਸੂਚੀ:–**

1. ਸਰਨਾ, ਜਸਬੀਰ ਸਿੰਘ (ਡਾ.)– ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ, ਕਸ਼ਮੀਰ, 1997

2. ਸਰਨਾ, ਜਸਬੀਰ ਸਿੰਘ (ਡਾ.)– ਸਿੱਖ ਸ਼ਰਾਇਨਜ਼ ਇਨ ਜੰਮੂ ਐਂਡ ਕਸ਼ਮੀਰ, ਕੈਨੇਡਾ 1993

3. ਸਰਨਾ, ਜਸਬੀਰ ਸਿੰਘ (ਡਾ.)– ਜੰਮੂ ਕਸ਼ਮੀਰ ਦੇ ਇਤਿਹਾਸਕ ਗੁਰਦੁਆਰੇ, ਚੰਡੀਗੜ੍ਹ, 2005

## ਔਰੰਗਾਬਾਦ

ਭਾਰਤ ਦੀ ਮਹਾਂਰਾਸ਼ਟਰਾ ਰਿਆਸਤ ਵਿੱਚ ਔਰੰਗਾਬਾਦ ਇਕ ਜ਼ਿਲ੍ਹਾ ਹੈ। ਇਸ ਦਾ ਪਹਿਲਾ ਨਾਂ ਖਿਰਕੀ ਸੀ। ਔਰੰਗਜ਼ੇਬ ਨੇ ਇਸ ਦਾ ਨਾਂ ਔਰੰਗਾਬਾਦ ਰੱਖਿਆ। 1681 ਵਿੱਚ ਔਰੰਗਜ਼ੇਬ ਨੇ ਔਰੰਗਾਬਾਦ ਅਤੇ ਅਹਿਮਦਾਬਾਦ ਵਿੱਚ ਕਾਫੀ ਸਮਾਂ ਗੁਜ਼ਾਰਿਆ। ਇਹ ਰੇਲਵੇ ਸਟੇਸ਼ਨ ਹੈ ਜੋ ਮਨਮਾੜ੍ਹ ਕੱਚੀ ਘੁੱਡੀ ਦੱਖਣੀ ਕੇਂਦਰੀ ਰੇਲਵੇ ਤੋਂ 114 ਕਿਲੋਮੀਟਰ ਮਨਮਾੜ–ਹਜ਼ੂਰ ਸਾਹਿਬ ਵਾਲੀ ਸੜਕ 'ਤੇ ਆਉਂਦਾ ਹੈ। ਕਿਸੇ ਸਮੇਂ ਯਾਦਵਾਸ ਦੇਵਗਿਰੀ ਦੀ ਰਾਜਧਾਨੀ 12ਵੀਂ ਅਤੇ 13ਵੀਂ ਸਦੀ ਵਿੱਚ ਰਿਹਾ ਹੈ। ਔਰੰਗਜ਼ੇਬ ਨੇ ਇਸ ਨੂੰ ਆਪਣਾ ਹੈਡਕੁਆਰਟਰ ਬਣਾਇਆ ਜਦੋਂ ਉਹ ਦੱਖਣ ਦੀਆਂ ਰਿਆਸਤਾਂ ਦਾ 1636 ਵਿੱਚ ਗਵਰਨਰ ਬਣਿਆ। ਉਹ ਪਹਿਲਾਂ ਔਰੰਗਾਬਾਦ ਰਿਹਾ ਅਤੇ ਬਾਅਦ ਵਿੱਚ ਅਹਿਮਦਨਗਰ ਜਾ ਵੱਸਿਆ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਸੰਬਰ 1705 (ਹੋਰ ਸੋਮੇ ਮੁਤਾਬਕ 1706) ਵਿੱਚ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਨੂੰ ਆਪਣੇ ਕਾਸਦ (ਦੂਤ) ਬਣਾ ਕੇ ਦੱਖਣ ਵੱਲ ਭੇਜਿਆ। ਜਿਨ੍ਹਾਂ ਨੇ ਗੁਰੂ ਸਾਹਿਬ ਦੀ ਚਿੱਠੀ ਜ਼ਫ਼ਰਨਾਮਾ ਔਰੰਗਜ਼ੇਬ ਤੱਕ ਪਹੁੰਚਾਈ ਸੀ। ਦੋਵੇਂ ਸਿੱਖ ਔਰੰਗਾਬਾਦ ਵਿੱਚ ਕੁਝ ਦੇਰ ਠਹਿਰੇ ਅਤੇ ਬਾਅਦ ਵਿੱਚ ਅਹਿਮਦਨਗਰ ਤੁਰ ਪਏ ਜਿਥੇ ਉਨ੍ਹਾਂ ਵੇਖਿਆ ਕਿ ਬਾਦਸ਼ਾਹ ਨੂੰ ਚਿੱਠੀ ਦੇਣੀ ਅਤੇ ਮਿਲਣਾ ਬਹੁਤ ਕਠਿਨ ਹੈ, ਜਿਵੇਂ ਗੁਰੂ ਸਾਹਿਬ ਨੇ ਆਖਿਆ ਸੀ।

ਭਾਈ ਦਇਆ ਸਿੰਘ ਨੇ ਆਪਣੇ ਸਾਥੀ ਸਿੰਘ ਨੂੰ ਤਲਵੰਡੀ ਸਾਬੋ ਵਾਪਸ ਭੇਜਿਆ ਤਾਂ ਜੋ ਗੁਰੂ ਸਾਹਿਬ ਦੀ ਸਲਾਹ ਲਈ ਜਾਵੇ। ਭਾਈ ਧਰਮ ਸਿੰਘ ਦੇ ਮੁੜ ਆਉਣ ਤੋਂ ਪਹਿਲਾਂ ਹੀ ਭਾਈ ਦਇਆ ਸਿੰਘ ਨੇ ਔਰੰਗਜ਼ੇਬ ਨੂੰ ਚਿੱਠੀ ਪਹੁੰਚਾਈ ਅਤੇ ਵਾਪਸ ਔਰੰਗਾਬਾਦ ਆ ਗਏ। ਫਿਰ ਦੋਵੇਂ ਸਿੰਘ ਗੁਰੂ ਸਾਹਿਬ ਵੱਲ, ਰਾਜਿਸਥਾਨ ਵਿੱਚੋਂ ਦੀ ਹੋ ਕੇ ਪੁੱਜੇ।

ਔਰੰਗਾਬਾਦ ਵਿੱਚ ਜਿਥੇ ਭਾਈ ਦਇਆ ਸਿੰਘ ਠਹਿਰੇ ਸਨ ਉਹ ਇਕ ਸਿੱਖ ਦਾ ਘਰ, ਗੁਰੂ ਸਾਹਿਬ ਦੇ ਸੇਵਕਾਂ ਦਾ ਕੇਂਦਰ ਹੋਇਆ ਕਰਦਾ ਸੀ। ਇਹ ਘਰ ਧਾਮੀ ਮੁਹੱਲੇ ਵਿੱਚ ਸ਼ਹਿਰ ਦੇ ਅੰਦਰ ਸੀ ਜਿਥੇ ਹੁਣ ਗੁਰਦੁਆਰਾ ਭਾਈ ਦਇਆ ਸਿੰਘ ਬਣਿਆ ਹੈ। ਅਜੋਕੀ ਗੁਰਦੁਆਰਾ ਸਾਹਿਬ ਦੀ ਇਮਾਰਤ 1960 ਵਿੱਚ ਬਣੀ ਹੈ।

ਗੁਰਦੁਆਰੇ ਦਾ ਪ੍ਰਬੰਧ ਮੁਕਾਮੀ ਕਮੇਟੀ ਕਰਦੀ ਹੈ। ਸਵੇਰੇ ਸ਼ਾਮ ਸੰਗਤਾਂ ਨਾਮ ਸਿਮਰਨ ਵਾਸਤੇ ਜੁੜਦੀਆਂ ਹਨ ਅਤੇ ਵੱਡੇ ਗੁਰਪੁਰਬਾਂ 'ਤੇ ਭਾਰੀ ਇਕੱਠ ਹੁੰਦਾ ਹੈ। ਗੁਰਦੁਆਰੇ ਸਾਹਿਬ ਦਾ ਗ੍ਰੰਥੀ ਸਿੰਘ ਬੱਚਿਆਂ ਵਾਸਤੇ ਧਾਰਮਿਕ ਕਲਾਸਾਂ ਲਾਉਂਦਾ ਹੈ।

**ਪੁਸਤਕ ਸੂਚੀ:–**

(1) ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ ਪਹਿਲੀ, ਪਟਿਆਲਾ, 1998

(2) ਦਿਲਗੀਰ, ਹਰਜਿੰਦਰ ਸਿੰਘ (ਡਾ.)– ਦੀ ਸਿੱਖ ਰੈਫ਼ਰੈਂਸ ਬੁੱਕ, ਕੈਨੇਡਾ, 1991

## ਅੰਬਾਲਾ

ਅੰਬਾਲਾ, ਹਰਿਆਣਾ ਦਾ ਪ੍ਰਮੁੱਖ ਸ਼ਹਿਰ ਹੈ ਜਿਥੇ ਗੁਰੂ ਸਾਹਿਬ ਦੀ ਯਾਦ ਵਿੱਚ ਇਤਿਹਾਸਕ ਗੁਰਦੁਆਰੇ ਬਣੇ ਹਨ। ਅੰਬਾਲਾ ਦਾ ਅਕਸ਼ਾਂਸ਼ 300–23 ਅਤੇ ਰੇਖਾਸ਼ ਦੇਸ਼ਾਤਰ 760–47 ਹੈ।

ਅੰਬਾਲਾ ਸ਼ਹਿਰ, ਅੰਬਾ ਰਾਜਪੂਤਾਂ ਨੇ 14ਵੀਂ ਸਦੀ ਵਿੱਚ ਵਸਾਇਆ ਸੀ। 1770 ਤੋਂ 1823 ਤੱਕ ਇਸ 'ਤੇ ਰਾਜਾ ਗੁਰਬਖ਼ਸ਼ ਸਿੰਘ ਨੇ ਰਾਜ ਕੀਤਾ ਸੀ। ਉਨ੍ਹਾਂ ਤੋਂ ਬਾਅਦ ਧਰਮ ਪਤਨੀ ਗੁਰਬਖ਼ਸ਼ ਸਿੰਘ ਰਾਣੀ ਦਿਆ ਕੌਰ ਰਾਜ ਕਰਦੀ ਰਹੀ। ਆਖਰ ਅੰਗ੍ਰੇਜ਼ਾਂ ਨੇ ਅੰਬਾਲੇ ਨੂੰ ਆਪਣੇ ਨਾਲ ਮਿਲਾ ਲਿਆ।

ਇਥੇ ਜੋ ਗੁਰੂ ਸਾਹਿਬਾਨ ਦੇ ਇਤਿਹਾਸਕ ਗੁਰਦੁਆਰੇ ਹਨ, ਉਨ੍ਹਾਂ ਵਿੱਚ ਗੁਰਦੁਆਰਾ ਬਾਦਸ਼ਾਹੀ ਬਾਗ, ਗੁਰਦੁਆਰਾ ਗੋਬਿੰਦਪੁਰਾ ਪਾਤਸ਼ਾਹੀ ਦੱਸਵੀਂ, ਗੁਰਦੁਆਰਾ ਮੰਜੀ ਸਾਹਿਬ (ਬਾਉਲੀ ਸਾਹਿਬ), ਗੁਰਦੁਆਰਾ ਸਤਿਸੰਗ ਸਾਹਿਬ ਅਤੇ ਗੁਰਦੁਆਰਾ ਸੀਸ ਗੰਜ ਸ਼ਾਮਿਲ ਹਨ।

**(ੳ) ਗੁਰਦੁਆਰਾ ਬਾਦਸ਼ਾਹੀ ਬਾਗ:–** ਇਹ ਗੁਰਦੁਆਰਾ ਅੰਬਾਲੇ ਦੀ ਜ਼ਿਲ੍ਹਾ ਕਚਹਿਰੀ ਦੇ ਨਜ਼ਦੀਕ ਹੈ। ਇਹ ਉਹ ਥਾਂ ਹੈ ਜਿਥੇ ਮੁਗ਼ਲ ਬਾਦਸ਼ਾਹ ਦਿੱਲੀ ਤੋਂ ਪੰਜਾਬ ਜਾਂ ਕਸ਼ਮੀਰ ਜਾਣ ਸਮੇਂ ਰੁੱਕਦੇ ਸਨ। ਇਥੇ ਗੁਰੂ ਗੋਬਿੰਦ ਸਿੰਘ ਸਾਹਿਬ 1670 ਦੇ ਅਖੀਰ ਜਾਂ 1671 ਦੇ ਸ਼ੁਰੂ ਵਿੱਚ ਲਖਨੌਰ ਜਾਣ ਸਮੇਂ ਆਏ ਸਨ।

ਮੁਕਾਮੀ ਰਿਵਾਇਤ ਅਨੁਸਾਰ, ਭੁਝੰਗੀ ਪੀਰ ਸਾਹਿਬ ਨੇ ਆਮ ਚਿੜੀਆਂ ਦੀ ਲੜਾਈ ਪੀਰ ਨੂਰਦੀਨ (ਮੀਰਦੀਨ) ਦੇ ਬਾਜ਼ ਨਾਲ ਕਰਾਈ। ਉਥੇ ਉਹ ਬਾਜ਼ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਲਖੂ–ਕਾ–ਤਲਾਬ ਕੋਲ ਡਿੱਗ ਕੇ ਮਰ ਗਿਆ। ਪੀਰ ਨੇ ਸਤਿਕਾਰ ਨਾਲ ਗੁਰੂ ਸਾਹਿਬ ਦੀ ਯਾਦ ਵਿੱਚ ਥੜ੍ਹਾ ਬਣਾ ਦਿੱਤਾ। 18ਵੀਂ ਸਦੀ ਦੇ ਅਖੀਰ ਵਿੱਚ ਮਿਹਰ ਸਿੰਘ ਆਫ਼ ਨਿਸ਼ਾਨ ਵਾਲੀ ਮਿਸਲ ਨੇ ਛੋਟਾ ਜਿਹਾ ਗੁਰਦੁਆਰਾ ਤਾਮੀਰ ਕਰਾਇਆ ਸੀ ਜੋ 1857 ਵਿੱਚ ਅੰਗ੍ਰੇਜ਼ਾਂ ਵੱਲੋਂ ਬਾਗੀਆਂ 'ਤੇ ਹੋਏ ਹਮਲੇ ਵਿੱਚ ਅਗਨ ਭੇਟ ਹੋ ਗਿਆ ਸੀ। ਫਿਰ ਉਹ ਜ਼ਮੀਨ ਨਿੱਜੀ ਮਲਕੀਅਤ ਵਿੱਚ ਚਲੀ ਗਈ। ਉਸ ਜ਼ਮੀਨ ਦੇ ਮਾਲਕ ਨੇ ਇਸ ਥਾਂ ਦੀ ਪਵਿੱਤਰਤਾ ਨੂੰ ਮੁੱਖ ਰੱਖਦਿਆਂ, ਉਸੇ ਥਾਂ ਇਕ ਛੋਟੇ ਜਿਹਾ ਕਮਰੇ ਦੀ ਉਸਾਰੀ ਪੁਰਾਣੀ ਥਾਂ 'ਤੇ ਰੱਖੀ। ਇਹ ਥਾਂ ਕਾਫੀ ਸਮੇਂ ਤੱਕ ਅਣਗੌਲੀ ਹੀ ਰਹੀ ਜਦੋਂ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1926 ਵਿੱਚ ਸਾਰ ਲਈ। 1931 ਵਿੱਚ ਸੰਤ ਗੁਰਮੁਖ ਸਿੰਘ (ਪਟਿਆਲਾ) ਨੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਇਕ ਵੱਡੀ ਇਮਾਰਤ ਬਣਾਈ। ਅਜੋਕੀ ਇਮਾਰਤ ਨਿਰਮਲੇ ਸੰਤਾਂ ਨੇ 1947 ਤੋਂ ਬਾਅਦ ਬਣਾਈ ਹੈ ਜਿਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਠ ਆਉਣ ਬਾਅਦ ਨਿਰਮਲੇ ਸਾਧੂ–ਸੰਤ, ਨੇੜਲੇ ਆਸ਼ਰਮ ਚਲੇ ਗਏ।

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ


# ਗੁਰਾਂ ਦੇ ਨਾਂ ਜਿਊਂਦੇ ਪੰਜਾਬ ਵਿਚ ਛਿੰਝਾਂ ਗੁੱਗੇ ਦੇ ਨਾਂ ?

ਤਰਲੋਚਨ ਸਿੰਘ ਦੁਪਾਲ ਪੁਰ
78146-92724
tsdupalpuri@yahoo.com



ਸੌਣ-ਭਾਦੋਂ ਦੀ ਹੁੰਮਸ ਭਰੀ ਰੁੱਤੇ ਪਿਛਲੇ ਇੱਕੀ ਸਾਲਾਂ ਵਿਚ ਆਪਣੇ ਪਿੰਡ ਅਮਰੀਕਾ ਤੋਂ ਪਹਿਲੀ ਵਾਰ ਆਇਆ ਹੋਣ ਕਰਕੇ ਐਤਕੀਂ ਆਪਣੇ ਆਂਢ-ਗੁਆਂਢ ਦੇ ਪਿੰਡਾਂ ਵਿਚ ਪਈਆਂ ਦੋ-ਤਿੰਨ ਛਿੰਝਾਂ ਦੇਖੀਆਂ! ਦੁਪਾਲ ਪੁਰ ਤੇ ਸ਼ੇਖੂਪੁਰ ਦੀਆਂ ਛਿੰਝਾਂ ਵਿਚ ਤਾਂ ਮੈਂ ਕਹਿਰ ਦੀ ਗਰਮੀਂ ਕਾਰਨ 'ਭਲਵਾਨੀ ਗੇੜਾ' ਜਿਹਾ ਹੀ ਮਾਰ ਕੇ ਅਤੇ ਜਲੇਬੀਆਂ ਲੈ ਕੇ ਘਰੇ ਆ ਗਿਆ ਸਾਂ ਪਰ ਸ਼ਾਮ ਪਈ ਬੇਟ ਤਾਜੋਵਾਲ਼ ਦੀ ਛਿੰਝ ਵਿਚ ਢੋਲ ਵਜਾਉਣ ਵਾਲ਼ਿਆਂ ਦੀ ਬੜੀ ਪਿਆਰੀ ਕਲਾਕਾਰੀ ਨੇ ਮੈਨੂੰ ਬੈਠੇ ਰਹਿਣ ਲਈ ਮਜ਼ਬੂਰ ਕਰ ਦਿੱਤਾ! ਦਰਸ਼ਕ ਤਾਂ ਦੇਖ ਰਹੇ ਸਨ ਮਿੱਟੀ ਨਾਲ਼ ਮਿੱਟੀ ਹੋਏ ਘੁਲ਼ਦੇ ਭਲਵਾਨਾਂ ਨੂੰ ਪਰ ਮੈਂ ਢੋਲੀਆਂ ਵੱਲ ਟਿਕ-ਟਿਕੀ ਲਾ ਕੇ ਅਨੰਦ ਮਾਣਦਾ ਰਿਹਾ !

ਇਹ ਤਾਂ ਮੈਨੂੰ ਪਹਿਲਾਂ ਵੀ ਜਾਣਕਾਰੀ ਸੀ ਕਿ ਜਿੱਥੇ ਜਿੱਥੇ ਵੀ ਛਿੰਝ ਪੈਂਦੀ ਹੈ ਉੱਥੇ ਪਿੜ ਵਿਚ ਹਰੇ, ਲਾਲ ਜਾਂ ਭਗਵੇਂ ਪਹਿਰਾਵੇ ਵਾਲ਼ਾ ਕੋਈ ਨਾ ਕੋਈ 'ਬਾਬਾ' ਮੋਰ ਦੇ ਖੰਭਾਂ ਵਾਲ਼ਾ ਝੰਡਾ ਲੈ ਕੇ 'ਗੁੱਗਾ ਜ਼ਾਹਰ ਪੀਰ' ਦੀ 'ਜੈ-ਜੈ ਕਾਰ' ਬੋਲ ਰਿਹਾ ਹੁੰਦਾ ਐ ! ਹੁਣ ਐਤਕੀਂ ਵੀ ਛਿੰਝਾਂ ਵਿਚ ਅਜਿਹਾ ਹੀ ਅਜਬ ਵਰਤਾਰਾ ਦੇਖ ਕੇ ਮੈਂ ਸੋਚ ਰਿਹਾ ਸਾਂ ਕਿ ਵੈਸੇ ਤਾਂ ਅਸੀਂ ਸਾਰੇ ਪੰਜਾਬੀ ਮਾਈ-ਭਾਈ ਭਾਵੇਂ ਕਿਸੇ ਰੂਪ ਵਿਚ ਵੀ ਹੋਈਏ, ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਸ਼ਟ ਵਜੋਂ ਮਾਨਤਾ ਕਰਦੇ ਹੋਏ ਸਤਿਕਾਰਦੇ ਹਾਂ। ਕਿਸੇ ਵੀ ਖੁਸ਼ੀ-ਗਮੀਂ ਮੌਕੇ ਗੁਰੂ ਮਹਾਰਾਜ ਦੇ ਚਰਨ ਪਰਸਦੇ ਹਾਂ। ਪ੍ਰੋਫੈਸਰ ਪੂਰਨ ਸਿੰਘ ਹੁਣਾ ਦੀਆਂ ਲਿਖੀਆਂ ਸਤਰਾਂ ਵੀ ਅਕਸਰ ਬੜੇ ਮਾਣ ਨਾਲ਼ ਗਾਉਂਦੇ ਬੋਲਦੇ ਰਹਿੰਦੇ ਹਾਂ ਪਰ ਗੁਰਬਾਣੀ ਵਿਚ ਛਿੰਝ ਦਾ ਅਲੰਕਾਰ ਵਰਤਦਿਆਂ ਪੰਜਵੇਂ ਪਾਤਸ਼ਾਹ ਜੀ ਦਾ ਜੋ ਸ਼ਬਦ ਹੈ, ਉਹਦੇ ਵੱਲ਼ ਛਿੰਝ ਪਵਾਉਣ ਵਾਲ਼ੇ ਪੰਜਾਬੀ ਪ੍ਰਬੰਧਕ ਸੱਜਣ ਕਦੇ ਧਿਆਨ ਕਿਉਂ ਨਹੀਂ ਦਿੰਦੇ ਹੋਣਗੇ-






'ਹਉ ਗੋਸਾਈ ਦਾ ਪਹਿਲਵਾਨੜਾ ॥
ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ ॥
ਦਯੁ ਬੈਠਾ ਵੇਖੈ ਆਪਿ ਜੀਉ ॥
ਵਾਤ ਵਜਨਿ ਟੰਮਕ ਭੇਰੀਆ ॥
ਮਲ ਲਥੇ ਲੈਦੇ ਫੇਰੀਆ ॥
ਨਿਹਤੇ ਪੰਜਿ ਜੁਆਨ ਮੈ ॥
ਗੁਰ ਥਾਪੀ ਦਿਤੀ ਕੰਡਿ ਜੀਉ ॥'
(ਸਿਰੀ ਰਾਗੁ ਮਹਲਾ ੫ ਅੰਗ-੭੪)

ਕਿੰਨਾਂ ਚੰਗਾ ਹੋਵੇ ਜੇ ਛਿੰਝਾਂ ਦੇ ਪਿੜ ਵਿਚ ਇਸ ਸ਼ਬਦ ਦੇ 'ਫਲੈਕਸ' ਲਾਏ ਜਾਣ ਅਤੇ ਨਾਲ਼ ਹੀ ਸ੍ਰੀ ਖਡੂਰ ਸਾਹਬ ਦੇ ਇਤਹਾਸਕ ਗੁਰਦੁਆਰਾ ਮੱਲ ਅਖਾੜਾ ਦੀ ਵੱਡੀ ਤਸਵੀਰ ਵੀ ਲਗਾਈ ਜਾ ਸਕਦੀ ਹੈ ! ਨਾਲ਼ੇ ਸੰਖੇਪ ਰੂਪ ਵਿਚ ਇਹ ਦਰਸਾਇਆ ਜਾਵੇ ਕਿ ਦੂਸਰੇ ਪਾਤਸ਼ਾਹ ਜੀ ਖਡੂਰ ਸਾਹਬ ਵਾਲੇ ਇਸ ਅਸਥਾਨ 'ਤੇ ਬੱਚਿਆਂ ਨੂੰ ਵਿੱਦਿਆ ਦੇਣ ਦੇ ਨਾਲ ਨਾਲ ਸਰੀਰਕ ਅਰੋਗਤਾ ਵਾਸਤੇ ਕੁਸ਼ਤੀਆਂ ਦੇ ਅਖਾੜੇ ਵੀ ਰਚਾਇਆ ਕਰਦੇ ਸਨ।

ਕਿੰਨਾਂ ਚੰਗਾ ਹੋਵੇ ਜੇ ਪੰਜਾਬ ਵਿਚ ਅੰਧਵਿਸ਼ਵਾਸ਼ੀ ਫੈਲਾਉਂਦੇ ਕਥਿਤ ਰੰਗ-ਬਰੰਗੇ 'ਬਾਬਿਆਂ' ਦੀ ਸਰਪ੍ਰਸਤੀ ਹੇਠ ਛਿੰਝਾਂ ਆਯੋਜਿਤ ਕਰਨ ਦੀ ਬਜਾਏ 'ਗੁਰਦੁਆਰਾ ਮੱਲ ਅਖਾੜਾ ਸ੍ਰੀ ਖਡੂਰ ਸਾਹਿਬ' ਦੀ ਇਤਹਾਸਕ ਸਰਪ੍ਰਸਤੀ ਹੇਠ ਛਿੰਝਾਂ ਪੁਆਈਆਂ ਜਾਣ !!

ਮੈਨੂੰ ਕਿਸੇ ਖਾਸ ਬਾਬੇ ਜਾਂ ਵਿਸ਼ੇਸ਼ ਤੌਰ ਗੁੱਗੇ ਦਾ ਵਿਰੋਧੀ ਕਹਿ ਕੇ ਮੇਰੇ ਉਕਤ ਮਸ਼ਵਰੇ ਨੂੰ ਅਣਗੌਲ਼ਿਆ ਨਾ ਕੀਤਾ ਜਾਵੇ ਸਗੋਂ ਮੇਰੇ ਸੁਝਾਅ ਦਾ ਅਧਾਰ ਗੁਰਬਾਣੀ ਦਾ ਪ੍ਰਚਾਰ ਪਸਾਰ ਅਤੇ ਗਿਆਨੀ ਦਿੱਤ ਸਿੰਘ ਜੀ ਲਿਖਤ ਬਹੁ ਚਰਚਿਤ ਕਿਤਾਬ 'ਗੁੱਗਾ ਗਪੌੜਾ ਸੁਲਤਾਨ ਪੁਆੜਾ' ਹੈ ਜੋ ਸਦੀਆਂ ਪਹਿਲਾਂ ਗਿਆਨੀ ਜੀ ਨੇ ਲਿਖੀ ਸੀ।

ਇਕ ਪਾਸੇ ਅਸੀਂ ਇਹ ਗਿਲਾ ਕਰਦੇ ਰਹਿੰਦੇ ਹਾਂ ਕਿ ਸਾਡੀ ਕੌਮ ਨੇ ਗਿਆਨੀ ਦਿੱਤ ਸਿੰਘ ਹੁਣਾ ਦੀ ਕਦਰ ਨਹੀਂ ਪਾਈ ਪਰ ਉਨ੍ਹਾਂ ਦੀ ਕਦਰ ਕਿਸੇ ਹੋਰ ਟਾਪੂ ਤੋਂ ਆਏ ਹੋਏ ਲੋਕਾਂ ਨੇ ਨਹੀਂ ਕਰਨੀ ਸਗੋਂ ਸਾਡਾ ਹੀ ਫਰਜ਼ ਬਣਦਾ ਹੈ ?

## ★ ਮਿੰਨੀ ਕਹਾਣੀਆਂ ★

### ਲੇਬਰ ਡੇਅ

ਸੇਠ ਜਨਕ ਰਾਜ ਦੀ ਪਹਿਲਾਂ ਕਰਿਆਨੇ ਦੀ ਛੋਟੀ ਜਿਹੀ ਦੁਕਾਨ ਸੀ ਪਰ ਹੁਣ ਦੁਕਾਨ ਨਹੀਂ ਰਹੀ ਸੀ ਸਗੋਂ ਸ਼ਹਿਰ ਦਾ ਇੱਕ ਵੱਡਾ ਸ਼ੋਅ ਰੂਮ ਬਣ ਗਿਆ ਸੀ ਜਿਸ ਵਿੱਚ ਘਰੇਲੂ ਵਰਤੋਂ ਦਾ ਲਗਪਗ ਹਰ ਕਿਸਮ ਦਾ ਸਾਮਾਨ ਸੀ। ਉਸ ਵਿੱਚ ਤਕਰੀਬਨ ਪੱਚੀ ਤੀਹ ਕਰਿੰਦੇ ਕੰਮ ਕਰਦੇ ਸਨ ਜਿਨ੍ਹਾਂ ਵਿੱਚ ਅਠਾਰਾਂ ਸਾਲ ਦੇ ਕਿਸ਼ੋਰ ਤੋਂ ਲੈ ਕੇ ਪੈਂਹਠ ਸੱਤਰ ਸਾਲ ਦੇ ਬਜ਼ੁਰਗ ਤੱਕ ਸ਼ਾਮਲ ਸਨ। ਸੇਠ ਦੇ ਨਾਲ ਉਸ ਦਾ ਪੁੱਤਰ ਵੀ ਬੈਠਦਾ ਸੀ ਪਰ ਉਹ ਦੋਵੇਂ ਪਿਓ ਪੁੱਤ ਤਾਂ ਅਲੱਗ ਬਣੇ ਕੈਬਿਨ ਵਿੱਚ ਹਿਸਾਬ ਕਿਤਾਬ ਕਰਨ ਵਾਲੇ ਕਰਮਚਾਰੀ 'ਤੇ ਨਿਗਾਹ ਰੱਖਦੇ ਸਨ। ਕਰਿੰਦਿਆਂ ਵਿੱਚ ਵੀ ਜਿਹੜੇ ਦਸ ਜਮਾਤਾਂ ਪੜ੍ਹੇ ਹੋਏ ਸਨ ਤੇ ਹੱਟੇ ਕੱਟੇ ਸਨ ਉਹ ਵਿਚਾਰੇ ਗ਼ਰੀਬ ਤੇ ਮਜਬੂਰ ਮਰੀਅਲ ਜਿਹੇ ਮਜ਼ਦੂਰਾਂ 'ਤੇ ਰੋਹਬ ਪਾ ਕੇ ਰੱਖਦੇ ਤੇ ਉਨ੍ਹਾਂ ਤੋਂ ਆਪਣੇ ਹਿੱਸੇ ਦਾ ਕੰਮ ਵੀ ਕਰਵਾਈ ਜਾਂਦੇ।

ਸੇਠ ਜਨਕ ਰਾਜ ਨੇ ਇੱਕ ਮਈ ਦੀ ਸ਼ਾਮ ਨੂੰ ਮਜ਼ਦੂਰਾਂ ਨੂੰ ਪਾਰਟੀ ਕੀਤੀ ਜਿਸ ਵਿੱਚ ਚਾਹ ਦੇ ਨਾਲ ਇੱਕ ਇੱਕ ਸਮੋਸਾ ਅਤੇ ਬਰਫ਼ੀ ਦਾ ਟੁਕੜਾ ਪੁਰਾਣੇ ਅਖ਼ਬਾਰਾਂ 'ਤੇ ਰੱਖ ਕੇ ਪਰੋਸੇ ਗਏ। ਉਪਰਲੇ ਦਰਜ਼ੇ ਦੇ ਕਰਮਚਾਰੀਆਂ ਨੂੰ ਤਾਂ ਸਮਝ ਸੀ ਪਰ ਵਿਚਾਰੇ ਹੇਠਲੇ ਪੱਧਰ ਦੇ ਮਜ਼ਦੂਰ ਇਸ ਗੱਲੋਂ ਅਣਜਾਣ ਸਨ ਕਿ ਅੱਜ ਉਨ੍ਹਾਂ ਦੇ ਮਾਲਕ ਨੇ ਕਿਹੜੀ ਖ਼ੁਸ਼ੀ ਵਿੱਚ ਪਾਰਟੀ ਦਿੱਤੀ। ਸੇਠ ਨੇ ਇਸ 'ਪਾਰਟੀ' ਵਿੱਚ ਸ਼ਹਿਰ ਦੇ ਕੁਝ ਪਤਵੰਤੇ ਸੱਜਣ ਵੀ ਬੁਲਾਏ। ਉਨ੍ਹਾਂ ਸਭ ਲਈ ਹੋਰ ਤਰ੍ਹਾਂ ਦੀਆਂ ਮਹਿੰਗੀਆਂ ਮਠਿਆਈਆਂ ਅਤੇ ਹੋਰ ਤਰ੍ਹਾਂ ਦੀਆਂ ਖਾਣ ਵਾਲੀਆਂ ਚੀਜ਼ਾਂ ਵੱਖਰੇ ਤੌਰ 'ਤੇ ਸਜਾ ਕੇ ਪਰੋਸੀਆਂ ਗਈਆਂ। ਕੁਝ ਪੱਤਰਕਾਰ ਬੁਲਾਏ ਗਏ। ਕੁਝ ਮਜ਼ਦੂਰਾਂ ਨੂੰ ਛੋਟੇ ਛੋਟੇ ਪੈਕੇਟ ਰੰਗਦਾਰ ਕਾਗਜ਼ ਵਿੱਚ ਲਪੇਟ ਕੇ ਵੰਡਦਿਆਂ ਦੀਆਂ ਫੋਟੋਆਂ ਖਿੱਚੀਆਂ ਗਈਆਂ। ਜਦ ਸਾਰੇ ਚਲੇ ਗਏ ਤਾਂ ਮੂਹਰਲੇ ਕਰਿੰਦਿਆਂ ਨੇ ਉਹ ਸਾਰੇ ਪੈਕੇਟ ਉਨ੍ਹਾਂ ਮਜ਼ਦੂਰਾਂ ਤੋਂ ਫੜ ਕੇ ਇੱਕ ਪਾਸੇ ਰੱਖ ਦਿੱਤੇ ਕਿਉਂਕਿ ਉਹ ਖਾਲੀ ਡੱਬਿਆਂ 'ਤੇ ਰੰਗਲਾ ਕਾਗਜ਼ ਚੜ੍ਹਾ ਕੇ ਸਿਰਫ਼ ਫੋਟੋਆਂ ਖਿਚਾਉਣ ਲਈ ਤਿਆਰ ਕੀਤੇ ਗਏ ਸਨ।

ਅਗਲੇ ਦਿਨ ਸੇਠ ਵੱਲੋਂ ਮਨਾਏ ਗਏ 'ਲੇਬਰ ਡੇਅ' ਦੀਆਂ ਖ਼ਬਰਾਂ ਅਖ਼ਬਾਰਾਂ ਦੇ ਪੰਨਿਆਂ 'ਤੇ ਫੋਟੋਆਂ ਸਮੇਤ ਛਪੀਆਂ। ਸੇਠ ਨੂੰ ਸਵੇਰ ਤੋਂ ਹੀ ਲੋਕਾਂ ਦੇ ਵਧਾਈਆਂ ਦੇ ਫੋਨ ਆਉਣੇ ਸ਼ੁਰੂ ਹੋ ਗਏ। "ਵਾਹ! ਜਨਕ ਰਾਜ ਜੀ, ਅੱਜ ਤਾਂ ਸਾਰੇ ਪਾਸੇ ਛਾਏ ਪਏ ਹੋ। ਮੁਬਾਰਕਾਂ ਜੀ, ਬਹੁਤ ਬਹੁਤ ਮੁਬਾਰਕਾਂ।" ਸੇਠ ਨੂੰ ਉਸ ਦੇ ਇੱਕ ਹੋਰ ਸੇਠ ਮਿੱਤਰ ਦਾ ਫ਼ੋਨ ਆਇਆ। ਸੇਠ ਦਫ਼ਤਰ ਵਿੱਚ ਆਪਣੀ ਉੱਚੀ ਢੋਅ ਵਾਲੀ ਕੁਰਸੀ 'ਤੇ ਇਉਂ ਬੈਠਾ ਸੀ ਜਿਵੇਂ ਅੱਧਾ ਲੇਟਿਆ ਹੋਵੇ। ਮੂਹਰੇ ਸ਼ੀਸ਼ੇ ਵਾਲੇ ਚਮਕਦੇ ਮੇਜ਼ ਉੱਤੇ 'ਲੇਬਰ ਡੇਅ' ਦੇ ਜਸ਼ਨ ਦੀਆਂ ਫੋਟੋਆਂ ਵਾਲੇ ਅਖ਼ਬਾਰ ਪਏ ਸਨ। ਫੋਨ ਕੰਨ ਨੂੰ ਲਾਈ ਹੱਸਦਾ ਹੋਇਆ ਸੇਠ ਬੋਲਿਆ, "ਹਾ ਹਾ ਹਾ ਹਾ ਹਾ... ਭਾਈ ਸਾਹਿਬ ਜੀ... ਇਹ ਲੇਬਰ ਡੇਅ ਸਾਡੇ ਪੂਰਾ ਸਾਲ ਬਹੁਤ ਕੰਮ ਆਉਂਦੈ। ਹਾ ਹਾ ਹਾ... ਸਾਰੀ ਲੇਬਰ ਆਪਣੀ ਫੋਟੋ ਅਖ਼ਬਾਰ ਵਿੱਚ ਦੇਖ ਕੇ ਖ਼ੁਸ਼ ਹੋਈ ਪਈ ਐ। ਸਾਰਾ ਸਾਲ ਇਨ੍ਹਾਂ ਤੋਂ ਕੰਮ ਲੈਣ ਲਈ ਇੱਕ ਸਮੋਸਾ ਤੇ ਇਹ ਫੋਟੋ ਬਹੁਤ ਕੰਮ ਆਉਂਦੀ ਐ।"

"ਹਾ ਹਾ ਹਾ ਹਾ... ਸਮਝ ਗਏ ਜਨਕ ਰਾਜ ਜੀ... ਤੁਹਾਡੀ ਕਾਮਯਾਬੀ ਦਾ ਰਾਜ਼... ਹਾ ਹਾ ਹਾ ਹਾ...!"

ਬਰਜਿੰਦਰ ਕੌਰ ਬਿਸਰਾਓ

### ਭੁੱਖ

ਸੇਠ ਜੀ ਧੁੱਪ ਸੇਕ ਰਹੇ ਸਨ। ਉਨ੍ਹਾਂ ਨੇ ਆਪਣਾ ਖਾਣਾ ਵੀ ਉੱਥੇ ਹੀ ਮੰਗਵਾ ਲਿਆ ਸੀ। ਵੱਡੀ ਸਾਰੀ ਥਾਲ਼ੀ ਵਿੱਚ ਦੋ ਰੋਟੀਆਂ, ਦਾਲ਼, ਸਬਜ਼ੀ, ਰਾਇਤਾ, ਆਚਾਰ, ਸਲਾਦ, ਖੀਰ ਵਗੈਰਾ ਦੀਆਂ ਦਸ ਕੌਲੀਆਂ ਸਨ। ਇੰਨੇ ਨੂੰ ਉਨ੍ਹਾਂ ਦੇ ਪੁਰਾਣੇ ਪਿੰਡ ਦਾ ਇੱਕ ਮੁੰਡਾ ਆ ਗਿਆ। ਉਹਨੇ ਸੇਠ ਜੀ ਦੇ ਪੈਰ ਛੂਹੇ ਅਤੇ ਆਪਣੀ ਜਾਣਕਾਰੀ ਦਿੰਦਿਆਂ ਕਿਹਾ, "ਪਿਤਾ ਜੀ ਨੇ ਤੁਹਾਡੇ ਕੋਲ ਇੱਕ ਕੰਮ ਲਈ ਭੇਜਿਆ ਹੈ। ਤੁਹਾਡੀ ਸਿਫ਼ਾਰਿਸ਼ ਚਾਹੀਦੀ ਹੈ।"

ਉਹਨੂੰ ਬੈਠਣ ਦਾ ਇਸ਼ਾਰਾ ਕਰਦਿਆਂ ਸੇਠ ਜੀ ਨੇ ਪੁੱਛਿਆ, "ਰੋਟੀ ਖਾਵੇਂਗਾ ?"

ਮੁੰਡਾ ਭੁੰਜੇ ਬਹਿੰਦਿਆਂ ਬੋਲਿਆ, "ਤੁਰਦੇ ਸਮੇਂ ਮਾਂ ਨੇ ਚਾਰ ਰੋਟੀਆਂ ਬੰਨ੍ਹ ਦਿੱਤੀਆਂ ਸਨ। ਉਹ ਬੱਸ ਅੱਡੇ ਦੇ ਬੈਂਚ 'ਤੇ ਬਹਿ ਕੇ ਖਾ ਕੇ ਹੀ ਆਇਆ ਹਾਂ।"

"ਠੀਕ ਹੈ, ਮੈਂ ਖਾਣਾ ਖਾ ਲਵਾਂ। ਫਿਰ ਤੇਰੀ ਗੱਲ ਸੁਣਦਾ ਹਾਂ।" ਸੇਠ ਜੀ ਨੇ ਖਾਣਾ ਸ਼ੁਰੂ ਕੀਤਾ। ਉਨ੍ਹਾਂ ਨੇ ਵੇਖਿਆ ਕਿ ਮੁੰਡੇ ਦੀਆਂ ਨਜ਼ਰਾਂ ਉਨ੍ਹਾਂ ਦੀ ਥਾਲੀ ਵੱਲ ਹਨ ਅਤੇ ਕੁਝ ਕਹਿਣਾ ਚਾਹੁੰਦਾ ਹੈ। ਉਨ੍ਹਾਂ ਪੁੱਛਿਆ, "ਕੁਝ ਕਹਿਣਾ ਹੈ ?" "ਤੁਸੀਂ ਬੁਰਾ ਨਾ ਮੰਨਣਾ। ਲੱਗਦਾ ਹੈ, ਸੇਠਾਣੀ ਜੀ ਨੂੰ ਚੰਗੀ ਤਰ੍ਹਾਂ ਰੋਟੀ ਬਣਾਉਣੀ ਨਹੀਂ ਆਉਂਦੀ। ਘੱਟੋ-ਘੱਟ ਮੇਰੀ ਮਾਂ ਵਰਗੀ ਤਾਂ ਬਿਲਕੁਲ ਨਹੀਂ।"

"ਇਹ ਤੂੰ ਕੀ ਕਹਿ ਰਿਹੈਂ ? ਮੇਰੀ ਸੇਠਾਣੀ ਦੇ ਖਾਣੇ ਦੀ ਸਾਰੇ ਤਾਰੀਫ਼ ਕਰਦੇ ਹਨ।" "ਵੇਖੋ, ਮੇਰੀ ਮਾਂ ਦੀਆਂ ਬਣਾਈਆਂ ਇੰਨੀਆਂ ਹੀ ਰੋਟੀਆਂ ਮੈਂ ਚਟਣੀ ਜਾਂ ਉਸ ਤੋਂ ਬਿਨਾਂ ਹੀ ਗੜੱਪ-ਗੜੱਪ ਖਾ ਜਾਂਦਾ ਹਾਂ। ਤੁਹਾਨੂੰ ਇਨ੍ਹਾਂ ਪਤਲੀਆਂ-ਪਤਲੀਆਂ ਦੋ ਰੋਟੀਆਂ ਨੂੰ ਨਿਗਲਣ ਲਈ ਦਸ ਚੀਜ਼ਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ...।"

ਗੋਵਿੰਦ ਸ਼ਰਮਾ

### ਵੱਡਾ ਕੌਣ ?

ਸਿਟੀ ਥਾਣੇ 'ਚੋਂ ਨਿਕਲ ਕੇ ਥਾਣੇਦਾਰ ਬਖ਼ਤੌਰ ਸਿੰਘ ਬੱਕਰੀਆਂ ਵਾਲਾ ਸਿੱਧਾ ਨੰਦੂ ਦੀ ਰੇੜ੍ਹੀ 'ਤੇ ਗਿਆ ਤੇ ਹੁਕਮ ਚਾੜ੍ਹਿਆ, "ਚੱਲ ਓਏ! ਦੋ ਕਿਲੋ ਕਰੇਲੇ ਤੋਲ ਦੇ ਵਧੀਆ ਜਿਹੇ, ਮਿੰਟ ਮਾਰ।" ਜਿੰਨੇ ਚਿਰ ਵਿੱਚ ਥਾਣੇਦਾਰ ਨੇ ਸ਼ਰਾਬ ਦੇ ਟੁੱਟ ਰਹੇ ਨਸ਼ੇ ਦੀ ਆਲੇ ਜਿੱਡਾ ਮੂੰਹ ਟੱਡ ਕੇ ਉਬਾਸੀ ਲਈ ਓਨੇ ਚਿਰ ਵਿੱਚ ਨੰਦੂ ਨੇ ਕਰੇਲੇ ਤੋਲ ਦਿੱਤੇ। ਥਾਣੇਦਾਰ ਕਰੇਲਿਆਂ ਵਾਲਾ ਲਿਫ਼ਾਫ਼ਾ ਉਂਗਲ ਵਿੱਚ ਪਾ ਕੇ ਉਹ ਗਿਆ, ਉਹ ਗਿਆ। ਨੰਦੂ ਮਨ ਹੀ ਮਨ ਉਸ ਨੂੰ ਗਾਲ੍ਹਾਂ ਕੱਢਦਾ ਰਹਿ ਗਿਆ ਕਿ ਇਹ ਮੁਫ਼ਤਖ਼ੋਰ ਪਤਾ ਨਹੀਂ ਕਦੋਂ ਮਗਰੋਂ ਲਹੇਗਾ। ਇੰਨੇ ਨੂੰ ਹੋਮਗਾਰਡ ਜੀਤਾ ਰੇੜ੍ਹੀ 'ਤੇ ਦਸ ਰੁਪਏ ਰੱਖਦਾ ਬੋਲਿਆ, "ਨੰਦ! ਦੇਈਂ ਯਾਰ ਕਿਲੋ ਕੱਦੂ।" ਜੀਤੇ ਨੂੰ ਤੋਰ ਕੇ ਨੰਦੂ ਸੋਚਾਂ ਵਿੱਚ ਪੈ ਗਿਆ ਕਿ ਦੋਵਾਂ 'ਚੋਂ ਵੱਡਾ ਕੌਣ ਹੈ ?

\- ਮਿੰਟੂ ਗੁਰੂਸਰੀਆ


# ਸਲਾਨਾ ਜੋੜ ਮੇਲੇ ‘ਤੇ 1 ਸਤੰਬਰ ਲਈ ਵਿਸ਼ੇਸ਼
# ਧਰਮ ਪ੍ਰਚਾਰ ਨੂੰ ਸਮਰਪਿਤ ਬਾਬਾ ਸ਼੍ਰੀਚੰਦ੍ਰ ਜੀ ਦਾ ਅਦੁੱਤੀ ਤੱਪ ਅਸਥਾਨ, ਬਿਲਗਾ, ਜ਼ਿਲ੍ਹਾ ਜਲੰਧਰ

– ਲੇਖਕ –
ਰਣਧੀਰ ਸਿੰਘ ਸੰਭਲ
ਯੂ ਕੇ
ਫੋਨ :07417443300



ਗੁਰੂ ਚਰਨਾਂ ਦੀ ਛੋਹ ਪ੍ਰਾਪਤ ਇਤਿਹਾਸਕ ਨਗਰ ਬਿਲਗਾ ਆਪਣੀ ਪਾਵਨ ਬੁੱਕਲ ਵਿੱਚ ਅਨਮੋਲ ਅਧਿਆਤਮਕ ਗੌਰਵ-ਮਈ ਵਿਰਸਾ ਸਮੋਈ ਬੈਠਾ ਹੈ। ਪੰਜਾਬ ਦਾ ਸਿੱਖ ਇਤਿਹਾਸ, ਗੁਰੂ ਖ਼ਾਲਸਾ ਤਵਾਰੀਖ ਅਤੇ ਮਹਾਨ ਕੋਸ਼ ਅਨੁਸਾਰ, ਕੁਦਰਤੀ ਸੁੰਦਰਤਾ ਨਾਲ ਭਰਪੂਰ ਅਤੇ ਸੁਭਾਗ ਭਰੀ ਧਰਤੀ ਉਪਰ ਇਸ ਨਗਰ ਵਿੱਚ ਸ਼ਹੀਦਾਂ ਦੇ ਸਿਰ-ਤਾਜ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਸੁਸ਼ੋਭਿਤ ਹੈ। ਇਤਿਹਾਸਕ ਸਰੋਤਾਂ ਅਨੁਸਾਰ 20 ਹਾੜ੍ਹ ਸੰਮਤ 1646 ਬਿ: 26 ਸਾਲ ਦੀ ਉਮਰ ਵਿੱਚ ਸਤਿਗੁਰੂ ਜੀ ਮਉ ਸਾਹਿਬ ਜੀ ਮਾਤਾ ਗੰਗਾ ਜੀ ਨੂੰ ਵਿਆਹੁਣ ਜਾ ਰਹੇ ਇਕ ਦਿਨ ਅਤੇ ਇਕ ਰਾਤ ਬਰਾਤ ਸਹਿਤ ਆਪ ਨੇ ਇਥੇ ਵਿਸ਼ਰਾਮ ਕੀਤਾ, ਉਸ ਸਮੇਂ ਦੀਆਂ ਬੇਹੱਦ ਅਨਮੋਲ ਵਸਤੂਆਂ ਅਤੇ ਸੁੰਦਰ ਬਸਤਰ ਯਾਦਗਾਰੀ ਵਜੋਂ ਗੁਰਦੁਆਰੇ ਵਿੱਚ ਸੁਸ਼ੋਭਿਤ ਹਨ।

ਇਸੇ ਹੀ ਇਤਿਹਾਸਕ ਨਗਰ ਦੇ ਨਜ਼ਦੀਕ ਪੁਆਧੜਾ ਰੋਡ ‘ਤੇ ਬਾਲ ਜਤੀ ਕਰੁਣਾ ਨਿਧ ਉਦਾਸੀਨ ਭੇਖ ਦੇ ਬਾਨੀ, ਮਹਾਨ ਤਿਆਗੀ, ਮਹਾਨ ਤਪੱਸਵੀ, ਭਗਵਾਨ ਬਾਬਾ ਸ਼੍ਰੀਚੰਦ੍ਰ ਜੀ ਦੀ ਚਰਨ ਛੋਹ ਨਾਲ ਨਿਵਾਜਿਆ ਇਤਿਹਾਸਕ ਡੇਰਾ ਤੱਪ ਅਸਥਾਨ ਉਦਾਸੀਨ ਆਸ਼ਰਮ ਸ਼੍ਰੀਚੰਦ੍ਰ ਭਗਵਾਨ ਬਿਲਗਾ ਸੁਭਾਇਮਾਨ ਹੈ। ਸਿੱਖ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਅੱਜ ਤੋਂ 435 ਸਾਲ ਪਹਿਲਾਂ ਇਸ ਪਵਿੱਤਰ ਅਸਥਾਨ ‘ਤੇ ਭਗਵਾਨ ਸ਼੍ਰੀਚੰਦ੍ਰ ਜੀ ਨੇ ਧੂਣਾਂ ਲਾ ਕੇ 28 ਦਿਨ ਘੋਰ ਤਪੱਸਿਆ ਕੀਤੀ। ਉਸ ਸਮੇਂ ਤੋਂ ਇਸ ਤੱਪ ਅਸਥਾਨ ‘ਤੇ ਨਿਰੰਤਰ ਧੂਣਾ ਜਾਰੀ ਹੈ। ਧੰਨ ਧੰਨ ਬਾਬਾ ਸ਼੍ਰੀਚੰਦ੍ਰ ਜੀ ਦਾ ਜਨਮ ਸੁਲਤਾਨਪੁਰ ਲੋਧੀ ਵਿਖੇ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਮਾਤਾ ਸੁਲੱਖਣੀ ਜੀ ਦੀ ਪਾਵਨ ਕੁੱਖ ਤੋਂ ਭਾਦਰੋਂ ਸੁਦੀ ਨੌਵੀਂ ਦਿਨ ਸ਼ੁੱਕਰਵਾਰ 10 ਅਗਸਤ 1494 ਈ: ਮੁਤਾਬਕ 5 ਸਾਵਣ 1551 ਬਿਕਰਮੀ ਨੂੰ ਹੋਇਆ, ਉਸ ਸਮੇਂ ਆਪ ਜੀ ਦੇ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਨਵਾਬ ਦੌਲਤ ਖਾਂ ਦੇ ਮੋਦੀ ਖਾਨੇ ਵਿੱਚ ਸੇਵਾ ਨਿਭਾ ਰਹੇ ਸਨ। ਸੁਲਤਾਨਪੁਰ ਲੋਧੀ, ਸੁਲਤਾਨ ਖਾਨ ਨੇ ਪੰਦਰਵੀਂ ਸਦੀ ਵਿੱਚ ਵਸਾਇਆ ਸੀ। ਸਭ ਤੋਂ ਪਹਿਲਾਂ ਬੇਬੇ ਨਾਨਕੀ ਜੀ ਇਥੇ ਸ੍ਰੀ ਨਨਕਾਣਾ ਸਾਹਿਬ ਜੀ ਰਾਇ ਭੋਇ ਦੀ ਤਲਵੰਡੀ ਤੋਂ ਸੰਨ 1464 ਈ: ਨੂੰ ਤਸ਼ਰੀਫ ਲਿਆਏ। ਇਨ੍ਹਾਂ ਤੋਂ ਉਪਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸੁਲਤਾਨਪੁਰ ਦੀ ਧਰਤੀ ‘ਤੇ ਚਰਨ ਪਾ ਕੇ ਅਨੇਕਾਂ ਹੀ ਪਰਉਪਕਾਰੀ ਰੂਹਾਨੀ ਕੌਤਕ ਵਰਤਾਏ। ਸਤਿਗੁਰੂ ਜੀ ਨੇ ਸੰਸਾਰਕ ਜਗਤ ਜਲੰਦੇ ਦਾ ਉਧਾਰ ਕਰਨ ਵਾਸਤੇ 1501 ਈ: ਨੂੰ ਚੜ੍ਹਿਆ ਸੋਧਣਿ ਧਰਤੁ ਲੋਕਾਈ ਪਹਿਲੀ ਉਦਾਸੀ ਸੁਲਤਾਨਪੁਰ ਤੋਂ ਆਰੰਭ ਕੀਤੀ। ਇਸ ਨਗਰੀ ਤੋਂ ਹੀ ਬੇਦੀ ਕੁੱਲ ਦੇ ਰੱਖਿਅਕ ਭਗਵਾਨ ਸ਼੍ਰੀਚੰਦ੍ਰ ਜੀ ਨੇ ਛੋਟੀ ਉਮਰ ਵਿੱਚ ਹੀ ਜੰਗਲਾਂ ਵਿੱਚ ਜਾ ਕੇ ਸਮਾਧੀ ਵਿੱਚ ਸਥਿਤ ਹੋ ਕੇ ਘੋਰ ਤਪੱਸਿਆ ਸ਼ੁਰੂ ਕੀਤੀ ਅਤੇ ਆਪ ਨੇ ਆਪਣੇ ਗੁਰਦੇਵ ਪਿਤਾ ਦੇ ਹੁਕਮ ਵਿੱਚ ਦੂਰ-ਦੂਰ ਤੱਕ ਦੇਸ਼ ਦਾ ਭ੍ਰਮਣ ਕੀਤਾ, ਆਪ ਦੇ ਸਮੇਂ ਅੰਦਰ ਮੁਸਲਮਾਨ ਸ਼ਾਸਕ ਹਿੰਦੂ ਪਰਜਾ ਉੱਤੇ ਜ਼ੁਲਮ ਢਾਹੁਣ ਵਿੱਚ ਸਭ ਤੋਂ ਅੱਗੇ ਸਨ, ਇਸ ਲਈ ਆਪ ਨੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਡੇਰਾ ਬਾਬਾ ਨਾਨਕ ਤੋਂ 19 ਮੀਲ ਬਾਰਠ ਪਿੰਡ ਵਿਖੇ ਧਰਮ ਪ੍ਰਚਾਰ ਦਾ ਕੇਂਦਰ ਸਥਾਪਿਤ ਕੀਤਾ। ਇਥੇ ਹੀ ਸ੍ਰੀ ਗੁਰੂ ਅਮਰ-ਦਾਸ ਜੀ, ਪਾ: ਚੌਥੀ, ਪਾ: ਪੰਜਵੀਂ ਤੇ ਛੇਵੇਂ ਗੁਰੂ ਜੀ ਬਾਬਾ ਜੀ ਕੋਲ ਦਰਸ਼ਨਾਂ ਲਈ ਪਧਾਰੇ ਸਨ। ਇਸੇ ਤਰ੍ਹਾਂ ਦੂਜਾ ਸਥਾਨ ਸ਼੍ਰੀਨਗਰ (ਕਸ਼ਮੀਰ), ਤੀਜਾ ਠੱਠਾ (ਸਿੰਧ ਪ੍ਰਦੇਸ), ਚੌਥਾ ਪੇਸ਼ਾਵਰ (ਸੀਮਾਪ੍ਰਾਂਤ) ਅਤੇ ਪੰਜਵਾਂ ਕੇਂਦਰ ਅਸਥਾਨ ਕਾਬਲ ਅਫ਼ਗਾਨਿਸਤਾਨ ਵਿਖੇ ਸਥਾਪਿਤ ਕੀਤਾ। ਇਸ ਤੋਂ ਇਲਾਵਾ ਆਪ ਜੀ ਦੇ ਤੱਪ ਅਸਥਾਨ ਮਾਮੂਨ (ਪਠਾਨਕੋਟ), ਕਨਖਲ (ਯੂ.ਪੀ.), ਕਾਦਿਰਾਬਾਦ (ਜ਼ਿਲ੍ਹਾ ਗੁਰਦਾਸ-ਪੁਰ), ਦਵਾਰਕਾ, ਅਚਲੇਸ਼ਵਰ ਚੰਬਾ ਕਾਂਗੜਾ (ਹਿਮਾਚਲ ਪ੍ਰਦੇਸ਼) ਅਤੇ ਤੱਪ ਅਸਥਾਨ ਗਦੌਰੀ ਸਾਹਿਬ (ਕੁੱਲੂ), ਗੁਰ-ਦੁਆਰਾ ਗੁਰੂ ਨਾਨਕ ਜੋਤ ਕੁਠੰਗਲ ਜ਼ਿਲ੍ਹਾ ਕਾਂਗੜਾ, ਗੋਪਾਲ ਨਗਰ (ਜਲੰਧਰ) ਇਸੇ ਤਰ੍ਹਾਂ ਹਜ਼ਾਰਾਂ ਦੀ ਗਿਣਤੀ ਵਿੱਚ ਭਗਵਾਨ ਸ਼੍ਰੀਚੰਦ੍ਰ ਦੀ ਚਰਨ ਛੋਹ ਪ੍ਰਾਪਤ ਪਾਵਨ ਇਤਿਹਾਸਕ ਅਸਥਾਨਾਂ ਵਿੱਚੋਂ ਉਦਾਸੀਨ ਆਸ਼ਰਮ ਤੱਪ ਅਸਥਾਨ ਭਗਵਾਨ ਸ਼੍ਰੀਚੰਦ੍ਰ ਜੀ ਮਹਾਰਾਜ ਪਿੰਡ ਬਿਲਗਾ ਜ਼ਿਲ੍ਹਾ ਜਲੰਧਰ ਵਿਖੇ ਸੁਸ਼ੋਭਿਤ ਹੈ। ਅੱਜ ਇਹ ਪਾਵਨ ਅਸਥਾਨ ਸੇਵਾ, ਸਿਮਰਨ, ਗੁਰਮਤਿ ਪ੍ਰਚਾਰ ਅਤੇ ਉਦਾਸੀ ਸੰਪ੍ਰਦਾਇ ਦਾ ਪ੍ਰਮੁੱਖ ਕੇਂਦਰ ਬਣ ਚੁੱਕਾ ਹੈ। ਇਥੋਂ ਦੇ ਅਤੇ ਤੱਪ ਅਸਥਾਨ ਬਾਬਾ ਸੁੰਦਰ ਦਾਸ ਜੀ ਸਿਧਵਾਂ ਬੇਟ (ਜ਼ਿਲ੍ਹਾ ਲੁਧਿਆਣਾ) ਦੇ ਮੁੱਖ ਸੰਚਾਲਕ ਤੱਤ ਬੇਤੇ ਅਧਿਆਤਮਕ ਦ੍ਰਿਸ਼ਟੀ ਦੇ ਮਾਲਕ ਗੌਰਵਮਈ ਧਰਮ ਵਿਰਸੇ ਦੇ ਮਕਬੂਲ ਉਘੇ ਬੁਲਾਰੇ ਸ਼੍ਰੀਮਾਨ ਮਹੰਤ ਪਿਆਰਾ ਦਾਸ ਜੀ ਤੋਂ ਵਰੋਸਾਏ ਸੁਆਮੀ ਸੁਖਦੇਵ ਸਿੰਘ ਜੀ ਪਿਛਲੇ ਸਮੇਂ ਤੋਂ ਪਹਿਲੇ ਪੰਗਤ ਪਾਛੇ ਸੰਗਤ ਦੀ ਅਧਿਆਤਮਕ ਲੰਗਰ ਦੀ ਪ੍ਰਥਾ ਨੂੰ ਜਾਰੀ ਰੱਖਦਿਆਂ, ਸਭ ਧਾਰਮਿਕ ਸੰਪਰਦਾਵਾਂ, ਸਮੂਹ ਜਥੇਬੰਦੀਆਂ, ਸਮੂਹ ਨਾਨਕ ਨਾਮ, ਭੇਖਾਂ ਅਤੇ ਨਿਹੰਗ ਸਿੰਘ ਜਥੇਬੰਦੀਆਂ ਅਤੇ ਦੇਸ ਪ੍ਰਦੇਸ ਦੀਆਂ ਸੰਗਤਾਂ ਦੇ ਸਹਿਯੋਗ ਦੁਆਰਾ ਹਰ ਸਾਲ ਮਹਾਨ ਤਪੱਸਵੀ ਬਾਬਾ ਸ਼੍ਰੀਚੰਦ੍ਰ ਜੀ ਮਹਾਰਾਜ ਦਾ, ਭਾਦਰੋਂ ਸੁਦੀ ਨੌਵੀਂ ਨੂੰ ਪ੍ਰਕਾਸ਼ ਦਿਵਸ, ਗੁਰਦੁਆਰਾ ਡੇਰਾ ਉਦਾਸੀਨ ਆਸ਼ਰਮ ਪੁਆਧੜਾ ਰੋਡ ਬਿਲਗਾ ਵਿਖੇ ਮਹੰਤ ਪਿਆਰਾ ਦਾਸ ਅਤੇ ਸ਼੍ਰੀਮਾਨ ਸੁਆਮੀ ਸੁਖਦੇਵ ਸਿੰਘ ਜੀ ਦੀ ਰਹਿਨੁਮਾਈ ਹੇਠ ਸਲਾਨਾ ਜੋੜ ਮੇਲਾ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ।




ਸੁਆਮੀ ਸੰਤੋਖ ਸਿੰਘ ਜੀ ਵੱਲੋਂ ਪ੍ਰਾਪਤ ਸਮਾਚਾਰ ਅਨੁਸਾਰ 30 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋ ਕੇ 1 ਸਤੰਬਰ 2025 ਦਿਨ ਸੋਮਵਾਰ ਸਵੇਰੇ 10 ਵਜੇ ਭੋਗ ਉਪਰੰਤ ਸਜਾਏ ਗਏ ਦੀਵਾਨ ਵਿੱਚ ਪੰਥਕ ਰਾਗੀ ਢਾਡੀ ਕਵੀਸ਼ਰੀ ਜਥੇ ਅਤੇ ਸੰਤ ਮਹਾਂਪੁਰਖ ਹਾਜ਼ਰੀ ਭਰ ਕੇ ਸੰਗਤਾਂ ਨੂੰ ਗੁਰੂ ਜਸ ਰਾਹੀਂ ਨਿਹਾਲ ਕਰਨਗੇ। ਪੰਜਾਬ ਸਰਕਾਰ ਵੱਲੋਂ ਬਾਬਾ ਸ਼੍ਰੀਚੰਦ੍ਰ ਜੀ ਦੇ ਜਨਮ ਉਤਸਵ 1 ਸਤੰਬਰ ਸੋਮਵਾਰ ਨੂੰ ਛੁੱਟੀ ਦਾ ਐਲਾਨ ਕੀਤਾ ਹੈ। ਅਕਾਲੀ ਆਗੂ ਸ: ਕੁਲਵਿੰਦਰ ਸਿੰਘ ਲਾਲ ਨੇ ਦੱਸਿਆ ਕਿ ਬਾਬਾ ਸ਼੍ਰੀਚੰਦ੍ਰ ਜੀ ਦੇ ਜਨਮ ਉਤਸਵ ‘ਤੇ ਹਰ ਸਾਲ ਛੁੱਟੀ ਹੋਇਆ ਕਰੇਗੀ। ਉਦਾਸੀਨ ਸੰਪਰਦਾ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਹੈ। 29 ਅਗਸਤ ਤੋਂ 1 ਸਤੰਬਰ ਤੱਕ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਬਾਬਾ ਜੀ ਦੇ ਜਨਮ ਉਤਸਵ ਦੀ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈ ਹੋਵੇ।

# ਮੋਹਾਲੀ ਦੀ ਯੂਨੀਵਰਸਿਟੀ ਵਿਚ ਗੁੰਡਿਆਂ ਵਲੋਂ ਵਿਦਿਆਰਥੀ ’ਤੇ ਹਮਲਾ

## ✪ ਹਮਲਾਵਰਾਂ ਵਿਚ ਪੰਜਾਬ ਦੇ ਇੱਕ ਸੀਨੀਅਰ ਰਾਜਨੇਤਾ ਦਾ ਨਜ਼ਦੀਕੀ ਰਿਸ਼ਤੇਦਾਰ ਸ਼ਾਮਲ

ਚੰਡੀਗੜ੍ਹ/ਮੋਹਾਲੀ-ਐੱਸ ਏ ਐੱਸ ਨਗਰ-ਆਈ.ਟੀ. ਥਾਣਾ ਇਲਾਕੇ ਵਿੱਚ ਸਥਿਤ ਇੱਕ ਪ੍ਰਾਈਵੇਟ ਯੂਨੀਵਰਸਿਟੀ ਦੇ ਅੰਦਰ ਉਸ ਸਮੇਂ ਅਫ਼ਰਾ ਤਫ਼ਰੀ ਦਾ ਮਾਹੌਲ ਬਣ ਗਿਆ ਜਦੋਂ ਇਕ ਥੋੜ੍ਹੇ ਜਿਹੇ ਬੋਲ ਬੁਲਾਰੇ ਤੋਂ ਬਾਅਦ ਕੁਝ ਵਿਦਿਆਰਥੀਆਂ ਨੇ ਮਿਲ ਕੇ ਇਕ ਵਿਦਿਆਰਥੀ ਉੱਤੇ ਹਮਲਾ ਕਰ ਦਿੱਤਾ। ਇਸ ਘਟਨਾ ਵਿੱਚ ਪੀੜਤ ਵਿਦਿਆਰਥੀ, ਜਿਸ ਦਾ ਨਾਮ ਪੂਰਵ ਦੱਸਿਆ ਜਾ ਰਿਹਾ ਹੈ, ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਜ਼ਖ਼ਮੀ ਨੂੰ ਤੁਰੰਤ ਮੋਹਾਲੀ ਦੇ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ।




ਇਸ ਘਟਨਾ ਨੇ ਯੂਨੀਵਰਸਿਟੀ ਪ੍ਰਬੰਧਨ ਅਤੇ ਸੁਰੱਖਿਆ ਪ੍ਰਬੰਧਾਂ ‘ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਪ੍ਰਾਈਵੇਟ ਯੂਨੀਵਰਸਿਟੀ ਹੋਣ ਕਰਕੇ ਕੈਂਪਸ ਵਿੱਚ ਸੁਰੱਖਿਆ ਗਾਰਡ ਅਤੇ ਸੀਸੀਟੀਵੀ ਕੈਮਰੇ ਮੌਜੂਦ ਹਨ, ਫਿਰ ਵੀ ਇਸ ਤਰ੍ਹਾਂ ਦੀ ਹਿੰਸਕ ਘਟਨਾ ਵਾਪਰਨਾ ਪ੍ਰਬੰਧਕੀ ਕਾਰਗੁਜ਼ਾਰੀ ’ਤੇ ਸਵਾਲ ਖੜ੍ਹਦਾ ਹੈ।

ਸੂਤਰਾਂ ਮੁਤਾਬਕ, ਹਮਲਾ ਕਰਨ ਵਾਲਿਆਂ ਵਿੱਚੋਂ ਇੱਕ ਵਿਦਿਆਰਥੀ ਪੰਜਾਬ ਦੇ ਇੱਕ ਸੀਨੀਅਰ ਰਾਜਨੇਤਾ ਦਾ ਨਜ਼ਦੀਕੀ ਰਿਸ਼ਤੇਦਾਰ ਦੱਸਿਆ ਜਾ ਰਿਹਾ ਹੈ। ਇਸ ਕਾਰਨ ਘਟਨਾ ਤੋਂ ਬਾਅਦ ਵਿਦਿਆਰਥੀਆਂ ਅਤੇ ਮਾਪਿਆਂ ਵਿੱਚ ਗ਼ੁੱਸਾ ਅਤੇ ਨਾਰਾਜ਼ਗੀ ਪਾਈ ਜਾ ਰਹੀ ਹੈ। ਫ਼ਿਲਹਾਲ ਪੁਲਿਸ ਨੂੰ ਮਾਮਲੇ ਦੀ ਜਾਣਕਾਰੀ ਦੇ ਦਿੱਤੀ ਗਈ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪ੍ਰਸ਼ਾਸਨ ਅਤੇ ਯੂਨੀਵਰਸਿਟੀ ਪ੍ਰਬੰਧਨ ’ਤੇ ਦਬਾਅ ਵੱਧ ਰਿਹਾ ਹੈ ਕਿ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਦੁਬਾਰਾ ਨਾ ਹੋਣ।

# ਸਾਲ 2024-25 ਦੌਰਾਨ ਭਾਰਤੀ ਸੱਭ ਤੋਂ ਵਧੇਰੇ ਆਸਟਰੇਲੀਆਈ ਨਾਗਰਿਕ ਬਣੇ

ਆਸਟਰੇਲੀਆ ਵਿਚ ਲਗਭਗ 1.92 ਲੱਖ ਲੋਕਾਂ ਨੇ ਵਿੱਤੀ ਸਾਲ 2024- 25 ਦੌਰਾਨ ਆਸਟਰੇਲੀਆਈ ਨਾਗਰਿਕਤਾ ਹਾਸਲ ਕੀਤੀ। ਨਵੇਂ ਨਾਗਰਿਕਾਂ ਵਿਚ ਸੱਭ ਤੋਂ ਵੱਧ ਗਿਣਤੀ ਲਗਭਗ 28968 ਭਾਰਤੀ ਮੂਲ ਦੇ ਲੋਕਾਂ ਦੀ ਰਹੀ, ਜੋ ਨਾਗਰਿਕ ਬਣੇ। ਇਹ ਗਿਣਤੀ ਪਿਛਲੇ ਸਾਲਾਂ ਦੇ ਰੁਝਾਨਾਂ ਤੇ ਆਧਾਰਤ ਹੈ। ਦੂਜੇ ਨੰਬਰ ’ਤੇ ਨਿਊਜ਼ੀਲੈਂਡ ਰਿਹਾ ਜਿਥੋਂ 27826 ਲੋਕਾਂ ਨੇ ਆਸਟਰੇਲੀਆਈ ਨਾਗਰਿਕਤਾ ਪ੍ਰਾਪਤ ਕੀਤੀ। ਭਾਰਤ ਅਤੇ ਨਿਊਜ਼ੀਲੈਂਡ ਭਾਈਚਾਰਾ ਹੁਣ ਆਸਟਰੇਲੀਆ ਦੇ ਸਮਾਜ ਵਿਚ ਸੱਭ ਤੋਂ ਵੱਡਾ ਪ੍ਰਵਾਸ ਸਹਿਯੋਗੀ ਬਣਿਆ। ਆਸਟਰੇਲੀਆ ਫ਼ੈਡਰਲ ਸਰਕਾਰ ਨੇ ਇਸੇ ਸਾਲ ਕੁੱਲ 1 ਲੱਖ 85 ਹਜ਼ਾਰ ਪੱਕੇ ਰਿਹਾਇਸ਼ੀ ਪ੍ਰੋਗਰਾਮ (ਪਰਮਾਨੈਟ ਮਾਈਗ੍ਰੇਸਨ ਪ੍ਰੋਗਰਾਮ) ਤਹਿਤ ਵੀਜ਼ੇ ਜਾਰੀ ਕੀਤੇ ਗਏ। ਇਸ ਵਿਚੋਂ ਲਗਭਗ ਇਕ ਲੱਖ 32 ਹਜ਼ਾਰ 200 (ਸਕਿਲਡ ਵੀਜ਼ਾ) ਕਿੱਤਾ ਮੁਖੀ ਵੀਜ਼ੇ (71%) ਅਤੇ (28%) ਪਰਵਾਰਕ ਵੀਜ਼ੇ (ਫ਼ੈਮਿਲੀ ਵੀਜ਼ਾ) ਜਾਰੀ ਕੀਤੇ ਗਏ।

# ਅਵਾਰਾ ਕੁੱਤੇ ਅਤੇ ਡੰਗਰਾਂ ਦੇ ਕਾਰਨ ਵਾਪਰਦੇ ਹਾਦਸਿਆਂ ਲਈ ਜ਼ਿੰਮੇਵਾਰ ਕੌਣ ?



ਮੇਜਰ ਸਿੰਘ ਨਾਭਾ
ਮੋ:9463553962

ਅਵਾਰਾ ਕੁੱਤਿਆਂ ਦੇ ਗੰਭੀਰ ਮੁੱਦੇ ਉੱਪਰ ਸੁਪਰੀਮ ਕੋਰਟ ਦਾ ਸਖਤ ਫੈਸ਼ਲਾ ਆਇਆ ਹੈ ਜਿਸ ਵਿੱਚ ਦਿੱਲੀ ਸਰਕਾਰ, ਐਮ.ਸੀ.ਡੀ. ਅਤੇ ਐਨ.ਡੀ.ਐਮ.ਸੀ. ਨੂੰ ਅੱਠ ਹਫਤੇ 'ਚ ਕੁੱਤਿਆਂ ਲਈ ਸੈਲਟਰ ਘਰ ਅਤੇ ਇਸ ਦੇ ਬੁਨਿਆਦੀ ਢਾਂਚੇ ਦੀ ਰਿਪੋਰਟ ਦੇਣ ਲਈ ਕਿਹਾ ਹੈ। ਇਨ੍ਹਾਂ ਕੁੱਤਿਆਂ ਦੇ ਬੱਚਿਆਂ ਅਤੇ ਬਜ਼ੁਰਗਾਂ ਨੂੰ ਵੱਢਣ ਦੀਆਂ ਮੀਡੀਆ ਵਿੱਚ ਕਾਫੀ ਚਰਚਾ ਹੋਣ ਤੇ ਇਹ ਸਖਤ ਫੈਸ਼ਲਾ ਜਨ ਹਿੱਤ ਵਿੱਚ ਆਇਆ ਹੈ। ਫੈਸਲੇ ਵਿੱਚ ਇਹ ਵੀ ਸਵਾਲ ਆਇਆ ਹੈ ਕਿ ਦਿੱਲੀ ਵਿੱਚ ਬੱਚਿਆਂ ਨੂੰ ਕੱਟਣ ਕਾਰਨ ਰੈਬੀਜ਼ ਨਾਲ ਜੂਝਣ ਕਾਰਨ ਉਨ੍ਹਾਂ ਦੀ ਜ਼ਿੰਦਗੀ ਨੂੰ ਪਸ਼ੂ ਅਤੇ ਕੁੱਤਾ ਪ੍ਰੇਮੀ ਕੀ ਵਾਪਿਸ ਲਿਆ ਦੇਣਗੇ। ਫੈਸ਼ਲੇ 'ਚ ਇਹ ਵੀ ਕਿਹਾ ਗਿਆ ਹੈ ਕਿ ਦਿੱਲੀ ਦੇ ਸਾਰੇ ਇਲਾਕਿਆਂ ਨੂੰ ਅਵਾਰਾ ਕੁੱਤਿਆ ਤੋਂ ਮੁਕਤ ਕਰਾਉਣਾ ਹੈ। ਪਸ਼ੂ ਅਤੇ ਕੁੱਤਾ ਪ੍ਰੇਮੀਆਂ ਦਾ ਅੱੜਿਕਾ ਵੀ ਫੈਸ਼ਲੇ ਨੇ ਢਿੱਲਾ ਪਾ ਦਿੱਤਾ ਹੈ। ਇਸ ਮੁੱਦੇ ਉੱਪਰ ਸੁਪਰੀਮ ਕੋਰਟ ਕਿਸੇ ਵੀ ਅਰਜ਼ੀ ਉੱਪਰ ਵਿਚਾਰ ਨਹੀਂ ਕਰੇਗਾ ਜ਼ਿਾਨ ਹਰੇਕ ਜੀਵ ਨੂੰ ਪਿਆਰੀ ਹੁੰਦੀ ਹੈ ਸੋ ਸਾਰੇ ਜੀਵ ਜੰਤੂਆਂ ਦੀ ਸੁਰੱਖਿਅਤ ਲਈ ਸਰਕਾਰ ਵਲੋਂ ਯੋਗ ਪ੍ਰਬੰਧ ਕਰਕੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਆਜ਼ਾਦ ਤੌਰ ਤੇ ਵਿਚਰਨ ਲਈ ਖੁੱਲ੍ਹ ਦਿੱਤੀ ਜਾਵੇ।

ਬਜ਼ੁਰਗਾਂ ਅਤੇ ਬੱਚਿਆਂ ਲਈ ਇਹ ਅਵਾਰਾ ਕੁੱਤੇ ਜ਼ਿਆਦਾ ਖੂੰਖਾਰ ਸਿੱਧ ਹੋ ਰਹੇ ਹਨ। ਪੰਜਾਬ ਅੰਦਰ ਪਿਛਲੇ ਸਾਲਾਂ ਤੋਂ ਖੂੰਖਾਰ ਕੁੱਤਿਆਂ ਵਲੋਂ ਕਈ ਛੋਟੇ ਬੱਚਿਆਂ ਬਜ਼ੁਰਗਾਂ ਨੂੰ ਨੋਚ ਨੋਚ ਕੇ ਮੌਤ ਦੇ ਮੂੰਹ ਪਾਇਆ ਹੈ। ਕਈ ਵਾਰੀ ਇਨ੍ਹਾਂ ਜਾਨਵਰਾਂ ਦੀ ਨਸ਼ਬੰਦੀ ਕਰਨ, ਫੜ੍ਹਨ ਆਦਿ ਦੀ ਦੀ ਗੱਲ ਤੁਰਦੀ ਹੈ ਪਰ ਨਤੀਜਾ ਸਾਹਮਣੇ ਕੋਈ ਨਹੀਂ ਆਉਂਦਾ। ਅਵਾਰਾ ਕੁੱਤੇ ਗਲੀਆਂ ਵਿੱਚ ਜੋ ਗੰਦ ਪਾਉਂਦੇ ਹਨ, ਉਥੋਂ ਲੰਘਣਾ ਵੀ ਮੁਸ਼ਕਲ ਹੋ ਜਾਂਦਾ ਹੈ। ਪਾਲਤੂ ਕੁੱਤੇ ਨੂੰ ਕਈ ਪ੍ਰੇਮੀ ਖੁੱਲ੍ਹਾ ਛੱਡ ਕੇ ਆਪਣੇ ਨਾਲ ਲਿਜਾਣ ਵਿੱਚ ਸ਼ਾਨ ਸਮਝਦੇ ਹਨ ਪਰ ਜਾਨਵਰ ਦਾ ਕੀ ਭਰੋਸਾ ਕਦੋਂ ਕਿਸੇ ਨੂੰ ਵੱਢ ਲਵੇ, ਕਈ ਘਟਨਾਵਾਂ ਇਸ ਤਰ੍ਹਾਂ ਵਾਪਰ ਜਾਂਦੀਆਂ ਹਨ। ਸੋ ਇਸ ਤਰ੍ਹਾਂ ਖੁੱਲ੍ਹੇ ਕੁੱਤੇ ਲਿਜਾਣ ਉੱਪਰ ਪਾਬੰਦੀ ਹੋਣੀ ਚਾਹੀਦੀ ਹੈ। ਇਹ ਪ੍ਰੇਮੀ ਸਵੇਰੇ ਹੀ ਦੂਸਰਿਆਂ ਦੇ ਘਰ ਮੂਹਰੇ, ਰਸਤਿਆ ਵਿਚਕਾਰ ਜਿੱਥੇ ਵੀ ਜਾਨਵਰ ਦਾ ਜੀਅ ਕਰਦਾ ਉਥੇ ਹੀ ਪੌਟੀ ਕਰਵਾ ਦਿੰਦੇ ਹਨ ਜਿਸ ਕਰਕੇ ਰਸਤੇ ਲੰਘਣ ਲਈ ਖਰਾਬ / ਗੰਦੇ ਹੋ ਜਾਂਦੇ ਹਨ। ਇਸ ਸਬੰਧੀ ਵੀ ਜਾਨਵਰ ਪਾਲਣ ਵਾਲਿਆਂ ਲਈ ਦਿਸ਼ਾ -ਨਿਰਦੇਸ਼ ਹੋਣੇ ਚਾਹੀਦੇ ਹਨ। ਇਸ ਫੈਸ਼ਲੇ ਤੋਂ ਰਾਜ ਸਰਕਾਰਾਂ ਨੂੰ ਵੀ ਇਸ ਗੰਭੀਰ ਮਸਲੇ ਵੱਲ ਪਹਿਲਾਂ ਹੀ ਧਿਆਨ ਦੇ ਕੇ ਇਸ ਸਮੱਸਿਆ ਨੂੰ ਹੱਲ ਕਰਨ ਲਈ ਠੋਸ ਯਤਨ ਆਰੰਭ ਕਰਨੇ ਚਾਹੀਦੇ ਹਨ। ਅਵਾਰਾ ਕੁੱਤਿਆਂ ਦੇ ਵੱਢੇ ਜਾਣ ਤੇ ਅਣਗਹਿਲੀ ਵਰਤਣ ਦੀ ਸੂਰਤ 'ਚ ਜਾਨ ਵੀ ਜਾ ਸਕਦੀ ਹੈ। ਇਸੇ ਤਰ੍ਹਾਂ ਅਵਾਰਾ ਡੰਗਰਾਂ ਦੀ ਸਾਂਭ ਸੰਭਾਲ ਲਈ ਕੋਈ ਠੋਸ ਨੀਤੀ ਸਾਹਮਣੇ ਨਹੀਂ ਆ ਰਹੀ ,ਪੰਜਾਬ ਅੰਦਰ ਗਊਸ਼ਾਲਾਵਾਂ ਜਰੂਰ ਹਨ ਪਰ ਉਹ ਗਊ ਧਨ ਨੂੰ ਹੀ ਇੱਕ ਸੀਮਤ ਹੱਦ ਤੱਕ ਸਾਂਭ ਕੇ ਗ੍ਰਾਂਟਾਂ ਲੈਣ ਲਈ ਕਾਗਜ਼ੀ ਕਾਰਵਾਈ ਹੀ ਕਰਦੀਆਂ ਹਨ। ਉਨ੍ਹਾਂ ਦੇ ਆਲੇ ਦੁਆਲੇ ਹੀ ਫਿਰ ਵੀ ਅਵਾਰਾ ਗਊਆਂ, ਸਾਨ੍ਹ ਘੁੰਮਦੇ ਦਿੱਖ ਜਾਂਦੇ ਹਨ।



ਕਈ ਵਾਰੀ ਜਿਲ੍ਹਾ ਪਟਿਆਲਾ ਦੇ ਡਿਪਟੀ ਕਮਿਸ਼ਨਰਾਂ ਵਲੋਂ ਜਿਲ੍ਹਾ ਪੱਧਰ 'ਤੇ ਉੱਚ ਅਧਿਕਾਰੀਆਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਅਵਾਰਾ ਡੰਗਰਾਂ ਤੋਂ ਜਿਲ੍ਹੇ ਨੂੰ ਮੁਕਤ ਕਰਨ ਲਈ ਸੁਝਾਉ ਲੈ ਕੇ ਕਾਰਵਾਈ ਕਰਨ ਦੇ ਬਿਆਨ ਦਿੱਤੇ ਗਏ ਹਨ। ਕਈ ਵਾਰੀ ਇਨ੍ਹਾਂ ਜਾਨਵਰਾਂ ਦੀ ਨਸ਼ਬੰਦੀ ਕਰਨ, ਫੜ੍ਹਨ ਆਦਿ ਦੀ ਗੱਲ ਤੁਰਦੀ ਹੈ ਪਰ ਕੋਈ ਸਾਰਥਕ ਨਤੀਜਾ ਸਾਹਮਣੇ ਨਹੀਂ ਆਇਆ। ਇਨ੍ਹਾਂ ਫੀਮੇਲ ਅਤੇ ਮੇਲ ਜਾਨਵਰਾਂ ਨੂੰ ਵੱਖਰਾ ਵੱਖਰਾ ਰੱਖਣ ਦਾ ਪ੍ਰਬੰਧ ਕਰ ਕੇ ਵੀ ਇੰਨ੍ਹਾਂ ਦੀ ਗਿਣਤੀ ਘਟਾਈ ਜਾ ਸਕਦੀ ।ਚੰਡੀਗੜ੍ਹ ਵਿੱਚ ਇੱਕ ਖਬਰ ਮੁਤਾਬਕ ਅਵਾਰਾ ਜਾਨਵਰਾਂ ਦੇ ਕਹਿਰ ਕਾਰਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਦਿਸ਼ਾ ਨਿਰਦੇਸ਼ ਤੇ ਯੂ.ਟੀ. ਪ੍ਰਸ਼ਾਸਨ ਵਲੋਂ ਅਵਾਰਾ ਜਾਨਵਰਾਂ ਦੇ ਹਮਲੇ ਦੇ ਸ਼ਿਕਾਰ ਹੋਏ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਬਣਾਈ ਕਮੇਟੀ ਕੋਲ ਇੱਕ ਸਾਲ ਵਿੱਚ 495 ਲੋਕਾਂ ਨੇ ਮੁਆਵਜ਼ਾ ਲੈਣ ਲਈ ਕਮੇਟੀ ਕੋਲ ਅਪਲਾਈ ਕੀਤਾ ਜਿਸ ਵਿੱਚੋਂ 480 ਮਾਮਲੇ ਕੁੱਤਿਆਂ ਦੇ ਵੱਢਣ ਦੇ ਹਨ। ਵਧੇਰੇ ਮਾਮਲਿਆਂ ਤੇ ਪ੍ਰਸ਼ਾਸਨ ਸੁਣਵਾਈ ਕਰ ਚੁੱਕਾ ਹੈ ਅਤੇ ਬਾਕੀਆਂ ਤੇ ਸੁਣਵਾਈ ਕਰ ਰਿਹਾ ਹੈ।

ਹਰ ਰੋਜ਼ ਕੋਈ ਨਾ ਕੋਈ ਖਬਰ ਅਵਾਰਾ ਡੰਗਰਾਂ ਨਾਲ ਦੁਰਘਟਨਾ'ਚ ਮਰਨ ਵਾਲਿਆਂ ਦੀ ਹੁੰਦੀ ਹੈ। ਇਨ੍ਹਾਂ ਡੰਗਰਾਂ ਦੇ ਝੁੰਡਾਂ ਦੇ ਝੁੰਡ ਸੜਕਾਂ ਤੇ ਫਿਰਦੇ ਅਤੇ ਬੈਠੇ ਦਿਖਾਈ ਆਮ ਦਿੰਦੇ ਹਨ। ਬਹੁਤੀਆਂ ਸੜਕਾਂ ਤੇ ਸੈਰ ਕਰਨ ਵਾਲਿਆਂ ਲਈ ਵੀ ਰਸਤਾ ਸੁਰੱਖਿਅਤ ਨਹੀਂ ਹੈ। ਸੰਘਣੇ ਦਰਖਤਾਂ ਵਾਲੀਆਂ ਸੜਕਾਂ ਤੇ ਬਾਂਦਰਾਂ ਦੀ ਗਿਣਤੀ ਵੀ ਬਹੁਤ ਵੱਧੀ ਹੋਈ ਹੈ। ਸੜਕਾਂ ਤੋਂ ਲੰਘਣ ਵਾਲਿਆਂ ਦੇ ਇਨ੍ਹਾਂ ਅਵਾਰਾ ਡੰਗਰਾਂ, ਬਾਂਦਰਾਂ ਆਦਿ ਨਾਲ ਅਨੇਕਾਂ ਵਾਰੀ ਐਕਸੀਡੈਂਟ ਹੋ ਚੁੱਕੇ ਹਨ। ਕਈ ਜਾਨਾਂ ਵੀ ਜਾ ਚੁੱਕੀਆਂ ਹਨ। ਸਕੂਲਾਂ, ਕਾਲਜਾਂ ਵਿੱਚ ਪੜ੍ਹਦੇ ਬੱਚੇ ਮਜਬੂਰੀਵਸ਼ ਰੋਜ਼ਾਨਾ ਇਨ੍ਹਾਂ ਸੜਕਾਂ ਤੋਂ ਡਰ ਡਰ ਕੇ ਲੰਘਦੇ ਹਨ। ਸਕੂਲ, ਕਾਲਜ ਟਿਊਸ਼ਨ ਜਾਣ ਵਾਲੀਆਂ ਇੱਕਲੀਆਂ ਲੜਕੀਆਂ ਲਈ ਇਹੋ ਜਿਹੇ ਰਸਤਿਆਂ 'ਚੋਂ ਦੀ ਲੰਘਣਾ ਹੋਰ ਵੀ ਮੁਸ਼ਕਲ ਹੈ। ਮਾਪਿਆਂ ਦੇ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਆਉਣ ਤੱਕ ਸਾਹ ਸੂਤੇ ਰਹਿੰਦੇ ਹਨ। ਭੂਸਰੇ ਸਾਨ੍ਹ ਕਈ ਵਾਰ ਲੰਘ ਰਹੇ ਰਾਹੀਆਂ ਤੇ ਹਮਲਾ ਕਰਕੇ ਜ਼ਖ਼ਮੀ ਕਰ ਦਿੰਦੇ ਹਨ। ਇਨ੍ਹਾਂ ਅਵਾਰਾ ਡੰਗਰਾਂ ਲਈ ਚਾਰਾ ਅਕਸਰ ਹੀ ਲੋਕ ਸੜਕ ਦੇ ਕਿਨਾਰਿਆਂ ਤੇ ਸੁੱਟ ਜਾਂਦੇ ਹਨ ਜਿਸ ਨਾਲ ਕਈ ਵਾਰੀ ਲੰਘ ਰਹੇ ਰਾਹੀਆਂ ਦੇ ਐਕਸੀਡੈਂਟ ਹੋ ਜਾਂਦੇ ਹਨ ਕਿਉਂਕਿ ਕਈ ਵਾਰੀ ਦੂਸਰੀ ਸਾਈਡ ਤੋਂ ਡੰਗਰ ਦੌੜ ਕੇ ਖਾਣ ਲਈ ਆਉਂਦੇ ਹਨ। ਲੋਕ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਸੜਕ ਤੇ ਗੰਦ ਅਤੇ ਆਵਾਜਾਈ 'ਚ ਵਿਘਨ ਵੀ ਪੈਂਦਾ ਹੈ। ਇਨ੍ਹਾਂ ਮੌਤਾਂ ਲਈ ਸਰਕਾਰ ਵਲੋਂ ਪਰਿਵਾਰਾਂ ਨੂੰ ਨਾ ਤਾਂ ਦੋ ਸ਼ਬਦ ਹਮਦਰਦੀ ਦੇ ਅਤੇ ਨਾ ਹੀ ਕੋਈ ਮੁਆਵਜ਼ਾ ਦਿੱਤਾ ਜਾਂਦਾ ਹੈ। ਲੋਕਾਂ ਦੀ ਸੁਰੱਖਿਆ ਯਕੀਨੀ ਬਨਾਉਣਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ। ਲੋਕਤੰਤਰੀ ਸਰਕਾਰ ਦਾ ਫਰਜ ਹੈ ਕਿ ਉਹ ਲੋਕਾਂ ਦੀਆਂ ਗੰਭੀਰ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰੇ। ਜੇ ਸਰਕਾਰ ਸੁਹਿਰਦਤਾ ਨਾਲ ਲੋਕਾਂ ਦੀ ਆਵਾਜ਼ ਸੁਣੇਗੀ ਤਾਂ ਹੀ ਉਹ ਲੋਕਾਂ 'ਚ ਲੋਕਪ੍ਰਿਆ ਹੋ ਸਕਦੀ ਹੈ। ਸੋ ਇਸ ਤਰ੍ਹਾਂ ਇਨ੍ਹਾਂ ਅਵਾਰਾ ਕੁੱਤਿਆਂ, ਜੰਗਲੀ ਜੀਵਾਂ ਅਤੇ ਅਵਾਰਾ ਡੰਗਰਾਂ ਦੁਆਰਾ ਆਮ ਲੋਕਾਂ ਦੇ ਜਾਨੀ-ਮਾਲੀ ਨੁਕਸਾਨ ਨੂੰ ਤੁਰੰਤ ਰੋਕਣ ਲਈ ਪੰਜਾਬ ਸਰਕਾਰ ਵਲੋਂ ਵੱਡੇ ਪੱਧਰ ਉੱਪਰ ਉਪਰਾਲਾ ਕਰਨਾ ਚਾਹੀਦਾ ਹੈ।

## ਜੁਆਇੰਟ ਡਾਇਰੈਕਟਰ ਪੰਜਾਬ ਸਟੇਟ ਕੌਂਸਲ ਫਾਰ ਸਾਇੰਸਜ਼ ਐਂਡ ਟੈਕਨਾਲੋਜੀ ਵਲੋਂ ਮਾਸਟਰ ਸੰਜੀਵ ਧਰਮਾਣੀ ਦਾ ਵਿਸ਼ੇਸ਼ ਸਨਮਾਨ

***ਵਾਤਾਵਰਨ ਲਈ ਕੀਤੇ ਜਾ ਰਹੇ ਵਿਸ਼ੇਸ਼ ਉਪਰਾਲਿਆਂ ਲਈ ਹੋਏ ਸਨਮਾਨਿਤ**
*** ਆਪਣੇ ਪੱਧਰ 'ਤੇ ਕਰ ਰਹੇ ਨੇ ਵਾਤਾਵਰਨ ਦੀ ਨਿਰੰਤਰ ਨਿਸ਼ਕਾਮ ਸੇਵਾ**



ਸ੍ਰੀ ਅਨੰਦਪੁਰ ਸਾਹਿਬ-ਪੰਜਾਬ ਸਟੇਟ ਕੌਂਸਲ ਫਾਰ ਸਾਇੰਸਜ਼ ਐਂਡ ਟੈਕਨਾਲੋਜੀ ਵਲੋਂ ਇਨਵਾਇਰਮੈਂਟ ਐਜੂਕੇਸ਼ਨ ਪ੍ਰੋਗਰਾਮ 2025 ਜੋ ਕਿ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਐਜੂਕੇਸ਼ਨ) ਰੂਪਨਗਰ ਵੱਲੋਂ ਸ੍ਰੀ ਦਸ਼ਮੇਸ਼ ਅਕੈਡਮੀ ਵਿਖੇ ਆਯੋਜਿਤ ਕੀਤਾ ਗਿਆ ਇਸ ਵਿੱਚ ਪੰਜਾਬ ਪੱਧਰ 'ਤੇ ਛੇ ਜਿਲ੍ਹਿਆਂ ਫਤਿਹਗੜ੍ਹ ਸਾਹਿਬ, ਰੂਪਨਗਰ, ਜਲੰਧਰ, ਸ਼ਹੀਦ ਭਗਤ ਸਿੰਘ ਨਗਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੇ ਪਟਿਆਲਾ ਨੇ ਭਾਗ ਲਿਆ। ਇਸ ਮੌਕੇ ਸਟੇਟ ਐਵਾਰਡੀ ਪ੍ਰਸਿੱਧ ਲੇਖਕ ਵਾਤਾਵਰਨ - ਪ੍ਰੇਮੀ ਮਾਸਟਰ ਸੰਜੀਵ ਧਰਮਾਣੀ ਨੂੰ ਉਨਾਂ ਵੱਲੋਂ ਵਾਤਾਵਰਨ ਲਈ ਨਿਰੰਤਰ ਕੀਤੇ ਜਾ ਰਹੇ ਵਿਸ਼ੇਸ਼ ਉਪਰਾਲਿਆਂ ਦੇ ਲਈ ਵਿਸ਼ੇਸ਼ ਤੌਰ 'ਤੇ ਜੁਆਇੰਟ ਡਾਇਰੈਕਟਰ ਪੰਜਾਬ ਸਟੇਟ ਕੌਂਸਲ ਫਾਰ ਸਾਇੰਸਜ਼ ਐਂਡ ਟੈਕਨਾਲੋਜੀ (PSCST) ਅਤੇ ਇਨਵਾਇਰਮੈਂਟ ਐਜੂਕੇਸ਼ਨ ਪ੍ਰੋਗਰਾਮ ਪੰਜਾਬ ਦੇ ਕੋਆਰਡੀਨੇਟਰ ਡਾਕਟਰ ਕੇ. ਐਸ. ਬਾਠ ਨੇ ਪ੍ਰਸ਼ੰਸਾ - ਪੱਤਰ ਅਤੇ ਸਨਮਾਨ ਚਿੰਨ ਦੇ ਕੇ ਇਸ ਪੰਜਾਬ ਲੈਵਲ ਦੇ ਵੱਡੇ ਪੱਧਰ ਦੇ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਪ੍ਰੇਮ ਕੁਮਾਰ ਮਿੱਤਲ, ਡਾ: ਰੀਨਾ ਚੱਡਾ ਜਨਰਲ ਮੈਨੇਜਰ ਇੰਡੀਅਨ ਪੋਲਿਊਸ਼ਨ ਕੰਟਰੋਲ ਐਸੋਸੀਏਸ਼ਨ (IPCA), ਡਾ: ਮੰਦਾਕਿਨੀ ਠਾਕੁਰ ਪ੍ਰੋਜੈਕਟ ਸਾਇੰਟਿਸਟ ਪੰਜਾਬ ਸਟੇਟ ਕੌਂਸਲ ਫਾਰ ਸਾਇੰਸਜ਼ ਐਂਡ ਟੈਕਨਾਲੋਜੀ, ਡਾ: ਸੋਨੂੰ ਵਾਲੀਆ ਪ੍ਰਿੰਸੀਪਲ ਸ੍ਰੀ ਦਸ਼ਮੇਸ਼ ਅਕੈਡਮੀ ਸ਼੍ਰੀ ਅਨੰਦਪੁਰ ਸਾਹਿਬ, ਜ਼ਿਲ੍ਹਾ ਕੁਆਰਡੀਨੇਟਰ ਰੂਪਨਗਰ ਸੁਖਜੀਤ ਸਿੰਘ ਕੈਂਥ, ਡਾ: ਵਿਸ਼ਾਲੀ ਸਿੰਘ ਪਾਈ ਜੈਮ ਫਾਊਂਡੇਸ਼ਨ ਪੂਨਾ ਮਹਾਂਰਾਸ਼ਟਰ, ਬਿਊਟੀ ਸ਼ਰਮਾ, ਰਜੇਸ਼ ਧਰਮਾਣੀ, ਚਰਨਜੀਤ ਬੰਗਾ ਅਤੇ ਸਮੂਹ ਜਿਲ੍ਹਿਆਂ ਤੋਂ ਆਏ ਹੋਏ ਅਧਿਆਪਕ ਸਾਹਿਬਾਨ ਤੇ ਉਹਨਾਂ ਦੇ ਵਿਦਿਆਰਥੀ ਹਾਜ਼ਰ ਸਨ। ਇਸ ਮੌਕੇ ਮਾਸਟਰ ਸੰਜੀਵ ਧਰਮਾਣੀ ਨੇ ਕਿਹਾ ਕਿ ਉਹ ਪਰਮਾਤਮਾ ਦਾ ਸ਼ੁਕਰਾਨਾ ਕਰਦੇ ਹਨ ਕਿ ਉਹਨਾਂ ਨੂੰ ਵਾਤਾਵਰਨ ਦੀ ਸੇਵਾ ਕਰਨ ਦਾ ਪਰਮਾਤਮਾ ਨੇ ਬਲ ਬਖਸ਼ਿਆ ਹੈ ਅਤੇ ਨਾਲ਼ ਹੀ ਸਭ ਪ੍ਰਬੰਧਕਾਂ ਅਤੇ ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਅਧਿਕਾਰੀਆਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਸਟੇਟ ਪੱਧਰ ਦੇ ਸਰਕਾਰੀ ਸੀ.ਐਲ. ਓਰੀਐਂਟੇਸ਼ਨ ਪ੍ਰੋਗਰਾਮ ਦੇ ਦੌਰਾਨ ਵਾਤਾਵਰਨ ਦੇ ਲਈ ਕੀਤੇ ਜਾ ਰਹੇ ਕਾਰਜਾਂ ਸਦਕਾ ਮੈਨੂੰ ਵਿਸ਼ੇਸ਼ ਤੌਰ 'ਤੇ ਇੰਨੇ ਵੱਡੇ ਪੱਧਰ 'ਤੇ ਸਨਮਾਨਿਤ ਕੀਤਾ।

# ਅਮਰੀਕੀ ਅਰਬਪਤੀਆਂ ਨੂੰ ਪਰਮਾਣੂ ਯੁੱਧ ਦਾ ਸਤਾ ਰਿਹਾ ਏ ਡਰ

## ✪ ਜਕਰਬਰਗ ਤੇ ਮਸਕ ਨੇ ਬਣਾਏ ਗੁਪਤ ਬੰਕਰ ਤੇ ਵਿਸ਼ਾਲ ਘਰ ✪ ਅਮਰੀਕੀ ਮੀਡੀਆ ਵਿੱਚ ਚਰਚਾ






ਵਾਸ਼ਿੰਗਟਨ-ਅੱਜਕੱਲ੍ਹ ਅਮਰੀਕੀ ਅਰਬਪਤੀਆਂ ਨੂੰ ਪਰਮਾਣੂ ਯੁੱਧ ਵਰਗੇ ਡਰ ਨੇ ਘੇਰ ਲਿਆ ਹੈ। ਫੇਸਬੁੱਕ ਦੇ ਮਾਲਕ ਮਾਰਕ ਜਕਰਬਰਗ ਤੇ ਸਪੇਸਐੱਕਸ ਦੇ ਸੀਈਓ ਐਲਨ ਮਸਕ ਵਰਗੇ ਅਮੀਰ ਲੋਕ ਆਪਣੇ ਲਈ ਗੁਪਤ ਬੰਕਰ ਤੇ ਵਿਸ਼ਾਲ ਕੰਪਾਊਂਡ ਬਣਾ ਰਹੇ ਨੇ, ਜਿੱਥੇ ਉਹ ਕਿਸੇ ਵੀ ਵੱਡੇ ਸੰਕਟ ਵਿੱਚ ਬਚ ਸਕਣ। ਅਮਰੀਕੀ ਮੀਡੀਆ ਵਿੱਚ ਇਸ ਨੂੰ ਲੈ ਕੇ ਖੂਬ ਚਰਚਾ ਹੈ, ਜਿੱਥੇ ਇਹਨਾਂ ਨੂੰ 'ਅਪੋਕੈਲਿਪਸ ਰਿਜ਼ੌਰਟ' ਵਾਂਗ ਦੱਸਿਆ ਜਾਂਦਾ ਐ। ਆਮ ਲੋਕਾਂ ਨੂੰ ਲੱਗਦਾ ਐ ਕਿ ਇਹ ਅਮੀਰ ਲੋਕ ਕੁਝ ਐਸਾ ਜਾਣਦੇ ਨੇ ਜੋ ਅਸੀਂ ਨਹੀਂ ਜਾਣਦੇ। ਪਰ ਆਲੋਚਕ ਕਹਿੰਦੇ ਨੇ ਕਿ ਇਹ ਨੈਤਿਕ ਪਤਨ ਐ, ਜਿੱਥੇ ਅਮੀਰ ਆਪਣੇ ਨਿੱਜੀ ਸਵਰਗ ਵਿੱਚ ਬੈਠ ਕੇ ਦੁਨੀਆਂ ਦੇ ਵਿਨਾਸ਼ ਨੂੰ ਵੇਖਣਗੇ।

ਮਾਰਕ ਜਕਰਬਰਗ ਨੇ ਹਵਾਈ ਦੇ ਕੌਆਈ ਟਾਪੂ ਤੇ ਆਪਣਾ ਸਭ ਤੋਂ ਵੱਡਾ ਪ੍ਰੋਜੈਕਟ ਚਲਾਇਆ ਹੋਇਆ ਐ। ਇੱਥੇ ਉਹਨੇ 1400 ਏਕੜ ਜ਼ਮੀਨ ਖਰੀਦੀ ਐ, ਜੋ ਨਿਊਯਾਰਕ ਦੇ ਸੈਂਟਰਲ ਪਾਰਕ ਨਾਲੋਂ ਤਿੰਨ ਗੁਣਾ ਵੱਡੀ ਐ। ਇਸ ਕੂਲਾਊ ਰੈਂਚ ਨਾਮੀ ਕੰਪਾਊਂਡ ਵਿੱਚ ਦੋ ਵੱਡੀਆਂ ਹਵੇਲੀਆਂ, ਟ੍ਰੀਹਾਊਸ ਤੇ ਇੱਕ 5000 ਵਰਗ ਫੁੱਟ ਵਾਲਾ ਅੰਡਰਗਰਾਊਂਡ ਬੰਕਰ ਬਣ ਰਿਹਾ ਐ। ਇਸ ਬੰਕਰ ਵਿੱਚ ਆਪਣੀ ਐਨਰਜੀ ਤੇ ਭੋਜਨ ਸਪਲਾਈ ਐ, ਨਾਲ ਹੀ ਬਲਾਸਟ ਰੇਸਿਸਟੈਂਟ ਦਰਵਾਜ਼ੇ ਤੇ ਐਸਕੇਪ ਹੈਚ ਵੀ ਨੇ। ਪੂਰੇ ਪ੍ਰੋਜੈਕਟ ਤੇ 270 ਮਿਲੀਅਨ ਡਾਲਰ ਖਰਚ ਹੋ ਰਹੇ ਨੇ। ਜਕਰਬਰਗ ਨੇ ਇਸ ਨੂੰ 'ਲਿੱਟਲ ਸ਼ੈਲਟਰ' ਕਿਹਾ ਹੈ। ਪਰ ਅਮਰੀਕੀ ਮੀਡੀਆ ਵਿੱਚ ਇਸ ਨੂੰ ਪ੍ਰਮਾਣੂ ਹਮਲਿਆਂ ਤੋਂ ਬਚਣ ਦਾ ਤਰੀਕਾ ਦੱਸਿਆ ਜਾਂਦਾ ਐ। ਕੈਲੀਫੋਰਨੀਆ ਦੇ ਪਾਲੋ ਆਲਟੋ ਵਿੱਚ ਵੀ ਉਹਨੇ 110 ਮਿਲੀਅਨ ਡਾਲਰ ਨਾਲ 11 ਘਰ ਖਰੀਦ ਕੇ ਇੱਕ ਪ੍ਰਾਈਵੇਟ ਕੰਪਾਊਂਡ ਬਣਾਇਆ ਐ, ਜਿੱਥੇ ਅੰਡਰਗਰਾਊਂਡ ਬੰਕਰ ਤੇ ਸਵਿਮਿੰਗ ਪੂਲ ਨੇ। ਲੇਕ ਤਾਹੋ ਵਿੱਚ ਵੀ ਅਮੀਰਾਂ ਨੇ ਇੱਥੇ ਹਾਈਡ੍ਰੋਪੋਨਿਕ ਫਾਰਮਸ ਬਣਾਏ ਨੇ, ਜਿੱਥੇ ਮਿੱਟੀ ਬਿਨਾਂ ਸਬਜ਼ੀਆਂ ਉਗਾਈਆਂ ਜਾਂਦੀਆਂ ਨੇ। ਇਥੇ ਮੈਡੀਕਲ ਫੈਸਿਲਟੀ, ਫਿਟਨੈੱਸ ਸੈਂਟਰ ਤੇ ਸਿਨੇਮਾ ਹਾਲ ਵੀ ਨੇ।

ਐਲਨ ਮਸਕ ਨੇ ਟੈਕਸਸ ਦੇ ਆਸਟਿਨ ਨੇੜੇ ਇੱਕ ਵਿਸ਼ਾਲ ਕੰਪਾਊਂਡ ਬਣਾਇਆ ਐ। ਇਹ 35 ਮਿਲੀਅਨ ਡਾਲਰ ਵਾਲਾ ਐਸਟੇਟ 14 ਏਕੜ ਵਿੱਚ ਫੈਲਿਆ ਐ, ਜਿੱਥੇ ਉਹਨੇ ਆਪਣੇ 12 ਬੱਚਿਆਂ ਤੇ ਉਹਨਾਂ ਦੀਆਂ ਮਾਵਾਂ ਲਈ ਘਰ ਬਣਾਏ ਨੇ। ਇੱਥੇ ਤਿੰਨ ਵੱਖਰੇ ਐਸਟੇਟ ਨੇ ਤੇ ਬਹੁਤ ਜ਼ਮੀਨ ਐ। ਮਸਕ ਬੰਕਰਾਂ ਬਾਰੇ ਜ਼ਿਆਦਾ ਚਿੰਤਤ ਨਹੀਂ ਲੱਗਦੇ, ਉਹ ਕਹਿੰਦੇ ਨੇ ਕਿ ਕੋਈ ਆਫਤ ਆਈ ਤਾਂ ਉਹ ਪਰਿਵਾਰ ਨੂੰ ਮੰਗਲ ਗ੍ਰਹਿ ਤੇ ਲੈ ਜਾਣਗੇ। ਨਿਊਯਾਰਕ ਟਾਈਮਜ਼ ਨੇ ਰਿਪੋਰਟ ਕੀਤਾ ਐ ਕਿ ਮਸਕ ਦਾ ਇਹ ਕੰਪਾਊਂਡ ਸੋਲਰ ਪਾਵਰ, ਏਅਰ ਤੇ ਵਾਟਰ ਫਿਲਟ੍ਰੇਸ਼ਨ ਨਾਲ ਲੈਸ ਹੈ। ਅਮੀਰਾਂ ਨੇ ਇਹਨਾਂ ਜਗ੍ਹਾਂ ਉਪਰ ਸਕਿਓਰਟੀ ਗਾਰਡ ਤੇ ਕੈਮਰੇ ਲਾਏ ਨੇ।

ਅਮਰੀਕੀ ਮੀਡੀਆ ਵਿੱਚ ਇਹਨਾਂ ਬੰਕਰਾਂ ਨੂੰ ਲੈ ਕੇ ਖੂਬ ਚਰਚਾ ਹੈ। ਵਾਇਰਡ ਮੈਗਜ਼ੀਨ ਨੇ ਜਕਰਬਰਗ ਦੇ ਹਵਾਈ ਪ੍ਰੋਜੈਕਟ ਨੂੰ 'ਓਪੂਲੈਂਟ ਟੈਕਨੋ-ਜ਼ੈਨਾਡੂ' ਕਿਹਾ ਹੈ, ਜਿੱਥੇ ਗੁਪਤ ਨਿਰਮਾਣ ਚੱਲ ਰਿਹਾ ਹੈ । ਗਾਰਡੀਅਨ ਨੇ ਲਿਖਿਆ ਐ ਕਿ ਅਮੀਰ ਆਪਣੇ ਆਪ ਨੂੰ ਵਿਨਾਸ਼ ਤੋਂ ਬਚਾਉਣ ਲਈ ਬੰਕਰ ਬਣਾ ਰਹੇ ਨੇ, ਪਰ ਇਹ ਨੈਤਿਕ ਨਹੀਂ ਐ। ਸੀਐੱਨਐੱਨ ਤੇ ਵਾਈਸ ਨੇ ਰਿਪੋਰਟ ਕੀਤਾ ਹੈ ਕਿ ਅਰਬਪਤੀ ਲਗਜ਼ਰੀ ਬੰਕਰਾਂ ਵਿੱਚ ਪੂਲ, ਜਿਮ ਤੇ ਫਾਇਰ ਮੋਟਸ ਵੀ ਬਣਾ ਰਹੇ ਨੇ। ਨਿਊਯਾਰਕ ਟਾਈਮਜ਼ ਨੇ ਮਸਕ ਦੇ ਟੈਕਸਸ ਕੰਪਾਊਂਡ ਨੂੰ ਫੈਮਲੀ ਏਕਤਾ ਲਈ ਦੱਸਿਆ, ਪਰ ਆਲੋਚਨਾ ਵੀ ਕੀਤੀ ਹੈ। ਬਹੁਤੇ ਮੀਡੀਆ ਕਹਿੰਦੇ ਨੇ ਕਿ ਇਹ ਅਮੀਰ ਲੋਕ ਜਲਵਾਯੂ ਬਦਲਾਅ ਤੇ ਯੁੱਧ ਤੋਂ ਡਰਦੇ ਨੇ, ਪਰ ਆਮ ਲੋਕਾਂ ਨੂੰ ਛੱਡ ਕੇ ਖੁਦ ਬਚਣਾ ਚਾਹੁੰਦੇ ਨੇ।

ਇਹਨਾਂ ਅਰਬਪਤੀਆਂ ਨੇ ਹੋਰ ਵੀ ਉਪਰਾਲੇ ਕੀਤੇ ਨੇ। ਜਕਰਬਰਗ ਨੇ ਵਾਈਲਡਲਾਈਫ ਪ੍ਰੀਜ਼ਰਵੇਸ਼ਨ ਤੇ ਆਰਗੈਨਿਕ ਫਾਰਮਿੰਗ ਤੇ ਧਿਆਨ ਦਿੱਤਾ ਹੈ। ਮਸਕ ਨੇ ਆਪਣੇ ਬੱਚਿਆਂ ਲਈ ਸਪਰਮ ਡੋਨੇਸ਼ਨ ਵੀ ਆਫਰ ਕੀਤੀ ਐ ਤੇ ਪਾਪੂਲੇਸ਼ਨ ਵਧਾਉਣ ਤੇ ਜ਼ੋਰ ਦਿੱਤਾ ਐ। ਪਰ ਆਲੋਚਕ ਕਹਿੰਦੇ ਨੇ ਕਿ ਇਹ ਫਿਊਡਲਿਜ਼ਮ ਵਾਂਗ ਐ, ਜਿੱਥੇ ਅਮੀਰ ਆਪਣੀ ਜ਼ਮੀਨ ਤੇ ਨਿਯੰਤਰਣ ਚਾਹੁੰਦੇ ਨੇ। ਅਮੀਰਾਂ ਨੇ ਬੰਕਰਾਂ ਵਿੱਚ ਗੰਨਜ਼, ਗੋਲਡ ਤੇ ਮੈਡੀਸਨ ਵੀ ਰੱਖੀਆਂ ਨੇ। ਓਪਨਏਆਈ ਦੇ ਸੈਮ ਆਲਟਮੈਨ ਨੇ ਵੀ ਇੱਕ ਅੰਡਰਗਰਾਊਂਡ ਬੰਕਰ ਬਣਾਇਆ ਐ। ਜੈੱਫ ਬੇਜ਼ੋਸ ਨੇ ਵੀ ਅਜਿਹੇ ਲਗਜ਼ਰੀ ਮਹਿਲ ਬਣਵਾਏ ਨੇ। ਅੰਤ ਵਿੱਚ ਅਮੀਰਾਂ ਦੇ ਇਹ ਉਪਰਾਲੇ ਦੱਸਦੇ ਨੇ ਕਿ ਉਹ ਵਿਸ਼ਵ ਸੰਕਟ ਤੋਂ ਡਰਦੇ ਨੇ, ਪਰ ਆਮ ਲੋਕਾਂ ਲਈ ਕੁਝ ਨਹੀਂ ਕਰਦੇ। ਅਮਰੀਕੀ ਮੀਡੀਆ ਵਿੱਚ ਇਸ ਨੂੰ ਅਮੀਰਾਂ ਦੀ ਸਵੈ-ਸੁਰੱਖਿਆ ਵਜੋਂ ਵੇਖਿਆ ਜਾਂਦਾ ਐ, ਜੋ ਨੈਤਿਕ ਨਹੀਂ ਐ। ਜੇ ਵਿਨਾਸ਼ ਹੋਇਆ, ਪਰਲੋ ਆਈ ਤਾਂ ਬੰਕਰ ਵੀ ਨਹੀਂ ਬਚਾਉਣਗੇ।


CHANGE OF NAME

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ____
SON / DAUGHTER / WIFE OF MR ____
WHOSE PERMANENT ADDRESS IN INDIA IS ____
____
AND IS NOW LIVING AT ____
____ HEREBY GIVE NOTICE OF MY INTENTION
TO CHANGE MY NAME TO ____
TEL ____

Please send the completed form with payment to:
Panjab Times, Bridle Gate Lane, Derby, DE24 0QW
or email the wording to: panjabtimes@aol.com
TO PAY BY CREDIT CARD TEL: 01332-372851
Account Name: Punjab Times Trust Ltd
Account No: 20853011 Sort Code: 20-25-85


## ਮਾਂ ਬਣਨ ਵਾਲੀ ਹੈ ਬਾਲੀਵੁੱਡ ਅਭਿਨੇਤਰੀ ਪਰਿਣੀਤੀ ਚੋਪੜਾ



ਬਾਲੀਵੁੱਡ ਅਦਾਕਾਰਾ ਪਰਿਣੀਤੀ ਚੋਪੜਾ ਅਤੇ ਉਨ੍ਹਾਂ ਦੇ ਪਤੀ-ਰਾਜਨੇਤਾ ਰਾਘਵ ਚੱਢਾ ਜਲਦੀ ਹੀ ਮਾਤਾ-ਪਿਤਾ ਬਣਨ ਵਾਲੇ ਹਨ। ਇਸ ਜੋੜੇ ਨੇ ਸੋਸ਼ਲ ਮੀਡੀਆ 'ਤੇ ਇੱਕ ਖੂਬਸੂਰਤ ਪੋਸਟ ਰਾਹੀਂ ਇਹ ਜਾਣਕਾਰੀ ਸਾਂਝੀ ਕੀਤੀ ਹੈ। ਸੋਮਵਾਰ ਨੂੰ ਪਰਿਣੀਤੀ ਚੋਪੜਾ ਅਤੇ ਰਾਘਵ ਚੱਢਾ ਨੇ ਇੰਸਟਾਗ੍ਰਾਮ 'ਤੇ ਇੱਕ ਸਾਂਝੀ ਪੋਸਟ ਰਾਹੀਂ ਪ੍ਰੈਗਨੈਂਸੀ ਦੀ ਖੁਸ਼ਖਬਰੀ ਸਾਂਝੀ ਕੀਤੀ। ਉਨ੍ਹਾਂ ਨੇ ਇੱਕ ਪਿਆਰੀ ਤਸਵੀਰ ਸਾਂਝੀ ਕੀਤੀ, ਜਿਸ 'ਤੇ ਨਵਜੰਮੇ ਬੱਚੇ ਦੇ ਛੋਟੇ ਪੈਰਾਂ ਦਾ ਨਿਸ਼ਾਨ ਦਿਖਾਈ ਦੇ ਰਿਹਾ ਹੈ ਅਤੇ ਇਸ 'ਤੇ 1 + 1 = 3 ਲਿਖਿਆ ਹੈ, ਜਿਸਦਾ ਮਤਲਬ ਹੈ ਕਿ ਹੁਣ ਉਹਨਾਂ ਦਾ ਪਰਿਵਾਰ ਵਧਣ ਵਾਲਾ ਹੈ। ਇਸ ਦੇ ਨਾਲ ਹੀ, ਜੋੜੇ ਨੇ ਕੈਪਸ਼ਨ ਵਿੱਚ ਲਿਖਿਆ, 'ਸਾਡੀ ਛੋਟੀ ਜਿਹੀ ਦੁਨੀਆ, ਜਲਦੀ ਆ ਰਹੀ ਹੈ।'

# • ਪੰਜਾਬੀ ਫ਼ਿਲਮ ਦਰਪਣ •

## ਗੁਰਦੇਵ ਪੱਧਰੀ ਢਿੱਲੋਂ ਨਾਲ ਆਲੀਆ ਅਨਜਾਣ ਪੂਰੀ ਫੱਬਦੀ



ਗੁਰਦੇਵ ਪੱਧਰੀ ਢਿੱਲੋਂ ਦੂਰਦਰਸ਼ਨ ਜਲੰਧਰ ਤੋਂ ਸ਼ੁਰੂਆਤ ਕਰ ਕਿ ਅੱਜ ਕਨੇਡਾ ਸ਼ੋ ਲਾ ਰਹੇ ਹਨ। ਪਹਿਲਾਂ ਓਹ ਮਾਝੇ ਦੇ ਚਰਚਿਤ ਦੋਗਾਣਾ ਗਾਇਕ ਰਹੇ ਤੇ ਫ਼ਿਰ ਕਨੇਡਾ ਫ਼ਿਲਮੀ ਸ਼ੋ ਤੇ ਓਸ ਦੀ ਗਾਇਕੀ ਤੇ ਅਦਾਇਗੀ ਹਿੱਟ ਰਹੀ। ਕਰਮਾਂ ਵਿੱਚ ਚੁਲਬੁਲੀ ਜਿਹੀ ਮੁਟਿਆਰ ਸੁਰ ਦੀ ਮਿੱਠੀ ਨਾਰ ਆਲੀਆ ਅਨਜਾਣ ਲਿਖੀ ਸੀ ਤੇ ਆਲੀਆ ਨਾਲ ਪੱਧਰੀ ਢਿੱਲੋਂ ਦੀ ਜੋੜੀ ਸੁਪਰ ਹਿੱਟ ਜੋੜੀ ਬਣ ਵਿਚਰ ਰਹੀ ਹੈ।ਧਾਰਮਿਕ ਗਾਇਕੀ ਵਿੱਚ ਆਲੀਆ ਸਟਾਰ ਏ ਤੇ ਸੱਭਿਆਚਾਰਕ ਗਾਇਕੀ ਵਿੱਚ ਗੁਰਦੇਵ ਪੱਧਰੀ ਢਿੱਲੋਂ ਦੀ ਬੱਲੇ ਬੱਲੇ ਹੈ। ਦੋਵਾਂ ਦੇ ਮਿਲਣ ਨਾਲ ਮੇਲਾ ਕਾਮਯਾਬ ਜਾਂਦਾ ਹੈ। ਗੁਰਦੇਵ ਪੱਧਰੀ ਢਿੱਲੋਂ ਦੱਸਦੇ ਨੇ ਕਿ ਆਲੀਆ ਅਨਜਾਣ ਨੂੰ ਓਹ ਜਲਦੀ ਫ਼ਿਲਮ ਐਕਟ੍ਰੈਸ ਵੀ ਬਣਾ ਰਹੇ ਨੇ ਤੇ ਖੁਦ ਓਹਨਾਂ ਕੋਲ ਦੂਰਦਰਸ਼ਨ ਦਾ ਵਿਸ਼ਾਲ ਤਜ਼ਰਬਾ ਹੈ। ਮੁੱਕਦੀ ਗੱਲ ਤੇ ਢੁੱਕਦੀ ਗੱਲ ਇਹ ਕਿ ਪੱਧਰੀ ਤੇ ਆਲੀਆ ਹੁਣ ਅਨਜਾਣ ਨਹੀਂ ਲੋਕ ਪ੍ਰਿਅ ਗਾਇਕ ਜੋੜੀ ਹਨ।

## ਸਵਰਗੀ ਜਸਵਿੰਦਰ ਭੱਲਾ ਨੂੰ ਮਿਲ ਰੂਹ ਖਿਲਦੀ ਸੀ ਪ੍ਰਵੀਨ ਅਖ਼ਤਰ ਦੀ



ਜਸਵਿੰਦਰ ਭੱਲਾ ਕਿੰਨੇ ਸਾਲ ਟਿਕਟ ਖਿੜਕੀ ਤੇ ਹੌਟ ਕੇਕ ਬਣੇ ਰਹੇ ਤੇ ਅਫਸੋਸ ਗੁਰੂ ਦੇ ਬੁਲਾਵੇ ਤੇ ਫ਼ਾਨੀ ਸੰਸਾਰ ਨੂੰ ਓਹ ਅਲਵਿਦਾ ਕਹਿ ਗਏ ਹਨ। ਜਸਵਿੰਦਰ ਭੱਲਾ ਨੇ ਉਪਾਸਨਾ ਸਿੰਘ ਨਾਲ ਪਰਦੇ ਤੇ ਹਿੱਟ ਜੋੜੀ ਬਣਾਈ ਸੀ। ਇਸ ਤਰਾਂ ਪ੍ਰਵੀਨ ਅਖ਼ਤਰ ਨੇ ਵੀ ਜਸਵਿੰਦਰ ਭੱਲਾ ਸਵਰਗੀ ਨਾਲ ਫ਼ਿਲਮਾਂ ਕੀਤੀਆਂ ਤੇ ਪ੍ਰਵੀਨ ਜਿਹੜੀ ਇਸ ਸਮੇਂ ਯੂ ਐਸ ਏ ਫ਼ਿਲਮ ਸ਼ੋ ਲਾ ਰਹੀ ਹੈ ਨੇ ਕਿਹਾ ਕਿ ਯਕੀਨ ਕਰਨਾ ਮੁਸ਼ਕਿਲ ਕਿ ਭੱਲਾ ਜੀ ਹੁਣ ਇਸ ਸੰਸਾਰ ਵਿੱਚ ਨਹੀਂ ਪਰ ਭੱਲਾ ਜੀ ਨਾਲ ਸੈੱਟ ਤੇ ਹਾਸਾ ਤੇ ਕਈ ਕੰਮ ਦੀਆਂ ਫਿਲਮੀ ਗੱਲਾਂ ਪ੍ਰਵੀਨ ਅਖ਼ਤਰ ਨੂੰ ਅੱਜ ਵੀ ਯਾਦ ਹਨ। ਪ੍ਰਵੀਨ ਅਖ਼ਤਰ ਨੇ ਭੱਲਾ ਜੀ ਦੇ ਬੇਟੇ ਪੁਖਰਾਜ ਭੱਲਾ ਨੂੰ ਕਿਹਾ ਕਿ ਭਾਣਾ ਮੰਨ ਚਲਣਾ ਪੈਣਾ ਹੈ ਤੇ ਭੱਲਾ ਜੀ ਪਾਲੀਵੁੱਡ ਦੇ ਅਮਿਤਾਭ ਬੱਚਨ ਸਨ। ਪ੍ਰਵੀਨ ਅਖ਼ਤਰ ਨੇ ਆਪਣੇ ਸੋਸ਼ਲ ਮੀਡੀਆ ਤੇ ਜਸਵਿੰਦਰ ਭੱਲਾ ਜੀ ਨਾਲ ਓਹ ਤਸਵੀਰ ਪਾਈ ਹੈ ਜਿਸ ਵਿੱਚ ਪ੍ਰਵੀਨ ਯੁਵਾ ਚੰਚਲ ਨਟਖਟ ਲੱਗ ਰਹੀ ਹੈ ਤੇ ਭੱਲਾ ਜੀ ਨੇ ਕਿਹਾ ਸੀ ਇਸ ਮੌਕੇ ਪ੍ਰਵੀਨ ਟ੍ਰਾਈ ਕਰ ਤੂੰ ਤੇ ਹੀਰੋਇਨ ਬਣ ਸਕਦੀ ਤੇ ਪ੍ਰਵੀਨ ਨੂੰ ਓਹ ਬੋਲ ਅੱਜ ਰਹਿ ਰਹਿ ਯਾਦ ਆ ਰਹੇ ਹਨ।

## ਬਿੱਟੂ ਮਾਨ ਨੇ ਦਿਖਾ ਦੇਣਾ ਹੈ ਕਿ ਇਸ ਤਰਾਂ ਦਾ ਸੂ "ਨਖ਼ਰਾ ਜੱਟੀ ਦਾ"




ਬਿੱਟੂ ਮਾਨ ਸ਼ਰੀਫ਼, ਨੇਕ ਤੇ ਪ੍ਰਤਿਭਾ ਵਾਲਾ ਫ਼ਿਲਮ ਨਿਰਦੇਸ਼ਕ ਹੈ।"ਰਾਣੋ" ਦੇ ਦੋ ਹਿੱਸੇ ਬਣਾ ਓਹਨਾਂ ਨੂੰ ਕਾਮਯਾਬ ਬਿੱਟੂ ਮਾਨ ਦੇ ਨਿਰਦੇਸ਼ਨ ਨੇ ਕੀਤਾ। ਬਿੱਟੂ ਮਾਨ ਅੱਜ ਕਲ ਜਸ਼ਨਜੀਤ ਸਿੰਘ ਤੇ ਬਲਵਿੰਦਰ ਕੁਮਾਰ ਕੁਵੈਤ ਦਾ ਰੰਗ ਭਰਿਆ, ਸੰਗੀਤ, ਗੀਤ ਤੇ ਨਾਚ ਭਰਪੂਰ ਟੀਵੀ ਪ੍ਰੋਗਰਾਮ ਬਣਾ ਰਹੇ ਹਨ। ਇਹ ਪ੍ਰੋਗਰਾਮ ਨਿਊਜ਼ੀਲੈਂਡ ਦੇ ਜਸਬੀਰ ਦੋਲੀਕੇ ਦੇ ਤਾਵਨ ਨਾਲ ਬਣ ਕਿ ਆ ਰਿਹਾ ਹੈ ਤੇ ਗੋਲਡ ਰਿਕਾਰਡਜ਼ ਨਿਊਜ਼ੀਲੈਂਡ ਇਸ ਦਾ ਆਡੀਓ ਵੀਡੀਓ ਜਾਰੀ ਕਰਨਗੇ।

ਬਿੱਟੂ ਮਾਨ ਵੱਲੋਂ ਨਿਰਦੇਸ਼ਤ ਇਸ ਪ੍ਰੋਗਰਾਮ ਦਾ ਨਾਮ "ਨਖ਼ਰਾ ਜੱਟੀ ਦਾ" ਹੈ ਤੇ ਇਸ ਵਿੱਚ ਕੁਲ ਪੰਦਰਾਂ ਗੀਤ ਹੋਣਗੇ। ਅਰਥਾਤ ਪੰਦਰਾਂ ਜੱਟੀਆਂ, ਗਾਇਕਾਵਾਂ ਏਕ ਸੇ ਬੜ੍ਹ ਕਰ ਏਕ ਗਾਣੇ ਲਿਆ ਰਹੀਆਂ ਨੇ ਤੇ ਬਿੱਟੂ ਮਾਨ ਦੀ ਇੱਕ ਵਾਰ ਫਿਰ ਟੀਵੀ ਪਲੇਟਫਾਰਮ ਤੇ ਜੈ ਹੋ ਹੋਣ ਵਾਲੀ ਹੈ ਜਦ ਕਿ ਓ ਟੀ ਟੀ ਤੇ ਬਿੱਟੂ ਮਾਨ ਨਾਮ ਚਲਦਾ ਹੈ, ਵਿੱਕਦਾ ਹੈ। ਬਿੱਟੂ ਮਾਨ ਨੇ ਕਿਹਾ ਕਿ ਗਾਣੇ ਮਨੋਰੰਜਨ ਵਾਲੇ ਤੇ ਇਹ ਮੁਟਿਆਰਾਂ ਦਾ ਹੁਸਨ, ਅਦਾਇਗੀ, ਡਾਂਸ ਤੇ ਜਲਵਾ ਦਰਸ਼ਕ ਪੱਕਾ ਪਸੰਦ ਕਰਨਗੇ।

## ਮਣੀ ਬੋਪਾਰਾਏ ਤੇ ਟਾਈਗਰ ਹਰਮੀਕ ਸਿੰਘ ਦੀ ਜੋੜੀ ਨੰਬਰ ਵੰਨ

ਮਣੀ ਹੁਸਨ ਦੀ ਮਣੀ ਹੈ ਤੇ ਟਾਈਗਰ ਡੀਲ ਡੌਲ ਦਾ ਟਾਈਗਰ ਹੈ। ਦੋਵੇਂ ਪਾਲੀਵੁੱਡ ਦੇ ਚਰਚਿਤ ਚਿਹਰੇ ਹਨ ਤੇ ਕਿਸੇ ਦੀ ਮਦਦ ਬਿਨ ਆਪਣੇ ਦਮ ਤੇ ਟਾਈਗਰ ਹਰਮੀਕ ਸਿੰਘ ਨੇ ਆਪ ਐਕਟਰ ਬਣ ਨਾਮ ਬਣਾਇਆ ਹੈ। ਮਣੀ ਤਾਂ ਪਹਿਲੇ ਹੀ ਵਿਦੇਸ਼ ਵੱਡੇ ਵੱਡੇ ਸ਼ੋ ਲਾ ਕਿ ਸਟਾਰ ਬਣੀ ਸੀ ਟਾਈਗਰ ਹਰਮੀਕ ਸਿੰਘ ਦੀ ਅੱਖ ਵਿੱਚ ਮਣੀ ਬੋਪਾਰਾਏ ਦੀ ਤਸਵੀਰ ਹੈ ਤੇ ਮਣੀ ਵੀ ਸੁਰਮਾ ਟਾਈਗਰ ਦੇ ਨਾਮ ਦਾ ਪਾਉਂਦੀ ਹੈ। "ਪੰਜਾਬ ਨਾ ਭੁੱਲੀ ਓ" ਦੋਵਾਂ ਦੀ ਆਓਣ



ਵਾਲੀ ਹੋਮ ਪ੍ਰੋਡਕਸ਼ਨ ਹੈ। ਮਣੀ ਬੋਪਾਰਾਏ ਦੀ ਸਿਸਟਰ ਨਿਨਾ ਵੀ ਫ਼ਿਲਮੀ ਰਹੀ ਹ ਐ ਪਰ ਮਣੀ ਆਪਣੇ ਦਮ ਤੇ ਅੱਗੇ ਆਈ ਹੈ। ਟਾਈਗਰ ਹਰਮੀਕ ਸਿੰਘ ਨੂੰ 100 ਜਨਮ ਵੀ ਲੈਣੇ ਪੈਣ ਚਾਹੀਦੀ ਮਣੀ ਬੋਪਾਰਾਏ ਹੈ,ਇਹ ਹੈ ਦੋਵਾਂ ਦਾ ਪਿਆਰ। ਮਣੀ ਹਿੰਦੀ ਫ਼ਿਲਮ "ਢੂੰਡ" ਕਰ ਰਹੀ ਹੈ ਤੇ ਐਡ ਫ਼ਿਲਮਜ਼ ਵੀ ਹਨ ਜਦ ਕਿ ਟਾਈਗਰ ਹਰਮੀਕ ਸਿੰਘ ਫ਼ਿਲਮ ਡਾਇਰੈਕਟਰ ਬਣ ਗਏ ਹਨ। ਜੋੜੀਆਂ ਜੱਗ ਥੋੜ੍ਹੀਆਂ ਪਰ ਇਹ ਜੋੜੀ ਸੁਪਰ ਜੋੜੀ।

## ਰੇਸ਼ਮ ਛੀਨਾ ਨੇ ਕੀਤੀ ਦਲਜੀਤ ਸੋਨਾ ਹੋਰਾਂ ਦੀ ਖ਼ੂਬ ਖਾਤਰਦਾਰੀ




ਨਿਰਮਾਤਾ ਬਣ ਰੇਸ਼ਮ ਛੀਨਾ ਓ ਟੀ ਟੀ ਤੇ ਛਾ ਰਹੇ ਹਨ ਤੇ ਇਹਨਾਂ ਦੀ ਸ਼ਾਈਨ ਮੋਸ਼ਨ ਪਿਕਚਰਜ਼ ਦੀ ਗੱਲ ਪੂਰੀ ਬਣੀ ਹੋਈ ਹੈ। ਹੁਣ ਰੇਸ਼ਮ ਛੀਨਾ ਨੇ ਵੈੱਬ ਫ਼ਿਲਮ "ਖਾਤਰਦਾਰੀ" ਦਾ ਪ੍ਰਚਾਰ ਸ਼ੁਰੂ ਕੀਤਾ ਹੈ। ਸੁਰਜੀਤ ਸਿੰਘ ਨੇ ਇਹ ਫ਼ਿਲਮ ਨਿਰਦੇਸ਼ਤ ਕੀਤੀ ਹੈ ਤੇ ਰੰਗਮੰਚ ਦਾ ਰਾਜਾ ਦਲਜੀਤ ਸਿੰਘ ਸੋਨਾ ਫ਼ਿਲਮ ਵਿੱਚ ਮੁੱਖ ਐਕਟਰ ਹੈ ਜਦ ਕਿ ਓਸ ਨਾਲ ਮਨਿੰਦਰ ਸਿੰਘ ਤੇ ਰੰਗ ਰੂਪ, ਐਕਟਿੰਗ ਦੀ ਅਨਮੋਲ ਯਾਨੀ ਅਨਮੋਲ ਪ੍ਰੀਤ ਕੌਰ ਹੈ।

ਕ੍ਰਾਂਤੀ ਜੀ, ਪਰਮਜੀਤ ਸਿੰਘ ਤੇ ਗੁਰਵਿੰਦਰ ਕੌਰ ਵੀ "ਖਾਤਰਦਾਰੀ" ਦੇ ਅਹਿਮ ਕਲਾਕਾਰ ਹਨ। ਕ੍ਰਾਂਤੀ ਜੀ ਨੇ ਕਲਾਕਾਰ ਸਜਾਏ ਨੇ ਤੇ ਕੈਮਰਾ ਜੇ ਡੀ ਫ਼ਿਲਮਜ਼ ਨੇ ਘੁਮਾਇਆ ਹੈ। ਬਹੁਤ ਹੀ ਪਿਆਰਾ ਪਿੱਠਵਰਤੀ ਮਿਊਜ਼ਿਕ ਮਨੀ ਬਚਨ ਨੇ ਦਿੱਤਾ ਹੈ ਜਦ ਕਿ ਚੀਮਾ ਖਾਨਪੁਰੀਆ ਨੇ ਕਥਾ, ਪਟਕਥਾ ਤੇ ਸੰਵਾਦ ਰਚਾ ਕਿ ਦਿੱਤੇ ਹਨ। ਰੇਸ਼ਮ ਛੀਨਾ ਇੱਕ ਵਾਰ ਫਿਰ "ਖਾਤਰਦਾਰੀ" ਨਾਲ ਚਰਚਾ ਵਿੱਚ ਹਨ।

## ਕੁਲਵਿੰਦਰ ਕਸ਼ਯਪ ਬਣਦੀ ਜਾ ਰਹੀ ਹੈ ਸਟਾਰ ਐਕਟ੍ਰੈਸ

ਨਾਮ ਪੂਰਾ ਅੱਜ ਕਲ ਕੁਲਵਿੰਦਰ ਕਸ਼ਯਪ ਦਾ ਹੈ ਤੇ ਆਏ ਦਿਨ ਓਹ ਕੈਮਰੇ ਅੱਗੇ ਦ੍ਰਿੜ੍ਹ ਇਰਾਦੇ ਨਾਲ ਦ੍ਰਿਸ਼ ਦੇ ਰਹੀ ਹੁੰਦੀ ਹੈ। ਦੂਜੇ ਪਾਸੇ ਆਏ ਦਿਨ ਓਸ ਦੀ ਫ਼ਿਲਮ ਆ ਜਾਂਦੀ ਹੈ। ਹਰਬੀਰ ਸਿੰਘ ਢੀਂਡਸਾ ਆਖਦੇ ਨੇ ਲਾਲਟੈਨ ਲੈ ਕਿ ਘੁੰਮੋ ਕੁਲਵਿੰਦਰ ਜਿਹੀ ਮਹਾਨ ਐਕਟ੍ਰੈਸ ਮਸੀ ਮਿਲਦੀ ਹੈ। ਨਾਲ ਦੀਆਂ ਯੁਵਾ ਐਕਟ੍ਰੈਸ ਵੀ ਕਸ਼ਯਪ ਮੈਡਮ ਤੋਂ ਟਿਪਸ ਏ ਅਭਿਨੈ ਲੈਂਦੀਆਂ ਹਨ। "ਕਨੇਡਾ ਵਾਲੀ ਭੂਆ" ਵਿੱਚ ਓਹ ਛਾਈ ਪਈ ਹੈ ਤੇ ਭਗਵੰਤ ਕੰਗ ਜਿਹੇ ਸਰੀਖੇ ਨਿਰਦੇਸ਼ਕ ਆਖਦੇ ਨੇ ਕਿ ਵੈੱਬ ਬਜ਼ਾਰ ਦੀ ਮਹਿੰਗੀ ਚੀਜ਼ ਹੈ ਕੁਲਵਿੰਦਰ ਕਸ਼ਯਪ ਤੇ ਉਮੀਦ ਹੈ ਕਿ ਪਾਲੀਵੁੱਡ ਵਿੱਚ ਓਹ ਗੁਰਪ੍ਰੀਤ ਕੌਰ ਭੰਗੂ, ਰੁਪਿੰਦਰ ਰਿੰਪੀ ਦੀ ਤਰਾਂ ਸਟਾਰ ਬਣੀ ਕਿ ਬਣੀ।

ਕੁਲਵਿੰਦਰ ਸਾਦਗੀ ਪਸੰਦ ਐਕਟ੍ਰੈਸ ਹੈ ਤੇ ਹਰੇਕ ਤਰਾਂ ਦੇ ਕਿਰਦਾਰ ਵਿੱਚ ਜੱਚਦੀ ਹੈ। ਕੁਲਵਿੰਦਰ ਕਦੇ ਕਿ ਫਾਲਤੂ ਦੇ ਨਖ਼ਰੇ ਨਿਰਮਾਤਾ ਨਿਰਦੇਸ਼ਕ ਨੂੰ ਨਹੀਂ ਦਿਖਾਉਂਦੀ ਤੇ ਇਸ ਦਾ ਮਕਸਦ ਸ਼ਾਨਦਾਰ ਕਿਰਦਾਰ ਕਰ ਕਿ ਨਾਮਵਰ ਕਲਾਕਾਰ ਬਣ ਅੱਗੇ ਆਓਣਾ ਹੈ ਤੇ ਓਹ ਸੁਨੀਤਾ ਧੀਰ, ਅਮਰ ਨੂਰੀ ਦੀ ਤਰਾਂ ਇੱਕ ਦਿਨ ਚਰਚਿਤ ਹੋਊ ਬੇਸ਼ਕ ਲਿਖ ਕਿ ਲੈ ਲੋ।

-ਅੰਮ੍ਰਿਤ ਪਵਾਰ





# ਅਦਾਕਾਰ ਮੈਥੀਊ ਪੈਰੀ ਦੀ ਮੌਤ ਦੇ ਮਾਮਲੇ ਵਿੱਚ ਪੰਜਾਬਣ ਜਸਵੀਨ ਸੰਘਾ ਨੇ ਗੁਨਾਹ ਕਬੂਲਿਆ



ਸੈਕਰਾਮੈਂਟੋ ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਤੇ ਬਰਤਾਨੀਆ ਦੀ ਦੋਹਰੀ ਨਾਗਰਿਕਤਾ ਰੱਖਣ ਵਾਲੀ ਪੰਜਾਬਣ 42 ਸਾਲਾ ਜਸਵੀਨ ਸੰਘਾ ਜਿਸ ਨੂੰ ਕੈਟਾਮਾਈਨ ਕੁਈਨ ਵੀ ਕਿਹਾ ਜਾਂਦਾ ਹੈ, ਨੇ 2023 ਵਿੱਚ ਅਦਾਕਾਰ ਮੈਥੀਊ ਪੈਰੀ ਦੀ ਓਵਰਡੋਜ਼ ਕਾਰਨ ਹੋਈ ਮੌਤ ਦੇ ਮਾਮਲੇ ਵਿੱਚ ਆਪਣੇ ਵਿਰੁੱਧ ਲੱਗੇ ਸੰਘੀ ਦੋਸ਼ਾਂ ਨੂੰ ਮੰਨ ਲਿਆ ਹੈ। ਇਹ ਜਾਣਕਾਰੀ ਇਸਤਗ- ਾਸਾ ਪੱਖ ਨੇ ਦਿੱਤੀ ਹੈ। ਸੰਘਾ ਨੇ ਡਰੱਗ ਰੱਖਣ ਤੇ ਕੈਟਾਮਾਈਨ ਵੰਡਣ ਜਿਸ ਕਾਰਨ ਮੌਤ ਹੋਈ, ਸਮੇਤ ਹੋਰ ਦੋਸ਼ਾਂ ਨੂੰ ਕਬੂਲ ਕਰ ਲਿਆ ਹੈ। ਜਾਂਚਕਾਰਾਂ ਅਨੁਸਾਰ ਸੰਘਾ ਨੇ ਪੈਰੀ ਨੂੰ ਕਈ ਵਾਰ ਕੈਟਾਮਾਈਨ ਦੀ ਸਪਲਾਈ ਕੀਤੀ ਹਾਲਾਂ ਕਿ ਉਹ ਜਾਣਦੀ ਸੀ ਕਿ ਅਦਾਕਾਰ ਨੂੰ ਡਰੱਗ ਦੀ ਆਦਤ ਹੈ।

ਲਾਸ ਏਂਜਲਸ ਕਾਉਂਟੀ ਜਾਂਚਕਾਰ ਨੇ ਪੁਸ਼ਟੀ ਕੀਤੀ ਸੀ ਕਿ 28 ਅਕਤੂਬਰ.2023 ਨੂੰ ਪੈਰੀ ਦੀ ਮੌਤ ਦਾ ਮੁੱਢਲਾ ਕਾਰਨ ਜ਼ਹਿਰੀਲਾ ਕੈਟਾਮਾਈਨ ਸੀ। ਸੰਘਾ ਨੂੰ ਸਜ਼ਾ ਸੁਣਾਉਣ ਦੀ ਤਰੀਕ ਅਜੇ ਤੈਅ ਨਹੀਂ ਹੋਈ ਹੈ। ਇਸਤਗਾਸਾ ਪੱਖ ਅਨੁਸਾਰ ਉਸ ਨੂੰ 45 ਸਾਲ ਤੱਕ ਜੇਲ ਦੀ ਸਜ਼ਾ ਹੋ ਸਕਦੀ ਹੈ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com

- ਪੰਜਾਬ ਦੇ ਕਈ ਇਲਾਕਿਆਂ ਵਿੱਚ ਹੜ੍ਹਾਂ ਵਾਲੀ ਸਥਿਤੀ -

ਸਾਡੀ ਪਾਰਟੀ ਨੇ ਪਹਿਲਾਂ ਹੀ ਤੁਹਾਨੂੰ ਚੇਤਾਵਨੀ ਦਿੱਤੀ ਸੀ,ਕਿ ਇਹ ਮੌਜੂਦਾ ਸਰਕਾਰ ਨੂੰ ਵੋਟਾਂ ਨਾ ਪਾਓ! ਕਿਉਂ ਹੁਣ ਖ਼ੁਸ਼ ਹੋ!!
ਲਿਆ ਦਿੱਤਾ ਨਾ ਅਗਲਿਆਂ ਨੇ ਹੜ੍ਹ!!!
ਕਰ ਦਿੱਤਾ ਨਾ ਤੁਹਾਨੂੰ ਪਾਣੀ-ਪਾਣੀ !!!!!



# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈੱਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

**PANJAB TIMES,** Bridle Gate Lane, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਪੈਂਤੀ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...

ਘਰ ਦਾ ਕੰਮ

1 Complete the Penti

| | | | | |
|---|---|---|---|---|
| ੳ | ਅ | --- | --- | --- |
| ਕ | --- | --- | --- | --- |
| ਚ | ਛ | --- | --- | --- |
| ਟ | ਠ | ਡ | --- | --- |
| ਤ | ਥ | --- | --- | --- |
| ਪ | ਫ | ਬ | --- | --- |
| ਯ | ਰ | --- | --- | --- |
| ਸ਼ | ਖ਼ | ਗ਼ | ਜ਼ | ਫ਼ |

2 Look at the words and answer the questions below

ਕੇਸ ਗੋਰਾ ਘਰ ਘਟ ਖੀਰਾ ਗੋਰਾ
ਘੜੀ ਖੰਡ ਗਾਜਰ ਸੰਘ ਕਢਹਿਰਾ ਖੰਡ
ਗਰਦਨ ਗਰਮ ਕੰਘਾ ਕਣਕ ਖੰਭ ਗਰਮ

Circle the words which start with ਗ

Cross out the words which contains ਘ

ਸਿਖਿਆ - ਗੁਰਮੁਖੀ Page 32 Level I

# ਨਸ਼ਿਆਂ ਦੇ ਜਾਲ ਵਿਚ ਫਸਿਆ ਪੰਜਾਬ ਦਾ ਵਿਦਿਆਰਥੀ ਵਰਗ

ਮੋਹਨ ਸ਼ਰਮਾ

ਇੱਕ ਵਿਦਵਾਨ ਦਾ ਕਥਨ ਹੈ, "ਜੇਕਰ ਤੁਹਾਡੀ ਇੱਕ ਸਾਲ ਦੀ ਯੋਜਨਾ ਹੈ ਤਾਂ ਖੇਤਾਂ ਵਿੱਚ ਫਸਲ ਬੀਜੋ, ਜੇਕਰ ਦਸ ਸਾਲ ਦੀ ਯੋਜਨਾ ਹੈ ਤਾਂ ਦਰੱਖਤ ਬੀਜੋ ਅਤੇ ਜੇਕਰ ਸੌ ਸਾਲ ਦੀ ਯੋਜਨਾ ਹੈ ਤਾਂ ਨਸਲਾਂ ਤਿਆਰ ਕਰੋ।" ਦੁਖਾਂਤ ਇਹ ਹੈ ਕਿ ਇਸ ਵੇਲੇ ਫਸਲਾਂ ਉੱਤੇ ਖਤਰੇ ਦੇ ਬੱਦਲ ਮੰਡਲਾ ਰਹੇ ਹਨ, ਦਰੱਖਤ ਆਰਿਆਂ ਦੀ ਲਪੇਟ ਵਿੱਚ ਆ ਕੇ ਢਹਿ ਢੇਰੀ ਹੋ ਰਹੇ ਹਨ ਅਤੇ ਸਾਡੀਆਂ ਨਸਲਾਂ, ਸਾਡਾ ਭਵਿੱਖ ਤਰ੍ਹਾਂ ਤਰ੍ਹਾਂ ਦੇ ਐਬਾਂ ਦਾ ਸ਼ਿਕਾਰ ਹੋ ਕੇ ਜ਼ਿੰਦਗੀ ਭੰਗ ਦੇ ਭਾੜੇ ਗੁਆ ਰਿਹਾ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇੱਕ ਸਰਵੇਖਣ ਵਿੱਚ ਇਹ ਸਾਹਮਣੇ ਆਇਆ ਸੀ ਕਿ ਕਾਲਜ ਵਿੱਚ ਪੜ੍ਹਦੇ 10 ਵਿਦਿਆਰਥੀਆਂ ਵਿੱਚੋਂ ਔਸਤ ਤੀਜਾ ਵਿਦਿਆਰਥੀ ਨਸ਼ੇ ਦੀ ਲਪੇਟ ਵਿੱਚ ਆ ਚੁੱਕਿਆ ਹੈ। ਪਰ ਇਹ ਦੁਖਾਂਤਕ ਪਹਿਲੂ ਹੈ ਕਿ ਬਹੁਤ ਸਾਰੇ ਸਕੂਲ ਦੇ ਵਿਦਿਆਰਥੀਆਂ ਤਕ ਵੀ ਇਹ ਨਸ਼ੇ ਦਾ ਸੇਕ ਪੁੱਜ ਚੁੱਕਿਆ ਹੈ। ਪਿਛਲੇ ਦਿਨੀਂ ਸੰਗਰੂਰ ਵਿੱਚ ਨੌਵੀਂ ਦਸਵੀਂ ਵਿੱਚ ਪੜ੍ਹਦੇ ਤਿੰਨ ਵਿਦਿਆਰਥੀਆਂ ਨੇ ਸਕੂਲ ਜਾਣ ਤੋਂ ਪਹਿਲਾਂ ਸ਼ਰਾਬ ਦੇ ਠੇਕੇ ਤੋਂ ਬੋਤਲ ਖਰੀਦੀ। ਫਿਰ ਨਾਲ ਲਗਦੇ ਅਹਾਤੇ ਵਿੱਚ ਜਾ ਕੇ ਘਰੋਂ ਲਿਆਂਦੀਆਂ ਪਾਣੀ ਵਾਲੀਆਂ ਬੋਤਲਾਂ ਵਿੱਚ ਇਸ ਨੂੰ ਪਾ ਕੇ ਬੋਤਲਾਂ ਬੈਗ ਵਿੱਚ ਪਾ ਲਈਆਂ। ਥੋੜ੍ਹੇ ਫਰਕ 'ਤੇ ਖੜ੍ਹੇ ਪੱਤਰਕਾਰ ਨੇ ਉਨ੍ਹਾਂ ਦੀ ਇਹ ਕਾਰਵਾਈ ਕੈਮਰੇ ਵਿੱਚ ਕੈਦ ਕਰ ਲਈ ਅਤੇ ਅਗਲੇ ਦਿਨ ਇਹ ਖ਼ਬਰ ਅਖ਼ਬਾਰ ਵਿੱਚ ਪ੍ਰਕਾਸ਼ਿਤ ਹੋਈ। ਪ੍ਰਸ਼ਾਸਨ ਅਤੇ ਵਿੱਦਿਆ ਵਿਭਾਗ ਹਰਕਤ ਵਿੱਚ ਵੀ ਆਇਆ ਅਤੇ ਇਹ ਹਦਾਇਤਾਂ ਜ਼ਿਲ੍ਹੇ ਦੇ ਸਾਰੇ ਸਕੂਲ ਮੁਖੀਆਂ ਨੂੰ ਜਾਰੀ ਹੋਈਆਂ ਕਿ ਸਵੇਰ ਦੀ ਪ੍ਰਾਰਥਨਾ ਸਭਾ ਵੇਲੇ ਵਿਦਿਆਰਥੀਆਂ ਦੇ ਬੈਗ ਚੰਗੀ ਤਰ੍ਹਾਂ ਚੈੱਕ ਕਰ ਲਏ ਜਾਣ। ਕੁਝ ਦਿਨ ਇਹ ਹਿੱਲ ਜੁਲ ਹੋਈ ਅਤੇ ਫਿਰ ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ। ਆਬਕਾਰੀ ਵਿਭਾਗ 'ਤੇ ਵੀ ਉਸ ਸਮੇਂ ਉਂਗਲਾਂ ਉੱਠੀਆਂ ਕਿ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਠੇਕੇ ਤੋਂ ਸ਼ਰਾਬ ਵੇਚਣੀ ਕਾਨੂੰਨ ਦੀ ਉਲੰਘਣਾ ਹੈ ਅਤੇ ਇਹ ਉਲੰਘਣਾ ਕਰਕੇ ਸਕੂਲ ਦੇ ਵਿਦਿਆਰਥੀਆਂ ਨੂੰ ਸ਼ਰਾਬ ਵੇਚੀ ਜਾ ਰਹੀ ਹੈ।

ਕੁਝ ਦਿਨ ਪਹਿਲਾਂ ਹੀ ਅੰਮ੍ਰਿਤਸਰ ਦਾ ਰਹਿਣ ਵਾਲਾ ਤਸਕਰ ਖਰੜ ਵਿਖੇ ਫਲੈਟ ਲੈ ਕੇ ਵਿਦਿਆਰਥੀਆਂ ਨੂੰ ਨਸ਼ਾ ਸਪਲਾਈ ਕਰਦਾ ਗ੍ਰਿਫਤਾਰ ਕੀਤਾ ਗਿਆ ਹੈ। ਨਸ਼ਾ ਸਪਲਾਈ ਕਰਨ ਲਈ ਉਸਨੇ ਸਕੂਲ ਦੇ ਵਿਦਿਆਰਥੀਆਂ ਨੂੰ ਵੀ ਲਾਲਚ ਦੇ ਕੇ ਪਾਂਡੀ ਬਣਾ ਲਿਆ ਸੀ। ਕਿਉਂਕਿ ਵਿਦਿਆਰਥੀਆਂ ਉੱਤੇ ਛੋਟੀ ਉਮਰ ਹੋਣ ਕਾਰਨ ਕੋਈ ਸ਼ੱਕ ਨਹੀਂ ਕਰਦਾ, ਇਸ ਲਈ ਬਹੁਤ ਸਾਰੇ ਸਕੂਲ ਦੇ ਵਿਦਿਆਰਥੀਆਂ ਨੂੰ ਤਸਕਰ ਨਸ਼ਾ ਇੱਕ ਥਾਂ ਤੋਂ ਦੂਜੀ ਥਾਂ 'ਤੇ ਪਹੁੰਚਾਉਣ ਲਈ ਵਰਤ ਰਹੇ ਹਨ। ਵਿਦਿਆਰਥੀ ਵਰਗ, ਜਿਨ੍ਹਾਂ ਦੇ ਹੱਥਾਂ ਵਿੱਚ ਪੁਸਤਕਾਂ ਹੋਣੀਆਂ ਚਾਹੀਦੀਆਂ ਹਨ, ਜਿਨ੍ਹਾਂ ਕੋਲ ਕਿਰਤ ਦਾ ਸੰਕਲਪ ਹੋਣਾ ਚਾਹੀਦਾ ਹੈ, ਜਿਨ੍ਹਾਂ ਦੇ ਹੱਥ ਦੁਆ ਲਈ ਉੱਠਣੇ ਚਾਹੀਦੇ ਹਨ, ਉਨ੍ਹਾਂ ਹੱਥਾਂ ਵਿੱਚ ਨਸ਼ਿਆਂ ਦੀਆਂ ਪੁੜੀਆਂ ਦਾ ਹੋਣਾ, ਸਿਰਫ ਉਨ੍ਹਾਂ ਦੇ ਜੀਵਨ ਲਈ ਹੀ ਘਾਤਕ ਨਹੀਂ, ਸਗੋਂ ਮਾਪਿਆਂ ਦੇ ਆਪਣੀ ਔਲਾਦ ਪ੍ਰਤੀ ਸਿਰਜੇ ਸੁਪਨਿਆਂ ਨੂੰ ਵੀ ਖੇਰੂੰ ਖੇਰੂੰ ਕਰਨਾ ਹੈ। ਗੰਭੀਰ ਹੋ ਕੇ ਇਹ ਵੀ ਚਿੰਤਨ ਕਰਨ ਵਾਲੀ ਗੱਲ ਹੈ ਕਿ ਵਿਦਿਆਰਥੀ ਵਰਗ ਪ੍ਰਾਂਤ ਅਤੇ ਦੇਸ਼ ਦਾ ਭਵਿੱਖ ਹਨ ਅਤੇ ਸਮਾਜਿਕ ਜ਼ਿੰਮੇਵਾਰੀਆਂ ਦਾ ਬੋਝ ਵੀ ਭਵਿੱਖ ਵਿੱਚ ਇਨ੍ਹਾਂ ਨੇ ਚੁੱਕਣਾ ਹੈ। ਭਲਾ ਅਜਿਹੀ ਸਥਿਤੀ ਵਿੱਚ ਨਿੱਗਰ, ਉਸਾਰੂ ਅਤੇ ਅਗਾਂਹ ਵਧੂ ਸਮਾਜ ਦੀ ਆਸ ਕਿੰਜ ਰੱਖੀ ਜਾ ਸਕਦੀ ਹੈ ?




ਜੇਕਰ ਸਮਾਜ ਦੀ ਨੀਂਹ ਕਮਜ਼ੋਰ ਹੈ ਤਾਂ ਪ੍ਰਾਂਤ ਦੀ ਖੁਸ਼ਹਾਲੀ ਉੱਤੇ ਪ੍ਰਸ਼ਨ ਚਿੰਨ੍ਹ ਲੱਗਣਾ ਕੁਦਰਤੀ ਹੈ। ਬਿਮਾਰ ਸਮਾਜ ਹਮੇਸ਼ਾ ਹੀ ਪ੍ਰਾਂਤ ਅਤੇ ਦੇਸ਼ ਲਈ ਘਾਤਕ ਹੁੰਦਾ ਹੈ। ਇੱਕ ਸਰਵੇਖਣ ਅਨੁਸਾਰ 13-15 ਆਯੂ ਗੁੱਟ ਦੇ ਸਕੂਲ ਵਿਦਿਆਰਥੀਆਂ ਵਿੱਚ ਨਸ਼ੇ ਦੀ ਆਦਤ ਸਰਕਾਰੀ ਸਕੂਲਾਂ ਵਿੱਚ 11.9% ਅਤੇ ਪ੍ਰਾਈਵੇਟ ਸਕੂਲਾਂ ਵਿੱਚ 5.9% ਹੈ। ਸਕੂਲ ਦੇ ਵਿਦਿਆਰਥੀਆਂ ਵਿੱਚ ਨਸ਼ਿਆਂ ਦੀ ਘੁਸਪੈਠ ਦਾ ਅਰਥ ਹੈ ਸਕੂਲ ਵਿੱਚ ਅਨੁਸ਼ਾਸਨਹੀਣਤਾ, ਨੈਤਿਕ ਕਦਰਾਂ ਕੀਮਤਾਂ ਦਾ ਨਿਘਾਰ, ਭਵਿੱਖ ਧੁੰਦਲਾ, ਸਰੀਰਕ, ਮਾਨਸਿਕ ਅਤੇ ਬੌਧਕ ਕੰਗਾਲੀ ਦਾ ਸ਼ਿਕਾਰ ਹੋਣਾ। ਸਰੀਰਕ ਪੱਖ ਤੋਂ ਨਿਘਾਰ ਕਈ ਵਾਰ ਜਾਨਲੇਵਾ ਵੀ ਸਾਬਤ ਹੋ ਸਕਦਾ ਹੈ। ਅਕਸਰ 11-14 ਆਯੂ ਗੁੱਟ ਦੇ ਵਿਦਿਆਰਥੀ ਸ਼ੁਰੂ ਵਿੱਚ ਸ਼ੌਂਕ ਸ਼ੌਂਕ ਵਿੱਚ ਸੁਸਾਇਟੀ ਦੇ ਅਸਰ ਨਾਲ ਜਾਂ ਘਰੋਂ ਮਿਲੇ ਸੰਸਕਾਰਾਂ ਦੇ ਅਸਰ ਹੇਠ ਬੀੜੀ, ਜਰਦਾ ਅਤੇ ਸਿਗਰਟ ਦੀ ਵਰਤੋਂ ਕਰਦੇ ਹਨ। ਸਿਗਨੇਚਰ ਦੀ ਵਰਤੋਂ ਵੀ ਇਸ ਵਿੱਚ ਸ਼ਾਮਲ ਹੈ। ਵਿਦਿਆਰਥੀ ਵਰਗ ਲਈ ਇਹ ਨਸ਼ੇ ਦਾ ਪਹਿਲਾ ਪੜਾਅ ਹੈ। ਜੇਕਰ ਇਸ ਪੜਾਅ 'ਤੇ ਵਿਦਿਆਰਥੀ ਨੂੰ ਰੋਕਿਆ ਨਾ ਜਾਵੇ ਤਾਂ ਉਸਦਾ 14 ਸਾਲ ਦੀ ਉਮਰ ਉਪਰੰਤ ਸ਼ਰਾਬ ਵੱਲ ਝੁਕਾਅ ਹੋ ਜਾਂਦਾ ਹੈ। ਜੇਕਰ ਦੂਜੇ ਪੜਾ ਵੱਲ ਵੀ ਧਿਆਨ ਨਾ ਦਿੱਤਾ ਜਾਵੇ ਤਾਂ ਫਿਰ ਤੀਜੇ ਪੜਾਅ ਵਿੱਚ ਉਸਦੇ ਹੱਥ ਵਿੱਚ ਚਿੱਟਾ ਅਤੇ ਸਰਿੰਜ ਹੁੰਦੀ ਹੈ। ਇਹ ਤੀਜਾ ਪੜਾਅ ਬਹੁਤ ਹੀ ਘਾਤਕ ਅਤੇ ਜਾਨਲੇਵਾ ਹੈ।

ਨਸ਼ਾ ਛਡਾਊ ਕੇਂਦਰ ਦੇ ਡਾਇਰੈਕਟਰ ਵਜੋਂ ਸੇਵਾ ਕਰਦਿਆਂ ਮੇਰੇ ਕੋਲ ਨੌਵੀਂ ਜਮਾਤ ਦੇ ਵਿਦਿਆਰਥੀ ਨੂੰ ਅਧਿਆਪਕ ਲੈ ਕੇ ਆਏ। ਉਹ ਸਵੇਰ ਦੀ ਸਭਾ ਸਮੇਂ ਬੇਹੋਸ਼ ਹੋ ਕੇ ਡਿਗ ਪਿਆ ਸੀ। ਕੌਂਸਲਿੰਗ ਕਰਦਿਆਂ ਸਾਹਮਣੇ ਆਇਆ ਕਿ ਉਹ ਪਿਛਲੇ ਚਾਰ ਮਹੀਨਿਆਂ ਤੋਂ ਚਿੱਟੇ ਦੀ ਵਰਤੋਂ ਕਰਦਾ ਸੀ। ਉਸਨੇ ਪ੍ਰਗਟਾਵਾ ਕੀਤਾ ਕਿ ਸਕੂਲ ਵਿੱਚ ਹੋਰ ਕਈ ਵਿਦਿਆਰਥੀ ਵੀ ਚਿੱਟੇ ਦੀ ਵਰਤੋਂ ਕਰਦੇ ਹਨ। ਜਦੋਂ ਵਿਦਿਆਰਥੀ ਦੇ ਮਾਪਿਆਂ ਨੂੰ ਉਸਦੇ ਪੁੱਤਰ ਦੇ ਚਿੱਟੇ ਦਾ ਸ਼ਿਕਾਰ ਹੋਣ ਸਬੰਧੀ ਦੱਸਿਆ ਤਾਂ ਉਹਨਾਂ ਨੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਸਬੰਧੀ ਸਾਨੂੰ ਪਤਾ ਹੀ ਨਹੀਂ ਲੱਗਿਆ। ਉਸ ਨੂੰ ਨਸ਼ਾ ਛਡਾਊ ਕੇਂਦਰ ਵਿੱਚ ਦਾਖ਼ਲ ਕਰਕੇ ਮੁੱਖ ਧਾਰਾ ਵਿੱਚ ਲਿਆਂਦਾ ਗਿਆ। ਇੰਜ ਹੀ ਇੱਕ ਸੱਤਵੀਂ ਜਮਾਤ ਦਾ ਵਿਦਿਆਰਥੀ ਵੀ ਚਿੱਟਾ ਛੱਡਣ ਲਈ ਦਾਖ਼ਲ ਰਿਹਾ ਸੀ।

ਦਰਅਸਲ ਮਾਪਿਆਂ ਦੀ ਸੋਚ ਇਸ ਗੱਲ 'ਤੇ ਕੇਂਦਰਤ ਹੈ ਕਿ ਉਸ ਨੂੰ ਮਹਿੰਗੀ ਟਿਊਸ਼ਨ, ਮਹਿੰਗਾ ਮੋਟਰਸਾਈਕਲ ਅਤੇ ਮਹਿੰਗਾ ਮੋਬਾਇਲ ਲੈ ਕੇ ਦਿੱਤਾ ਜਾਵੇ। ਇਹ ਸਭ ਕੁਝ ਕਰਨ ਉਪਰੰਤ ਉਹ ਬੱਚਿਆਂ ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਆਪਣੇ ਆਪ ਨੂੰ ਮੁਕਤ ਸਮਝਦੇ ਹਨ। ਸਿਰਫ 2% ਮਾਪੇ ਸਕੂਲਾਂ ਵਿੱਚ ਜਾ ਕੇ ਆਪਣੇ ਬੱਚੇ ਦੀ ਕਾਰਗੁਜ਼ਾਰੀ ਸਬੰਧੀ ਪਤਾ ਕਰਨ ਲਈ ਜਾਂਦੇ ਹਨ। ਬਹੁਤ ਸਾਰੇ ਮਾਪੇ ਇਹ ਭੁੱਲ ਗਏ ਹਨ ਕਿ ਉਨ੍ਹਾਂ ਦੀ ਅਸਲ ਪੂੰਜੀ ਉਨ੍ਹਾਂ ਦੀਆਂ ਫੁੱਲੀਆਂ ਹੋਈਆਂ ਜੇਬਾਂ ਨਹੀਂ, ਸਗੋਂ ਔਲਾਦ ਹੈ। ਭਲਾ ਜੇ ਔਲਾਦ ਹੀ ਸਿਵਿਆਂ ਦੇ ਰਾਹ ਪੈ ਗਈ, ਫਿਰ ਪਦਾਰਥਕ ਦੌੜ ਦੀ ਕੀਮਤ ਕੀ ਹੈ ? ਮਾਪਿਆਂ ਨੂੰ ਸੁਝਾਅ ਹੈ ਕਿ ਉਹ ਆਪਣੀ ਔਲਾਦ 'ਤੇ ਬਾਜ਼ ਅੱਖ ਰੱਖਣ। ਜੇਕਰ ਔਲਾਦ ਦੀ ਸਿਹਤ ਵਿੱਚ ਦਿਨ-ਬ-ਦਿਨ ਨਿਘਾਰ ਆ ਰਿਹਾ ਹੈ, ਬਾਥਰੂਮ ਵਿੱਚ ਜ਼ਿਆਦਾ ਸਮਾਂ ਲਾਉਂਦਾ ਹੈ, ਪੜ੍ਹਨ ਵਾਲਾ ਕਮਰਾ ਬੰਦ ਕਰਕੇ ਅਗਰਬੱਤੀ ਲਾਉਂਦਾ ਹੈ, ਹਰ ਵੇਲੇ ਖਿਝਿਆ ਜਿਹਾ ਰਹਿੰਦਾ ਹੈ, ਵਿਦਿਆਰਥੀ ਦੇ ਜਾਣ ਬਾਅਦ ਉਸਦੇ ਕਮਰੇ ਦੀ ਫਰੋਲਾ ਫਰਾਲੀ ਕੀਤੀ ਜਾਵੇ। ਕਮਰੇ ਵਿੱਚ ਮਾਚਸਾਂ ਦਾ ਮਿਲਣਾ, ਵਰਤੀਆਂ ਜਾਂ ਅਣਵਰਤੀਆਂ ਸਰਿੰਜਾਂ ਦਾ ਮਿਲਣਾ, ਫੁਆਇਲ ਪੇਪਰ ਮਿਲਣਾ, ਚੰਗੇ ਸੰਕੇਤ ਨਹੀਂ। ਮਾਪਿਆਂ ਨੂੰ ਤੁਰੰਤ ਕਿਸੇ ਚੰਗੇ ਮਨੋਵਿਗਿਆਨਿਕ ਡਾਕਟਰ ਨਾਲ ਸੰਪਰਕ ਕਰਕੇ ਉਸਦਾ ਇਲਾਜ ਕਰਾਉਣਾ ਚਾਹੀਦਾ ਹੈ। ਕਈ ਵਾਰ ਮਾਪੇ ਸਮਾਜਕ ਨਮੋਸ਼ੀ ਕਾਰਨ ਅੰਦਰੋ ਅੰਦਰੀ ਥੋੜ੍ਹੀ ਮੋਟੀ ਚਾਰਾਜੋਈ ਕਰਦੇ ਹਨ। ਇਸ ਪੱਖ ਤੋਂ ਮਾਪਿਆਂ ਨੂੰ ਸੁਚੇਤ ਹੋ ਕੇ ਆਪਣੇ ਬੱਚੇ ਦੇ ਇਲਾਜ ਸਬੰਧੀ ਗੰਭੀਰ ਹੋਣਾ ਚਾਹੀਦਾ ਹੈ। ਸਮਾਜ ਨੂੰ ਤਾਂ ਉਸਦੀਆਂ ਆਦਤਾਂ ਸਬੰਧੀ ਕਾਫੀ ਹੱਦ ਤਕ ਪਹਿਲਾਂ ਹੀ ਪਤਾ ਲੱਗ ਚੁੱਕਿਆ ਹੁੰਦਾ ਹੈ। ਕਈ ਵਾਰ ਕੋਈ ਭਲਾ ਮਾਣਸ ਜੇਕਰ ਬੱਚੇ ਦੀ ਇਸ ਆਦਤ ਸਬੰਧੀ ਮਾਪਿਆਂ ਨੂੰ ਦੱਸਦਾ ਹੈ ਤਾਂ ਮਾਪੇ ਇਹ ਕਹਿ ਕੇ ਉਸਦੇ ਗਲ ਪੈ ਜਾਂਦੇ ਹਨ, "ਤੈਨੂੰ ਕੋਈ ਭੁਲੇਖਾ ਲੱਗਿਐ, ਸਾਡੇ ਮੁੰਡੇ ਦੀ ਤਾਂ ਕੋਈ ਸਹੁੰ ਨਹੀਂ ਖਾਂਦਾ।" ਬੱਸ, ਐਦਾਂ ਦੀ ਮੁੰਡੇ ਦੇ ਮੂੰਹ 'ਤੇ ਹੀ ਕੀਤੀ ਵਡਿਆਈ ਉਸਦੀ ਇਸ ਬੁਰਿਆਈ ਨੂੰ ਹੋਰ ਬਲ ਬਖਸ਼ਦੀ ਹੈ।

ਪਿਛਲੇ ਦਿਨੀਂ ਲੁਧਿਆਣਾ ਦੇ ਸਕੂਲਾਂ ਦੇ ਆਲੇ ਦੁਆਲੇ ਖੁੱਲ੍ਹੀਆਂ ਹੋਈਆਂ ਚਾਹ ਦੀਆਂ ਦੁਕਾਨਾਂ, ਫਰੂਟ ਦੀਆਂ ਦੁਕਾਨਾਂ, ਪਾਨ ਅਤੇ ਹੋਰ ਨਿਕਸੁਕ ਦੀਆਂ ਦੁਕਾਨਾਂ ਦੀ ਪੁਲਿਸ ਵਿਭਾਗ ਵੱਲੋਂ ਤਲਾਸ਼ੀ ਲਈ ਗਈ। ਸਿਗਨੇਚਰ ਕੈਪਸੂਲ, ਸਿਗਰਟਾਂ ਅਤੇ ਹੋਰ ਨਸ਼ੇ ਦਾ ਸਮਾਨ ਉਨ੍ਹਾਂ ਕੋਲੋਂ ਬਰਾਮਦ ਹੋਇਆ ਸੀ। ਬਰਾਮਦਗੀ ਸਮੇਂ ਇਹ ਵੀ ਪਤਾ ਲੱਗਿਆ ਸੀ ਕਿ ਵਿਦਿਆਰਥੀ ਕੋਡ ਸ਼ਬਦ ਦੀ ਵਰਤੋਂ ਕਰਕੇ ਦੁਕਾਨਦਾਰ ਤੋਂ ਨਸ਼ਾ ਪ੍ਰਾਪਤ ਕਰਦੇ ਸਨ। ਇਸ ਸਬੰਧੀ ਅਧਿਆਪਕਾਂ ਨੂੰ ਬੇਨਤੀ ਹੈ ਕਿ ਅਜਿਹੇ ਦੁਕਾਨਦਾਰਾਂ 'ਤੇ ਬਾਜ਼ ਅੱਖ ਰੱਖੀ ਜਾਵੇ ਅਤੇ ਲੋੜ ਅਨੁਸਾਰ ਪੁਲਿਸ ਦੀ ਸਹਾਇਤਾ ਨਾਲ ਉਹਨਾਂ 'ਤੇ ਬਣਦੀ ਕਾਰਵਾਈ ਕਰਵਾਈ ਜਾਵੇ। ਨਸ਼ਾ ਛੁਡਾਊ ਕੇਂਦਰਾਂ ਵਿੱਚ ਜਿਹੜੇ ਨਸ਼ਈ ਮਰੀਜ਼ ਇਲਾਜ ਕਰਵਾਉਣ ਲਈ ਆਉਂਦੇ ਹਨ ਉਨ੍ਹਾਂ ਵਿੱਚੋਂ ਅੰਦਾਜ਼ਨ 5 ਫੀਸਦੀ 18 ਸਾਲ ਤੋਂ ਘੱਟ ਉਮਰ ਦੇ ਹੁੰਦੇ ਹਨ। ਇਨ੍ਹਾਂ ਪੰਜ ਪ੍ਰਤੀਸ਼ਤ ਨਸ਼ਈਆਂ ਵਿੱਚੋਂ 70% ਚਿੱਟੇ ਦੇ ਆਦੀ ਅਤੇ 30% ਮੈਡੀਕਲ ਨਸ਼ੇ ਦੇ ਆਦੀ ਹੁੰਦੇ ਹਨ।

ਪੰਜਾਬ ਵਿੱਚ ਨਸ਼ਿਆਂ ਦੇ ਮੁੱਦੇ 'ਤੇ ਜਿੰਨੀਂ ਸਿਆਸੀ ਬਿਆਨਬਾਜ਼ੀ ਅਤੇ ਮਾਅਰਕੇ ਬਾਜ਼ੀ ਹੋ ਰਹੀ ਹੈ, ਜ਼ਮੀਨੀ ਪੱਧਰ 'ਤੇ ਇਸਦੀ ਰੋਕਥਾਮ ਲਈ ਐਨਾ ਕੰਮ ਨਹੀਂ ਹੋਇਆ। ਜੇਕਰ ਅਜਿਹਾ ਸੰਭਵ ਹੁੰਦਾ ਤਾਂ ਨਾ ਤਾਂ ਸਿਵਿਆਂ ਵਿੱਚ ਨਸ਼ਿਆਂ ਦੀ ਭੇਂਟ ਚੜ੍ਹੇ ਨੌਜਵਾਨਾਂ ਨੂੰ ਅਗਨ ਭੇਟ ਕਰਨ ਲਈ ਐਨੀ ਭੀੜ ਹੁੰਦੀ ਅਤੇ ਨਾ ਹੀ ਸੱਥਰਾਂ 'ਤੇ ਮਨਾਂ ਨੂੰ ਵਲੂੰਧਰਨ ਵਾਲੇ ਵੈਣ ਸੁਣਨ ਨੂੰ ਮਿਲਦੇ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ ਪੰਜਾਬ ਦੀ ਅਬਾਦੀ ਕੁੱਲ ਦੇਸ਼ ਦੀ ਅਬਾਦੀ ਦਾ 2.21% ਹੈ, ਪਰ ਓਵਰਡੋਜ਼ ਨਾਲ ਮਰਨ ਵਾਲਿਆਂ ਦੀ ਗਿਣਤੀ ਕੁੱਲ ਦੇਸ਼ ਵਿੱਚ ਹੋਈਆਂ ਮੌਤਾਂ ਦਾ 21% ਹੈ। ਇੱਥੇ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਫਰੀਦਕੋਟ ਪੁਲਿਸ ਨੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਨੂੰ ਗ੍ਰਿਫਤਾਰ ਕੀਤਾ ਹੈ ਜੋ ਅਗਾਂਹ 30 ਕਿਲੋ ਅਫੀਮ ਸਪਲਾਈ ਕਰਨ ਜਾ ਰਿਹਾ ਸੀ। ਇਸੇ ਤਰ੍ਹਾਂ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਕੋਹਾਲੀ ਦਾ ਸਕੂਲੀ ਵਿਦਿਆਰਥੀ ਚਿੱਟੇ ਦੀ ਓਵਰਡੋਜ਼ ਨਾਲ ਮੌਤ ਦਾ ਸ਼ਿਕਾਰ ਹੋ ਗਿਆ।

"ਯੁੱਧ ਨਸ਼ਿਆਂ ਵਿਰੁੱਧ" ਦੀ ਅਗਲੀ ਕੜੀ ਵਿੱਚ ਪੰਜਾਬ ਸਰਕਾਰ ਨੇ ਫਾਜ਼ਿਲਕਾ ਜ਼ਿਲ੍ਹੇ ਦੇ ਅਰਨੀਵਾਲਾ ਐਮੀਨੈਂਸ ਸਕੂਲ ਵਿੱਚ 1 ਅਗਸਤ ਨੂੰ ਸਮਾਗਮ ਕਰਕੇ ਛੇ ਜ਼ਿਲ੍ਹਿਆਂ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਬੁਲਾ ਕੇ ਨੌਵੀਂ ਤੋਂ ਬਾਰ੍ਹਵੀਂ ਤਕ ਦੇ ਸਿਲੇਬਸ ਵਿੱਚ ਨਸ਼ਿਆਂ ਦਾ ਸਿਲੇਬਸ ਸ਼ਾਮਲ ਕਰਨ ਦੀ ਯੋਜਨਾ ਅਰੰਭ ਕਰਨ ਦਾ ਐਲਾਨ ਕੀਤਾ ਹੈ। ਵਿਦਿਆਰਥੀ ਵਰਗ ਲਈ ਇਹ ਇੱਕ ਉਸਾਰੂ ਕਦਮ ਹੈ, ਪਰ ਇਸਦੇ ਨਾਲ ਹੀ ਮਾਪਿਆਂ ਅਤੇ ਅਧਿਆਪਕਾਂ ਦਾ ਰੋਲ ਮਾਡਲ ਹੋਣਾ, ਉਹਨਾਂ ਦਾ ਆਪਸ ਵਿੱਚ ਸੰਪਰਕ ਹੋਣਾ, ਸਮਾਜ ਦਾ ਨਾਲ ਜੁੜਨਾ ਅਤੇ ਰਾਜਸੀ ਦ੍ਰਿੜ੍ਹ ਇੱਛਾ ਸ਼ਕਤੀ ਨੂੰ ਅਮਲੀ ਜਾਮਾ ਪਹਿਨਾਉਣਾ ਅਤਿਅੰਤ ਜ਼ਰੂਰੀ ਹੈ। ਇਸ ਤਰ੍ਹਾਂ ਉਸਾਰੀ ਗਈ ਲੋਕ ਲਹਿਰ ਹੀ ਨਸ਼ਿਆਂ ਦੀ ਵਗਦੀ ਮਾਰੂ ਹਨੇਰੀ ਨੂੰ ਠੱਲ੍ਹ ਪਾ ਸਕੇਗੀ।

# ਕੀ ਸੰਭਾਵਨਾਵਾਂ ਤੇ ਚੁਣੌਤੀਆਂ ਹਨ ਨਵੇਂ ਅਕਾਲੀ ਦਲ ਲਈ

**ਪ੍ਰੋਫੈਸਰ ਰਣਜੀਤ ਸਿੰਘ ਧਨੋਆ**



ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋਏ ਬਾਗੀ ਗੁੱਟ ਨੇ ਆਪਣੇ ਧੜੇ ਦਾ ਪ੍ਰਧਾਨ ਥਾਪ ਕੇ ਇਕ ਵਾਰ ਤਾਂ ਉਨ੍ਹਾਂ ਸਭ ਸ਼ੰਕਿਆਂ ’ਤੇ ਵਿਸ਼ਰਾਮ ਚਿੰਨ ਲਗਾ ਦਿੱਤਾ ਹੈ, ਜਿਨ੍ਹਾਂ ਅਨੁਸਾਰ ਕਿਹਾ ਜਾਂਦਾ ਸੀ ਕਿ ਪ੍ਰਧਾਨ ਦੀ ਚੋਣ ਵਕਤ ਇਸ ਧੜੇ ਦੇ ਖਿਲਾਰੇ ਪੈ ਜਾਣਗੇ। ਸੁਣਨ ਵਿਚ ਇਹ ਤਰਕਪੂਰਨ ਵੀ ਜਾਪਦਾ ਸੀ, ਕਿਉਂਕਿ ਸਭ ਆਗੂ ਇਕੋ ਸਮੇਂ ਮੂਲ ਪਾਰਟੀ ’ਚੋਂ ਬਾਹਰ ਆਏ ਸਨ, ਲਿਹਾਜ਼ਾ ਸਿਆਸੀ ਮਾਮਲਿਆਂ ਦੇ ਜਾਣਕਾਰ ਸੋਚਦੇ ਸਨ ਕਿ ਪ੍ਰਧਾਨ ਚੁਣਨ ਲਈ ਲੋੜੀਂਦੀ ਸੀਨੀਆਰਤਾ ਨੂੰ ਕਿਵੇਂ ਮਾਪਦੰਡ ਵਜੋਂ ਦੇਖਿਆ ਜਾਵੇਗਾ ? ਫਿਰ ਕਿਸੇ ਪ੍ਰੋੜ੍ਹ ਸਿਆਸੀ ਭੱਥੇ ’ਚੋਂ ਇਕ ਤੀਰ ਅਜਿਹਾ ਚੱਲਿਆ ਜੋ ਟਿਕਾਣੇ ਵੀ ਜਾ ਲੱਗਾ ਤੇ ਪ੍ਰਧਾਨ ਚੁਣਨ ਦੀ ਕਵਾਇਦ ਨੂੰ ਵੀ ਕਾਫੀ ਸਰਲ ਕਰ ਗਿਆ।

ਹੋਇਆ ਇਹ ਕਿ ਨਵੇਂ ਬਣੇ ਅਕਾਲੀ ਧੜੇ ਨੇ (ਭਾਵੇਂ ਉਨ੍ਹਾਂ ਨੇ ਪਾਰਟੀ ਦਾ ਅਜੇ ਕੋਈ ਪੱਕਾ ਨਾਮ ਨਹੀਂ ਰੱਖਿਆ ਬਲਕਿ ਭਰਤੀ ਕਮੇਟੀ ਹੀ ਆਖ ਰਹੇ ਹਨ) ਇਹ ਮਤਾ ਪਾ ਦਿੱਤਾ ਕਿ ਬਣਨ ਵਾਲਾ ਪ੍ਰਧਾਨ ਕਿਸੇ ਵੀ ਸੰਵਿਧਾਨਕ ਅਹੁਦੇ ਜਾਂ ਚੋਣ ਪ੍ਰਕਿਰਿਆ ਤੋਂ ਦੂਰ ਰਹੇਗਾ। ਪ੍ਰਧਾਨਗੀਆਂ ਦਾ ਅੰਤਿਮ ਉਦੇਸ਼ ਕੋਈ ਨਾ ਕੋਈ ਅਹੁਦਾ ਹੀ ਤਾਂ ਹੁੰਦਾ ਹੈ। ਬੱਸ ਫਿਰ ਕੀ ਸੀ, ਪ੍ਰਧਾਨਗੀ ਵਾਲੀ ਕਵਾਇਦ ਸੌਖੀ ਹੋ ਗਈ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਨਵੇਂ ਦਲ ਦਾ ਪ੍ਰਧਾਨ ਚੁਣ ਲਿਆ ਗਿਆ ਅਤੇ ਸਿੱਖ ਕੌਮ ਦੀ ਸਤਿਕਾਰਤ ਸ਼ਖਸੀਅਤ ਬੀਬੀ ਸਤਵੰਤ ਕੌਰ ਜੋ ਭਾਈ ਅਮਰੀਕ ਸਿੰਘ ਜੀ ਦੀ ਸਪੁੱਤਰੀ ਹੈ, ਨੂੰ ਧਾਰਮਿਕ ਮਸਲਿਆਂ ਦੇ ਹੱਲ ਲਈ ਬਣੀ ਪੰਥਕ ਕੌਂਸਲ ਦਾ ਚੇਅਰਪਰਸਨ ਥਾਪ ਦਿੱਤਾ ਗਿਆ। ਇਨ੍ਹਾਂ ਦੋ ਨਿਯੁਕਤੀਆਂ ਨਾਲ ਸੰਗਠਨ ਦੀ ਬਣਤਰ ਦੇ ਮੁਢਲੇ ਤੇ ਅਹਿਮ ਕਾਰਜ ਨੂੰ ਸੰਪੂਰਨ ਕਰਨ ਤੋਂ ਬਾਅਦ ਅਗਲੀ ਵਿਉਂਤਬੰਦੀ ਲਈ ਰਾਹ ਪੱਧਰਾ ਕਰ ਲਿਆ ਗਿਆ। ਹਥਲੇ ਲੇਖ ਵਿਚ ਇਸ ਨਵੇਂ ਬਣੇ ਸੰਗਠਨ ਦੀਆਂ ਸੰਭਾਵਨਾਵਾਂ ਤੇ ਦਰਪੇਸ਼ ਚੁਣੌਤੀਆਂ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕਰਾਂਗੇ।

ਸੰਭਾਵਨਾਵਾਂ ਦੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਸੰਖੇਪ ਵਿਚ ਸਮੇਂ ਦੇ ਥੋੜ੍ਹੇ ਜਿਹੇ ਵਰਕੇ ਪਿਛਾਂਹ ਨੂੰ ਪਲਟਣੇ ਪੈਣਗੇ। 2015 ਤੋਂ ਸ਼ੁਰੂ ਹੋਈਆਂ ਬੇਅਦਬੀਆਂ ’ਤੇ ਡੇਰਾ ਮੁਖੀ ਦੀ ਮੁਆਫੀ ਦੇ ਪ੍ਰਸੰਗ ਵਿਚ ਉਪਜੀਆਂ ਇਕ ਤੋਂ ਬਾਅਦ ਇਕ ਘਟਨਾਵਾਂ ਨੇ ਜਿੱਥੇ ਲੋਕਾਂ ਦੀ ਧਾਰਮਿਕ ਆਸਥਾ ਨੂੰ ਚੋਟ ਪਹੁੰਚਾਈ, ਉਥੇ ਉਹ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਵਿਚ ਰੋਸ ਦੀ ਭਾਵਨਾ ਨੂੰ ਪ੍ਰਚੰਡ ਕਰ ਗਈਆਂ। ਲਗਾਤਾਰ ਦਸ ਸਾਲ ਸੂਬੇ ਦੀ ਸਿਆਸੀ ਫਿਜ਼ਾ ’ਚ ਮਾਲਕ ਬਣ ਕੇ ਵਿਚਰਿਆ ਅਕਾਲੀ ਦਲ ਲੋਕ ਮਨਾਂ ਤੋਂ ਹੀ ਨਹੀਂ, ਪੰਜਾਬ ਦੇ ਸਿਆਸੀ ਨਕਸ਼ੇ ਤੋਂ ਵੀ ਹਾਸ਼ੀਏ ’ਤੇ ਚਲਾ ਗਿਆ। ਦਲ ਦੇ ਜ਼ਿੰਮੇਵਾਰ ਅਹੁਦਿਆਂ ’ਤੇ ਬਿਰਾਜਮਾਨ ਆਗੂਆਂ ਨੇ ਪਹਿਲਾਂ ਤਾਂ ਸੋਚਿਆ ਕਿ ਸਮਾਂ ਵੱਡੇ ਤੋਂ ਵੱਡਾ ਜ਼ਖ਼ਮ ਭਰ ਦਿੰਦਾ ਹੈ, ਲਿਹਾਜ਼ਾ ਸਿੱਖ ਸੰਗਤ ਵੀ ਉਨ੍ਹਾਂ ਤੋਂ ਹੋਈਆਂ ਭੁੱਲਾਂ ਵਧੀਕੀਆਂ ਨੂੰ ਭੁੱਲ-ਭੁਲਾ ਜਾਵੇਗੀ, ਪ੍ਰੰਤੂ ਉਪਰੋਥਲੀ ਹੋਈਆਂ ਵਿਧਾਨ ਸਭਾ, ਲੋਕ ਸਭਾ ਤੇ ਜ਼ਿਮਨੀ ਚੋਣਾਂ ਵਿਚ ਜਿਵੇਂ ਕਹਿੰਦੇ ਕਹਾਉਂਦੇ ਆਗੂਆਂ ਦੀਆਂ ਜ਼ਮਾਨਤਾਂ ਜ਼ਬਤ ਹੋਈਆਂ, ਉਸ ਨਾਲ ਇਨ੍ਹਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਤੇ ਕੁਝ ਆਗੂ ਬਗਾਵਤ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਜਾ ਪੇਸ਼ ਹੋਏ।

ਫਿਰ ਦੋ ਦਸੰਬਰ ਦਾ ਹੁਕਮਨਾਮਾ ’ਤੇ ਬਾਅਦ ਵਿਚ ਪੜਾਅ-ਦਰ-ਪੜਾਅ ਵਾਪਰੀਆਂ ਸਿਆਸੀ ਤੇ ਧਾਰਮਿਕ ਘਟਨਾਵਾਂ ਤੋਂ ਬਾਅਦ ਨਵੇਂ ਦਲ ਦਾ ਪ੍ਰਧਾਨ ਬਣਨ ਤੱਕ ਗੱਲ ਜਾ ਪਹੁੰਚੀ, ਜਿਸ ਤੋਂ ਸਭ ਵਾਕਿਫ ਹਨ, ਲਿਹਾਜ਼ਾ ਤ਼ਫਸੀਲ ਵਿਚ ਜਾਣ ਦੀ ਲੋੜ ਨਹੀਂ। ਸੁਖਬੀਰ ਸਿੰਘ ਬਾਦਲ ਦਾ ਅਕਾਲ ਤਖ਼ਤ ਸਾਹਿਬ ਤੋਂ ਮੁਆਫੀ ਮੰਗ ਕੇ ਤੇ ਸੇਵਾ ਪੂਰੀ ਕਰਨ ਤੋਂ ਬਾਅਦ ਇਹ ਕਹਿਣਾ ਕਿ ‘ਅਸੀਂ ਸਜ਼ਾ ਆਪਣੀ ਝੋਲੀ ਪਵਾ ਲਈ ਭਾਵੇਂ ਅਸੀਂ ਕੀਤਾ ਕੁਝ ਨਹੀਂ’ ਬਣੀ ਬਣਾਈ ਖੇਡ ਵਿਗਾੜ ਗਿਆ, ਕਿਉਂਕਿ ਸੱਤਾ ਸੁਖ ਭੋਗਦਿਆਂ ਖਾਸ ਕਰਕੇ 2012 ਤੋਂ 2017 ਤੱਕ ਜਿਹੋ ਜਿਹੇ ਫੈਸਲੇ ਅਕਾਲੀ ਸਰਕਾਰ (ਜਿਸ ਵਿਚ ਸੁਖਬੀਰ ਸਿੰਘ ਬਾਦਲ ਦਾ ਵਿਸ਼ੇਸ਼ ਪ੍ਰਭਾਵ ਸੀ) ਨੇ ਲਏ ਉਹ ਸਭ ਦੇ ਸਾਹਮਣੇ ਹਨ, ਕਿਸੇ ਤੋਂ ਲੁਕੇ ਛਿਪੇ ਨਹੀਂ। ਇਹ ਜਨਤਾ ਨਾਲ ਕੀਤੇ ਉਸ ਵਾਅਦੇ ਨਾਲ ਸੱਤਾ ਵਿਚ ਆਏ ਸਨ, ਕਿ ਇਕ ਕਮਿਸ਼ਨ ਬਣਾਵਾਂਗੇ, ਜੋ ਜਾਂਚ ਕਰੇਗਾ ਤੇ ਜਿਨੇ ਵੀ ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀ ਜਨਤਾ ’ਤੇ ਜਬਰ-ਜ਼ੁਲਮ ਕਰਨ ਦੇ ਦੋਸ਼ੀ ਪਾਏ ਗਏ ਸਭ ਨੂੰ ਕਟਹਿਰੇ ’ਚ ਖੜ੍ਹਾ ਕੀਤਾ ਜਾਵੇਗਾ। ਜਨਤਾ ਨੂੰ ਆਸ ਬੱਝੀ ਤੇ ਭਾਰਤੀ ਜਨਤਾ ਪਾਰਟੀ ਦੇ ਸਾਥ ਨਾਲ ਅਕਾਲੀ ਦਲ ਪੰਜਾਬ ਵਿਚ ਸਰਕਾਰ ਬਣਾਉਣ ’ਚ ਕਾਮਯਾਬ ਹੋ ਗਿਆ। ਅਫਸੋਸ ਨਾਲ ਲਿਖਣਾ ਪੈ ਰਿਹਾ ਹੈ, ਕਿ ਜਿਹੜੇ ਕਮਿਸ਼ਨ ਦੀ ਗੱਲ ਕਰ ਕੇ ਆਮ ਲੋਕਾਂ ਦੀ ਭਾਵਨਾਤਮਿਕ ਹਮਾਇਤ ਹਾਸਿਲ ਕੀਤੀ ਗਈ ਸੀ, ਸੱਤਾ ’ਚ ਆਉਣ ਸਾਰ ਪਾਰਟੀ ਉਹ ਵਾਅਦੇ ਭੁੱਲ-ਭੁਲਾ ਗਈ। ਉਲਟਾ 2012 ਵਿਚ ਉਨ੍ਹਾਂ ਹੀ ਪੁਲਿਸ ਅਧਿਕਾਰੀਆਂ ਨੂੰ ਤਰੱਕੀਆਂ ਤੇ ਟਿਕਟਾਂ ਨਾਲ ਨਿਵਾਜਿਆ ਗਿਆ, ਜਿਨ੍ਹਾਂ ’ਤੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਖੇਡਣ ਦੇ ਦੋਸ਼ ਲਗਦੇ ਰਹੇ। ਸੁਮੇਧ ਸਿੰਘ ਸੈਣੀ ਨੂੰ ਪੁਲਿਸ ਮੁਖੀ ਲਾਉਣਾ, ਇਜ਼ਹਾਰ ਆਲਮ ਪਰਿਵਾਰ ਨੂੰ ਮਾਲੇਰਕੋਟਲਾ ਵਿਧਾਨ ਸਭਾ ਹਲਕੇ ਤੋਂ ਟਿਕਟ ਦੇਣਾ, ਡੇਰਾ ਮੁਖੀ ਨੂੰ ਬਿਨ ਮੰਗੇ ਮੁਆਫੀ ਤੇ ਬਰਗਾੜੀ ਗੋਲੀ ਕਾਂਡ ਸੱਚਮੁੱਚ ਇਨ੍ਹਾਂ ਘਟਨਾਵਾਂ ਨੇ ਸੁਖਬੀਰ ਸਿੰਘ ਬਾਦਲ ਨੂੰ ਸਿੱਖ ਹਿਰਦਿਆਂ ਤੋਂ ਲਾਂਭੇ ਕਰ ਦਿੱਤਾ। ਇਨ੍ਹਾਂ ਫੈਸਲਿਆਂ ਪਿੱਛੇ ਪਾਰਟੀ ਦੀ ਕੋਈ ਮਜਬੂਰੀ ਸੀ ਜਾਂ ਮਨੋਦਸ਼ਾ ’ਚ ਆਇਆ ਕੋਈ ਖਲਾਅ ਲੋਕਾਂ ਨੂੰ ਅੱਜ ਤੱਕ ਸਮਝ ਨਹੀਂ ਆਇਆ। ਉਕਤ ਕਾਰਨਾਂ ਦੇ ਪ੍ਰਤੀਕਰਮ ਵਜੋਂ ਹੀ ਉਹ ਸਾਰੀਆਂ ਸੰਭਾਵਨਾਵਾਂ ਬਣੀਆਂ ਜਿਨ੍ਹਾਂ ਕਾਰਨ ਪੰਜਾਬ ਦੇ ਲੋਕ ਸੂਬੇ ਵਿਚ ਨਵੇਂ ਬਣ ਰਹੇ ਦਲਾਂ ਜਾਂ ਪਾਰਟੀਆਂ ਤੋਂ ਆਸਾਂ ਰੱਖਦੇ ਪ੍ਰਤੀਤ ਹੁੰਦੇ ਰਹੇ ਹਨ। ਹਾਲ ਹੀ ਵਿਚ ਬਾਬਾ ਬਕਾਲਾ ਸਾਹਿਬ ਵਿਖੇ ਹੋਈਆਂ ਵੱਖ-ਵੱਖ ਪਾਰਟੀਆਂ ਦੀਆਂ ਰੈਲੀਆਂ ਵਿਚ ਹੋਏ ਇਕੱਠਾਂ ਨੇ ਵੀ ਇਸ ਗੱਲ ’ਤੇ ਮੋਹਰ ਲਾਈ ਹੈ।

ਇਸੇ ਤਰ੍ਹਾਂ ਗੁਰਦੁਆਰਾ ਪ੍ਰਬੰਧਾਂ ਦੀ ਦੇਖਭਾਲ ਲਈ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰਾਂ ਦੇ ਪ੍ਰਬੰਧ ਬਾਰੇ ਅਵੇਸਲੇ ਹੋ ਜਾਣਾ ਵੀ ਨਵੇਂ ਦਲ ਲਈ ਸੰਭਾਵਨਾ ਲੈ ਕੇ ਆਇਆ ਹੈ। ਕਦੇ ਨਹੀਂ ਸੀ ਸੁਣਿਆ ਸ਼੍ਰੋਮਣੀ ਕਮੇਟੀ ਦਾ ਕੋਈ ਵ਼ਫਦ ਕਿਸੇ ਪਿੰਡ ਜਾਂ ਸ਼ਹਿਰ ਕਿਸੇ ਗੁਰੂ ਘਰ ਦੇ ਪ੍ਰਬੰਧਾਂ ਦੀ ਪੜਚੋਲ ਲਈ ਪਹੁੰਚਿਆ ਹੋਵੇ। ਅੰਤ ਨਿਰਾਸ਼ ਹੋਏ ਲੋਕਾਂ ਨੇ ਆਪੋ ਆਪਣੀ ਸਮੱਰਥਾ ਮੁਤਾਬਿਕ ’ਸਤਿਕਾਰ ਕਮੇਟੀਆਂ’ ਬਣਾਉਣ ਦੀ ਸੋਚੀ ਜੋ ਗੁਰਮਤਿ ਅਤੇ ਗੁਰੂ ਆਸੇ ਤੋਂ ਉਲਟ ਹੋ ਰਹੇ ਮਨਮਤਿ ਦੇ ਖਿਲਾਫ ਮਿਲਦੀਆਂ ਸ਼ਿਕਾਇਤਾਂ ਦੀ ਪੜਚੋਲ ਲਈ ਪਹੁੰਚਦੀਆਂ ਰਹੀਆਂ ਹਨ, ਭਾਵੇਂ ਕਿ ਕਈ ਥਾਵਾਂ ’ਤੇ ਉਨ੍ਹਾਂ ਦੀਆਂ ਸਰਗਰਮੀਆਂ ਨਾਲ ਵੀ ਵਿਵਾਦ ਪੈਦਾ ਹੋਏ ਹਨ। ਨਵੇਂ ਬਣੇ ਦਲ ਤੋਂ ਇਹ ਸੰਭਾਵਨਾ ਬਣਦੀ ਨਜ਼ਰ ਆਉਂਦੀ ਹੈ, ਕਿ ਗੁਰਦੁਆਰਾ ਪ੍ਰਬੰਧਾਂ ਵਿਚ ਸੁਧਾਰ ਲਈ ਨਵੇਂ ਸਿਰਿਓਂ ਯਤਨ ਕੀਤੇ ਜਾਣਗੇ। ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਹੋਏ ਹੁਕਮਨਾਮਿਆਂ ਨੂੰ ਅਮਲ ਵਿਚ ਲਿਆਉਣ ਦੀ ਕੋਈ ਚਾਰਾਜੋਈ ਆਰੰਭੀ ਜਾਵੇਗੀ। ਧਰਮ ਪ੍ਰਚਾਰ ਲਹਿਰ ਸ਼ੁਰੂ ਕਰਨ, ਸਿੱਖੀ ਸਿਧਾਂਤਾਂ ਦੀ ਤਰਜ਼-ਏ-ਜ਼ਿੰਦਗੀ ਦੇ ਰਾਹ ਖੋਲ੍ਹਣ ਲਈ ਨੌਜਵਾਨਾਂ ਲਈ ਕੋਈ ਪ੍ਰੇਰਨਾਦਾਇਕ ਪ੍ਰੋਗਰਾਮ ਉਲੀਕਿਆ ਜਾਵੇਗਾ, ਜੋ ਅੱਜ ਦੇ ਸਮੇਂ ਦੀ ਮੁੱਖ ਲੋੜ ਭਾਸਦੀ ਹੈ। ਇਸ ਤੋਂ ਇਲਾਵਾ ਪੰਥ ਨਵੇਂ ਦਲ ਤੋਂ ਇਹ ਵੀ ਆਸ ਰੱਖੇਗਾ ਕਿ ਪੰਥ ਤੇ ਪੰਜਾਬ ਦੇ ਧਾਰਮਿਕ, ਸਿਆਸੀ ਅਤੇ ਆਰਥਿਕ ਮਸਲਿਆਂ ਦੇ ਨਿਪਟਾਰੇ ਲਈ ਵੀ ਨਵੇਂ ਪ੍ਰੋਗਰਾਮ ਉਲੀਕੇਗਾ।

ਜੇ ਚੁਣੌਤੀਆਂ ਦੀ ਗੱਲ ਕਰਨੀ ਹੋਵੇ ਤਾਂ ਨਵੇਂ ਬਣੇ ਦਲ ਅੱਗੇ ਇਕ ਨਹੀਂ ਅਨੇਕ ਚੁਣੌਤੀਆਂ ਹਨ। ਸਭ ਤੋਂ ਪਹਿਲਾਂ ਨਾਂਅ ਦੀ ਚੁਣੌਤੀ ਹੈ। ਕੀ ’ਸ਼੍ਰੋਮਣੀ ਅਕਾਲੀ ਦਲ’ ਨਾਂਅ ਹਾਸਿਲ ਕਰਨ ਲਈ ਕੋਈ ਕਾਨੂੰਨੀ ਪਹਿਲ ਸ਼ੁਰੂ ਕੀਤੀ ਜਾਵੇਗੀ, ਜਿਸ ਨਾਲ ਚੋਣ ਨਿਸ਼ਾਨ ਤੇ ਦ਼ਫਤਰ ਦੇ ਮਾਮਲੇ ਵੀ ਜੁੜੇ ਹੋਏ ਹਨ। ਇਹ ਅਤਿ ਗੁੰਝਲਦਾਰ ਤੇ ਲੰਮੇਰੀ ਕਾਨੂੰਨੀ ਪ੍ਰਕਿਰਿਆ ਵਾਲਾ ਅਮਲ ਹੈ, ਜੋ ਹਾਲ ਦੀ ਘੜੀ ਨਵਾਂ ਬਣਿਆ ਦਲ ਇਸ ਤੋਂ ਗੁਰੇਜ਼ ਕਰੇਗਾ। ਜੇਕਰ ਦਲ ਪੁਰਾਣੀਆਂ ਰਵਾਇਤਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਨਾਂਅ ਰੱਖ ਕੇ ਬਰੈਕਟ ਵਿਚ ਕੋਈ ਹੋਰ ਸ਼ਬਦ ਲਾ ਕੇ ਨਵਾਂ ਨਾਂਅ ਰੱਖਦਾ ਹੈ, ਤਾਂ ਇਹ ਰਾਹ ਇਸ ਤੋਂ ਵੀ ਔਖਾ ਹੈ। ਭਾਰਤੀ ਚੋਣ ਕਮਿਸ਼ਨ ਕੋਲ ਬਤੌਰ ਖੇਤਰੀ ਪਾਰਟੀ ਰਜਿਸਟਰ ਹੋਣ ਤੇ ਇਕ ਚੋਣ ਨਿਸ਼ਾਨ ਹਾਸਿਲ ਕਰਨ ਲਈ ਨਿਰਧਾਰਿਤ ਸ਼ਰਤਾਂ ਪੂਰੀਆਂ ਕਰਨੀਆਂ ਵੀ ਸੌਖਾ ਕੰਮ ਨਹੀਂ। ਸੂਬੇ ਦੇ ਕੁੱਲ ਵੋਟਾਂ ਦਾ 6% ਹਾਸਿਲ ਕਰਨਾ ਜਾਂ ਦੋ ਵਿਧਾਨ ਸਭਾ ਸੀਟਾਂ ਜਾਂ ਇਕ ਲੋਕ ਸਭਾ ਸੀਟ ਜਿੱਤਣੀ ਜ਼ਰੂਰੀ ਹੈ, ਫਿਰ ਕਿਧਰੇ ਜਾ ਕੇ ਪਾਰਟੀ ਨੂੰ ਇਕ ਚੋਣ ਨਿਸ਼ਾਨ ਮਿਲ ਸਕਦਾ ਹੈ। ਅਗਲੀ ਚੁਣੌਤੀ ਲੋਕਾਂ ਦਾ ਯਕੀਨ ਜਿੱਤਣ ਦੀ ਹੋਵੇਗੀ। ਉਹ ਕਿਹੜੇ ਨੁਕਤੇ ਹੋਣਗੇ, ਜਿਨ੍ਹਾਂ ਨੂੰ ਆਧਾਰ ਬਣਾ ਕੇ ਇਹ ਦਲ ਲੋਕਾਂ ਵਿਚ ਆਪਣੀ ਥਾਂ ਬਣਾਉਣ ਵਿਚ ਸਫਲ ਹੋ ਸਕੇਗਾ। ਚੋਣ ਪ੍ਰਕਿਰਿਆ ਦੌਰਾਨ ਜਦੋਂ ਕੋਈ ਉਮੀਦਵਾਰ ਵੋਟ ਮੰਗਣ ਕਿਸੇ ਵੋਟਰ ਦੇ ਬੂਹੇ ’ਤੇ ਦਸਤਕ ਦਿੰਦਾ ਹੈ ਤਾਂ ਵੋਟਰ ਵਲੋਂ ਸੰਭਾਵਿਤ ਪੁੱਛੇ ਜਾਣ ਵਾਲੇ ਇਸ ਪ੍ਰਸ਼ਨ ਦਾ ਜਵਾਬ ਉਹ ਕੀ ਤੇ ਕਿਵੇਂ ਦੇਣਗੇ ਕਿ ਅਸੀਂ ’ਤੁਹਾਨੂੰ ਵੋਟ ਕਿਉਂ ਦੇਈਏ ?

ਇਸ ਤੋਂ ਇਲਾਵਾ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼ਾਇਦ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਆ ਜਾਣ, ਜਿਸ ਵਿਚ ਉਮੀਦਵਾਰ ਉਤਾਰਨੇ ਇਸ ਨਵੇਂ ਬਣੇ ਦਲ ਲਈ ਇਕ ਵੱਖਰੀ ਚੁਣੌਤੀ ਹੋਵੇਗੀ। ਪਾਰਟੀ ਢਾਂਚਾ ਮੁਕੰਮਲ ਕਰਨਾ ਤੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਇਹ ਦਲ ਕਿਹੋ ਜਿਹੀ ਕਾਰਗੁਜ਼ਾਰੀ ਦਿਖਾਉਂਦਾ ਹੈ, ਉਹ ਵੀ ਵੱਡੇ ਅਰਥ ਰੱਖੇਗੀ। ਹੁਣ ਸੋਸ਼ਲ ਮੀਡੀਆ ਦਾ ਯੁੱਗ ਹੈ ਮੂੰਹੋਂ ਨਿਕਲੇ ਸ਼ਬਦ ਦੂਰ ਤੱਕ ਪਹੁੰਚ ਰਹੇ ਹਨ। ਇਸ ਨਵੇਂ ਬਣੇ ਸੰਗਠਨ ਨੂੰ ਲੋਕ ਕਿਵੇਂ ਤੇ ਕਿੰਨਾ ਕੁ ਪ੍ਰਵਾਨ ਕਰਦੇ ਹਨ, ਇਸ ਬਾਰੇ ਕੁੱਝ ਕਹਿਣਾ ਭਾਵੇਂ ਅਜੇ ਸਮੇਂ ਤੋਂ ਪਹਿਲਾਂ ਬੋਲਣ ਵਾਲੀ ਗੱਲ ਹੋਵੇਗੀ, ਪ੍ਰੰਤੂ ਇਕ ਗੱਲ ਜ਼ਰੂਰ ਹੈ, ਕਿ ਇਸ ਨਵੇਂ ਬਣੇ ਦਲ ਨੇ ਦੇਸ਼-ਵਿਦੇਸ਼ ਵਿਚ ਬੈਠੀਆਂ ਸਿੱਖ ਸੰਗਤਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ।

## ਵਿਸ਼ਵ ਦੇ ਮਹਾਨ ਖਿਡਾਰੀ

# ਕੈਨੇਡਾ ਦੀ ਚਰਚਿਤ ਤੈਰਾਕ ਸਮਰ ਮੈਕਿਨਟੌਸ਼

ਪ੍ਰਿੰ. ਸਰਵਣ ਸਿੰਘ



ਕੈਨੇਡਾ ਦੀ ਤੂਫਾਨਮੇਲ ਤੈਰਾਕ ਸਮਰ ਮੈਕਿਨਟੌਸ਼ ਅੱਜਕੱਲ੍ਹ ਪੂਰੀ ਚਰਚਾ ਵਿਚ ਹੈ। ਲੋਕ ਜਾਣਨਾ ਚਾਹੁੰਦੇ ਨੇ ਕਿ ਉਹ ਹੈ ਕੀ ਸ਼ੈਅ? ਕੀ ਉਹ ਮਾਈਕਲ ਫੈਲਪਸ ਬਣ ਸਕੇਗੀ? ਅਮਰੀਕਾ ਦੇ ਮਾਈਕਲ ਫੈਲਪਸ ਨੇ 4 ਓਲੰਪਿਕ ਖੇਡਾਂ 'ਚੋਂ 23 ਸੋਨੇ, 3 ਚਾਂਦੀ, 2 ਕਾਂਸੀ, ਕੁਲ 28 ਤਗ਼ਮੇ ਜਿੱਤੇ ਸਨ! ਉਹ ਓਲੰਪਿਕ ਖੇਡਾਂ ਦੇ ਇਤਿਹਾਸ ਦਾ ਸਭ ਤੋਂ ਵੱਧ ਮੈਡਲ ਜਿੱਤਣ ਵਾਲਾ ਓਲੰਪੀਅਨ ਹੈ। ਉਸ ਤੋਂ ਪਹਿਲਾਂ ਸੋਵੀਅਤ ਰੂਸ ਦੀ ਲਾਰੀਸਾ ਲਤੀਨੀਨਾ ਦਾ 18 ਓਲੰਪਿਕ ਮੈਡਲ ਜਿੱਤਣ ਦਾ ਰਿਕਾਰਡ ਸੀ। ਸਮਰ ਨੇ ਅਜੇ ਕਈ ਸਾਲ ਤੈਰਨਾ ਹੈ। ਵੇਖਦੇ ਹਾਂ ਉਹ ਕਿੰਨੇ ਮੈਡਲ ਜਿੱਤ ਕੇ ਬੱਸ ਕਰਦੀ ਹੈ?

ਗੋਰੇ ਰੰਗ, ਭੂਰੇ ਵਾਲ ਤੇ ਲੰਮੇ ਕੱਦ ਦੀ ਸਮਰ ਅਜੇ ਚੌਦਾਂ ਸਾਲਾਂ ਦੀ ਸੀ ਕਿ ਉਸ ਨੇ ਅੰਤਰਰਾਸ਼ਟਰੀ ਪੱਧਰ 'ਤੇ ਧੁੰਮਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਅਠਾਰਾਂ ਸਾਲਾ ਦੀ ਹੋਈ ਤਾਂ ਪੈਰਿਸ ਦੀਆਂ ਓਲੰਪਿਕ ਖੇਡਾਂ 'ਚੋਂ 3 ਸੋਨ ਤਗਮੇ ਤੇ 1 ਚਾਂਦੀ ਦਾ ਤਗਮਾ ਜਿੱਤੀ। ਉਹਦਾ ਜਨਮ 18 ਅਗੱਸਤ 2006 ਨੂੰ ਟੋਰਾਂਟੋ ਵਿਚ ਹੋਇਆ। ਆਪਣੇ 19ਵੇਂ ਜਨਮ ਦਿਵਸ ਤਕ ਪਹੁੰਚਦਿਆਂ ਉਸ ਨੇ ਓਲੰਪਿਕ ਖੇਡਾਂ, ਕਾਮਨਵੈਲਥ ਖੇਡਾਂ, ਵਿਸ਼ਵ ਤੈਰਾਕੀ ਚੈਂਪੀਅਨਸ਼ਿਪਾਂ ਅਤੇ ਫਿਨਾ ਵਰਲਡ ਚੈਂਪੀਅਨਸ਼ਿਪਾਂ ਵਿਚੋਂ ਏਨੇ ਮੈਡਲ ਜਿੱਤੇ ਕਿ ਉਹਦੇ ਗੋਲਡ, ਸਿਲਵਰ ਤੇ ਬ੍ਰਾਂਜ ਮੈਡਲਾਂ ਦੀ ਗਿਣਤੀ ਦੋ ਦਰਜਨ ਤੋਂ ਟੱਪ ਚੁੱਕੀ ਹੈ। ਉਨ੍ਹਾਂ ਵਿਚ 14 ਮੈਡਲ ਤਾਂ ਸੋਨੇ ਦੇ ਹੀ ਹਨ!

ਓਲੰਪਿਕ ਖੇਡਾਂ 'ਚੋਂ ਤਾਂ ਇਕ ਮੈਡਲ ਜਿੱਤ ਲੈਣਾ ਹੀ ਮਾਣ ਨਹੀਂ ਹੁੰਦਾ। ਭਾਰਤ ਵਿਚ ਹੁਣ ਇਕੋ ਓਲੰਪਿਕ ਮੈਡਲ ਜਿੱਤਣ ਵਾਲੇ ਨੂੰ ਕਰੋੜਾਂ ਰੁਪਏ ਦੇ ਇਨਾਮ ਤੇ ਪਦਮ ਸਨਮਾਨ ਮਿਲਦੇ ਹਨ। ਸਮਰ ਦਾ ਨਿੱਕਾ ਨਾਂ 'ਸੁਮ ਹੈ ਤੇ ਪੂਰਾ ਨਾਂ ਸਮਰ ਐੱਨ ਮੈਕਿਨਟੌਸ਼। ਉਸ ਦੀ ਮਨਭਾਉਂਦੀ ਮੂਵੀ 'ਡਰਾਈਵ ਟੂ ਸਰਵਾਈਵ ਹੈ ਤੇ ਮਨਭਾਉਂਦਾ ਸੈਰ ਸਥਾਨ 'ਬੋਰਾ ਬੋਰਾ'। ਉਸ ਦਾ ਸ਼ੌਕ ਆਪਣਾ ਕਮਰਾ ਆਪ ਸਾਫ ਕਰਨ ਤੇ ਸਜਾ ਕੇ ਰੱਖਣਾ ਹੈ। ਉਹਦਾ ਜਨਮ ਕੈਨੇਡਾ ਦੀ ਓਲੰਪੀਅਨ ਤੈਰਾਕ ਜਿੱਲ ਹੌਰਸਟੈੱਡ ਦੀ ਕੁੱਖੋਂ ਪਿਤਾ ਗ੍ਰੈਗ ਮੈਕਿਨਟੌਸ਼ ਦੇ ਘਰ ਹੋਇਆ। ਉਹ ਕੈਨੇਡਾ ਦੇ ਸਭ ਤੋਂ ਵੱਡੇ ਸ਼ਹਿਰ ਟੋਰਾਂਟੋ ਦੀ ਜੰਮਪਲ ਹੈ ਅਤੇ ਅਮਰੀਕਾ ਵਿਚ ਫਲੋਰੀਡਾ ਦੇ ਸ਼ਹਿਰ ਸਾਰਾਸੋਟਾ ਵਿਚ ਪੜ੍ਹਦੀ ਤੇ ਤੈਰਾਕੀ ਦੀ ਸਿਖਲਾਈ ਲੈਂਦੀ ਆ ਰਹੀ ਹੈ। ਉਸ ਦੀ ਇਕ ਵੱਡੀ ਭੈਣ ਹੈ ਬਰੁਕ ਮੈਕਿਨਟੌਸ਼ ਜੋ ਚੋਟੀ ਦੀ ਫਿੱਗਰ ਸਕੇਟਰ ਹੈ। ਉਹ ਆਪਣੇ ਸਾਥੀ ਸਕੇਟਰ ਟੋਸਟ ਨਾਲ ਕੈਨੇਡੀਅਨ ਰਿਕਾਰਡ ਤੋੜਦਿਆਂ ਨੈਸ਼ਨਲ ਪੱਧਰ 'ਤੇ ਗੋਲਡ ਮੈਡਲ ਜਿੱਤ ਚੁੱਕੀ ਹੈ। ਉਹਦਾ ਜਨਮ ਵੀ 5 ਜਨਵਰੀ 2005 ਨੂੰ ਟੋਰਾਂਟੋ ਵਿਚ ਹੀ ਹੋਇਆ ਸੀ।

ਸਮਰ ਦੀ ਮਾਂ ਜਿੱਲ ਹੌਰਸਟੈੱਡ ਮਾਸਕੋ ਦੀਆਂ ਓਲੰਪਿਕ ਖੇਡਾਂ-1980 ਸਮੇਂ ਕੈਨੇਡੀਅਨ ਤੈਰਾਕੀ ਟੀਮ ਦੀ ਮੈਂਬਰ ਸੀ। 16 ਸਾਲ ਦੀ ਉਮਰੇ ਉਸ ਨੇ ਪੈਨ ਅਮੈਰੀਕਨ




ਗੇਮਜ਼-1983 ਵਿਚ ਭਾਗ ਲਿਆ। ਉਹ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਸਮੇਂ ਵੀ ਕੈਨੇਡੀਅਨ ਟੀਮ ਵਿਚ ਸ਼ਾਮਲ ਸੀ ਪਰ ਕੋਈ ਮੈਡਲ ਨਹੀਂ ਸੀ ਜਿੱਤ ਸਕੀ। ਪਰ 1986 ਦੀਆਂ ਕਾਮਨਵੈਲਥ ਖੇਡਾਂ 'ਚੋਂ ਬ੍ਰਾਂਜ਼ ਮੈਡਲ ਜਿੱਤ ਗਈ ਸੀ। ਸਮਰ ਦਾ ਪਿਤਾ ਗ੍ਰੈੱਗ ਮੈਕਿਨਟੌਸ਼ ਵਿਸ਼ਵ ਪੱਧਰੀ ਅਥਲੀਟ ਸੀ ਜੋ ਕੈਂਸਰ ਦਾ ਮਰੀਜ਼ ਬਣ ਗਿਆ ਸੀ ਪਰ ਇਲਾਜ ਪਿੱਛੋਂ ਰਾਜ਼ੀ ਹੋ ਗਿਆ।

ਅਗੱਸਤ 2025 ਵਿਚ ਸਿੰਘਾਪੁਰ ਵਿਖੇ ਹੋਈ ਵਰਲਡ ਤੈਰਾਕੀ ਚੈਂਪੀਅਨਸ਼ਿਪਸ ਵਿਚੋਂ ਸਮਰ ਨੇ ਨਾ ਕੇਵਲ ਇਕ ਬ੍ਰਾਂਜ਼ ਤੇ ਚਾਰ ਗੋਲਡ ਮੈਡਲ ਜਿੱਤੇ ਬਲਕਿ 400 ਮੀਟਰ ਵਿਅਕਤੀਗਤ ਮੈਡਲੇ ਤੈਰਾਕੀ ਦੇ ਮੁਕਾਬਲੇ ਵਿਚ 4:25.78 ਮਿੰਟ ਦਾ ਨਵਾਂ ਵਿਸ਼ਵ ਰਿਕਾਰਡ ਵੀ ਸਥਾਪਿਤ ਕਰ ਦਿੱਤਾ। ਉਸ ਨੂੰ ਮੈਡਲਾਂ ਦੇ ਅਵਾਰਡਾਂ ਤੋਂ ਬਿਨਾਂ 90 ਹਜ਼ਾਰ ਡਾਲਰਾਂ ਦੀ ਰਾਸ਼ੀ ਨਾਲ ਵੀ ਸਨਮਾਨਿਤ ਕੀਤਾ ਗਿਆ। ਇਹ ਉਸ ਦੀਆਂ ਪ੍ਰਾਪਤੀਆਂ ਦਾ ਮੁੱਢਲਾ ਦੌਰ ਹੈ ਅਜੇ ਉਸ ਨੇ ਹੋਰ ਵੀ ਵੱਡੀਆਂ ਮੱਲਾਂ ਮਾਰਨੀਆਂ ਹਨ। ਹਜ਼ਾਰਾਂ ਨਹੀਂ ਕਰੋੜਾਂ ਡਾਲਰਾਂ ਦੀ ਰਾਸ਼ੀ ਉਹਦੀ ਝੋਲੀ ਪੈਣੀ ਹੈ ਤੇ ਵਿਸ਼ਵ ਪੱਧਰ ਦੇ ਵੱਡੇ ਤੋਂ ਵੱਡੇ ਮਾਨ ਸਨਮਾਨ ਹਾਸਲ ਹੋਣੇ ਹਨ।

ਸਮਰ ਮੈਕਿਨਟੌਸ਼ ਲਈ 2025 ਦੀ ਵਿਸ਼ਵ ਤੈਰਾਕੀ ਚੈਂਪੀਅਨਸ਼ਿਪ ਸਭ ਤੋਂ ਵੱਧ ਸਫਲ ਰਹੀ। ਉਹ ਤੈਰਾਕੀ ਦੇ ਇਤਿਹਾਸ ਵਿਚ ਵਿਸ਼ਵ ਦੀ ਦੂਜੀ ਤੈਰਾਕ ਹੈ ਜਿਸ ਨੇ ਵਿਅਕਤੀ ਤੌਰ 'ਤੇ ਇਕੋ ਵਿਸ਼ਵ ਚੈਂਪੀਅਨਸ਼ਿਪਸ ਵਿਚੋਂ 4 ਗੋਲਡ ਮੈਡਲ ਜਿੱਤੇ। ਉਹ ਪਹਿਲੀ ਤੈਰਾਕ ਹੈ ਜਿਸ ਨੇ 400 ਮੀਟਰ ਦੀ ਵਿਅਕਤੀਗਤ ਮੈਡਲੇ ਤੈਰਾਕੀ ਵਿਚ ਦੂਜੇ ਨੰਬਰ 'ਤੇ ਰਹਿਣ ਵਾਲੀ ਤੈਰਾਕ ਤੋਂ 7.48 ਸਕਿੰਟ ਪਹਿਲਾਂ ਤਾਰੀ ਜਿੱਤੀ। ਉਹ ਦੂਜੀ ਔਰਤ ਤੈਰਾਕ ਹੈ ਜਿਸ ਨੇ 400 ਮੀਟਰ ਫਰੀਸਟਾਈਲ, 200 ਮੀਟਰ ਵਿਅਕਤੀਗਤ ਮੈਡਲੇ, 200 ਮੀਟਰ ਬਟਰਫਲਾਈ ਤੇ 400 ਮੀਟਰ ਵਿਅਕਤੀਗਤ ਮੈਡਲੇ ਦੇ ਸੋਨ ਮੈਡਲ ਹਾਸਲ ਕੀਤੇ।

ਖੇਡਾਂ ਦੀ ਦੁਨੀਆ ਬੜੀ ਵਿਸ਼ਾਲ ਹੈ। ਲੱਖਾਂ ਨਹੀਂ, ਕਰੋੜਾਂ ਲੋਕ ਹਜ਼ਾਰਾਂ ਤਰ੍ਹਾਂ ਦੀਆਂ ਖੇਡਾਂ ਖੇਡਦੇ ਹਨ। ਨਿੱਕੇ ਜਿਹੇ ਪੰਜਾਬ ਦੀਆਂ ਪੁਰਾਤਨ ਤੇ ਮਾਡਰਨ ਖੇਡਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਕਈ ਸਾਲ ਪਹਿਲਾਂ ਮੈਂ 'ਪੰਜਾਬ ਦੀਆਂ ਦੇਸੀ ਖੇਡਾਂ ਬਾਰੇ ਲਿਖੀ ਕਿਤਾਬ ਵਿਚ 87 ਖੇਡਾਂ ਦਾ ਵਿਸਥਾਰ ਦਿੱਤਾ ਸੀ ਜੋ ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕੀਤੀ। ਮੈਂ ਸਮਝਦਾ ਹਾਂ ਉਹ ਗੋਹੜੇ 'ਚੋਂ ਪੂਣੀ ਹੀ ਕੱਤੀ ਗਈ ਸੀ। ਖੇਡਾਂ, ਜ਼ਮੀਨ 'ਤੇ ਵੀ ਖੇਡੀਆਂ ਜਾਂਦੀਆਂ ਹਨ, ਹਵਾ 'ਚ ਵੀ ਤੇ ਪਾਣੀਆਂ ਵਿਚ ਵੀ। ਸਾਡੀ ਇਸ ਧਰਤੀ 'ਤੇ ਸਮੁੰਦਰ ਤੇ ਝੀਲਾਂ ਖੁਸ਼ਕ ਜ਼ਮੀਨ ਨਾਲੋਂ ਕਿਤੇ ਵੱਧ ਹਨ। ਜੀਆ ਜੰਤ ਮਿੱਟੀ ਅੰਦਰ, ਮਿੱਟੀ ਉਤੇ, ਹਵਾ ਵਿਚ ਤੇ ਪਾਣੀਆਂ ਵਿਚ ਵੀ ਜੰਮਦੇ ਪਲਦੇ ਰਹਿੰਦੇ ਹਨ। ਜਿਸ ਜਗ੍ਹਾ ਜੰਮਦੇ ਪਲਦੇ ਹਨ ਉਥੇ ਖੇਡਾਂ ਵੀ ਖੇਡਦੇ ਹਨ।

ਪੁਰਾਤਨ ਓਲੰਪਿਕ ਖੇਡਾਂ ਵਿਚ ਕੇਵਲ ਪੁਰਸ਼ ਹੀ ਭਾਗ ਲੈ ਸਕਦੇ ਸਨ। ਔਰਤਾਂ ਲਈ ਖੇਡਾਂ ਵੇਖਣੀਆਂ ਮਨ੍ਹਾਂ ਸਨ। ਜੇ ਕੋਈ ਔਰਤ ਲੁਕ ਛਿਪ ਕੇ ਵੇਖਦੀ ਤਾਂ ਲਾਗਲੀ ਪਹਾੜੀ ਤੋਂ ਹੇਠਾਂ ਸੁੱਟ ਕੇ ਮਾਰ ਦੇਣ ਦੀ ਸਜ਼ਾ ਸੀ। ਪਰ ਮਾਡਰਨ ਓਲੰਪਿਕ ਖੇਡਾਂ ਵਿਚ ਔਰਤਾਂ ਵੀ ਖੇਡ ਮੁਕਾਬਲਿਆਂ ਵਿਚ ਭਾਗ ਲੈਣ ਲੱਗੀਆਂ ਹਨ। ਪਾਣੀਆਂ ਦੀਆਂ ਖੇਡਾਂ ਯਾਨੀ ਤੈਰਨ ਦੇ ਮੁਕਾਬਲੇ ਜਿੰਨੇ ਕੁ ਪੁਰਸ਼ਾਂ ਦੇ ਹਨ ਓਨੇ ਕੁ ਹੁਣ ਔਰਤਾਂ ਲਈ ਵੀ ਹਨ। ਬਲਕਿ ਖੋਜ ਤਾਂ ਇਹ ਸਿੱਧ ਕਰ ਰਹੀ ਹੈ ਕਿ ਔਰਤ ਦਾ ਸਰੀਰ ਤੈਰਨ ਲਈ ਪੁਰਸ਼ ਦੇ ਸਰੀਰ ਨਾਲੋਂ ਵਧੇਰੇ ਅਨੁਕੂਲ ਹੈ। ਇਹੋ ਕਾਰਨ ਹੈ ਕਿ ਜ਼ਮੀਨ ਉਤੇ ਹੁੰਦੇ ਦੌੜ ਮੁਕਾਬਲਿਆਂ ਦੇ ਔਰਤਾਂ ਤੇ ਮਰਦਾਂ ਦੇ ਰਿਕਾਰਡਾਂ ਵਿਚ ਜਿੰਨਾ ਵੱਡਾ ਫਰਕ ਹੈ ਓਨਾ ਤੈਰਾਕੀ ਦੇ ਮੁਕਾਬਲਿਆਂ ਵਿਚ ਨਹੀਂ। ਜ਼ਮੀਨ ਉਤਲੀਆਂ ਖੇਡਾਂ ਵਾਂਗ ਪਾਣੀ ਵਿਚਲੀਆਂ ਖੇਡਾਂ ਦਾ ਇਤਿਹਾਸ ਵੀ ਸਦੀਆਂ ਪੁਰਾਣਾ ਹੈ। ਸਮੁੰਦਰੀ ਜੀਵ ਵੀ ਆਪਸ ਵਿਚ ਖੇਡਦੇ ਹਨ ਭਾਵੇਂ ਕਿ ਉਨ੍ਹਾਂ ਦੇ ਨਿਯਮ ਨਹੀਂ ਹੁੰਦੇ।

ਗੱਲ ਤੋਰੀ ਸੀ ਕੈਨੇਡਾ ਦੀ ਤੇਜ਼ਤਰਾਰ ਤੈਰਾਕ ਸਮਰ ਮੈਕਿਨਟੌਸ਼ ਤੋਂ। ਉਹਦੇ 'ਚ ਬੇਅੰਤ ਸੰਭਾਵਨਾਵਾਂ ਹਨ। ਵੈਸੇ ਹਰ ਖਿਡਾਰੀ ਅੰਦਰ ਸੰਭਾਵਨਾਵਾਂ ਹੁੰਦੀਆਂ ਹਨ। ਬੰਦਾ ਧਰਤੀਆਂ ਗਾਹੁੰਦਾ, ਸਮੁੰਦਰ ਤੈਰਦਾ, ਹਵਾ ਵਿਚ ਯਾਨੀ ਪੁਲਾੜ 'ਚ ਕਿਤੇ ਦਾ ਕਿਤੇ ਚਲਾ ਗਿਆ ਹੈ। ਜਿਵੇਂ ਜ਼ਮੀਨ ਉਤਲੀਆਂ ਖੇਡਾਂ ਦੇ ਰਿਕਾਰਡ ਟੁੱਟ ਰਹੇ ਹਨ ਉਵੇਂ ਪਾਣੀਆਂ ਵਿਚਲੇ ਰਿਕਾਰਡ ਵੀ ਟੁੱਟੀ ਜਾਂਦੇ ਹਨ। ਕੈਨੇਡਾ ਦੀ ਜਾਈ ਸਮਰ ਨੇ ਤਾਂ 14 ਸਾਲਾਂ ਦੀ ਉਮਰ ਤੋਂ ਹੀ ਰਿਕਾਰਡ ਤੋੜਨੇ ਸ਼ੁਰੂ ਕੀਤੇ ਹੋਏ ਹਨ।

ਤੈਰਨ ਦੇ ਅਨੇਕ ਸਟਾਈਲ ਹੁੰਦੇ ਹਨ। ਜਿਵੇਂ ਬਟਰਫਲਾਈ, ਬੈਕਸਟ੍ਰੋਕ, ਬ੍ਰੈਸਟਸਟਰੋਕ, ਫਰੀਸਟਾਈਲ ਤੇ ਮੈਡਲੇ ਆਦਿ। ਆਮ ਬੰਦੇ ਤਾਂ ਸਿੱਧੀ ਤਾਰੀ ਤੇ ਪੁੱਠੀ ਤਾਰੀ ਬੱਸ ਦੋ ਤਰ੍ਹਾਂ ਦੀਆਂ ਤਾਰੀਆਂ ਹੀ ਜਾਣਦੇ ਹਨ। ਓਲੰਪਿਕ ਖੇਡਾਂ ਵਿਚ ਉਹੀ ਮੁਲਕ ਸਭ ਤੋਂ ਵੱਧ ਮੈਡਲ ਜਿੱਤਦੇ ਹਨ ਜਿਹੜੇ ਤੈਰਾਕੀ 'ਚ ਵੀ ਤਕੜੇ ਹੋਣ। ਭਾਰਤ, ਜੀਹਦੇ ਆਲੇ ਦੁਆਲੇ ਵਿਸ਼ਾਲ ਸਮੁੰਦਰ ਅਤੇ ਮੈਦਾਨਾਂ 'ਚ ਵਗਦੇ ਦਰਿਆ ਤੇ ਤੀਰਥਾਂ ਦੇ ਸਰੋਵਰ ਹਨ, ਉਥੇ ਤੈਰਾਕੀ ਦੀਆਂ ਖੇਡਾਂ 'ਚ ਭਾਰਤੀ ਫਿਰ ਵੀ ਕਾਫੀ ਪਿੱਛੇ ਹਨ। ਵਿਸ਼ਵ ਵਸੋਂ 'ਚ ਸਭ ਤੋਂ ਵੱਡੇ ਮੁਲਕ ਭਾਰਤ ਨੇ ਓਲੰਪਿਕ ਖੇਡਾਂ ਜਾਂ ਵਿਸ਼ਵ ਪੱਧਰ 'ਤੇ ਹੁੰਦੀਆਂ ਤੈਰਾਕੀ ਦੀਆਂ ਖੇਡਾਂ 'ਚੋਂ ਕਦੇ ਕੋਈ ਗੋਲਡ ਮੈਡਲ ਨਹੀਂ ਜਿੱਤਿਆ। ਦੂਜੇ ਪਾਸੇ ਅਬਾਦੀ 'ਚ ਨਿੱਕੇ ਜਿਹੇ ਮੁਲਕ ਕੈਨੇਡਾ ਦੀ ਕੁੜੀ ਤੈਰਾਕੀ ਦੇ ਤੇਜ਼ਤਰਾਰ ਮੁਕਾਬਲਿਆਂ ਵਿਚ ਗਾਹ ਪਾਈ ਜਾ ਰਹੀ ਹੈ।

ਤੈਰਨ ਦਾ ਇਤਿਹਾਸ ਬੇਸ਼ਕ ਪੱਥਰ ਦੇ ਯੁਗ ਤਕ ਖੋਜਿਆ ਗਿਆ ਹੈ ਪਰ ਖੇਡ ਵਜੋਂ ਮਨੋਰੰਜਕ ਮੁਕਾਬਲੇ 19ਵੀਂ ਸਦੀ ਵਿਚ ਇੰਗਲੈਂਡ ਤੋਂ ਸ਼ੁਰੂ ਹੋਏ ਸਨ। ਫਰਾਂਸ ਇੰਗਲੈਂਡ ਦਾ ਗੁਆਂਢੀ ਦੇਸ਼ ਹੈ ਜਿਨ੍ਹਾਂ ਵਿਚਕਾਰ ਇੰਗਲਿਸ਼ ਚੈਨਲ ਦਾ ਸਮੁੰਦਰ ਪੈਂਦਾ ਹੈ। ਬੇੜੀਆਂ, ਬੇੜਿਆਂ ਤੇ ਸਮੁੰਦਰੀ ਜਹਾਜ਼ਾਂ 'ਤੇ ਸਫ਼ਰ ਤਾਂ ਬਹੁਤ ਚਿਰ ਪਹਿਲਾਂ ਆਰੰਭ ਹੋ ਚੁੱਕਾ ਸੀ। ਤੈਰ ਕੇ ਇੰਗਲਿਸ਼ ਚੈਨਲ ਪਾਰ ਕਰਨਾ ਸਭ ਤੋਂ ਪਹਿਲਾਂ ਮੈਥਿਊ ਵੈੱਬ ਦੇ ਹਿੱਸੇ ਆਇਆ ਸੀ। ਉਸ ਨੇ 1875 ਵਿਚ ਬ੍ਰੈਸਟਸਟਰੋਕ ਤਕਨੀਕ ਨਾਲ 20.26 ਮੀਲ ਯਾਨੀ 34.21 ਕਿਲੋਮੀਟਰ ਦਾ ਸਮੁੰਦਰੀ ਪਾਟ 21 ਘੰਟੇ 45 ਮਿੰਟਾਂ ਵਿਚ ਪਾਰ ਕਰ ਲਿਆ ਸੀ। ਬਾਕੀ ਹਿਸਾ ਸਫਾ 52 ਤੇ ਪੜ੍ਹੋ

51 ਸਫ਼ੇ ਦਾ ਬਾਕੀ ਹਿਸਾ

ਉਹਦਾ ਰਿਕਾਰਡ ਫਿਰ ਟੀ.ਬਰਜਿੱਸ ਨੇ 36 ਸਾਲਾਂ ਬਾਅਦ 1911 ਵਿਚ ਤੋੜਿਆ।

ਵੈਸੇ ਰਿਕਾਰਡ ਕਿੱਡੇ ਵੀ ਹੋਣ, ਉਹ ਟੁੱਟਦੇ ਰਹਿੰਦੇ ਹਨ। ਸਮਰ ਨੇ ਪੈਰਿਸ ਦੀਆਂ ਓਲੰਪਿਕ ਖੇਡਾਂ-2024 'ਚੋਂ 1 ਕਾਂਸੀ ਤੇ 3 ਸੋਨੇ ਦੇ ਮੈਡਲ ਜਿੱਤੇ ਅਤੇ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਸ 2025 'ਚੋਂ 1 ਬ੍ਰਾਂਜ਼ ਤੇ 4 ਗੋਲਡ ਮੈਡਲ ਹਾਸਲ ਕੀਤੇ। ਉਹ 2028 ਵਿਚ ਲਾਸ ਏਂਜਲਸ ਵਿਖੇ ਹੋਣ ਵਾਲੀਆਂ ਓਲੰਪਿਕ ਖੇਡਾਂ ਵਿਚੋਂ ਘੱਟੋਘੱਟ 5 ਗੋਲਡ ਮੈਡਲ ਜਿੱਤਣ ਦਾ ਨਿਸ਼ਾਨਾ ਮਿਥੀ ਬੈਠੀ ਹੈ। ਹੋ ਸਕਦੈ 2032 ਦੀਆਂ ਓਲੰਪਿਕ ਖੇਡਾਂ ਦਾ ਨਿਸ਼ਾਨਾ ਵੀ ਮਿਥੇ। ਤਦ ਤਕ ਉਹ 26 ਸਾਲਾਂ ਦੀ ਹੋਵੇਗੀ।

ਇਹ ਸਤਰਾਂ ਲਿਖਣ ਤਕ ਸਮਰ ਓਲੰਪਿਕ ਖੇਡਾਂ ਦੇ 3 ਗੋਲਡ ਮੈਡਲ, ਵਿਸ਼ਵ ਤੈਰਾਕੀ ਚੈਂਪੀਅਨਸ਼ਿਪਾਂ ਦੇ 8 ਗੋਲਡ ਤੇ ਕਾਮਨਵੈਲਥ ਖੇਡਾਂ ਦੇ 2 ਗੋਲਡ ਮੈਡਲ ਜਿੱਤ ਚੁੱਕੀ ਹੈ। ਸਿਲਵਰ ਤੇ ਬਰਾਂਜ਼ ਮੈਡਲ ਉਨ੍ਹਾਂ ਤੋਂ ਵੱਖਰੇ ਹਨ। ਉਂਜ ਤਾਂ ਉਹ ਤੈਰਾਕੀ ਦੇ ਕਈ ਈਵੈਂਟਸ ਵਿਚ ਭਾਗ ਲੈਂਦੀ ਹੈ ਪਰ 200 ਮੀਟਰ ਤੇ 400 ਮੀਟਰ ਵਿਅਕਤੀਗਤ ਮੈਡਲੇ ਅਤੇ 400 ਮੀਟਰ ਫਰੀਸਟਾਈਲ ਉਸ ਦੇ ਮਨਭਾਉਂਦੇ ਈਵੈਂਟਸ ਹਨ। ਇਨ੍ਹਾਂ ਈਵੈਂਟਸ ਦੇ ਵਰਲਡ ਰਿਕਾਰਡ ਵੀ ਉਸ ਨੇ ਆਪਣੇ ਨਾਂ ਕਰ ਲਏ ਹਨ। 200 ਮੀਟਰ ਬਟਰਫਲਾਈ ਈਵੈਂਟ ਦਾ ਓਲੰਪਿਕ ਰਿਕਾਰਡ ਵੀ ਉਹਦੇ ਨਾਂ ਹੈ। ਕੀ ਕਿਹਾ ਜਾਏ ਛੋਟੀ ਉਮਰ ਦੀ ਇਸ ਹੋਣਹਾਰ ਤੈਰਾਕ ਬਾਰੇ? ਜਿੰਨਾ ਤੇਜ਼ ਉਹ ਤੈਰਦੀ ਹੈ ਕਈ ਆਲਸੀ ਬੰਦੇ ਤਾਂ ਓਨਾ ਤੇਜ਼ ਤੁਰ ਵੀ ਨਹੀਂ ਸਕਦੇ!

ਮੈਕਿਨਟੌਸ਼ ਨੇ ਕੇਵਲ 14 ਸਾਲ ਦੀ ਉਮਰੇ ਹੀ ਤੈਰਾਕੀ ਦੇ ਕੋਚਾਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਸੀ। ਉਹ 2020 ਦੀਆਂ ਓਲੰਪਿਕ ਖੇਡਾਂ ਵਿਚ ਭਾਗ ਲੈਣ ਲਈ ਕੈਨੇਡਾ ਦੀ ਤੈਰਾਕੀ ਟੀਮ ਵਿਚ ਚੁਣੀ ਗਈ ਸੀ। ਉਦੋਂ ਉਹ ਟੀਮ 'ਚ ਸਭ ਤੋਂ ਛੋਟੀ ਉਮਰ ਦੀ ਮੈਂਬਰ ਸੀ। ਉਹ ਟੋਕੀਓ ਤੋਂ ਭਾਵੇਂ ਕੋਈ ਮੈਡਲ ਨਹੀਂ ਸੀ ਜਿੱਤ ਸਕੀ ਪਰ ਚੌਥਾ ਸਥਾਨ ਜ਼ਰੂਰ ਹਾਸਲ ਕਰ ਲਿਆ ਸੀ। ਫਿਰ ਉਹ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਸ ਵਿਚ ਸਭ ਤੋਂ ਛੋਟੀ ਉਮਰ ਦੀ ਵਿਸ਼ਵ ਚੈਂਪੀਅਨ ਬਣ ਗਈ ਸੀ। ਉਹ ਪਹਿਲੀ ਕੈਨੇਡੀਅਨ ਤੈਰਾਕ ਹੈ ਜਿਸ ਨੇ ਪਹਿਲੀ ਵਾਰ ਹੀ ਇਕੋ ਵਿਸ਼ਵ ਚੈਂਪੀਅਨਸ਼ਿਪਸ ਵਿਚੋਂ ਦੋ ਗੋਲਡ ਮੈਡਲ ਜਿੱਤੇ ਸਨ। ਉਹਦੇ ਨਾਲ ਉਸ ਨੂੰ 'ਟੀਨ ਸਵਿਮਿੰਗ ਸੈਨਸੈਸ਼ਨ ਆਖਿਆ ਜਾਣ ਲੱਗਾ। ਕੈਨੇਡੀਅਨ ਨੈਸ਼ਨਲ ਟ੍ਰਾਇਲਜ਼ ਦੌਰਾਨ ਮਾਰਚ ਅਪ੍ਰੈਲ 2023 ਦੇ ਪੰਜ ਦਿਨਾਂ 'ਚ ਉਸ ਨੇ ਸਭ ਤੋਂ ਔਖੇ ਸਮਝੇ ਜਾਂਦੇ 400 ਮੀਟਰ ਫਰੀਸਟਾਈਲ ਤੇ 400 ਮੀਟਰ ਵਿਅਕਤੀਗਤ ਮੈਡਲੇ ਈਵੈਂਟਸ ਵਿਚ ਵਿਸ਼ਵ ਰਿਕਾਰਡ ਨਵਿਆ ਦਿੱਤੇ। 2024 ਦੀਆਂ ਓਲੰਪਿਕ ਖੇਡਾਂ ਵਿਚ ਪੈਰਿਸ ਵਿਖੇ ਉਸ ਨੇ 1 ਸਿਲਵਰ ਤੇ 3 ਗੋਲਡ ਮੈਡਲ ਮੈਡਲ ਜਿੱਤੇ। ਉਸ ਦੀ ਇਸ ਪ੍ਰਾਪਤੀ ਉਤੇ 'ਟਾਈਮ ਮੈਗਜ਼ੀਨ ਨੇ ਉਸ ਨੂੰ 'ਸਮਰ ਆਫ਼ ਸਮਰ ਦੇ ਖ਼ਿਤਾਬ ਨਾਲ ਸਨਮਾਨਿਤ ਕੀਤਾ। ਉਹਦੇ ਪ੍ਰਸੰਸਕਾਂ ਨੇ ਉਹਦੀਆਂ ਤਸਵੀਰਾਂ ਸ਼ੀਸ਼ਿਆਂ ਵਿਚ ਮੜ੍ਹਾਅ ਕੇ ਬੈਠਕਾਂ ਵਿਚ ਸਜਾ ਲਈਆਂ। ਉਂਜ ਵੀ ਉਹ ਦਰਸ਼ਨੀ ਸ਼ਖਸੀਅਤ ਦੀ ਮਾਲਕ ਹੈ ਜਿਸ ਤੋਂ ਹੋਰਨਾਂ ਨੂੰ ਪ੍ਰੇਰਨਾ ਮਿਲਦੀ ਹੈ।

ਰਿਕਾਰਡ ਕੀਪਰਾਂ ਨੇ ਤਾਂ ਇਹ ਵੀ ਦੱਸਿਆ ਹੈ ਕਿ ਸਮਰ ਨੇ ਵੱਖ ਵੱਖ ਉਮਰ ਗਰੁੱਪਾਂ ਵਿਚ 50 ਨਵੇਂ ਰਿਕਾਰਡ ਰੱਖੇ। ਮਈ 2021 'ਚ ਸਭ ਤੋਂ ਛੋਟੀ ਉਮਰੇ 400 ਮੀਟਰ ਫਰੀਸਟਾਈਲ ਤਾਰੀ 4:05.13 ਮਿੰਟ 'ਚ ਲਾਉਣ ਵਾਲੀ ਵਿਸ਼ਵ ਦੀ ਉਹ ਪਹਿਲੀ ਮਹਿਲਾ ਬਣੀ ਸੀ। ਇਹੋ ਜਿਹਾ ਹੀ ਜਲਵਾ ਉਸ ਨੇ 16 ਮਈ 2024 ਨੂੰ 400 ਮੀਟਰ ਵਿਅਕਤੀਗਤ ਮੈਡਲੇ ਈਵੈਂਟ ਵਿਚ ਕਰ ਵਿਖਾਇਆ ਸੀ। ਪੈਰਿਸ ਓਲੰਪਿਕਸ ਦੇ 4 ਮੈਡਲਾਂ ਤੋਂ ਅੱਗੇ ਲਾਸ ਏਂਜਲਸ ਵਿਖੇ 2028 ਦੀ ਓਲੰਪਿਕਸ ਵਿਚੋਂ 5 ਗੋਲਡ ਮੈਡਲ ਜਿੱਤ ਕੇ ਉਹ ਮਾਈਕਲ ਫੈਲਪਸ ਦੇ ਰਾਹ ਪੈਣਾ ਚਾਹੁੰਦੀ ਹੈ।

ਸਮਰ ਦਾ ਕੱਦ 5 ਫੁੱਟ 8 ਇੰਚ ਹੈ। ਅਜੇ ਉਹ ਕਿਸੇ ਕਲੱਬ ਦੀ ਪੱਕੀ ਮੈਂਬਰ ਨਹੀਂ ਤੇ ਹਾਲ ਦੀ ਘੜੀ ਉਸ ਦਾ ਕੋਚ ਫ੍ਰੈਂਡ ਵਰਗਨੈਂਕਸ ਹੈ। ਉਸ ਦਾ ਹੋਮ ਟਾਊਨ ਟੋਰਾਂਟੋ ਹੈ ਪਰ ਉਹ ਰਹਿੰਦੀ ਐਂਟੀਬਿਸ, ਫਲੋਰੀਡਾ ਵਿਚ ਹੈ। ਉਸ ਨੇ 2020 ਦੀਆਂ ਓਲੰਪਿਕ ਖੇਡਾਂ ਪਿੱਛੋਂ 2021 ਵਿਚ ਆਬੂ ਧਾਬੀ ਦੀ ਫਿਨਾ ਵਰਲਡ ਚੈਂਪੀਅਨਸ਼ਿਪਸ, 2022 ਵਿਚ ਬੁਡਾਪੈਸਟ ਦੀ ਫਿਨਾ ਵਰਲਡ ਚੈਂਪੀਅਨਸ਼ਿਪਸ, 2022 ਵਿਚ ਕਾਮਨਵੈਲਥ ਗੇਮਜ਼ ਬਰਮਿੰਗਮ, 2023 ਵਿਚ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਸ ਫੁਕੌਕਾ, 2024 ਵਿਚ ਓਲੰਪਿਕ ਖੇਡਾਂ ਪੈਰਿਸ, 2024 ਵਿਚ ਹੀ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਸ ਬੁਡਾਪੈਸਟ ਤੇ 2025 ਵਿਚ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਸ ਸਿੰਘਾਪੁਰ 'ਚ ਭਾਗ ਲਿਆ ਹੈ। ਉਥੇ ਉਸ ਨੇ 4 ਗੋਲਡ ਤੇ 1 ਬ੍ਰਾਂਜ਼ ਨਾਲ ਕੁਲ 5 ਤਗ਼ਮੇ ਜਿੱਤੇ।

2 ਅਗੱਸਤ 2025 ਤਕ ਉਸ ਦੇ ਓਲੰਪਿਕ ਖੇਡਾਂ ਤੇ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਾਂ ਵਿਚੋਂ ਜਿੱਤੇ ਕੁਲ ਤਗਮੇ 31 ਹੋ ਗਏ ਹਨ। ਉਨ੍ਹਾਂ 'ਚ 18 ਸੋਨੇ, 6 ਚਾਂਦੀ ਤੇ 7 ਬ੍ਰਾਂਜ਼ ਮੈਡਲ ਹਨ। 2024 ਵਿਚ ਉਸ ਨੂੰ ਕੈਨੇਡਾ ਦੀ ਟੌਪ ਐਥਲੀਟ ਹੋਣ ਦਾ ਅਵਾਰਡ ਮਿਲਿਆ ਸੀ। ਨਾਲ ਹੀ ਕੈਨੇਡਾ ਦੀ 2024 ਸਾਲ ਦੀ ਮਹਿਲਾ ਐਥਲੀਟ ਹੋਣ ਦਾ ਮਾਣ ਬੌਬੀ ਰੋਜ਼ਨਫੇਲਡ ਅਵਾਰਡ ਵੀ ਮਿਲਿਆ। ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਉਸ ਨੂੰ 'ਸੁਪਰ ਸਟਾਰ ਕਹਿ ਕੇ ਵਡਿਆਇਆ। ਫੋਰਬਜ਼ ਮੈਗਜ਼ੀਨ ਨੇ ਵੱਖ ਮਾਨਤਾ ਦਿੱਤੀ।

ਸਮਰ ਐਲਾਨ ਕਰ ਚੁੱਕੀ ਹੈ ਕਿ ਉਹ ਹੁਣ ਔਸਟਿਨ, ਟੈਕਸਾਸ ਵਿਖੇ ਮਾਈਕਲ ਫੈਲਪਸ ਦੇ ਕੋਚ ਰਹੇ ਬੌਬ ਬੋਮੈਨ ਦੀ ਦੇਖ ਰੇਖ ਹੇਠ ਟ੍ਰੇਨਿੰਗ ਕਰੇਗੀ ਅਤੇ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ 'ਚੋਂ 5 ਗੋਲਡ ਮੈਡਲ ਜਿੱਤਣ ਦੀ ਪੂਰੀ ਵਾਹ ਲਾਵੇਗੀ। ਉਹ ਨਿਰੀ ਤੈਰਾਕ ਹੀ ਨਹੀਂ ਸੰਭਾਵਨਾਵਾਂ ਨੂੰ ਸਾਣ ਚਾੜ੍ਹਨ ਵਾਲੀ ਪ੍ਰੇਰਨਾ ਹੈ। ਕੋਈ ਵੀ ਵਿਅਕਤੀ ਉਹਦੇ ਵਾਂਗ ਦ੍ਰਿੜ ਨਿਰਣਾ ਲੈ ਕੇ ਮਿਹਨਤ ਕਰਦਿਆਂ ਕੋਈ ਵੀ ਮੰਜ਼ਿਲ ਸਰ ਕਰ ਸਕਦਾ ਹੈ।

*principalsarwansingh@gmail.com*

# ਭਾਦੋਂ ਧੁੱਪਾਂ ਕਹਿਰ ਦੀਆਂ....

**ਸੁਖਪਾਲ ਸਿੰਘ ਗਿੱਲ**
ਅਬਿਆਣਾ ਕਲਾਂ
9878111445



ਪੇਂਡੂ ਜੀਵਨ, ਕੁਦਰਤ ਦਾ ਪ੍ਰੇਮ,ਮਨੁੱਖੀ ਇਤਿਹਾਸ, ਰਹੱਸਵਾਦ ਅਤੇ ਸਦਾਚਾਰ ਦੇ ਬਿਰਤਾਂਤ ਨਾਲ ਉਪਜਿਆ ਹੋਇਆ ਦੇਸੀ ਮਹੀਨਿਆਂ ਵਿੱਚੋਂ ਤਪਸ਼ ਅਤੇ ਤੜਫ਼ ਦਾ ਮੇਲ ਕਰਾਉਂਦਾ ਭਾਦੋਂ ਵੱਖਰੀ ਕਿਸਮ ਦਾ ਮਹੀਨਾ ਹੈ। ਇਸ ਦੇ ਪ੍ਰਛਾਵੇਂ ਉੱਘੜਵੇਂ ਰੂਪ ਵਿੱਚ ਮਹਿਸੂਸ ਹੁੰਦੇ ਹਨ। ਇਸ ਵਿੱਚ ਪ੍ਰਕਿਰਤੀਵਾਦੀ ਰੰਗ ਵੀ ਹੈ। ਉਂਝ ਵੀ ਦੇਸੀ ਮਹੀਨਿਆਂ ਦਾ ਪੰਜਾਬੀਅਤ ਅਤੇ ਪੰਜਾਬੀਆਂ ਦੀ ਰੂਹ ਨਾਲ ਬਹੁਤ ਨੇੜੇ ਦਾ ਸੰਬੰਧ ਹੈ, ਜਦੋਂ ਬਜ਼ੁਰਗ ਅੱਜ ਵੀ ਕਹਿੰਦੇ ਹਨ ਕਿ ਸੌਣ ਦੇ ਅੱਠ ਪ੍ਰਵਿਸਟੇ ਗਏ, ਹਾੜ੍ਹ ਦੇ ਅਖੀਰ ਪੰਦਰੀਂ ਸੋਲੀਂ ਬੱਦਲ ਪੈ ਜਾਂਦੇ ਹਨ ਆਦਿ -ਆਦਿ। ਜਿਹੜੀਆਂ ਘਟਨਾਵਾਂ ਜਾਂ ਬਜ਼ੁਰਗਾਂ ਦੇ ਮੁਖਾਰਬਿੰਦ ਤੋਂ ਕਹੇ ਗਏ ਸ਼ਬਦ ਰੂੜ੍ਹੀਵਾਦ ਨੂੰ ਤਾਂ ਉਤਸ਼ਾਹਿਤ ਕਰਦੇ ਹਨ ਪਰ ਲੱਗਦੇ ਦਿਲਚਸਪੀ ਵਾਲੇ ਹਨ। ਭਾਦੋਂ ਸਾਹਿਤ ਵੀ ਸਾਂਭੀ ਬੈਠਾ ਹੈ।

ਦੇਸੀ ਮਹੀਨੇ ਸਾਡੀ ਸੰਸਕ੍ਰਿਤੀ, ਸੱਭਿਆਚਾਰ ਅਤੇ ਰੀਤ ਰਿਵਾਜ਼ਾਂ ਲਈ ਕਾਫੀ ਕੁਝ ਆਪਣੀ ਚਾਦਰ ਚ ਵਲੇਟੀ ਬੈਠੇ ਹਨ। ਭਾਦੋਂ ਮਹੀਨਾ ਆਪਣੇ ਅੰਦਰ ਲਕੋਈ ਬੈਠਾ ਭੜਦਾਅ ਲਈ ਬਨਸਪਤੀ ਪੱਖੋਂ ਤਾਂ ਸਹੀ ਹੈ ਪਰ ਮਨੁੱਖਤਾ ਲਈ ਬੜੀ ਮੁਸ਼ੱਕਤ ਵਾਲਾ ਹੈ। ਇਸ ਦੇ ਕਾਰਨ ਕਈ ਕੁੱਝ ਉਪਜਿਆ ਬਿਨਸਿਆ ਜਾਂਦਾ ਹੈ। ਅੱਜ ਦੀ ਪੀੜ੍ਹੀ ਜਦੋਂ ਸੁਣਦੀ ਹੈ ਕਿ ਭਾਦੋਂ ਮਹੀਨੇ ਚ ਜੱਟ ਸਾਧ ਹੋ ਗਿਆ ਸੀ, ਤਾਂ ਉਹਨਾਂ ਨੂ ਸਮਝ ਨਹੀਂ ਆਉਂਦੀ। ਫਿਰ ਉਹਨਾਂ ਨੂੰ ਦੱਸਿਆ ਜਾਂਦਾ ਕਿ ਇਹ ਮਹੀਨਾ ਬੇਹੱਦ ਤਪਸ਼ ਵਾਲਾ ਭੜਦਾਅ ਵਾਲਾ ਹੋਣ ਕਰਕੇ ਪਸੀਨਾ ਵਰਸਾਉਂਦਾ ਹੈ ਜ਼ੱਟ ਨੂੰ ਇਹ ਮਹੀਨਾ ਨਾਨੀ ਯਾਦ ਕਰਵਾ ਕੇ ਰੱਖਦਾ ਹੈ।

"ਹਲ ਛੱਡ ਕੇ ਚਰੀ ਨੂੰ ਜਾਣਾ,
ਜੱਟਾ ਦੇ ਤੇਰੀ ਜੂਨ ਬੁਰੀ"

ਵੀ ਇਸੇ ਦੀ ਤਰਜ਼ਮਾਨੀ ਕਰਦਾ ਹੈ। ਇਸੇ ਲਈ ਕੰਮ ਛੱਡ ਕੇ ਜੱਟ ਸਾਧ ਬਣ ਗਿਆ ਸੀ। ਪਰ ਇਹ ਕਹਾਵਤ ਹੈ। ਇਸ ਤੋਂ ਇਲਾਵਾ ਹੋਰ ਕਹਾਵਤਾਂ ਵੀ ਹਨ, ਜੋ ਭਾਦੋਂ ਨਾਲ ਜੁੜੀਆਂ ਹਨ।

""ਭਾਦੋਂ ਦੇ ਛਰਾਟੇ ਗੁੰਨੇ,
ਰਹਿ ਗਏ ਆਟੇ"
"ਭਾਦੋਂ ਦੀ ਤਿੜਕੀ
ਮਤਰੇਈ ਦੀ ਝਿੜਕੀ"
"ਗਿੱਦੜ ਗਿੱਦੜੀ ਦਾ ਵਿਆਹ"

ਭਾਦੋਂ ਮਹੀਨੇ ਪਤਾ ਨਹੀਂ ਮੀਂਹ ਕਦੋਂ ਆ ਜਾਵੇ, ਇਸੇ ਡਰ ਤੋਂ ਕਿਸਾਨ ਖੇਤਾਂ ਵੱਲ ਚਾਲੇ ਪਾ ਕੇ ਪਸੀਨੇ ਨੂੰ ਚੀਰਦੇ ਜਾਂਦੇ ਹਨ। ਜਦੋਂ ਬਾਰਿਸ਼ ਵਿੱਚ ਭਾਦੋਂ ਮਹੀਨੇ ਧੁੱਪ ਨਿਕਲੇ ਤਾਂ ਗਿੱਦੜ ਗਿੱਦੜੀ ਦਾ ਵਿਆਹ ਕਿਹਾ ਜਾਂਦਾ ਹੈ। ਇਹ ਸਾਰੀਆਂ ਕਹਾਵਤਾਂ ਪੰਜਾਬ ਵਿੱਚ ਬਹੁਤ ਪ੍ਰਚੱਲਤ ਰਹੀਆਂ ਹਨ, ਹੈ ਤਾਂ ਹੁਣ ਵੀ ਪਰ ਸਮੇਂ ਦੀਆਂ ਹਾਣੀ ਨਹੀਂ ਬਣ ਸਕੀਆਂ।

ਉਂਝ ਭਾਦੋਂ ਦੇਸੀ ਮਹੀਨਿਆਂ ਵਿੱਚ ਇਹ 30 ਦਿਨਾਂ ਦਾ ਹੁੰਦਾ ਹੈ। ਅੰਗਰੇਜ਼ੀ ਮਹੀਨਿਆਂ ਵਿੱਚ ਇਹ ਅਗਸਤ ਅਤੇ ਸਤੰਬਰ ਦੇ ਵਿਚਕਾਰ ਆਉਂਦਾ ਹੈ। ਜਦੋਂ ਕਿ ਨਾਨਕਸ਼ਾਹੀ ਕੈਲੰਡਰ ਦਾ ਇਹ ਛੇਵਾਂ ਮਹੀਨਾ ਹੈ। ਸਾਡੀ ਪਵਿੱਤਰ ਗੁਰਬਾਣੀ ਵਿੱਚ ਇਸ ਦਾ ਸੁਨੇਹਾ ਮਿਲਿਆ ਹੈ,

"ਭਾਦੁਇ ਭਰਮਿ ਭੁਲਾਣੀਆ,
ਦੂਜੈ ਲਗਾ ਹੇਤੁ,
ਲਖ ਸੀਗਾਰ ਬਣਾਇਆ,
ਕਾਰਜ ਨਾਹੀਂ ਕੇਤ
ਜਿਤੁ ਦਿਨਿ ਦੇਹ ਬਿਨਸਸੀ
ਤਿਤੁ ਵੇਲੈ ਕਹਸਨ ਪ੍ਰੇਤ"

ਇਸ ਤੋਂ ਇਲਾਵਾ ਇੱਕ ਹੋਰ ਕਹਾਵਤ ਹੈ ਜੋ ਭਾਦੋ ਦੀ ਰੂਹੇ ਰਵਾਂ ਹੈ। ਇਸ ਦੇ ਨਾਲ ਮਹੀਨੇ ਦਾ ਮੂਲ ਭਾਵ ਪ੍ਰਗਟ ਕਰਕੇ ਇਸ ਦੀ ਸਹੀ ਤਰਜਮਾਨੀ ਕਰਦੀ ਹੈ:-

"ਭਾਦੋਂ ਧੁੱਪਾਂ ਕਹਿਰ ਦੀਆਂ,
ਝੜੀਆਂ ਕਈ-ਕਈ ਪਹਿਰ ਦੀਆਂ"

ਇਸ ਤੋਂ ਸਪੱਸ਼ਟ ਹੈ ਇਹ ਮਹੀਨਾ ਕਈ ਤਰ੍ਹਾਂ ਦੇ ਰੰਗ ਬਿਖੇਰਦਾ ਹੈ। ਧੁੱਪ ਵਿੱਚ ਪੈਂਦੇ ਮੀਂਹ ਦੀ ਤਰਜ਼ਮਾਨੀ ਕਰਦਾ ਹੈ,ਜ਼ੋ ਅਜੀਬ ਝਾਕੀ ਲੱਗਦੀ ਹੈ।

ਭਾਦੋਂ ਦੇ ਮਹੀਨੇ ਹੀਰ ਦਾ ਵਿਆਹ ਧਰਿਆ ਗਿਆ ਹੈ। ਇਸ ਲਈ ਕਿਹਾ ਵੀ ਹੈ,

"ਭਾਦੋਂ ਦਾ ਹੀਰ ਦਾ
ਧਰਿਆ ਮੁਕਲਾਵਾ,
ਉਸਨੂੰ ਖ਼ਬਰ ਨਾ ਕਾਈ,
ਮਹਿੰਦੀ ਸ਼ਗਨਾਂ ਦੀ
ਚੜ੍ਹ ਗਈ ਦੂਣ ਸਵਾਈ"

ਪੇਕੇ ਘਰ ਸੌਣ ਮਹੀਨਾ ਕੱਟਣ ਆਈਆਂ ਧੀਆਂ ਭਾਦੋਂ ਵਿੱਚ ਆਪਣੇ ਸਹੁਰੇ ਚਲੀਆਂ ਜਾਂਦੀਆਂ ਹਨ, ਇਸ ਲਈ ਵੰਨਗੀ ਹੈ:-

"ਤੀਆਂ ਸਾਉਣ ਦੀਆਂ
ਭਾਦੋਂ ਦੇ ਮੁਕਲਾਵੇ,
ਸਾਉਣ ਵੀਰ ਇਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ"

ਰੂਪਨਗਰ ਜ਼ਿਲ੍ਹੇ ਅਧੀਨ ਪੈਂਦੇ ਬਿਭੌਰ ਸਾਹਿਬ ਵਿੱਚ ਭਾਦੋਂ ਦਾ ਅਧਿਆਤਮਵਾਦ ਪੱਖ ਤੋਂ ਇਤਿਹਾਸ ਜੁੜਿਆ ਹੋਇਆ ਹੈ।

"ਭਾਦ੍ਰਵ ਸੁਧੀ ਅਸਟਮੀ ਰਵਿ ਵਾਰਾ,
ਤੀਰ ਸਤਦ੍ਰਵ ਗ੍ਰੰਥ ਸੁਧਾਰਾ"

ਇਸ ਤੋਂ ਇਲਾਵਾ ਭਾਦੋਂ ਦੀ ਚਾਨਣੀ ਚੌਦਸ ਨੂੰ ਲੁਧਿਆਣਾ ਵਿਖੇ ਛਪਾਰ ਦਾ ਮੇਲਾ ਲੱਗਦਾ ਹੈ:-

"ਆਰੀ ਆਰੀ ਆਰੀ ਮੇਲਾ ਤਾਂ ਛਪਾਰ
ਲੱਗਦਾ ਜਿਹੜਾ ਲੱਗਦਾ ਜਗਤ ਤੋਂ ਭਾਰੀ"

ਕੁਦਰਤ ਅਤੇ ਬਨਸਪਤੀ ਦੇ ਪੱਖ ਤੋਂ ਕੁਦਰਤ ਦੀ ਇਹ ਮਾਨਮੱਤੀ ਰੁੱਤ ਅਗਲੇ ਅੱਸੂ ਮਹੀਨੇ ਦੀ ਬੁਨਿਆਦ ਅਤੇ ਸਾਉਣ ਦੇ ਪਿਛੋਕੜ ਨਾਲ ਪੈਂਡਾ ਤੈਅ ਕਰਦੀ ਹੈ। ਪੰਜਾਬ ਤੇ ਸੱਭਿਆਚਾਰ, ਸਾਹਿਤ ਅਤੇ ਸੰਸਕ੍ਰਿਤ ਪੱਖੋਂ ਭਾਦੋਂ ਦਾ ਰੁਤਬਾ ਬਾਰਾਹ ਮਹੀਨਿਆਂ ਦੀ ਲੜੀ ਵਿੱਚ ਵੱਖਰਾ ਹੈ। ਮਜ਼ਦੂਰ ਅਤੇ ਕਿਸਾਨ ਇਸ ਦੇ ਜਬਰ ਨੂੰ ਸਬਰ ਨਾਲ ਹੰਢਾਉਂਦੇ ਹੋਏ ਕੰਮੀਂ ਕਾਰੀਂ ਲੱਗੇ ਰਹਿੰਦੇ ਹਨ। ਪਰ ਕਿਰਤੀਆਂ ਨੂੰ ਇਸਦੀ ਮਾਰ ਵੀ ਝੱਲਣੀ ਪੈਂਦੀ ਹੈ।

# ਅਗੰਮ ਐਂਟਰਟੇਨਮੈਂਟ, ਕੈਨੇਡਾ; ਪੰਜਾਬੀ ਕਲਾਕਾਰ ਮੰਚ ਲੁਧਿਆਣਾ ਅਤੇ ਕੈਲਗਰੀ ਲੇਖਕ ਸਭਾ, ਕੈਲਗਰੀ ਵਲੋਂ ਹਾਸਿਆਂ ਦੇ ਬਾਦਸ਼ਾਹ ਜਸਵਿੰਦਰ ਭੱਲਾ ਨੂੰ ਸੋਗਮਈ ਸ਼ਰਧਾਂਜਲੀ

ਕੈਲਗਰੀ-(ਜਸਵਿੰਦਰ ਸਿੰਘ ਰੁਪਾਲ): - ਕੈਲਗਰੀ ਵਿਖੇ ਕਲਾਕਾਰ ਅਤੇ ਸਾਹਿਤਕਾਰ ਆਪਣੇ ਵਿਛੜੇ ਮਹਿਬੂਬ ਕਲਾਕਾਰ ਜਸਵਿੰਦਰ ਭੱਲਾ ਨੂੰ ਸ਼ਰਧਾਂਜਲੀ ਦੇਣ ਲਈ ਕੋਸੋ ਹਾਲ ਕੈਲਗਰੀ ਵਿਖੇ ਇਕੱਠੇ ਹੋਏ। ਸਭ ਤੋਂ ਪਹਿਲਾਂ ਸਾਰਿਆਂ ਨੇ 2 ਮਿੰਟ ਲਈ ਖੜ੍ਹੇ ਹੋ ਕੇ ਗੁਪਤ ਅਰਦਾਸ ਕੀਤੀ। ਸੁਖਮੰਦਰ ਗਿੱਲ ਨੇ ਕਵਿਤਾ "ਹਾਸਿਆ ਦਾ ਸਰਦਾਰ ਤੁਰ ਗਿਆ" ਸੁਣਾਈ। ਹਰਮਿੰਦਰ ਪਾਲ ਸਿੰਘ ਨੇ ਤਰੰਨਮ ਵਿਚ ਗੀਤ "ਪੀੜ ਤੇਰੇ ਜਾਣ ਦੀ ਕਿੱਦਾਂ ਜਰਾਂਗਾ ਮੈਂ" ਸੁਣਾਇਆ। ਡਾ ਜੋਗਾ ਸਿੰਘ ਨੇ ਭਾਵਪੂਰਤ ਸ਼ਬਦਾਂ ਵਿੱਚ ਜਸਵਿੰਦਰ ਭੱਲਾ ਨੂੰ ਸ਼ਰਧਾਂਜਲੀ ਦਿੱਤੀ।



ਪੰਜਾਬੀ ਕਲਾਕਾਰ ਮੰਚ, ਲੁਧਿਆਣਾ ਤੋਂ ਜਸਵੰਤ ਸੰਧੀਲਾ ਜੀਂ, ਅਤੇ ਅਜੇ ਦਿਓਲ ਨੇ ਜਸਵਿੰਦਰ ਭੱਲਾ ਨੂੰ ਇੱਕ ਵਧੀਆ, ਮਿਲਾਪੜੇ ਸੁਭਾਅ ਵਾਲਾ ਅਤੇ ਸਦਾ ਚੜ੍ਹਦੀ ਕਲਾ ਵਿੱਚ ਰਹਿਣ ਵਾਲਾ ਇਨਸਾਨ ਦੱਸਿਆ। ਅਗਮ ਐਂਟਰਟੇਨਮੈਂਟਸ ਕੈਨੇਡਾ ਤੋਂ ਵਿਵੇਕ ਮਹਾਜਨ ਨੇ ਆਪਣੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਵਿਛੜੇ ਕਲਾਕਾਰ ਨੂੰ ਸਤਿਕਾਰ ਭੇਂਟ ਕੀਤਾ। ਹੋਰ ਬੁਲਾਰਿਆਂ ਵਿੱਚ ਜੱਸੀ ਨਈਅਰ, ਕਰਮਪਾਲ ਸਿੰਘ, ਦਲਬੀਰ ਜਲੋਵਾਲੀਆ, ਸੁਮਨ ਦੱਤਾ, ਮਨਜੋਤ ਗਿੱਲ, ਗੁਰਜਾਨ ਸਿੰਗਰ, ਜਸਵੰਤ ਰਾਏ ਸ਼ਰਮਾ, ਨਵਦੀਪ ਕਲੇਰ, ਅਤੇ ਤ੍ਰਿਲੋਕ ਚੁੱਘ ਨੇ ਆਪੋ ਆਪਣੇ ਅੰਦਾਜ ਵਿੱਚ ਸ਼ਬਦਾਂ ਦੀ ਘਾਟ ਦਾ ਜਿਕਰ ਕਰਦਿਆਂ ਹੋਇਆਂ ਆਖਿਆ ਕਿ ਅਜਿਹੇ ਸਖਸ਼ਾਂ ਕਦੇ ਕਦੇ ਹੀ ਦੁਨੀਆਂ ਤੇ ਆਉਂਦੇ ਹਨ। ਅੱਜਕੱਲ੍ਹ ਦੀ ਭੱਜਦੌੜ ਦੀ, ਰੁਝੇਵਿਆਂ ਅਤੇ ਪ੍ਰੇਸ਼ਾਨੀਆਂ ਵਾਲੀ ਜ਼ਿੰਦਗੀ ਵਿੱਚ ਹੋਰਾਂ ਨੂੰ ਹਸਾਉਣ ਵਾਲਾ ਸੱਚਮੁੱਚ ਹੀ ਮਹਾਨ ਹੁੰਦਾ ਹੈ। ਬੁਲਾਰਿਆਂ ਨੇ ਕਿਹਾ ਕਿ ਭੱਲਾ ਸਾਹਿਬ ਸਦੀਆਂ ਤੱਕ ਲੋਕਾਂ ਦੇ ਦਿਲਾਂ ਤੇ ਰਾਜ ਕਰਦੇ ਰਹਿਣਗੇ। ਰਣਵੀਰ ਸੰਧੂ ਨੇ ਸਟੇਜ ਤੋਂ ਬੋਲਦਿਆ ਕਿਹਾ ਕੀ ਵਿਛੜ ਚੁੱਕੇ ਕਲਾਕਾਰਾਂ ਨੂੰ ਸਮਰਪਿਤ ਜਲਦੀ ਹੀ ਇੱਕ ਸਮਾਗਮ ਕਰਵਾਇਆ ਜਾਏਗਾ।

ਇਸ ਸਮੇਂ ਸੁਰਿੰਦਰ ਸਿੰਘ ਢਿੱਲੋਂ ਅਤੇ ਉਸਦੇ ਕਲਾਕਾਰ ਬੇਟੇ, ਜਸਵੰਤ ਸਿੰਘ ਸੇਖੋਂ, ਜਗਦੇਵ ਸਿੱਧੂ,ਇੰਜੀ.ਜੀਰ ਸਿੰਘ ਬਰਾੜ, ਜਸਵਿੰਦਰ ਸਿੰਘ ਰੁਪਾਲ, ਮੰਗਲ ਚੱਠਾ ਅਤੇ ਕੈਲਗਰੀ ਦੇ ਹੋਰ ਪਤਵੰਤੇ ਆਦਿ ਵੀ ਸ਼ਾਮਲ ਸਨ। ਪੰਜਾਬੀ ਅਖਬਾਰ ਦੇ ਸੰਪਾਦਕ ਅਤੇ ਪਰਾਈਮ ਏਸ਼ੀਆ ਟੀਵੀ ਤੋਂ ਹਰਬੰਸ ਬੁੱਟਰ ਜੀਂ ਅਤੇ ਜੱਗਬਾਣੀ ਤੋਂ ਵੀ ਵਿਸ਼ੇਸ਼ ਪੱਤਰਕਾਰ ਪੁੱਜੇ ਹੋਏ ਸਨ ਜਿਹਨਾਂ ਨੇ ਪ੍ਰੋਗਰਾਮ ਦੀ ਕਵਰੇਜ ਕੀਤੀ। ਅਖੀਰ ਤੇ ਜਸਵੀਰ ਸਿੰਘ ਸਿਹੋਤਾ, ਪ੍ਰਧਾਨ ਕੈਲਗਰੀ ਲੇਖਕ ਸਭਾ ਨੇ ਸਭਾ ਵਲੋਂ ਇੱਕ ਸ਼ੋਕ ਮਤਾ ਪੜ੍ਹਿਆ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਦੀ ਸੇਵਾ ਮਨਜੀਤ ਰੁਪੋਵਾਲੀਆ ਨੇ ਬਾਖੂਬੀ ਨਿਭਾਈ।

# ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਦਾ ਪਲੇਠਾ ਕਹਾਣੀ ਦਰਬਾਰ " ਹੱਡ ਬੀਤੀਆਂ ਜੱਗ ਬੀਤੀਆਂ"

ਕਹਾਣੀ ਸਾਹਿਤ ਦਾ ਇੱਕ ਅਨਿੱਖੜਵਾਂ ਅੰਗ ਹੈ। ਜਦੋਂ ਤੋਂ ਮਨੁੱਖ ਨੇ ਆਪਣੇ ਹਾਵ ਭਾਵ ਇੱਕ ਦੂਜੇ ਨਾਲ ਪ੍ਰਗਟਾਉਣੇ ਸ਼ੁਰੂ ਕੀਤੇ ਹਨ ਉਸੇ ਸਮੇਂ ਤੋਂ ਕਹਾਣੀ ਦੀ ਰਚਨਾ ਹੋਈ ਮੰਨਿਆ ਜਾਂਦਾ ਹੈ। ਹਰ ਨਾਵਲ ਦੀ ਕੋਈ ਕਹਾਣੀ ਹੁੰਦੀ ਹੈ ਤੇ ਹਰ ਕਵਿਤਾ ਵਿੱਚ ਵੀ ਕੋਈ ਨਾ ਕੋਈ ਕਹਾਣੀ ਛੁੱਪੀ ਹੁੰਦੀ ਹੈ। ਸ਼ਾਇਦ ਸਾਡੀ ਸਭ ਦੀ ਜ਼ਿੰਦਗੀ ਵੀ ਇੱਕ ਵੱਖਰੀ ਕਹਾਣੀ ਹੁੰਦੀ ਹੈ। ਜੇ ਮੈਂ ਕਹਾਂ ਕਿ ਹਰ ਇੱਕ ਦਿਨ ਇੱਕ ਵੱਖਰੀ ਕਹਾਣੀ ਲਿਖਦਾ ਹੈ ਤਾਂ ਵੀ ਕੋਈ ਅੱਤਕਥਨੀ ਨਹੀਂ ਹੋਵੇਗੀ।

ਕਹਾਣੀ ਨੂੰ ਮੁੱਖ ਰੱਖਦਿਆਂ 24 ਅਗਸਤ 2025 ਦਿਨ ਐਤਵਾਰ ਨੂੰ ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਵੱਲੋਂ ਪਲੇਠਾ ਕਹਾਣੀ ਦਰਬਾਰ "ਹੱਡ ਬੀਤੀਆਂ ਜੱਗ ਬੀਤੀਆਂ" ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਵੱਖ-ਵੱਖ ਦੇਸ਼ਾਂ ਦੇ ਕਹਾਣੀਕਾਰਾਂ ਨੇ ਹਿੱਸਾ ਲਿਆ। ਇਸ ਕਹਾਣੀ ਦਰਬਾਰ ਵਿੱਚ ਇੱਕ ਵੱਖਰਾ ਸੁਮੇਲ ਇਹ ਦੇਖਣ ਨੂੰ ਮਿਲਿਆ ਕਿ ਜਿੱਥੇ ਕੈਨੇਡਾ ਦੀ ਧਰਤੀ ਤੇ ਸਵੇਰ ਦੇ ਸੂਰਜ ਦੀ ਕਿਰਨ ਚਮਕ ਰਹੀ ਸੀ ਉੱਥੇ ਹੀ ਯੂਰਪ ਵਿੱਚ ਦੁਪਹਿਰ ਦਾ ਸਮਾਂ ਹੋਣ ਕਰਕੇ ਸੂਰਜ ਸਿਖਰ ਤੇ ਸੀ। ਭਾਰਤ ਵਿੱਚ ਲਗਭਗ ਰਾਤ ਹੋ ਚੁੱਕੀ ਸੀ। ਸਾਊਥ ਕੋਰੀਆ ਵਿੱਚ ਅੱਧੀ ਰਾਤ ਦੇ ਸਮੇਂ ਤਾਰੇ ਟਿਮਟਿਮ ਕਰ ਰਹੇ ਸਨ ਤੇ ਅਗਲੇ ਦਿਨ ਦੀ ਸ਼ੁਰੂਆਤ ਹੋ ਚੁੱਕੀ ਸੀ। ਸਮੇਂ ਦਾ ਭਾਵੇਂ ਵੱਖ ਵੱਖ ਦੇਸ਼ਾਂ ਵਿੱਚ ਹੋਣ ਕਰਕੇ ਬਹੁਤ ਫਰਕ ਸੀ ਪਰ ਮਾਂ ਬੋਲੀ ਪੰਜਾਬੀ ਦੇ ਕਹਾਣੀਕਾਰਾਂ ਦੀ ਕਹਾਣੀ ਦਰਬਾਰ ਲਈ ਮੰਜ਼ਿਲ ਇੱਕ ਸੀ। ਇਸ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਮੰਚ ਦੇ ਸਰਪ੍ਰਸਤ ਬਿੰਦਰ ਕੋਲੀਆਂ ਵਾਲ ਨੇ ਸਾਰਿਆਂ ਨੂੰ ਜੀ ਆਇਆਂ ਆਖਦੇ ਹੋਏ ਮੰਚ ਸੰਚਾਲਨ ਦੀ ਜਿੰਮੇਵਾਰੀ ਸਰਬਜੀਤ ਸਿੰਘ ਜਰਮਨੀ ਨੂੰ ਦਿੱਤੀ। ਸਰਬਜੀਤ ਨੇ ਸਭ ਤੋਂ ਪਹਿਲਾ ਸੱਦਾ ਪੋਲੀ ਬਰਾੜ (ਅਮਰੀਕਾ) ਵਾਲਿਆਂ ਨੂੰ ਦਿੰਦੇ ਹੋਏ ਕਹਾਣੀ ਦਰਬਾਰ ਦੀ ਸ਼ੁਰੂਆਤ ਕੀਤੀ। ਪੋਲੀ ਬਰਾੜ ਨੇ ਬੜੀ ਮਨ ਮੋਹਣੀ ਕਹਾਣੀ "ਇਲਾਕੇ ਦਾ ਫ਼ਰਕ" ਵਿੱਚ ਮਾਝੇ-ਮਾਲਵੇ ਦੇ ਰੀਤੀ ਰਿਵਾਜਾਂ ਤੇ ਆਪਣੀ ਸਾਂਝ ਪਾਈ। ਅਮਰੀਕਾ ਦਾ ਬਾਰਡਰ ਪਾਰ ਕਰਕੇ ਦੂਜਾ ਸੱਦਾ ਹਰਸ਼ਰਨ ਕੌਰ, ਕਨੇਡਾ ਨੂੰ ਦਿੱਤਾ ਗਿਆ ਤੇ ਉਹਨਾਂ ਨੇ "ਪਿਆਰ ਦੇ ਪਲ" ਕਹਾਣੀ ਸੁਣਾ ਕੇ ਕੁਝ ਪਿਆਰ ਕਰਨ ਵਾਲਿਆਂ ਦੇ ਰੂਹਾਂ ਦੀ ਸਾਂਝ ਬਾਰੇ ਦੱਸਿਆ। ਬਾਅਦ ਵਿੱਚ ਗੁਰਮੀਤ ਸਿੰਘ ਮੱਲੀ, ਇਟਲੀ ਵਲੋਂ ਆਪਣੀ ਕਹਾਣੀ "ਅਣ-ਸੁਲਝੀ ਮੁਹੱਬਤ" ਸੁਣਾ ਕੇ ਪਰਦੇਸੀਆਂ ਦੇ ਅਧੂਰੇ ਪਿਆਰ ਤੇ ਚਾਨਣਾ ਪਾਇਆ ਗਿਆ।

ਸਰਬਜੀਤ ਨੇ ਫਿਰ ਹਾਸਿਆਂ ਦੀ ਪਟਾਰੀ ਨਾਲ ਸੰਬੋਧਨ ਕਰਦਿਆਂ ਜਸਵਿੰਦਰ ਕੌਰ ਮਿੰਟੂ, ਇਟਲੀ ਨੂੰ ਸੱਦਾ ਦਿੱਤਾ। ਮਿੰਟੂ ਜੀ ਨੇ ਆਪਣੀ ਕਹਾਣੀ "ਰਿਸ਼ਤੇ" ਸੁਣਾ ਕੇ ਪੁਰਾਤਨ ਸਮੇਂ ਦੇ ਪਿਆਰ ਭਰੇ ਰਿਸ਼ਤੇ ਅਤੇ ਅੱਜ ਦੇ ਰਿਸ਼ਤਿਆਂ ਵਿੱਚ ਆ ਰਹੇ ਬਦਲਾਉ ਬਾਰੇ ਬਾਖੂਬੀ ਚਾਨਣਾ ਪਾਇਆ। ਮਨਜੀਤ ਕੌਰ ਧੀਮਾਨ , ਲੁਧਿਆਣਾ ਨੇ ਆਪਣੀ ਮਿੰਨ੍ਹੀ ਕਹਾਣੀ "ਵਕਤ ਦੀ ਹੇਰਾ-ਫੇਰੀ" ਵਿੱਚ ਪਤੀ ਪਤਨੀ ਦੇ ਰਿਸ਼ਤੇ ਵਿੱਚ ਸਮੇਂ ਦੇ ਸੱਚ ਨੂੰ ਬਿਆਨ ਕੀਤਾ। ਗੁਰੂ ਨਗਰੀ ਸੁਲਤਾਨ ਪੁਰ ਲੋਧੀ ਵਸਦੇ ਸ਼ਾਇਰ ਮੁਖਤਾਰ ਸਿੰਘ ਚੰਦੀ ਜੀ ਨੇ ਆਪਣੀ ਕਹਾਣੀ "ਚੰਨ ਨੂੰ ਗ੍ਰਹਿਣ" ਨਾਲ ਪੰਜਾਬ ਦੀਆਂ ਉਹਨਾਂ ਧੀਆਂ ਦਾ ਦਰਦ ਬਿਆਨ ਕੀਤਾ ਜਿਹਨਾਂ ਨੂੰ ਪਰਦੇਸ ਗਏ ਮਾਹੀ ਨੇ ਮੁੜ ਚਿੱਠੀ ਤੱਕ ਨਾ ਪਾਈ। ਮੋਤੀ ਸ਼ਾਇਰ ਪੰਜਾਬੀ, ਜਲੰਧਰ ਜੀ ਨੇ ਚੱਲਦੇ ਪ੍ਰੋਗਰਾਮ ਵਿੱਚ ਆਪਣੇ ਸਫ਼ਰ ਦੌਰਾਨ ਇੰਦੌਰ ਦੀਆਂ ਕੁੱਝ ਰੌਚਕ ਗੱਲਾਂ ਬਾਰੇ ਜਾਣੂ ਕਰਵਾਇਆ, ਮੋਤੀ ਜੀ ਨੇ ਕੁਝ ਹੀ ਪਲਾਂ ਵਿੱਚ ਕਈ ਕਹਾਣੀਆਂ ਵਰਗੀ ਸਾਂਝ ਪਾ ਦਿੱਤੀ। ਲਾਈਵ ਚੱਲਦੇ ਕਹਾਣੀ ਦਰਬਾਰ ਵਿੱਚ ਉਹਨਾਂ ਸਰੋਤਿਆ ਨੂੰ ਵੀ ਯਾਦ ਕੀਤਾ ਗਿਆ ਜਿਹੜੇ ਆਪਣੀਆਂ ਹੌਂਸਲਾ ਵਧਾਉ ਪਿਆਰੀਆਂ ਪਿਆਰੀਆਂ ਟਿੱਪਣੀਆਂ ਕਰਕੇ ਕਹਾਣੀਕਾਰਾਂ ਦਾ ਹੌਂਸਲਾ ਵਧਾ ਰਹੇ ਸਨ। ਸਰਬਜੀਤ ਸਿੰਘ ਵੱਲੋਂ ਆਪਣੇ ਅਗਲੇ ਸੱਦੇ ਵਿੱਚ ਬਿੰਦਰ ਕੋਲੀਆਂ ਵਾਲ ਨੂੰ ਬੁਲਾਇਆ ਗਿਆ। ਉਹਨਾਂ ਨੇ ਰੌਲਿਆਂ ਸਮੇਂ ਦਾ ਡਾਢਾ ਦਰਦ ਬਿਆਨ ਕਰਦੀ ਕਹਾਣੀ "ਜੰਗਾਲਿਆ ਜਿੰਦਰਾ" ਨਾਲ ਸਭ ਨੂੰ ਭਾਵੁਕ ਕਰ ਦਿੱਤਾ।



ਪ੍ਰੋਗਰਾਮ ਵਿੱਚ ਸ਼ਾਮਲ ਸਾਰੇ ਕਹਾਣੀਕਾਰਾਂ ਦੀ ਵਾਰੀ ਮਗਰੋਂ ਸਰਬਜੀਤ ਸਿੰਘ ਜਰਮਨੀ ਨੇ "ਮਾਂ ਬੋਲੀ ਪੰਜਾਬੀ" ਕਹਾਣੀ ਰਾਹੀ ਸਭ ਨੂੰ ਪੰਜਾਬੀ ਬੋਲੀ ਸਿੱਖਣ ਦਾ ਸੰਦੇਸ਼ ਦਿੱਤਾ। ਕਹਾਣੀ ਵਿੱਚ ਗੱਲ ਕੀਤੀ ਗਈ ਕਿ ਕਿਸੇ ਵੀ ਬੋਲੀ ਨੂੰ ਬੋਲਣ ਵਿੱਚ ਕੋਈ ਹਰਜ਼ ਨਹੀਂ ਹੈ ਪਰ ਉਸ ਦੀ ਵਰਤੋਂ ਉਦੋਂ ਹੀ ਕਰੋ ਜਦੋਂ ਤੁਸੀਂ ਉਸ ਤੋਂ ਚੰਗੀ ਤਰ੍ਹਾਂ ਜਾਣੂ ਹੋਵੋ। ਪ੍ਰੋਗਰਾਮ ਦੇ ਆਖੀਰ ਵਿੱਚ ਅਮਨਬੀਰ ਸਿੰਘ ਧਾਮੀ, ਸਾਊਥ ਕੋਰੀਆ ਵੱਲੋਂ ਕਹਾਣੀ ਦਰਬਾਰ ਵਿੱਚ ਸ਼ਾਮਲ ਹੋਏ ਸਾਰੇ ਕਹਾਣੀਕਾਰਾਂ, ਕਹਾਣੀਕਾਰਵਾਂ ਦਾ ਬਹੁਤ ਸਤਿਕਾਰ ਸਾਹਿਤ ਧੰਨਵਾਦ ਕੀਤਾ ਗਿਆ। ਉਹਨਾਂ ਨੇ ਆਪ ਵੀ ਕਹਾਣੀ ਲਿਖਣ ਦਾ ਵਾਅਦਾ ਕੀਤਾ ਤੇ ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਦੀ ਪੂਰੀ ਟੀਮ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਕਹਾਣੀ ਦਰਬਾਰ ਅਕਸਰ ਹੋਣੇ ਚਾਹੀਦੇ ਹਨ।

ਅਸੀਂ ਵੱਖ ਵੱਖ ਲਾਈਵ ਪ੍ਰੋਗਰਾਮਾਂ ਵਿੱਚ ਅਕਸਰ ਕਵੀ ਦਰਬਾਰ ਸੁਣਦੇ ਹਾਂ ਪਰ ਕਹਾਣੀ ਦਰਬਾਰ ਇੱਕ ਵੱਖਰੀ ਪਹਿਲ ਕਦਮੀ ਹੈ। ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਵਲੋਂ ਲਗਭਗ ਹਰ ਤੀਜਾ ਪ੍ਰੋਗਰਾਮ "ਕਹਾਣੀ ਦਰਬਾਰ" ਕਰਾਉਣ ਦਾ ਨਿਰਣਾ ਲਿਆ ਗਿਆ ਹੈ। ਜੇਕਰ ਆਪ ਜੀ ਵੀ ਆਪਣੀ ਲਿਖੀ ਕਹਾਣੀ ਸੁਣਾਉਣਾ ਚਾਹੁੰਦੇ ਹੋ ਤਾਂ ਤੁਸੀਂ ਫੇਸਬੁੱਕ ਤੇ ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਨਾਲ ਜੁੜ ਸਕਦੇ ਹੋ ਜੀ। -ਸਰਬਜੀਤ ਸਿੰਘ ਜਰਮਨੀ

## ਗੁਰੂ ਗ੍ਰੰਥ ਸਾਹਿਬ ਦੇ 421ਵੇਂ ਪਹਿਲੇ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼

# ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥

**ਡਾ. ਗੁਰਵਿੰਦਰ ਸਿੰਘ**
604 825 1550

ਗੁਰੂ ਗ੍ਰੰਥ ਸਾਹਿਬ ਦੇ 421ਵੇਂ ਪਹਿਲੇ ਪ੍ਰਕਾਸ਼ ਦਿਹਾੜੇ 'ਤੇ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਬਾਰੇ ਇਹ ਲੇਖ ਸਾਂਝਾ ਕਰਨ ਦੀ ਖੁਸ਼ੀ ਲੈ ਰਹੇ ਹਾਂ। ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਦੀ ਆਰੰਭਤਾ ਦਾ ਮੁੱਢ ਬੱਝਦਾ ਹੈ, ਜਿਹਨਾਂ ਆਪਣੀ ਬਾਣੀ ਸਮੇਤ, ਵੱਖ-ਵੱਖ ਭਗਤਾਂ ਦੀਆਂ ਬਾਣੀਆਂ ਇਕੱਤਰ ਕੀਤੀਆਂ ਅਤੇ ਦੂਜੇ ਪਾਤਸ਼ਾਹ ਗੁਰੂ ਅੰਗਦ ਸਾਹਿਬ ਜੀ ਨੂੰ ਸੌਂਪੀਆਂ। ਇਸੇ ਤਰ੍ਹਾਂ ਦੂਜੇ ਗੁਰੂ ਨਾਨਕ ਤੋਂ ਲੈ ਕੇ ਪੰਜਵੇਂ ਗੁਰੂ ਨਾਨਕ ਤੱਕ, ਇਹ ਬਾਣੀਆਂ ਪੋਥੀ ਸਰੂਪ ਵਿੱਚ, ਅਗਾਂਹ ਸੌਂਪੀਆਂ ਜਾਂਦੀਆਂ ਰਹੀਆਂ ਅਤੇ ਪੰਜਵੇਂ ਗੁਰੂ ਨਾਨਕ, ਗੁਰੂ ਅਰਜਨ ਸਾਹਿਬ ਨੇ ਆਪਣੇ ਸਮੇਤ, ਗੁਰੂ ਸਾਹਿਬਾਨਾਂ ਅਤੇ ਹੋਰਨਾਂ ਸ਼ਖ਼ਸੀਅਤਾਂ ਦੀਆਂ ਬਾਣੀਆਂ ਇਕੱਤਰ ਕਰਦਿਆਂ ਹੋਇਆਂ, 'ਪੋਥੀ ਸਾਹਿਬ' ਦਾ ਸੰਪਾਦਨ ਕਾਰਜ ਕੀਤਾ।

ਪਹਿਲਾ ਪ੍ਰਕਾਸ਼ ਪੁਰਬ ਗੁਰੂ ਗ੍ਰੰਥ ਸਾਹਿਬ : ਸੰਸਾਰ ਸਾਹਿਤ ਵਿੱਚ ਧਰਮ-ਗ੍ਰੰਥ ਦੀ ਪਰੰਪਰਾ ਨਾਲੋਂ ਨਿਰਾਲੀ ਮਿਸਾਲ ਕਾਇਮ ਕਰਦੇ ਹੋਏ, ਗੁਰੂ ਅਰਜਨ ਸਾਹਿਬ ਨੇ ਬਾਣੀ ਇਕੱਤਰ ਅਤੇ ਸੰਕਲਨ ਕਰਨ ਦਾ ਕਾਰਜ 1588 ਈ. ਤੋਂ ਲੈ ਕੇ 1603 ਈ. ਤੱਕ ਤਕਰੀਬਨ 15 ਸਾਲ ਦੀ ਘਾਲਣਾ ਕਰਕੇ ਸੰਪੂਰਨ ਕਰਵਾਇਆ। ਗੁਰਮਤਿ ਦੇ ਉੱਘੇ ਵਿਦਵਾਨ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਰਾਮਸਰ ਸਰੋਵਰ ਦੇ ਰਮਣੀਕ ਕਿਨਾਰੇ ਗੁਰੂ ਅਰਜਨ ਸਾਹਿਬ ਦੇ ਹੁਕਮ ਅਨੁਸਾਰ ਪਾਵਨ ਬੀੜ ਨੂੰ ਲਿਖਣ ਦੀ ਸੇਵਾ ਨਿਭਾਈ। ਪਾਵਨ ਬੀੜ ਸਾਹਿਬ ਦਾ ਸੰਪਾਦਨ ਕਰਦਿਆਂ ਗੁਰੂ ਸਾਹਿਬ ਨੇ ਸਮੁੱਚੀ ਬਾਣੀ ਨੂੰ ਰਾਗਾਂ ਵਿਚ ਤਰਤੀਬ ਅਨੁਸਾਰ ਲਿਖਵਾਇਆ। ਇਕ ਸਾਲ ਨੌਂ ਮਹੀਨੇ ਵਿੱਚ ਸਮੁੱਚੀ ਬਾਣੀ ਲਿਖਵਾ ਕੇ ਗੁਰੂ ਅਰਜਨ ਸਾਹਿਬ ਨੇ ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਰਵਾਇਆ। ਰਾਮਸਰ ਸਾਹਿਬ ਤੋਂ ਸੰਗਤਾਂ ਦੀ ਭਰਪੂਰ ਹਾਜ਼ਰੀ ਵਿੱਚ ਨਗਰ ਕੀਰਤਨ ਰਾਹੀਂ ਦਰਬਾਰ ਸਾਹਿਬ ਤੀਕ ਬਾਬਾ ਬੁੱਢਾ ਜੀ ਦੇ ਸੀਸ ਤੇ ਸਜਾ, ਧੰਨ ਧੰਨ ਸਾਹਿਬ ਗੁਰੂ ਅਰਜਨ ਸਾਹਿਬ ਚੌਰ ਕਰਦੇ ਪੁੱਜੇ ਅਤੇ ਪਹਿਲਾਂ ਪ੍ਰਕਾਸ਼, ਭਾਦੋਂ ਸੁਦੀ ਪਹਿਲੀ ਸੰਮਤ 1661, ਸੰਨ 1604 ਨੂੰ ਸੱਚਖੰਡ ਦਰਬਾਰ ਸਾਹਿਬ ਵਿਖੇ ਹੋਇਆ। ਬਾਬਾ ਬੁੱਢਾ ਜੀ ਸੱਚਖੰਡ ਦਰਬਾਰ ਸਾਹਿਬ ਦੇ ਪਹਿਲੇ ਗ੍ਰੰਥੀ ਨਿਯੁਕਤ ਹੋਏ। ਬਾਬਾ ਜੀ ਨੇ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਰਕੇ ਮੁੱਖ ਵਾਕ ਲਿਆ ;

ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਮੌਕੇ ਪਹਿਲਾ ਮੁੱਖ ਵਾਕ :

ਸੂਹੀ ਮਹਲਾ ੫ ॥
ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ
ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
(ਅੰਗ-873)



ਗੁਰੂ ਗ੍ਰੰਥ ਸਾਹਿਬ ਦਾ ਸਰਬ ਵਿਆਪਕ ਤੇ ਸਰਬ ਸਾਂਝਾ ਉਪਦੇਸ਼ ਮੱਧ-ਯੁਗ ਦੇ ਸਾਹਿਤ ਅਤੇ ਧਰਮ ਖੇਤਰ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਪ੍ਰਕਿਰਿਆ ਜੁਗਾਂਤਰਕਰੀ ਵਰਤਾਰਾ ਹੈ। ਜਿਥੇ ਇਸ ਨਾਲ ਸਾਹਿਤ ਜਗਤ ਵਿੱਚ ਗ੍ਰੰਥ ਸੰਪਾਦਨ ਕਲਾ ਦਾ ਆਰੰਭ ਹੁੰਦਾ ਹੈ, ਉਥੇ ਮਹਾਂ-ਗਿਆਨ ਦੇ ਵਿਸ਼ਾਲ ਖਜ਼ਾਨੇ ਨੂੰ ਕਿਸੇ ਕਿਸਮ ਦੇ ਰਲਾਅ ਤੋਂ ਸਦੀਵੀ ਤੌਰ 'ਤੇ ਸੁਰੱਖਿਅਤ ਕਰਕੇ, ਭਵਿੱਖ ਲਈ ਅਨਮੋਲ ਸਮੱਗਰੀ ਹੂ-ਬ ਹੂ ਬਰਕਰਾਰ ਰੱਖਣ ਦੀ ਪਿਰਤ ਪੈਂਦੀ ਹੈ। ਆਦਿ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਤੇ ਉਪਦੇਸ਼ ਸਰਬ-ਕਾਲੀ, ਸਰਬ - ਵਿਆਪਕ ਤੇ ਸਰਬ-ਸਾਂਝਾ ਹੈ। ਇਸ ਵਿਚਲੀ ਵਿਚਾਰਧਾਰਾ ਸਮੂਹ ਜਗਤ ਕਲਿਆਣ ਲਈ ਅਧਿਆਤਮਕ ਚਿੰਤਨ ਹੈ। ਸਮੁੱਚੇ ਸੰਸਾਰ ਲਈ ਭਾਵਾਤਮਕ ਸਾਂਝ ਦਾ ਸੁਨੇਹਾ ਦਿੰਦਾ ਇਹ ਪਹਿਲਾ ਧਰਮ ਗ੍ਰੰਥ ਹੈ, ਜਿਸ ਵਿੱਚ 12ਵੀਂ ਤੋਂ 17 ਵੀਂ ਸਦੀ ਤੱਕ ਦੀਆਂ, ਪੰਜ ਸਦੀਆਂ ਦੇ 36 ਮਹਾਂ- ਪੁਰਖਾਂ ਦੇ ਰੂਹਾਨੀ ਤੱਤ ਗਿਆਨ ਦਾ ਨਿਚੋੜ ਦੇਸ਼, ਕਾਲ ਤੇ ਸਮੇਂ ਦੀਆਂ ਹੱਦਾਂ ਖਤਮ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਹਰ ਮਹਾਂ- ਪੁਰਖ ਦਾ ਅੰਦਾਜ਼ ਚਾਹੇ ਨਿਵੇਕਲਾ ਹੈ, ਪਰ ਸਭ ਦਾ ਸੰਦੇਸ਼ ਸਾਂਝਾ ਹੈ, ਜੋ ਕਿ ਵਰਣ- ਵੰਡ, ਉਚ ਨੀਚ, ਜਾਤ- ਪਾਤ ਅਤੇ ਰੰਗ-ਨਸਲ ਤੋਂ ਉਚੇ ਉੱਠ ਕੇ, ਪ੍ਰਭੂ - ਪ੍ਰੇਮ ਵਿੱਚ ਲੀਨ ਹੋ ਕੇ, ਉਚੀ ਆਤਮਕ- ਅਵਸਥਾ ਵਿੱਚ ਬਿਰਾਜਣ ਦਾ ਹੈ। ਇਸ ਵਿਚਲੇ ਕੁੱਲ 5894 ਸ਼ਬਦਾਂ ਵਿਚੋਂ 4956 ਗੁਰੂਆਂ ਦੇ ਅਤੇ 938 ਭਗਤਾਂ ਦੇ ਸ਼ਬਦ ਹਨ। ਸਮੁੱਚੀ ਬਾਣੀ ਦੀ ਇਕਸੁਰਤਾ ਅਜਿਹੀ ਹੈ ਕਿ ਪੜ੍ਹਨ ਵਾਲਾ ਜਗਿਆਸੂ ਸੁੱਤੇ- ਸਿੱਧ ਗੁਰੂ ਬਾਣੀ ਤੋਂ ਭਗਤ ਬਾਣੀ ਵਿੱਚ ਪ੍ਰਵੇਸ਼ ਕਰ ਜਾਂਦਾ ਹੈ ਤੇ ਭਗਤ ਬਾਣੀ ਤੋਂ ਗੁਰੂ ਬਾਣੀ ਵਿੱਚ। ਗੁਰੂ ਗ੍ਰੰਥ ਸਾਹਿਬ ਅਜਿਹਾ ਬਹੁ- ਪਸਾਰੀ ਸੰਕਲਨ ਹੈ, ਜਿਸ ਵਿੱਚ ਅਕਾਲ ਪੁਰਖ, ਜਗਤ, ਮਾਨਵ, ਧਰਮ, ਦਰਸ਼ਨ, ਆਤਮਾ, ਅਨੁਭਵ, ਨੈਤਿਕ ਗੁਣ, ਸਤ, ਆਚਾਰ ਨੀਤੀ , ਸਮਾਜ ਆਦਿ ਅਨੇਕਾਂ ਸੂਖਮ ਤੇ ਸਥੂਲ, ਆਦਰਸ਼ਕ ਤੇ ਵਾਸਤਵਿਕ, ਅਧਿਆਤਮਕ ਅਤੇ ਸਮਾਜਿਕ ਵਿਸ਼ਿਆਂ ਉੱਪਰ ਵਿਸਤਾਰ- ਪੂਰਵਕ ਵਿਚਾਰ ਹੋਇਆ ਹੈ।

ਗੁਰੂ ਅਰਜਨ ਸਾਹਿਬ ਵੱਲੋਂ ਨੂੰ ਪਾਵਨ ਪੋਥੀ ਸਾਹਿਬ ਨੂੰ ਰੱਬ ਦਾ ਦਰਜਾ ਦੇਣਾ:

ਪੰਜਵੇਂ ਗੁਰੂ ਨਾਨਕ, ਗੁਰੂ ਅਰਜਨ ਸਾਹਿਬ ਨੇ ਪੋਥੀ ਸਾਹਿਬ ਦਾ ਸਤਿਕਾਰ ਕਰਦਿਆਂ, ਉੱਚੇ ਥਾਂ ਤੇ ਪ੍ਰਕਾਸ਼ ਕੀਤਾ ਅਤੇ ਖੁਦ ਚੋਰ ਸਾਹਿਬ ਕੀਤਾ। ਉਹਨਾਂ ਆਪਣੀ ਬਾਣੀ ਰਾਹੀਂ ਇਹ ਫੁਰਮਾਨ ਕੀਤਾ ਕਿ ਪੋਥੀ ਸਾਹਿਬ ਦਾ ਸਥਾਨ ਰੱਬ ਦੇ ਤੁਲ ਹੈ। ਦੂਜੇ ਸ਼ਬਦਾਂ ਵਿੱਚ ਗੁਰਬਾਣੀ ਹੀ ਪਰਮਾਤਮਾ ਦੇ ਮਿਲਾਪ ਦੀ ਥਾਂ ਹੈ। ਪੰਚਮ ਪਾਤਸ਼ਾਹ ਨੇ ਖੁਦ ਹੀ ਪਾਵਨ ਗ੍ਰੰਥ ਸਾਹਿਬ ਨੂੰ ਰੱਬੀ ਰੂਪ ਬਿਆਨ ਕਰਦਿਆਂ ਇਉਂ ਫੁਰਮਾਨ ਕੀਤਾ :

ਪੋਥੀ ਪਰਮੇਸਰ ਕਾ ਥਾਨੁ ॥
ਸਾਧਸੰਗਿ ਗਾਵਹਿ ਗੁਣ ਗੋਬਿੰਦ
ਪੂਰਨ ਬ੍ਰਹਮ ਗਿਆਨੁ ॥
ਸਾਰੰਗ ਮਹਲਾ ਪੰਜਵਾਂ,
ਗੁਰੂ ਗ੍ਰੰਥ ਸਾਹਿਬ ਅੰਗ 1226

ਦਰਅਸਲ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਨੇ ਬਾਣੀ ਦੇ ਪ੍ਰਥਾਏ ਇਹ ਸਪਸ਼ਟ ਕਰ ਦਿੱਤਾ ਸੀ ਕਿ ਜਿਵੇਂ ਅਕਾਲ ਪੁਰਖ ਨੇ ਉਹਨਾਂ ਨੂੰ ਬਾਣੀ ਬਖਸ਼ੀ ਹੈ, ਉਸੇ ਤਰ੍ਹਾਂ ਉਹ ਬਿਆਨ ਕਰ ਰਹੇ ਹਨ। ਗੁਰੂ ਸਾਹਿਬ ਦੇ ਪਾਵਨ ਬਚਨ ਹਨ ; ਜੈਸੀ ਮੈ ਆਵੈ ਖਸਮ ਕੀ ਬਾਣੀ

ਤੈਸੜਾ ਕਰੀ ਗਿਆਨੁ ਵੇ ਲਾਲੋ ॥
ਤਿਲੰਗ ਮਹਲਾ ਪਹਿਲਾ,
ਗੁਰੂ ਗ੍ਰੰਥ ਸਾਹਿਬ : ਅੰਗ 722.

ਤੀਜੇ ਗੁਰੂ ਨਾਨਕ, ਗੁਰੂ ਅਮਰਦਾਸ ਸਾਹਿਬ ਨੇ ਗੁਰਬਾਣੀ ਨੂੰ ਪਰਮਾਤਮਾ ਦੇ ਤੁੱਲ ਜਾਣ ਕੇ ਹੀ ਗੁਰਬਾਣੀ ਦੀ ਵਡਿਆਈ ਕੀਤੀ ਹੈ। ਆਪ ਜੀ ਦਾ ਫੁਰਮਾਨ ਹੈ;

ਵਾਹੁ ਵਾਹੁ ਬਾਣੀ ਨਿਰੰਕਾਰ ਹੈ
ਤਿਸੁ ਜੇਵਡੁ ਅਵਰੁ ਨ ਕੋਇ ॥
ਸਲੋਕ ਮਹਲਾ 3,
ਗੁਰੂ ਗ੍ਰੰਥ ਸਾਹਿਬ ਅੰਗ : 515

ਪਾਵਨ ਪੋਥੀ ਸਾਹਿਬ (ਆਦਿ ਗੁਰੂ ਗ੍ਰੰਥ ਸਾਹਿਬ) ਵਿੱਚ ਦਰਜ ਬਾਣੀ ਨੂੰ ਧੁਰ ਕੀ ਕੀ ਬਾਣੀ ਭਾਵ ਰੱਬੀ ਬਾਣੀ ਦਸਦਿਆਂ ਹੋਇਆਂ, ਗੁਰੂ ਸਾਹਿਬ ਨੇ ਸਭ ਭੁਲੇਖੇ ਦੂਰ ਕੀਤੇ ਅਤੇ ਸਿੱਖਾਂ ਨੂੰ ਇਹ ਉਪਦੇਸ਼ ਬਖਸ਼ਿਆ :

ਧੁਰ ਕੀ ਬਾਣੀ ਆਈ ॥
ਤਿਨਿ ਸਗਲੀ ਚਿੰਤ ਮਿਟਾਈ ॥
ਸੋਰਠਿ ਮਹਲਾ ਪੰਜਵਾਂ,
ਗੁਰੂ ਗ੍ਰੰਥ ਸਾਹਿਬ : ਅੰਗ 628

ਇਉਂ ਪਾਵਨ ਗੁਰੂ ਗ੍ਰੰਥ ਸਾਹਿਬ ਵਿੱਚ ਹੀ ਗੁਰੂ ਸਾਹਿਬਾਨ ਨੇ ਖੁਦ ਸਪੱਸ਼ਟ ਕਰ ਦਿੱਤਾ ਹੈ ਕਿ ਬਾਣੀ ਅਕਾਲ ਪੁਰਖ ਦੇ ਹੁਕਮ ਵਿਚ ਹੀ ਉੱਚਾਰੀ ਹੈ ;

ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ ॥
ਸੂਹੀ ਗੁਣਵੰਤੀ ਮਹਲਾ ਪਹਿਲਾ,
ਗੁਰੂ ਗ੍ਰੰਥ ਸਾਹਿਬ : ਅੰਗ 763

ਇਹਨਾਂ ਪ੍ਰਮਾਣਾਂ ਮਗਰੋਂ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਗੁਰਬਾਣੀ ਗੁਰੂ ਸਾਹਿਬਾਨ ਜਾਂ ਭਗਤ ਸਾਹਿਬਾਨ ਵਲੋਂ ਗਏ 'ਗੀਤ' ਨਹੀਂ ਹਨ,ਬਲਕਿ ਇਹ ਤਾਂ ਰੱਬੀ ਵਿਚਾਰ ਹਨ ;

ਲੋਗੁ ਜਾਨੈ ਇਹੁ ਗੀਤੁ ਹੈ
ਇਹੁ ਤਉ ਬ੍ਰਹਮ ਬੀਚਾਰ ॥
ਬਾਣੀ ਭਗਤ ਕਬੀਰ ਜੀ,
ਗੁਰੂ ਗ੍ਰੰਥ ਸਾਹਿਬ : ਪੰਨਾ 335

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਥਾਪਣਾ :

ਦਸਵੇਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਦੇ ਸਥਾਨ 'ਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕਰਦੇ ਹੋਏ, ਆਦਿ ਗ੍ਰੰਥ ਸਾਹਿਬ ਭਾਈ ਮਨੀ ਸਿੰਘ ਜੀ ਤੋਂ ਲਿਖਵਾਇਆ। ਆਪ ਜੀ ਨੇ ਜੋਤੀ ਜੋਤ ਸਮਾਉਣ ਵੇਲੇ ਸ਼ਹੀਦੀ ਸਮੇਂ ਸੰਨ 1708 ਈ. ਨੂੰ ਸੱਚਖੰਡ ਹਜ਼ੂਰ ਸਾਹਿਬ ਵਿਖੇ ਪਾਵਨ ਬੀੜ ਸਾਹਿਬ ਨੂੰ ਗੁਰਗੱਦੀ ਦਿੰਦੇ ਹੋਏ 'ਗੁਰੂ' ਗ੍ਰੰਥ ਦਾ ਦਰਜਾ ਦਿੱਤਾ। ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਹੋਣ ਦਾ ਅਸਲ ਭਾਵ ਇਹ ਹੈ ਕਿ 'ਗੁਰਬਾਣੀ ਹੀ ਗੁਰੂ' ਹੈ ਅਤੇ ਇਹ ਪਾਵਨ ਸ਼ਬਦ ਚੌਥੇ ਗੁਰੂ ਨਾਨਕ, ਗੁਰੂ ਰਾਮਦਾਸ ਸਾਹਿਬ ਨੇ ਪਹਿਲਾਂ ਹੀ ਉਚਾਰਨ ਕੀਤਾ ਹੋਇਆ ਹੈ ;

ਬਾਕੀ ਹਿਸਾ ਸਫ਼ਾ 55 ਤੇ ਪੜ੍ਹੋ

54 ਸਫ਼ੇ ਦੀ ਬਾਕੀ

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ ॥
ਨਟ ਮਹਲਾ ਚੌਥਾ,
ਗੁਰੂ ਗ੍ਰੰਥ ਸਾਹਿਬ : ਅੰਗ 982)

ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ 'ਤੇ ਇਹ ਸਮਝਣਾ ਸਭ ਤੋਂ ਜ਼ਰੂਰੀ ਹੈ ਕਿ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਥਾਪਦਿਆਂ ਗੁਰਤਾ ਗੱਦੀ ਬਖਸ਼ੀ ਹੈ, ਉਥੇ ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਨੇ ਮੁੱਢ ਵਿੱਚ ਹੀ ਪੋਥੀ ਸਾਹਿਬ ਨੂੰ ਰੱਬ ਦਾ ਦਰਜਾ ਦਿੱਤਾ ਹੈ। ਇਉਂ ਸਾਡੇ ਲਈ ਗੁਰੂ ਗ੍ਰੰਥ ਸਾਹਿਬ ਗੁਰੂ ਵੀ ਹਨ ਅਤੇ ਰੱਬ ਵੀ ਹਨ। ਰੱਬ ਤੇ ਗੁਰੂ ਵਿੱਚ ਗੁਰੂ ਅਰਜਨ ਸਾਹਿਬ ਸਾਰਾ ਭੇਦ ਖਤਮ ਕਰਦੇ ਹਨ;

ਗੁਰੁ ਪਰਮੇਸਰੁ ਏਕੋ ਜਾਣੁ ॥
ਜੋ ਤਿਸੁ ਭਾਵੈ ਸੋ ਪਰਵਾਣੁ ॥੧॥
ਗੋਂਡ ਮਹਲਾ ਪੰਜਵਾਂ,
ਗੁਰੂ ਗ੍ਰੰਥ ਸਾਹਿਬ : ਅੰਗ 864

ਗੁਰਬਾਣੀ ਵਿਚ ਅਨੇਕਾਂ ਪ੍ਰਮਾਣ ਮਿਲਦੇ ਹਨ, ਜਿੱਥੇ ਸਤਿਗੁਰੂ ਜੀ ਨੇ ਗੁਰੂ ਨੂੰ ਪਰਮਾਤਮਾ ਦੇ ਬਰਾਬਰ ਬਿਆਨ ਕੀਤਾ ਹੈ ;

ਗੁਰੁ ਪਰਮੇਸਰੁ ਏਕੁ ਹੈ
ਸਭ ਮਹਿ ਰਹਿਆ ਸਮਾਇ ॥
ਜਿਨ ਕਉ ਪੂਰਬਿ ਲਿਖਿਆ
ਸੇਈ ਨਾਮੁ ਧਿਆਇ ॥
ਸਿਰੀਰਾਗੁ ਮਹਲਾ ਪੰਜਵਾਂ,
ਗੁਰੂ ਗ੍ਰੰਥ ਸਾਹਿਬ : ਅੰਗ 53

ਗੁਰੂ ਮਾਨਿਓ ਗ੍ਰੰਥ : ਰੋਜ਼ਾਨਾ ਅਰਦਾਸ ਉਪਰੰਤ ਜੋ ਦੋਹੇ ਗਾਇਨ ਕੀਤੇ ਜਾਂਦੇ ਹਨ, ਉਹਨਾਂ ਵਿੱਚ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਵਜੋਂ ਸੁਭਾਇਮਾਨ ਕੀਤੇ ਜਾਣ ਸਬੰਧੀ ਬਚਨ ਹਨ। ਇਹ ਜਾਨਣਾ ਜਰੂਰੀ ਹੈ ਕਿ ਇਹ ਦੋਹੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨਹੀਂ, ਪਰ ਇਹਨਾਂ ਦੇ ਭਾਵ ਗੁਰੂ ਗ੍ਰੰਥ ਸਾਹਿਬ ਨੂੰ 'ਸਦੀਵੀ ਗੁਰੂ' ਵਜੋਂ ਬਿਆਨ ਕਰਦੇ ਹਨ। ਸਿੱਖ ਵਿਦਵਾਨ ਡਾ. ਪਿਆਰਾ ਸਿੰਘ ਪਦਮ ਵਲੋਂ ਸੰਪਾਦਿਤ ਪੁਸਤਕ 'ਰਹਿਤਨਾਮੇ' ਵਿੱਚ ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਵਲੋਂ ਪੰਨਾ 67 ਉਪਰ, ਮੂਲ ਰੂਪ ਵਿੱਚ ਉਚਾਰਣ ਕੀਤੇ ਗਏ ਦੋਹਰਿਆਂ ਦਾ ਸਰੂਪ ਇਸ ਤਰਾਂ ਦਿਤਾ ਗਿਆ ਹੈ ;

ਅਕਾਲ ਪੁਰਖ ਕੇ ਬਚਨ ਸਿਉਂ
ਪ੍ਰਗਟ ਚਲਾਯੋ ਪੰਥ ॥
ਸਭ ਸਿੱਖਨ ਕੋ ਹੁਕਮ ਹੈ
ਗੁਰੂ ਮਾਨੀਓ ਗ੍ਰੰਥ ॥
..........................................
ਗੁਰੂ ਖਾਲਸਾ ਮਾਨੀਅਹਿ
ਪ੍ਰਗਟ ਗੁਰੂ ਕੀ ਦੇਹ ॥
ਜੋ ਸਿਖ ਮੋ ਮਿਲਬੋ ਚਹੈ
ਖੋਜ ਇਨਹੁ ਮਹਿ ਲੇਹੁ ॥
(ਰਹਿਤਨਾਮੇ, ਪੰਨਾ 67)

ਭਾਈ ਪ੍ਰਹਲਾਦ ਸਿੰਘ ਰਚਿਤ 'ਰਹਿਤਨਾਮਾ' ਨਾਲੋਂ ਥੋੜੇ ਫਰਕ ਨਾਲ ਗਿਆਨੀ ਗਿਆਨ ਸਿੰਘ ਦੀ ਲਿਖਤ ਵਿੱਚ ਇਹੀ ਦੋਹਰੇ ਅੰਕਿਤ ਕੀਤੇ ਹੋਏ ਮਿਲਦੇ ਹਨ। ਗਿਆਨੀ ਗਿਆਨ ਸਿੰਘ ਰਚਿਤ 'ਪੰਥ ਪ੍ਰਕਾਸ਼' (ਭਾਸ਼ਾ ਵਿਭਾਗ, ਪੰਜਾਬ 1987) ਦੇ ਪੰਨਾਂ 353 ਉੱਤੇ ਅਜਿਹੀਆਂ ਸਤਰਾਂ ਵਾਲਾ ਪੂਰਾ ਕਾਵਿ-ਬੰਦ ਹੇਠਾਂ ਦਿੱਤੇ ਅਨੁਸਾਰ ਪੇਸ਼ ਕੀਤਾ ਹੋਇਆ ਮਿਲਦਾ ਹੈ :

ਆਗਿਆ ਭਈ ਅਕਾਲ ਕੀ
ਤਬੈ ਚਲਾਯੋ ਪੰਥ।
ਸਬ ਸਿੱਖਨ ਨੋ ਹੁਕਮ ਹੈ
ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਕੋ ਮਾਨੀਓ
ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੇ
ਖੋਜ ਸਬਦ ਮੈਂ ਲੇਹ।

ਉਕਤ ਦੋਹਰੇ ਜਿਸ ਰੂਪ ਵਿੱਚ ਅਸੀਂ ਅੱਜ ਪੜ੍ਹਦੇ ਹਾਂ, ਪਹਿਲੇ ਦੋ ਦੋਹਿਰੇ ਗਿਆਨੀ ਗਿਆਨ ਸਿੰਘ ਰਚਿਤ ਪੰਥ ਪ੍ਰਕਾਸ਼ ਵਿਚੋਂ ਲਏ ਗਏ ਹਨ । ਭਾਈ ਪ੍ਰਹਲਾਦ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ ਅਤੇ ਗਿਆਨੀ ਗਿਆਨ ਸਿੰਘ ਨੇ ਆਪਣੀ ਪੁਸਤਕ 'ਪੰਥ ਪ੍ਰਕਾਸ਼' 1867 ਈਸਵੀ ਵਿੱਚ ਤਿਆਰ ਕੀਤੀ ਸੀ। ਭਾਈ ਕਾਨ੍ਹ ਸਿੰਘ ਨਾਭਾ ਵਲੋਂ (ਗੁਰਮਤਿ ਮਾਰਤੰਡ-ਪੰਨਾ 331) ਸਪਸ਼ਟ ਨਿਰਣਾ ਦਿਤਾ ਗਿਆ ਹੈ ਕਿ ਇਹਨਾਂ ਦੋਹਰਿਆਂ ਵਿੱਚ ਗਿਆਨੀ ਗਿਆਨ ਸਿੰਘ ਨੇ ਕੁਝ ਤਬਦੀਲੀਆਂ ਕੀਤੀਆਂ ਹਨ ਜਿਵੇਂ 'ਗੁਰੂ ਖਾਲਸਾ ਮਾਨੀਅਹ' ਦੀ ਥਾਂ ਤੇ 'ਗੁਰੂ ਗ੍ਰੰਥ ਜੀ ਮਾਨਯੋ'- 'ਜੋ ਸਿਖ ਮੋ ਮਿਲਬੇ ਚਹਿਹੈ' ਦੀ ਥਾਂ ਤੇ 'ਜੋ ਪ੍ਰਭ ਕੋ ਮਿਲਬੋ ਚਹੈ'- 'ਖੋਜ ਇਨਹੁ ਮਹਿ ਲੇਹੁ' ਦੀ ਥਾਂ ਤੇ 'ਖੋਜ ਸ਼ਬਦ ਮਹਿ ਲੇਹੋ' ਆਦਿ। ਡਾ. ਜਸਵੰਤ ਸਿੰਘ ਨੇਕੀ ਕਿਤਾਬ 'ਅਰਦਾਸ' ਦੇ ਪੰਨਾ 342-343 ਤੇ ਲਿਖਦੇ ਹਨ ਕਿ 'ਤੀਜੀ ਗੱਲ ਗੁਰੂ ਗ੍ਰੰਥ ਸਾਹਿਬ ਨੂੰ 'ਪ੍ਰਗਟ ਗੁਰਾਂ ਕੀ ਦੇਹ' ਸਮਝਣਾ ਹੈ। ਇਹ ਗੱਲ ਗੁਰਮਤਿ ਸਿਧਾਂਤ ਅਨੁਸਾਰ ਸਹੀ ਨਹੀਂ, ਸੰਦੇਹ ਜਨਕ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਸਤਿਗੁਰਾਂ ਦੀ ਜੋਤ ਹੈ, ਦੇਹ ਨਹੀਂ। ਗੁਰੂ ਦਾ ਸਰੀਰਕ ਦੀਦਾਰ ਤਾਂ ਖਾਲਸੇ ਵਿੱਚ ਹੈ'' ਅਜਿਹਾ ਹੀ ਇਕ ਦੋਹਰਾ ਭਾਈ ਦਯਾ ਸਿੰਘ ਵੱਲੋ ਲਿਖੇ ਰਹਿਤਨਾਮੇ ਵਿਚ ਵੀ ਦਰਜ ਹੈ;

ਸ਼੍ਰੀ ਅਕਾਲ ਪੁਰਖ ਕੇ ਬਚਨ ਸਿਉਂ
ਪ੍ਰਗਟਿਓ ਪੰਥ ਮਹਾਨ ॥
ਗ੍ਰੰਥ ਪੰਥ ਗੁਰੂ ਮਾਨੀਏ
ਤਾਰੇ ਸਕਲ ਕੁਲਾਲ ॥
(ਰਹਿਤਨਾਮੇ ਪੰਨਾ 71)

## ਰਾਜ ਕਰੇਗਾ ਖਾਲਸਾ

ਇਹ ਜਾਣਕਾਰੀ ਲਾਹੇਬੰਦ ਹੋਏਗੀ ਕਿ 'ਤਨਖਾਹਨਾਮਾ', ਲਿਖਤ ਭਾਈ ਨੰਦ ਲਾਲ ਜੀ ਵਿੱਚ 'ਰਾਜ ਕਰੇਗਾ ਖਾਲਸਾ' ਵਾਲਾ ਦੋਹਾ ਦਰਜ ਕੀਤਾ ਹੋਇਆ ਹੈ, ਜਿਸ ਨੂੰ ਸਿੱਖ ਸੰਗਤਾਂ ਅਰਦਾਸ ਉਪਰੰਤ ਗਾਇਨ ਕਰਦੀਆਂ ਹਨ ;

ਰਾਜ ਕਰੇਗਾ ਖਾਲਸਾ
ਆਕੀ ਰਹੇ ਨ ਕੋਇ।
ਖੁਆਰ ਹੋਇ ਸਭ ਮਿਲੈਂਗੇ
ਬਚੇ ਸ਼ਰਨ ਜੋ ਹੋਇ ।3।

ਗੁਰੂ ਗ੍ਰੰਥ ਸਾਹਿਬ ਦਾ ਸਰਬ ਵਿਆਪਕ ਤੇ ਸਰਬ ਸਾਂਝਾ ਉਪਦੇਸ਼ ਮੱਧ-ਯੁਗ ਦੇ ਸਾਹਿਤ ਅਤੇ ਧਰਮ ਖੇਤਰ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਪ੍ਰਕਿਰਿਆ ਜੁਗਾਂਤਰਕਰੀ ਵਰਤਾਰਾ ਹੈ। ਜਿਥੇ ਇਸ ਨਾਲ ਸਾਹਿਤ ਜਗਤ ਵਿੱਚ ਗ੍ਰੰਥ ਸੰਪਾਦਨ ਕਲਾ ਦਾ ਆਰੰਭ ਹੁੰਦਾ ਹੈ, ਉਥੇ ਮਹਾਂ-ਗਿਆਨ ਦੇ ਵਿਸ਼ਾਲ ਖਜ਼ਾਨੇ ਨੂੰ ਕਿਸੇ ਕਿਸਮ ਦੇ ਰਲਾਅ ਤੋਂ ਸਦੀਵੀ ਤੌਰ 'ਤੇ ਸੁਰੱਖਿਅਤ ਕਰਕੇ, ਭਵਿੱਖ ਲਈ ਅਨਮੋਲ ਸਮੱਗਰੀ ਹੂ-ਬ ਹੂ ਬਰਕਰਾਰ ਰੱਖਣ ਦੀ ਪਿਰਤ ਪੈਂਦੀ ਹੈ। ਆਦਿ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਤੇ ਉਪਦੇਸ਼ ਸਰਬ-ਕਾਲੀ, ਸਰਬ - ਵਿਆਪਕ ਤੇ ਸਰਬ-ਸਾਂਝਾ ਹੈ। ਇਸ ਵਿਚਲੀ ਵਿਚਾਰਧਾਰਾ ਸਮੂਹ ਜਗਤ ਕਲਿਆਣ ਲਈ ਅਧਿਆਤਮਕ ਚਿੰਤਨ ਹੈ। ਸਮੁੱਚੇ ਸੰਸਾਰ ਲਈ ਭਾਵਾਤਮਕ ਸਾਂਝ ਦਾ ਸੁਨੇਹਾ ਦਿੰਦਾ ਇਹ ਪਹਿਲਾ ਧਰਮ ਗ੍ਰੰਥ ਹੈ, ਜਿਸ ਵਿੱਚ 12ਵੀਂ ਤੋਂ 17 ਵੀਂ ਸਦੀ ਤੱਕ ਦੀਆਂ, ਪੰਜ ਸਦੀਆਂ ਦੇ 36 ਮਹਾਂ- ਪੁਰਖਾਂ ਦੇ ਰੂਹਾਨੀ ਤੱਤ ਗਿਆਨ ਦਾ ਨਿਚੋੜ ਦੇਸ਼, ਕਾਲ ਤੇ ਸਮੇਂ ਦੀਆਂ ਹੱਦਾਂ ਖਤਮ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਹਰ ਮਹਾਂ- ਪੁਰਖ ਦਾ ਅੰਦਾਜ਼ ਚਾਹੇ ਨਿਵੇਕਲਾ ਹੈ, ਪਰ ਸਭ ਦਾ ਸੰਦੇਸ਼ ਸਾਂਝਾ ਹੈ, ਜੋ ਕਿ ਵਰਣ- ਵੰਡ, ਉਚ ਨੀਚ, ਜਾਤ- ਪਾਤ ਅਤੇ ਰੰਗ- ਨਸਲ ਤੋਂ ਉਚੇ ਉੱਠ ਕੇ, ਪ੍ਰਭੂ - ਪ੍ਰੇਮ ਵਿੱਚ ਲੀਨ ਹੋ ਕੇ, ਉਚੀ ਆਤਮਕ- ਅਵਸਥਾ ਵਿੱਚ ਬਿਰਾਜਣ ਦਾ ਹੈ। ਇਸ ਵਿਚਲੇ ਕੁੱਲ 5894 ਸ਼ਬਦਾਂ ਵਿਚੋਂ 4956 ਗੁਰੂਆਂ ਦੇ ਅਤੇ 938 ਭਗਤਾਂ ਦੇ ਸ਼ਬਦ ਹਨ। ਸਮੁੱਚੀ ਬਾਣੀ ਦੀ ਇਕਸੁਰਤਾ ਅਜਿਹੀ ਹੈ ਕਿ ਪੜ੍ਹਨ ਵਾਲਾ ਜਗਿਆਸੂ ਸੁੱਤੇ- ਸਿੱਧ ਗੁਰੂ ਬਾਣੀ ਤੋਂ ਭਗਤ ਬਾਣੀ ਵਿੱਚ ਪ੍ਰਵੇਸ਼ ਕਰ ਜਾਂਦਾ ਹੈ ਤੇ ਭਗਤ ਬਾਣੀ ਤੋਂ ਗੁਰੂ ਬਾਣੀ ਵਿੱਚ । ਗੁਰੂ ਗ੍ਰੰਥ ਸਾਹਿਬ ਅਜਿਹਾ ਬਹੁ- ਪਸਾਰੀ ਸੰਕਲਨ ਹੈ, ਜਿਸ ਵਿੱਚ ਅਕਾਲ ਪੁਰਖ, ਜਗਤ, ਮਾਨਵ, ਧਰਮ, ਦਰਸ਼ਨ, ਆਤਮਾ, ਅਨੁਭਵ, ਨੈਤਿਕ ਗੁਣ, ਸਤ, ਆਚਾਰ ਨੀਤੀ , ਸਮਾਜ ਆਦਿ ਅਨੇਕਾਂ ਸੂਖਮ ਤੇ ਸਥੂਲ, ਆਦਰਸ਼ਕ ਤੇ ਵਾਸਤਵਿਕ, ਅਧਿਆਤਮਕ ਅਤੇ ਸਮਾਜਿਕ ਵਿਸ਼ਿਆਂ ਉੱਪਰ ਵਿਸਤਾਰ- ਪੂਰਵਕ ਵਿਚਾਰ ਹੋਇਆ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਧਰਮ ਦੇ ਨਾਂ 'ਤੇ ਪਖੰਡ ਦਾ ਵਿਰੋਧ ਅਤੇ ਸੱਚੇ ਪ੍ਰੇਮ ਦੀ ਪ੍ਰੇਰਨਾ :

ਗੁਰਬਾਣੀ ਵਿੱਚ ਪਖੰਡ ਦੀ ਥਾਂ ਸੱਚੀ- ਸੁੱਚੀ ਭਗਤੀ, ਹਰਾਮ ਦੀ ਥਾਂ ਹਲਾਲ ਦੀ ਕਮਾਈ, ਅਨਿਆਂ ਦੀ ਥਾਂ ਨਿਆਂ ਅਤੇ ਨਫ਼ਰਤ ਦੀ ਥਾਂ ਪ੍ਰੇਮ ਦਾ ਸੁਨੇਹਾ ਦੇ ਕੇ, ਸੱਚ ਹੱਕ ਅਤੇ ਇਨਸਾਫ਼ ਦਾ ਸੰਦੇਸ਼ ਵਾਹਕ ਬਣਦੇ ਹੋਏ, ਸਮਾਜ ਦੀ ਪੁਨਰ - ਸਿਰਜਣਾ ਕੀਤੀ ਗਈ ਹੈ। ਸਮਕਾਲੀ ਸੰਪਰਦਾਵਾਂ ਨੂੰ ਅਡੰਬਰ. ਪਖੰਡ ਤੇ ਕੱਟੜਪੁਣੇ ਤੋਂ ਮੁਕਤ ਕਰਕੇ, ਸੱਚੇ ਧਰਮ ਦੇ ਕੇਂਦਰ - ਬਿੰਦੂ ਨਾਲ ਜੋੜਨ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਇਨ੍ਹਾਂ ਨੂੰ ਨਵੀਨ ਅਤੇ ਬਿਬੇਕਮਈ ਢੰਗ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ :

ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ
ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ
ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ
ਜੋ ਗਲਿ ਚਲੇ ਪਾਇ ॥
ਮਹਲਾ ਪਹਿਲਾ,
ਗੁਰੂ ਗ੍ਰੰਥ ਸਾਹਿਬ ਅੰਗ : 471
ਗਜ ਸਾਢੇ ਤੈ ਤੈ ਧੋਤੀਆ,
ਤਿਹਰੇ ਪਾਇਨਿ ਤਗ ॥
ਗਲੀ ਜਿਨਾ ਜਪਮਾਲੀਆ,
ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ,
ਬਾਨਾਰਸਿ ਕੇ ਠਗ ॥
ਭਗਤ ਕਬੀਰ ਜੀ,
ਗੁਰੂ ਗ੍ਰੰਥ ਸਾਹਿਬ ਅੰਗ : 476
ਬੁਤ ਪੂਜਿ ਪੂਜਿ ਹਿੰਦੂ ਮੂਏ,
ਤੁਰਕ ਮੂਏ ਸਿਰੁ ਨਾਈ ॥
ਓਇ ਲੇ ਜਾਰੇ, ਓਇ ਲੇ ਗਾਡੇ,
ਤੇਰੀ ਗਤਿ ਦੁਹੂ ਨ ਪਾਈ ॥
ਭਗਤ ਕਬੀਰ ਜੀ,
ਗੁਰੂ ਗ੍ਰੰਥ ਸਾਹਿਬ ਅੰਗ : 654
ਨਾਵਣ ਚਲੇ ਤੀਰਥੀ
ਮਨਿ ਖੋਟੇ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ
ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ
ਅੰਦਰਿ ਵਿਸੁ ਨਿਕੋਰ ॥
ਸਾਧ ਭਲੇ ਅਣ ਨਾਤਿਆ
ਚੋਰ ਸਿ ਚੋਰ ॥
ਮਹਲਾ ਪਹਿਲਾ,
ਗੁਰੂ ਗ੍ਰੰਥ ਸਾਹਿਬ ਅੰਗ : 789

ਗੁਰੂ ਗ੍ਰੰਥ ਸਾਹਿਬ ਵਿੱਚ ਜ਼ਾਲਮ ਹਕੂਮਤ ਦਾ ਤਿੱਖਾ ਵਿਰੋਧ :ਗੁਰੂ ਗ੍ਰੰਥ ਸਾਹਿਬ ਜਿੱਥੇ ਧਰਮ ਦੇ ਨਾਂ ਤੇ ਪਖੰਡ ਨੂੰ ਰੱਦ ਕਰਦੇ ਹਨ, ਉੱਥੇ ਜ਼ਾਲਮ ਹਕੂਮਤ ਦਾ ਤਿੱਖਾ ਵਿਰੋਧ ਕਰਦਿਆਂ ਲੋਕਾਂ ਨੂੰ ਲਾਮਬੰਦ ਕਰਦੇ ਹਨ। ਗੁਰੂ ਅਰਜਨ ਸਾਹਿਬ ਜੀ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਕਾਰਜ ਹੀ ਅਸਲ ਵਿੱਚ ਪੰਜਵੇਂ ਗੁਰੂ ਸਾਹਿਬ ਦੀ ਸ਼ਹੀਦੀ ਦਾ ਕਾਰਨ ਬਣੇ। ਗੁਰੂ ਗ੍ਰੰਥ ਸਾਹਿਬ ਵਿੱਚ ਸਮੇਂ ਦੀ ਸੱਤਾ ਨੂੰ ਚੁਣੌਤੀ ਦਿੰਦਿਆਂ ਇਹ ਪਾਵਨ ਸ਼ਬਦ ਫੁਰਮਾਨ ਕੀਤੇ ਗਏ ਹਨ, ਜਿਨਾਂ ਦੀ ਮਿਸਾਲ ਪਹਿਲਾਂ ਕਦੇ ਨਹੀਂ ਮਿਲਦੀ

ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ੍ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥
ਮਹਲਾ ਪਹਿਲਾ,
ਗੁਰੂ ਗ੍ਰੰਥ ਸਾਹਿਬ : ਅੰਗ 1288
ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥
ਸਲੋਕ ਮਹਲਾ ਪਹਿਲਾ
ਗੁਰੂ ਗ੍ਰੰਥ ਸਾਹਿਬ : ਅੰਗ 142

ਗੁਰੂ ਗ੍ਰੰਥ ਸਾਹਿਬ ਵਿੱਚ ਖੰਡਨਾਤਮਕ ਅਤੇ ਮੰਡਨਾਤਮਕ ਵਿਧੀਆਂ :

ਗੁਰਬਾਣੀ ਖ਼ਾਸ ਵਰਗ ਦੀ ਥਾਂ ਜਨ- ਸਾਧਾਰਨ ਰਾਹੀਂ ਸਮੁੱਚੀ ਮਨੁੱਖਤਾ ਨੂੰ ਸੰਬੋਧਤ ਹੈ। ਗੁਰਬਾਣੀ ਦਾ ਮੁੱਖ ਮੰਤਵ ਉੱਚੇ ਸੁੱਚੇ ਸਿਧਾਂਤ ਨੂੰ ਸਰਲ ਢੰਗ ਨਾਲ ਬਿਆਨ ਕਰਕੇ ਲੋਕ-ਸਮੂਹ ਤੱਕ ਪਹੁੰਚਾਉਣਾ ਹੈ। ਗੁਰਬਾਣੀ ਵਿੱਚ ਲੋਕ-ਧਰਮ ਅਤੇ ਲੋਕ-ਗਾਥਾਵਾਂ ਦਾ ਵਰਨਣ ਖੰਡਨਾਤਮਕ ਤੇ ਮੰਡਨਾਤਮਕ , ਦੋਹਾਂ ਵਿਧੀਆਂ ਰਾਹੀ ਹੋਇਆ ਹੈ। ਚਾਰ- ਵਰਣ, ਚਾਰ-ਆਸ਼ਰਮ, ਹੋਮ- ਜੱਗ, ਤੀਰਥ- ਗਮਨ, ਸੂਤਕ - ਪਾਤਕ , ਜਾਤ -ਪਾਤ, ਉਚ-ਨੀਚ ਆਦਿਕ ਕਰਮ-ਕਾਂਡ ਪ੍ਰਤੀ ਖੰਡਨਾਤਮਕ ਦ੍ਰਿਸ਼ਟੀਕੋਣ ਅਪਨਾਇਆ ਗਿਆ ਹੈ।


ਗੁਰਮਤਿ ਦਾ ਮਾਰਗ ਪ੍ਰਵਿਰਤੀ ਮੂਲਕ ਨਵਿਰਤੀ ਅਤੇ ਪ੍ਰੇਮਾ-ਭਗਤੀ ਦਾ ਸਹਿਜ ਤੇ ਸੁਖੈਨ ਮਾਰਗ ਹੈ। ਗੁਰਬਾਣੀ ਦੀ ਕਲਾ ਸਹਿਜ ਅਵਸਥਾ ਵਿਚੋਂ ਹੀ ਉਪਜੀ ਹੈ ਤੇ ਸਹਿਜ ਦਾ ਹੀ ਪ੍ਰਚਾਰ ਕਰਦੀ ਹੈ।

(ਬਾਕੀ ਹਿੱਸਾ ਦੂਜੀ ਤੇ ਆਖਰੀ ਕਿਸ਼ਤ ਵਿੱਚ ਅਗਲੇ ਹਫਤੇ)

# ਕਬਜ਼ - ਹੈ 100 ਰੋਗਾਂ ਦੀ ਜੜ

**ANIL DHEER**

Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)





ਹੈਲਥ ਮੀਡੀਆ ਕੈਨੇਡਾ: ਵਿਸ਼ਵ ਭਰ ਵਿਚ ਹਰ ਤੀਜਾ ਵਿਅਕਤੀ ਲਾਈਫ ਸਟਾਈਲ ਨਾਲ ਜੁੜੀ ਆਮ ਸ਼ਿਕਾਇਤ ਕਬਜ਼ ਦਾ ਸ਼ਿਕਾਰ ਹੋ ਚੁੱਕਾ ਹੈ। ਗੰਭੀਰ ਕਬਜ਼ ਦੀ ਸਮੱਸਿਆ ਨੇ ਅਮਰੀਕਾ ਵਿਚ ਕਰੀਬਨ 64.5 ਮਿਲੀਅਨ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ। ਇਨਾਂ 'ਚ ਛੋਟੇ ਬੱਚੇ, ਨੌਜਵਾਨ, ਗਰਭਵਤੀ ਔਰਤਾਂ ਅਤੇ ਸਨਿਅਰਜ਼ ਸ਼ਾਮਿਲ ਹਨ। ਕਬਜ਼ ਦੀ ਹਾਲਤ ਵਿਚ ਮੱਲ ਯਾਨਿ ਸਟੂਲ ਮੁਸ਼ਕਲ ਨਾਲ ਪਾਸ ਹੁੰਦਾ ਹੈ। ਲਗਾਤਾਰ ਕਬਜ਼ ਦੀ ਹਾਲਤ 'ਚ ਰੋਗੀ ਵਾਸ਼ਰੂਮ ਵਿਚ 40 ਤੋਂ 50 ਮਿਨਟ ਲਗਾ ਕੇ ਵੀ, ਬਿਨਾ ਕੁਝ ਕੀਤੇ ਬਾਹਰ ਆ ਜਾਂਦਾ ਹੈ। ਕਦੇ-ਕਦੇ ਮੱਲ ਸਖਤ ਅਤੇ ਥੋੜਾ-ਥੋੜਾ ਬਾਹਰ ਅਉਂਦਾ ਹੈ।

ਪੇਟ-ਦਰਦ ਦੇ ਨਾਲ ਪੇਟ ਅੰਦਰ ਹਵਾ ਭਰੀ ਮਹਿਸੂਸ ਹੁੰਦੀ ਹੈ। ਪੇਟ ਸ਼ਾਫ ਨਾ ਹੋਣ ਕਰਕੇ ਪੂਰਾ ਦਿਨ ਥਕਾਵਟ 'ਤੇ ਘਬਰਾਹਟ ਰਹਿੰਦੀ ਹੈ। ਅੰਤੜੀਆਂ ਸਖਤ ਹੋ ਜਾਂਦੀਆਂ ਹਨ। ਸ਼ੁਰੂ ਵਿਚ ਧਿਆਨ ਨਾ ਦੇਣ ਨਾਲ ਕਈ ਬਿਮਾਰੀਆਂ ਹੋਰ ਲੱਗ ਜਾਂਦੀਆਂ ਹਨ। ਕਬਜ਼ ਪੁਰਾਣੀ ਹੋ ਜਾਣ ਕਰਕੇ ਬਵਾਸੀਰ, ਗੁਦਾ ਤੰਗ ਫੇਲ ਹੋਣ ਦਾ ਅਸਰ ਦੇਖਿਆ ਜਾਂਦਾ ਹੈ। ਕਈ ਬਾਰ ਤਾਂ ਵੀਕ ਵਿਚ 1-2 ਬਾਰ ਹੀ ਪੇਟ ਸਾਫ ਹੁੰਦਾ ਹੈ। ਅੰਤੜੀਆਂ ਵਿਚ ਰੁਕਿਆ ਹੋਇਆ ਮੱਲ ਗੁੰਝਲਦਾਰ 'ਤੇ ਸਖਤ, ਰੁੱਕ-ਰੁੱਕ ਕੇ ਬਾਹਰ ਆਉਂਦਾ ਹੈ। ਪੁਰਾਣੇ ਰੋਗੀ ਆਪਣੀ ਗੁਦਾ ਵਿੱਚੋਂ ਮੱਲ ਉਂਗਲ ਨਾਲ ਬਾਹਰ ਕੱਢਣ ਦਾ ਯਤਨ ਵੀ ਕਰਦੇ ਹਨ।

ਜੰਕ ਫੂਡ, ਮੈਦਾ, ਮਿਰਚ-ਮਸਾਲੇਦਾਰ, ਦੇਰ ਨਾਲ ਪਚਣ ਵਾਲੇ ਪਦਾਰਥ, ਯਾਨਿ ਮਾੜੀ ਖੁਰਾਕ ਦਾ ਲਗਾਤਾਰ ਇਸਤੇਮਾਲ ਚੰਗੇ-ਭਲੇ ਨੂੰ ਕਬਜ਼ ਦਾ ਰੋਗੀ ਬਣਾ ਦਿੰਦਾ ਹੈ। ਰੂਟੀਨ ਵਿਚ ਜਦੋਂ ਪਾਣੀ ਵਗੈਰਾ ਤਰਲ ਪਦਾਰਥ ਘੱਟ ਪੀਣ ਕਰਕੇ ਕਬਜ਼ ਵਾਲੀ ਹਾਲਤ ਪੈਦਾ ਹੋ ਜਾਂਦੀ ਹੈ। ਪਾਚਕ ਟ੍ਰੈਕਟ ਵਿਚ ਜਮਾਂ ਹੋਇਆ ਮੱਲ ਹੋਲੀ-ਹੋਲੀ ਪਾਸ ਹੋ ਕੇ ਅੰਤੜੀਆਂ, ਗੁਦਾ ਵਿਚ ਰੁਕਾਵਟ ਪੈਦਾ ਕਰ ਦਿੰਦਾ ਹੈ। ਗੁਦਾ ਅੰਦਰ ਅਤੇ ਆਸਪਾਸ ਦੀਆਂ 'ਚ ਸੋਜ਼ ਹੋ ਸਕਦੀ ਹੈ। ਕੋਲਨ 'ਤੇ ਗੁਦਾ ਦੇ ਕੈਂਸਰ ਸੰਭਾਵਨਾ ਬਣੀ ਰਹਿੰਦੀ ਹੈ।

**ਧਿਆਨ ਦੇਣ ਦੀ ਹੈ ਲੋੜ:**

ਆਪਣੀ ਖੁਰਾਕ 'ਚ ਡੇਲੀ 20-35 ਗ੍ਰਾਮ ਫਾਇਬਰ ਬ੍ਰਾਨ ਦੇ ਅਨਾਜ, ਓਟਮੀਲ, ਬਾਦਾਮ, ਜੌਂ, ਹਰੀ ਸਬਜ਼ੀਆਂ, ਤਾਜ਼ੇ ਫੱਲ, ਬੀਨਜ, ਹੋਲ ਵੀਟ, ਵਗੈਰਾ ਨੂੰ ਸ਼ਾਮਿਲ ਕਰੋ।

ਰੋਜਾਨਾਂ ਵਰਕ-ਆਉਟ, ਸੈਰ, ਯੋਗਾ ਮੇਡੀਟੇਸ਼ਨ ਕਰਨਾ ਸ਼ੁਰੂ ਕਰ ਦਿਓ। ਬਿਨਾ ਮਤਲਬ ਦੇ ਸਟ੍ਰੈੱਸ ਤੋਂ ਦੂਰ ਰਹੋ।

ਮੱਲ-ਤਿਆਗ ਮਹਿਸੂਸ ਹੁੰਦੇ ਹੀ ਨਜ਼ਰਅੰਦਾਜ਼ ਨਾ ਕਰੋ, ਬਲਕਿ ਫਾਰਿਗ ਹੋ ਕੇ ਆਓ।

ਸਬਜ਼ੀਆਂ ਦਾ ਸੂਪ, ਫਲਾਂ ਦਾ ਰੱਸ, ਗ੍ਰੀਨ-ਟੀ, ਨਮਕੀਨ ਨਿੰਬੂ-ਪਾਣੀ, ਕੋਸਾ ਪਾਣੀ, ਜ਼ਿਆਦਾ ਇਸਤੇਮਾਲ ਕਰੋ।

ਪਰੂਨ ਫੱਲ ਦਾ ਮੁਰੱਬਾ ਧੋ ਕੇ 1-2 ਪੀਸ ਗਰਮ ਦੁੱਧ ਨਾਲ ਲੈ ਸਕਦੇ ਹੋ।

ਚਟਪਟੇ, ਮਸਾਲੇਦਾਰ, ਤਲੇ ਹੋਏ ਅਤੇ ਪ੍ਰੋਸੈਸਡ ਪਦਾਰਥ ਘੱਟ ਲਵੋ।

ਫਲੈਕਸ ਸੀਡ ਪਾਉਡਰ 1 ਚਮਚ ਸਵੇਰੇ-ਸ਼ਾਮ ਕੋਸੇ ਪਾਣੀ ਨਾਲ ਜਾਂ ਯੋਗਰਟ 'ਚ ਮਿਲਾ ਕੇ ਸੇਵਨ ਕਰਨ ਨਾਲ ਪੇਟ ਦਿਨ ਭਰ ਹਲਕਾ ਰਹਿੰਦਾ ਹੈ।

ਸਾਫਟ-ਡ੍ਰਿੰਕਸ ਕਬਜ਼ ਵੱਧਾ ਸਕਦੇ ਹਨ। ਡੇਲੀ 8-10 ਗਲਾਸ ਪਾਣੀ ਪੀਣ ਦੀ ਆਦਤ ਪਾ ਲਵੋ।

ਅਸਲੀ ਬਦਾਮ ਤੇਲ ਦੀ 15-20 ਬੂੰਦਾਂ ਬਿਨਾਂ ਚੀਨੀ ਗਰਮ ਦੁੱਧ ਵਿਚ ਮਿਲਾ ਕੇ ਲੈ ਸਕਦੇ ਹੋ।

ਨੋਟ: ਕਮਜ਼ੋਰ ਪਾਚਨ-ਸਿਸਟਮ ਦੀ ਹਾਲਤ ਵਿਚ ਭਵਿੱਖ ਵਿਚ ਗੰਭੀਰ ਬਿਮਾਰੀਆਂ ਤੋਂ ਬਚਾਅ ਲਈ ਆਪਣੇ ਫੈਮਿਲੀ ਡਾਕਟਰ ਦੇ ਸੰਪਰਕ ਰਹਿਣ ਦੀ ਲੋੜ ਹੁੰਦੀ ਹੈ।

*******

# 'ਦੂਜੀ ਆਲਮੀ ਪੰਜਾਬੀ ਕਾਨਫ਼ਰੰਸ' ਬਾਬਾ ਬੁੱਲ੍ਹੇ ਸ਼ਾਹ ਅਦਬੀ ਸੰਗਤ ਦੀ ਰਹਿਨੁਮਾਈ ਚ ...





ਕਸੂਰ- (ਸਲੀਮ ਆਫ਼ਤਾਬ)-ਮਾਦਰੀ ਜ਼ਬਾਨ ਦੀ ਤਰੱਕੀ ਵਾਸਤੇ ਪੰਜਾਬੀ ਨੂੰ ਮੁੱਢਲੇ ਪੱਧਰ ਤੋਂ ਲਾਗੂ ਕੀਤਾ ਜਾਵੇ । ਇਹਨਾਂ ਖ਼ਿਆਲਾਂ ਦਾ ਇਜ਼ਹਾਰ ਮਾਣਯੋਗ ਬੁਲਾਰੇ ਡਾਕਟਰ ਮੁਹੰਮਦ ਰਿਆਜ਼ ਅੰਜੁਮ ਸਦਰ ਬੁੱਲ੍ਹੇ ਸ਼ਾਹ ਅਦਬੀ ਸੰਗਤ ਰਜਿਸਟਰਡ ਕਸੂਰ,ਮੁਹੰਮਦ ਇਕਬਾਲ ਨਜਮੀ, ਮੁਹੰਮਦ ਸ਼ੋਇਬ ਮਿਰਜ਼ਾ, ਡਾਕਟਰ ਹਫ਼ੀਜ਼ ਅਹਿਮਦ, ਤੁਫ਼ੈਲ ਸਰੂਰ ਬਲੋਚ, ਡਾਕਟਰ ਇਰਫ਼ਾਨ ਅਲਹਕ, ਡਾਕਟਰ ਮੁਹੰਮਦ ਰਿਆਜ਼ ਸ਼ਾਹਿਦ, ਡਾਕਟਰ ਕਲਿਆਣ ਸਿੰਘ ਕਲਿਆਣ,ਨਾਜ਼ ਔਕਾੜਵੀ, ਡਾਕਟਰ ਮੁਹੰਮਦ ਅੱਯੂਬ,ਡਾਕਟਰ ਸਆਦਤ ਅਲੀ ਸਾਕਿਬ, ਪ੍ਰੋਫ਼ੈਸਰ ਡਾਕਟਰ ਅਰਸ਼ਦ ਇਕਬਾਲ ਅਰਸ਼ਦ, ਡਾਕਟਰ ਅਹਿਸਾਨ ਅੱਲ੍ਹਾ ਤਾਹਿਰ, ਸ਼ੌਕਤ ਨਕਸ਼ਬੰਦੀ ਡਾਕਟਰ ਸੱਯਦ ਫ਼ਰਮਾਨ ਅਲੀ,ਮੁਹੰਮਦ ਸਾਜਿਦ ਵਗ਼ੈਰਾ ਨੇ ਬੁੱਲ੍ਹੇ ਸ਼ਾਹ ਅਦਬੀ ਸੰਗਤ ਵੱਲੋਂ ਪਾਕਿਸਤਾਨ ਮਾਡਲ ਹਾਈ ਸਕੂਲ ਰਾਏ ਵਿੰਡ ਰੋਡ ਕਸੂਰ ਵਿਖੇ ਕਰਵਾਈ ਗਈ ਦੂਸਰੀ ਆਲਮੀ ਪੰਜਾਬੀ ਕਾਨਫ਼ਰੰਸ ਵਿਚ ਬੋਲਦਿਆਂ ਕੀਤਾ ।ਉਹਨਾਂ ਨੇ ਕਿਹਾ ਕਿ ਪੰਜਾਬੀ ਦੁਨੀਆ ਦੀਆਂ ਵੱਡੀਆਂ ਜ਼ਬਾਨੋਂ ਵਿੱਚੋਂ ਇਕ ਹੈ ।

ਪੰਜਾਬੀ ਸਾਹਿਤ ਦੀ ਤਰੱਕੀ ਵਾਸਤੇ ਬਾਬਾ ਬੁੱਲ੍ਹੇ ਸ਼ਾਹ ਦੇ ਉਦੇਸ਼ ਨੂੰ ਫੈਲਾਉਣ ਲਈ ਅਦਬੀ ਸੰਗਤ ਅਪਣਾ ਕਿਰਦਾਰ ਅਦਾ ਕਰ ਰਹੀ ਹੈ।ਉਹਨਾਂ ਨੇ ਕਿਹਾ ਕਿ ਦੁਨੀਆ ਦੇ ਹਰ ਸ਼ਹਿਰ ਵਿਚ ਪੰਜਾਬੀ ਬੋਲਣ ਵਾਲੇ ਵੱਡੀ ਪੱਧਰ ਤੇ ਰਹਿੰਦੇ ਹਨ ।ਅਸੀਂ ਹਕੂਮਤ ਤੋਂ ਮੰਗ ਕਰਦੇ ਹਾਂ ਕਿ ਇਸ ਜ਼ਬਾਨ ਦੀ ਅਹਿਮੀਅਤ ਨੂੰ ਸਮਝਦੇ ਹੋਏ ਪ੍ਰਾਇਮਰੀ ਸਕੂਲਾਂ ਵਿਚ ਪੰਜਾਬੀ ਲਾਜ਼ਮੀ ਲਾਗੂ ਕੀਤੀ ਜਾਏ।ਪ੍ਰੋਗਰਾਮ ਦੇ ਦੂਸਰੇ ਦੌਰ ਵਿੱਚ ਸਲੀਮ ਆਫ਼ਤਾਬ ਸਲੀਮ ਕਸੂਰੀ,ਇਸ਼ਤੇਆਕ ਅਸਰ,ਮੁਹੰਮਦ ਬੂਟਾ ਸ਼ਾਕਿਰ ਅਤੇ ਇਕੱਤਰ ਸ਼ਾਇਰਾਂ ਨੇ ਬਾਬਾ ਜੀ ਦੀ ਹਜ਼ੂਰੀ ਵਿੱਚ ਅਪਨਾ ਕਲਾਮ ਪੇਸ਼ ਕੀਤਾ ਅਤੇ ਹਾਜ਼ਰੀਨ ਤੋਂ ਭਰਪੂਰ ਦਾਦ ਵਸੂਲ ਕੀਤੀ। ਇਸ ਮੌਕੇ ਤੇ ਹਾਜ਼ਰੀਨ ਵਿਚ ਪਹਿਲੀ ਕਾਨਫ਼ਰੰਸ 'ਚ ਪੜ੍ਹੇ ਗਏ ਕਲਾਮਾਂ ਦੀ ਕਿਤਾਬ "ਪੰਜਾਬੀ ਜ਼ਬਾਨ ਓ ਅਦਬ ਦਾ ਅਜੋਕਾ ਮੁਹਾੜ" ਅਤੇ ਬੁਲ੍ਹੇ ਸ਼ਾਹ ਅਦਬੀ ਸੰਗਤ ਵੱਲੋਂ ਛਾਪਿਆ ਜਾਣ ਵਾਲਾ ਮਹੀਨਾਵਾਰ ਰਸਾਲਾ 'ਬੁੱਲ੍ਹਾ' ਮੁਫ਼ਤ ਤਕਸੀਮ ਕੀਤਾ ਗਏ।ਇਸ ਮੌਕਾ ਤੇ ਬੁੱਲ੍ਹੇ ਸ਼ਾਹ ਅਦਬੀ ਸੰਗਤ ਦੇ ਸਦਰ ਡਾਕਟਰ ਮੁਹੰਮਦ ਰਿਆਜ਼ ਅੰਜੁਮ ਨੇ ਦੂਰ ਦਰਾਜ਼ ਤੋਂ ਤਸ਼ਰੀਫ਼ ਲਿਆਉਣ ਵਾਲੇ ਸ਼ਾਇਰਾਂ ਅਤੇ ਪਰਚਾ ਪੜ੍ਹਨ ਵਾਲੇ ਵਿਦਵਾਨਾਂ ਨੂੰ ਬੁਲ੍ਹੇ ਸ਼ਾਹ ਐਵਾਰਡ ਨਾਲ ਨਿਵਾਜਿਆ ਅਤੇ ਹਾਜ਼ਰੀਨ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕੀਤਾ। ਜਿਹੜੇ ਸ਼ਾਇਰ ਆਪ ਪੁੱਜ ਨਹੀਂ ਸਕੇ ਉਹਨਾਂ ਵਿੱਚੋ ਸ ਜਸਵਿੰਦਰ ਸਿੰਘ ਰੁਪਾਲ ਅਤੇ ਪ੍ਰਵੀਨ ਕੌਰ ਸਿੱਧੂ ਜੀ ਨੂੰ ਮੈਕਾਲੇ ਨਗਾਰ ਐਵਾਰਡ ਅਤੇ ਅਮਰਜੀਤ ਸਿੰਘ ਜੀਤ, ਪਾਲ ਜਲੰਧਰੀ,ਡਾਕਟਰ ਦਿਲਸ਼ਾਨ, ਇਨਸ਼ੀਆਕ ਅਨਸਾਰੀ ,ਗੁਰਦੀਸ਼ ਕੌਰ ਗਰੇਵਾਲ ਜੀ ਨੂੰ ਪੰਜਾਬੀ ਸੇਵਕ ਐਵਾਰਡ ਦਿੱਤੇ ਗਏ। ਵਧੇਰੇ ਜਾਣਕਾਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ ।

# ਚਾਚਾ ਬੋਲਦਾ ਹੈ !

ਰਣਵੀਰ ਸਿੰਘ ਰਾਣਾ





ਚਾਚਾ ਜਦੋਂ ਦਾ ਪ੍ਰਦੇਸ ਆਇਆ ਸੀ। ਚਾਚਾ ਕੰਮ ਕਰਕੇ ਘੱਟ ਹੀ ਖੁਸ਼ ਸੀ। ਪਿੰਡ ਵੀ ਕਿਹੜਾ ਚਾਚੇ ਨੇ ਡੱਕਾ ਤੋੜਿਆ ਸੀ। ਇਸ ਗੱਲ 'ਤੋਂ ਦੁਖੀ ਹੋ ਕੇ ਚਾਚੇ ਨੂੰ ਪਿੰਡੋਂ ਚਾਚੇ ਦੇ ਘਰ ਦਿਆਂ ਨੇ ਕੱਢਿਆ ਸੀ। ਪਰ ਆਦਤਾਂ ਪਈਆਂ ਕਿੱਥੇ ਜਾਂਦੀਆਂ ਨੇ, ਫੇਰ 'ਵਾਰਿਸ ਸ਼ਾਹ 'ਨਾ ਭ੍ਰੂਠਾ ਪੈ ਜਾਵੇ। ਉਂਝ ਚਾਚੇ ਦੇ ਸੁਪਨੇ ਬਹੁਤ ਵੱਡੇ ਸੀ। ਚਾਚਾ ਕਈ ਸਕੀਆਂ ਲੜਾਉਂਦਾ, ਪਰ ਕੋਈ ਸਕੀਮ ਸਿਰੇ ਨਾ ਚੜ੍ਹਦੀ। ਚਾਚਾ ਸੁਪਨੇ ਵਿੱਚ ਤਾਂ ਮਹਿੰਗੀ ਕਾਰ ਚਲਾਉਂਦਾ, 'ਤੇ ਬਹੁਤ ਵੱਡੇ ਮਕਾਨ ਵਿੱਚ ਨਿਵਾਸ ਹੁੰਦਾ, ਪਰ ਜਦੋਂ ਅੱਖ ਖੁੱਲਦੀ ਉਹੋ ਟੁੱਟੀ ਜਿਹੀ ਕਾਰ, ਉਹੋ ਛੋਟਾ ਜਿਹਾ ਮਾੜਾ ਏਰੀਏ ਵਿੱਚ ਮਕਾਨ ਹੁੰਦਾ। ਚਾਚੇ ਦਾ ਮਨ ਖਰਾਬ ਹੋ ਜਾਂਦਾ। ਪਤਾ ਚਾਚੇ ਨੂੰ ਵੀ ਸੀ, 'ਇਹ ਚੀਜ਼ਾਂ ਮਿਹਨਤ ਮੰਗਦੀਆਂ ? 'ਉਪਰੋਂ ਚਾਚੀ ਦੇ ਇਹ 'ਡਾਇਲੋਗ 'ਰੋਜ਼ ਦੇ ਚਾਚੇ ਦੀ ਹਿੱਕ ਵਿੱਚ ਵੱਜਦੇ, "ਇਹਦੇ ਨਾਲੋਂ ਤਾਂ ਮੈਨੂੰ ਮੇਰੇ ਘਰ ਦੇ ਖੂਹ ਵਿੱਚ ਸੁੱਟ ਦਿੱਤਾ ਜਾਂਦਾ, ਮੇਰਾ ਕੰਮ ਨਿਬੜਦਾ, ਰੋਜ਼ ਰੋਜ਼ ਮਰਨ ਨਾਲੋ ਇੱਕ ਵਾਰੀ ਫਾਹਾ ਵੱਢਿਆ ਜਾਂਦਾ । "ਕੰਮ ਨੂੰ ਤਾਂ ਇਹਨੂੰ ਮੌਤ ਪੈਂਦੀ ਆ, ਵਿਹਲਾ ਬੈਠਾ ਸਾਰਾ ਦਿਨ ਸੁਪਨੇ ਵੇਖੀ ਜਾਇਆ ਕਰ ?

ਇੱਕ ਦਿਨ ਚਾਚੇ ਦਾ ਪੇਪਰ ਪੜ੍ਹਦਾ ਦਾ ਧਿਆਨ "ਹਰਭਜਨ ਦਰਦੀ "ਦੇ ਲੇਖ 'ਤੇ ਪਿਆ, ਲੇਖ ਇੱਦਾਂ ਲਿਖਿਆ ਸੀ।

...."ਸਾਡੇ ਲੋਕ ਅਗਾਂਹ ਵਧੂ ਦੇਸ਼ਾਂ ਵਿੱਚ ਆ ਕੇ ਇੰਨੇ ਕੁ ਅੱਗੇ ਵਧ ਗਏ ਨੇ, ਜੇ ਇਹਨਾਂ ਨੂੰ ਦੱਸ ਦੇਵੇ, ਕਿ ਗਧੇ ਦਾ ਇੱਕ ਵਾਲ ਘਰ ਵਿੱਚ ਰੱਖਣ ਨਾਲ ਘਰ ਵਿੱਚੋਂ ਸਭ 'ਦੁੱਖ ਦਲਿੱਦਰ 'ਦੂਰ ਹੋ ਜਾਣਗੇ, ਸ਼ਾਮ ਤੱਕ ਪਾਰਕ ਵਿੱਚ ਖੜ੍ਹੇ ਗਧੇ ਦੇ ਇੱਕ ਵੀ ਵਾਲ ਸਰੀਰ 'ਤੇ ਨਹੀਂ ਰਹੇਗਾ, ਗਧਾ "ਰੜਾ ਪਟੱਕ "ਕਰ ਦੇਣਗੇ।" ਇਹ ਲੇਖ ਪੜ੍ਹੋ 'ਤੇ ਚਾਚੇ ਦੇ ਮੂੰਹ 'ਤੇ ਲਾਲੀ ਆ ਗਈ। ਜਦੋਂ ਆਪਣੀ ਸਕੀਮ ਦੀਆਂ ਤਾਰਾਂ "ਦਰਦੀ "ਦੇ ਲੇਖ ਨਾਲ ਜੌੜੀਆ ਤੱਦ ਚਾਚਾ ਉਛਲ ਉਛਲ ਪੈਣ ਲੱਗਾ, ਚਾਚੇ ਨੇ ਸੱਜਾ ਮੋਢਾ, 'ਤੇ ਖੱਬੀ ਲੱਤ ਹਿਲਾ ਕੇ ਭੰਗੜਾ ਪਾਇਆ। ਦੂਜੀ ਵੀਕ ਚਾਚੇ ਦੀ ਪੇਪਰ ਪੜ੍ਹ ਦੀ ਨਿਗਾਹ "ਭਾਈ ਕਲਿਆਣ ਪੁਰੀ "ਦੇ ਲੇਖ 'ਤੇ ਪਈ। ਜਿਹਨਾਂ ਲਿਖਿਆ ਸੀ। "ਅੱਜ 80 /: ਮਾਇਆ ਸਾਡੇ ਘਰਾਂ ਵਿਚੋਂ ਇਹਨਾਂ ਬਾਬਿਆਂ ਦੇ ਡੇਰੇ 'ਤੇ ਜਾਦੀ ਆ।" ਇਹ ਲੇਖ ਪੜ੍ਹ ਕੇ ਤਾ ਚਾਚੇ ਨੂੰ ਲੱਗਾ ਜਿਵੇਂ ਬਟੇਰੇ ਚਾਚੇ ਦੇ ਪੈਰਾਂ ਦੇ ਲਾਗੇ ਲਾਗੇ ਘੁੰਮ ਰਹੇ ਹੌਣ।

ਅੱਜ ਸਵੇਰੇ ਚਾਚੇ ਨੂੰ "ਬਾਬੇ ਬਖਤੌਰੇ "ਦਾ ਟੈਲੀਫ਼ੋਨ ਆ ਗਿਆ। ਆਖਣ ਲੱਗਾ ! "ਚਾਚਾ ਮੇਰੇ ਵੱਲ ਨੂੰ ਆ ਜਾਵੀ, ਤੈਨੂੰ ਇੱਕ ਵਿਦਵਾਨ ਨੂੰ ਮਿਲਾਉਣਾ ? "ਵਿਦਵਾਨ ਦੱਸਣ ਲੱਗਾ, 'ਜਦੋਂ ਅਸੀਂ ਦੇਸ਼ 'ਤੋਂ ਪ੍ਰਦੇਸਾਂ ਵੱਲ ਆਉਂਦੇ ਆਂ, ਤਾਂ ਆਪਾਂ "ਖਿਸੇ ਪਿੱਟੇ "ਰੀਤ ਰਿਵਾਜ ਵੀ ਨਾਲੇ ਲੈ ਆਉਂਦੇ ਆ। 'ਦੇਖੋ ਨਾ ! ਸਾਡੇ ਗੁਰੂ ਨੇ ਬਾਣੀ ਸਾਨੂੰ ਇਸ ਕਰਕੇ ਦਿੱਤੀ ਸੀ, ਇਹਨੂੰ ਪੜ੍ਹ ਕੇ ਵਧੀਆ ਜੀਵਨ ਬਣਾਉਣਾ, ਪਰ ਅੱਜ ਜੀਵਨ ਦੀ ਤਾ ਗੱਲ ਨਹੀਂ, ਬਸ ਬਾਣੀ ਅਸੀਂ ਸੁੱਖਾ ਪੂਰੀਆਂ ਕਰਨ ਲਈ ਰੱਖ ਲਈ, ਕਿਉਂਕਿ ਧਰਮ ਦੇ ਨਾਂ 'ਤੇ ਲੁੱਟਣਾ 'ਤੇ ਕੁੱਟਣਾ ਬਹੁਤ ਸੌਖਾ, ਅੱਜਕਲ੍ਹ ਇਹੋ ਕੁਝ ਹੋ ਰਿਹਾ, ਦੂਜਾ ਵਹਿਮ ਵਿੱਚ ਫਸੇ ਨੂੰ ਤਾ 'ਲਕਮਾਨ 'ਵੀ ਨਹੀਂ ਠੀਕ ਕਰ ਸਕਦਾ। ਚਾਚਾ ਤੂੰ ਵੀ ਭੇਸ ਬਦਲ ਕੇ "ਢੌਂਗ-ਪੁਣਾਂ "ਕਰਨ ਲੱਗ ਜਾ, ਲੈ ਦੁਨੀਆ ਤੇਰੇ ਮਗਰ ਮਗਰ ਫਿਰੇਗੀ ? ਹੋਰ ਵੀ ਬਹੁਤ ਸਾਰੀਆਂ ਗੱਲਾਂ ਵਿਦਵਾਨ ਨੇ ਕੀਤੀਆਂ, ਵਿਦਵਾਨ ਦੀਆਂ ਗੱਲਾਂ ਸੁਣ ਕੇ ਚਾਚੇ ਨੂੰ ਤਾ ਇੰਝ ਲੱਗਾ , 'ਜਿਦਾਂ ਦੋਵੇਂ ਪੈਰਾਂ ਥੱਲੇ ਬਟੇਰੇ ਆਪਣੇ ਆਪ ਆ ਗਏ। 'ਏਸ ਵੀਕ ਵੀ ਇਕ ਬੀਬੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਪੇਪਰ ਵਿੱਚ ਦੱਸਿਆ ਸੀ। ਇਕ ਬਾਬੇ ਮੇਰੇ ਕੋਲੋਂ ਚਾਲੀ ਹਜ਼ਾਰ ਪੌਂਡ ਲੁੱਟ ਕੇ ਲੈ ਗਿਆ, ਧਾਰਮਿਕ ਸੰਸਥਾਵਾਂ ਨੂੰ ਆਪਣੇ ਪੈਸੇ ਮੁੜਵਾਉਣ ਦੀ ਗੁਹਾਰ ਲਾਈ ਸੀ। ਧਾਰਮਿਕ ਸੰਸਥਾਵਾਂ ਵਲੋਂ ਵੀ ਬੀਬੀ ਨੂੰ ਜਵਾਬ ਆ ਗਿਆ ਸੀ। "ਬੀਬੀ ਤੂੰ ਕਿਹੜਾ ਸਾਨੂੰ ਪੁੱਛ ਕੇ ਦਿੱਤੇ ਸੀ ?" ਇਸ ਬੀਬੀ ਦੀ ਕਹਾਣੀ ਛਪਣ ਦੀ ਦੇਰ ਸੀ। ਤਿੰਨ ਸੌ ਬੀਬੀਆਂ ਰੇਡੀਓ 'ਤੇ ਇਹੋ ਦੱਸ ਰਹੀਆਂ ਸੀ। "ਅਸੀਂ ਲੁੱਟੀਆਂ ਗਈਆਂ ?" ਚਾਚਾ ਇਹ ਸਭ ਦੇਖ ਸੁਣਕੇ ਸੋਚਣ ਲੱਗਾ। ਦੁਨੀਆ ਤਾ ਆਪ ਲੁੱਟ ਹੌਣ ਨੂੰ ਫਿਰਦੀ ਆ, ਬੱਕਰੇ ਤਾ ਆਪ ਕਸਾਈ ਕੋਲ ਜਾਣ ਨੂੰ ਤਿਆਰ ਆ, ਕਿ ਸਾਨੂੰ ਕਰ ਹਲਾਲ ? ਨਾਲੇ ਆਹ ਜੱਗ ਮਿੱਠਾ, ਅਗਲਾ ਕੀਹਨੇ ਡਿੱਠਾ, ਚਾਚਾ ਹੱਸ ਕੇ ਆਖਦਾ, ਪਰ ਅੰਦਰੋ ਨੇਕੀ ਜ਼ੋਰ ਪਾਉਣ ਲੱਗਦੀ, "ਕੀਤੇ ਕੰਮਾਂ ਦਾ ਲੇਖਾ ਦੇਣਾ ਪੈਣਾ ?" ਮੈਂ ਕਿਹੜਾ ਇਕੱਲਾ ਸਾਰੀ ਦੁਨੀਆਂ ਦਾਅ 'ਤੇ ਬੈਠੀ ਆ, ਮੈਂ ਰੋਜ਼ ਪੇਪਰ ਵਿੱਚ ਪੜ੍ਹਦਾ ਕੋਈ ਕਿਸੇ ਸੰਸਥਾ ਨੂੰ ਦਾਅ ਲਗਾ ਗਿਆ। ਕੋਈ ਕਿਸੇ ਸੰਸਥਾ ਨੂੰ ਕੁੰਡੀ ਲਾ ਗਿਆ, ਉਹਨਾਂ ਦਾ ਤੈ ਕੀ ਵਿਗਾੜ ਲਿਆ, ਇਹ ਗੱਲਾਂ ਕਹਿ ਕੇ ਚਾਚਾ ਨੇਕੀ ਨੂੰ ਚੁੱਪ ਕਰਾ ਦਿੰਦਾ, ਬਦੀ ਦੀ ਜਿੱਤ ਹੋ ਜਾਂਦੀ।

ਚਾਚਾ ਆਪਣੀ ਸਕੀਮ ਸਿਰੇ ਚਾੜ੍ਹਨ ਲਈ ਪੰਜਾਬ ਜਾ ਪਹੁੰਚ ਗਿਆ । ਭਰਾਵਾਂ ਦੇ ਉਹੀ ਬੋਲ ਚਾਚੇ ਦੇ ਕੰਨਾਂ ਵਿੱਚ ਪਏ। "ਲੋਕਾਂ ਦਿਆਂ ਮੁੰਡਿਆ ਨੇ ਤਾਂ ਅੱਧੇ ਅੱਧੇ ਪਿੰਡ ਖਰੀਦ ਲਏ, ਤੇਰੇ ਕੋਲੋਂ ਤਾ ਜਹਾਜ਼ ਦੀ ਟਿਕਟ ਲਾਈ ਦੇ ਪੈਸੇ ਨੀ ਮੋੜੇ ? "ਚਾਚਾ ਅੰਦਰੋ ਹੱਸਿਆ, ਮੇਰੀ ਸਕੀਮ ਚੱਲ ਲੈਣ ਦਿਉ, ਤੁਹਾਡੀ ਆ ਬੱਕਰੀਆਂ ਵੀ ਨੋਟ ਖਾਇਆ ਕਰਨਗੀਆਂ ? ਚਾਚਾ ਦੂਜੇ ਦਿਨ ਆਪਣੇ ਪੁਰਾਣੇ ਮਿੱਤਰ "ਦੌਲੀ "ਨੂੰ ਜਾ ਮਿਲਿਆ, ਜਦੋਂ ਚਾਚੇ ਨੇ ਗੱਲਾਂ ਵਿੱਚ ਨੋਟ ਕੀਤਾ, "ਦੌਲੀ "ਦਾ ਲੜਕਾ ਤੇਜ਼ੀ ਵੀ ਚਾਚੇ ਦਾ 'ਹਮ - ਖਿਆਲ 'ਨਿਕਲਿਆ, "ਜਾਣੀਂ ਕੰਮ ਕਰਨਾ ਨਾ ਪਵੇ, ਪੈਸੇ ਕਿਤਿਉ ਡਿੱਗ ਪੈਣ "ਚਾਚੇ ਨੇ ਮੁੱਛਾਂ 'ਤੇ ਹੱਥ ਫੇਰ ਕੇ, "ਦੌਲੀ "ਦੀਆਂ ਦੋ ਤਿੰਨ ਫੋਟੋਆਂ ਖਿੱਚ ਲਈਆਂ, ਸਾਰਾ ਕੁਝ ਤੇਜ਼ੀ ਨੂੰ ਸਮਝਾ ਕੇ ਚਾਚਾ ਵਾਪਸ ਮੁੜ ਆਇਆ, ਆਉਦੇ ਨੇ "ਦੌਲੀ "ਦੀਆ ਦੋ ਫੋਟੋਆਂ ਨੈਟ 'ਤੇ ਲਾਕੇ ਮਸ਼ਹੂਰੀਆਂ ਕੁਝ ਇਸ ਤਰ੍ਹਾਂ ਕੀਤੀਆਂ। "ਬਾਬਾ ਜੀ ! ਬਹੁਤ ਭਾਰੀ ਤਪੱਸਿਆ ਪਹਾੜ ਵਿੱਚ ਕਰਕੇ ਕਈ ਸਾਲਾਂ ਬਾਅਦ ਮੁੜੇ ਨੇ, ਕਿਸੇ ਵੀ ਤਰ੍ਹਾਂ ਦੀ 'ਘਰੇਲੂ ਸਮੱਸਿਆ 'ਹੋਵੇ, ਤੁਸੀਂ ਬਾਬਾ ਜੀ ਨੂੰ ਆਪਣਾ ਸਮਝ ਕੇ ਟੈਲੀਫ਼ੋਨ ਕਰੋ ? "ਬਾਬਾ ਜੀ ! ਤੁਹਾਡੇ ਮਾਇਆ ਵਿੱਚੋਂ ਦਸਵੇਂ ਹਿੱਸਾ ਲੈਣਗੇ, ਬਾਕੀ ਸਾਰਾ ਪੈਸਾ "ਸਮਾਜ-ਸੇਵੀ ਸੰਸਥਾਵਾਂ "ਨੂੰ ਦੇਣਗੇ। "ਵੇਖੋ ਨਾਲੇ ਪੁੰਨ, ਨਾਲੇ ਫਲੀਆਂ ?" ਇਸ ਕਰਕੇ ਤੁਹਾਡਾ ਅਗਲਾ ਜਨਮ ਵੀ ਸਫਲ ਹੋਵੇਗਾ। ਤੁਹਾਡਾ ਕੀਤਾ ਹੋਇਆ ਦਾਨ, ਬਾਬਾ ਜੀ ਦੇ ਹੱਥ ਲੱਗਿਆ ਬਹੁਤ ਵਧੇ ਫੁਲੇਗਾ।

ਸੋ ਦੇਰ ਨਾ ਕਰੋ , "ਪੜਦੇ ਸਾਰ ਨੰਬਰ ਘਮਾਉ, ਹਰ ਮੁਸ਼ਕਿਲ ਘਰ ਵਿੱਚੋਂ ਭਜਾਉ, ਘਰ ਵਿੱਚ ਖੁਸ਼ੀਆਂ ਲੈ ਆਓ ।" ਬਸ ਐਨੀ ਐਡ ਸੋਸਲ ਮੀਡੀਆ 'ਤੇ ਚੱਲਣ ਦੀ ਦੇਰ ਸੀ, ਤੇਜ਼ੀ ਦੇ ਟੈਲੀਫ਼ੋਨ ਦੀਆਂ ਘੰਟੀਆਂ ਖੜਨੀਆਂ ਸ਼ੁਰੂ ਹੋ ਗਈਆਂ। ਤੇਜ਼ੀ ਚਾਚੇ ਦੇ 'ਰੱਟੇ -ਰਟਾਏ 'ਬੋਲ ਬੋਲਣ ਲੱਗ ਪਿਆ।

....''ਬਾਬਾ ਜੀ ਏਸ ਵੇਲੇ ਸਮਾਧੀ ਵਿੱਚ ਨੇ, ਤੁਸੀਂ ਆਪਣਾ ਨਾਂ ਪਤਾ ਦੱਸ ਦੇਵੋ, ਕੱਲ ਨੂੰ ਏਸ ਟਾਈਮ ਟੈਲੀਫ਼ੋਨ ਕਰ ਲੈਣਾ ? "ਤੇਜ਼ੀ ਅਗਲੇ ਦਾ ਸਾਰਾ ਪਤਾ ਠਿਕਾਣਾ ਚਾਚੇ ਨੂੰ ਵੱਟਸੈਪ 'ਤੇ ਭੇਜ ਦਿੰਦਾ, ਚਾਚਾ "ਗੂਗਲ ਬਾਬੇ "'ਤੇ ਜਾ ਕੇ ਸਾਰੀ ਖੋਜ ਕਰ ਲੈਂਦਾ। ਅਗਲੇ ਦਾ ਘਰ ਮੂਹਰੇ ਪਿੱਛੇ 'ਤੋ ਚੰਗੀ ਤਰ੍ਹਾਂ ਫਰੋਲ ਲੈਂਦਾ । ਦੂਜੇ ਦਿਨ ਜਦੋਂ ਦਿੱਤੇ ਹੋਏ ਟਾਈਮ 'ਤੇ ਅਗਲਾ ਟੈਲੀਫ਼ੋਨ ਕਰਦਾ ਤੇਜ਼ੀ ਸਪੀਕਰ ਔਨ ਕਰਕੇ ਦੂਜਾ ਟੈਲੀਫ਼ੋਨ ਚਾਚੇ ਨੂੰ ਲਾ ਦਿੰਦਾ। ਚਾਚਾ ਪੈਂਦੇ ਸੱਟੇ ਆਖਦਾ, "ਭਲਾ ਭਗਤਾ ਤੇਰੀ ਮੂਹਰਲੀ ਡੋਰ ਕਾਲੇ ਰੰਗ ਦੀ ਆ ?"

ਅਗਲਾ ਹੈਰਾਨ ਹੋ ਜਾਂਦਾ, ਸੋਚ ਦਾ ਐਡੀ ਦੂਰ ਬੈਠੇ ਨੂੰ ਕਿੱਦਾਂ ਪਤਾ ਲੱਗ ਗਿਆ ? ਕੋਈ ਪਹੁੰਚੀ ਹੋਈ ਰੂਹ ਲੱਗਦੀ ਆ ? ਮੈ ਸਹੀ ਜਗ੍ਹਾ ਟੈਲੀਫ਼ੋਨ ਲਗਾਇਆ, ਹੁਣ ਮੇਰੇ ਸਾਰੇ ਕੰਮ ਸਹੀ ਹੋਣਗੇ ? ਚਾਚੇ ਇੱਕ ਦੋ ਨਿਸ਼ਾਨੀਆਂ ਹੋਰ ਦੱਸਦਾ, ਗਾਹਕ ਚਾਚੇ ਦੇ ਪੂਰੀ ਤਰਾਂ ਹੱਥ ਹੇਠ ਹੁੰਦਾ । ਚਾਚਾ ਅਗਲਾ ਤੀਰ ਛੱਡ ਕੇ, ਅਗਲੀ ਕੁੰਢੀ ਇੱਦਾਂ ਲਗਾਉਂਦਾ।

...ਭਗਤਾ ਮੈਂ ਸਾਰਾ ਕੁਝ ਵੇਖ ਲਿਆ, ਇਹ ਤਾਂ ਤੁਹਾਡੇ 'ਤੇ ਕਿਸੇ ਆਪਣੇ ਨੇ ਹੀ ਬਹੁਤ "ਵੱਡਾ ਕਾਰਾ "ਕੀਤਾ ਹੋਇਆ, ਮੈਂ ਤਾਂ ਹੈਰਾਨ ਹਾਂ, ਤੁਸੀਂ ਬਚ ਕਿੱਦਾਂ ਗਏ ? "ਅਗਲੇ ਨੇ ਤਾਂ ਕੋਈ ਕਸਰ ਨਹੀਂ ਛੱਡੀ, ਤਹਾਨੂੰ ਬਰਬਾਦ ਕਰਨ ਦੀ ? "ਪੈਸਾ ਤਾਂ ਆਉਂਦਾ ਬਹੁਤ ਆ, ਪਰ ਪਤਾ ਨੀ ਲੱਗਦਾ, ਇਹ ਜਾਂਦਾ ਕਿਧਰੇ ਆ ? ਨਿਆਣੇ ਆਖੇ ਨੀ ਲੱਗਦੇ, ਨਾ ਵਿਆਹ ਕਰਾਉਣ ਨੂੰ ਮੰਨਦੇ ਨੇ, ਮਨ ਵਿੱਚ ਹਰ ਵੇਲੇ ਪੇਸ਼ਾਨੀ ਰਹਿੰਦੀ ਆ, ਹਰ ਵੇਲੇ ਦਿਲ ਕਰਦਾ ਰਹਿੰਦਾ ਘਰ ਛੱਡ ਕੇ ਕਿਤੇ ਭੱਜ ਜਾਈਏ ? "ਇੰਨਾ ਕਹਿ ਕੇ ਚਾਚਾ ਪੁੱਛ ਲੈਂਦਾ ,

"ਭਗਤਾ ਮੈਂ ਕੋਈ ਝੂਠ ਤਾਂ ਨਹੀਂ ਬੋਲਿਆ ? "

ਅਗਲਾ ਆਖਦਾ ਬਾਬਾ ਜੀ ਬਿਲਕੁਲ ਸੱਚ ਆ ?ਅੱਖਰ ਅੱਖਰ ਤੁਹਾਡੀ ਗੱਲ ਸੱਚ ਆ ?

ਅਗਲਾ ਕਦਮ ਚਾਚਾ ਚੁੱਕ ਕੇ ਆਖਦਾ,....."ਭਗਤਾ ਕੰਮ ਤਾ ਤੇਰਾ ਬਹੁਤ ਵੱਡਾ, ਪਰ ਇਹ ਹੋ ਜਾਵੇਗਾ, ਇਹ ਮੇਰੀ ਗਰੰਟੀ ਆ, ਪਰ ਪੈਸਾ ਥੌੜਾ ਜਿਆਦਾ ਲੱਗੇਗਾ, ਮੈਨੂੰ ਮਿਹਨਤ ਬਹੁਤ ਕਰਨੀ ਪਵੇਗੀ ? "ਇੰਨਾ ਕਹਿਕੇ ਚਾਚਾ ਗੇਂਦ ਅਗਲੇ ਦੇ ਵਿਹੜੇ ਵਿੱਚ ਸੁੱਟ ਦੇਂਦਾ। ਚਾਚਾ ਸੱਤ ਕੁ ਹਜ਼ਾਰ ਪੌਂਡ 'ਤੋਂ ਆਪਣੀ ਫ਼ੀਸ ਸੁਰੂ ਕਰਦਾ, ਕਦੇ ਕੁਝ ਕਹਿ ਕੇ, ਕਦੇ ਕੁਝ ਕਹਿ ਕੇ ਬਾਰਾਂ ਤੇਰਾ ਹਜ਼ਾਰ ਪੌਂਡ ਦੋ ਕੁ ਮਹੀਨਿਆਂ ਵਿੱਚ ਅਗਲੇ 'ਤੋਂ ਲੈ ਜਾਂਦਾ। ਬੈਂਕ ਖਾਤਾ ਦੀ ਨਾ ਵਰਤੋ ਕਰਦਾ, ਦੋ ਨੰਬਰ ਵਿੱਚ ਪੈਸੇ ਉਧਰ ਦੇ ਕੇ ਇਧਰ ਰੁਪਈਆ ਵਿੱਚ ਲੈ ਲੈਂਦਾ। ਜੇ ਅਗਲਾ ਮੂਹਰੇ 'ਤੋ "ਤਿੱੜ ਫਿੱੜ "ਕਰਦਾ ਚਾਚਾ ਆਖਦਾ, "ਚੰਗਾ ਭਗਤਾਂ, ਮੇਰੇ ਦੂਜੇ ਭਗਤ ਦਾ ਟੈਲੀਫ਼ੋਨ ਆ ਰਹਿਆ, ਤੂੰ ਫੇਰ ਕਰ ਲਈ ? "ਅਗਲਾ ਚਾਚੇ ਨੂੰ ਟੈਲੀਫ਼ੋਨ ਕੱਟਣ ਨਾ ਦਿੰਦਾ, ਜੇ ਕੱਟ ਵੀ ਦਿੰਦਾ, ਤਾ ਚਾਚੇ ਦੇ ਦੱਸੇ ਹੋਏ ਐਡਰੈਸ 'ਤੇ ਪੈਸੇ ਭੇਜ ਦਿੰਦਾ। ਕਨੇਡਾ, ਇੰਗਲੈਂਡ ਅਮਰੀਕਾ , ਆਸਟਰੇਲੀਆਈ ਵਾਸੀਆਂ 'ਤੋਂ ਚਾਚਾ ਠੋਕ ਕੇ ਪੈਸੇ ਲੈਂਦਾ, ਬਾਕੀ ਦੇਸ਼ਾਂ ਵਾਲਿਆਂ 'ਤੋ ਘੱਟ ਲੈਂਦਾ। ਬਸ ਇਹੋ ਚਾਚਾ ਸਾਰਿਆਂ ਨੂੰ "ਰੱਟੇ ਰਟਾਏ "ਅੱਖਰ ਬੋਲਦਾ।

ਤੇਜ਼ੀ ਨੂੰ ਵੀ ਸ਼ਖ਼ਤ ਹਦਾਇਤ ਸੀ, ਇੰਡੀਆ 'ਤੋ ਕੋਈ ਕੇਸ ਨੀ ਫੜਨਾ । ਚਾਚੇ ਨੇ ਕੱਲਾ ਇਹ ਬਿਜਨੈਸ ਨਹੀਂ ਸੀ। ਸਗੋਂ ਜਿਹਦੀ ਗਾਰਡਨ ਵਿੱਚ ਦਰੱਖਤ ਹੁੰਦਾ। ਉਹਨੂੰ ਆਖਦਾ, "ਭਗਤਾ ਤੇਰਾ ਕੰਮ ਏਸ ਦਰੱਖਤ ਕਰਕੇ ਨੀ ਹੁੰਦਾ ? "ਇਹਨੂੰ ਪੱਟ ਕੇ ਮਾਰ ? ਉੱਤੋਂ ਚਾਚਾ ਇੱਕ ਹੋਰ ਫੌੜ ਮਾਰਦਾ, "ਜੇ ਭਗਤਾ ਨਹੀਂ ਪੱਟ ਸਕਦਾ , ਤਾ ਮੈਂ ਉਪਾਅ ਕਰ ਦਿੰਨਾ ?" ਅਗਲਾ ਬਾਰਾਂ ਸੌ ਪੌਂਡ ਦੇਣ ਦੇ ਜੱਬ ਨਾਲੋਂ ਚਾਚੇ ਨੂੰ ਅੱਠ ਸੌ ਪੌਂਡ ਦੇ ਕੇ ਉਪਾਅ ਕਰਾ ਲੈਂਦਾ। ਚਾਚੇ ਅਗਲੇ ਨੂੰ ਹਲਾਸ਼ੇਰੀ ਦਿੰਦਾ,

ਬਾਕੀ ਹਿਸਾ ਸਫ਼ਾ 58 ਤੇ ਪੜ੍ਹੋ →

### 57 ਸਫ਼ੇ ਦੀ ਬਾਕੀ

ਭਗਤਾ ਹੁਣ ਤੇਰਾ ਕੰਮ ਕਰਨ ‘ਤੋਂ ਮੈਨੂੰ ਕੋਈ ਤਾਕਤ ਨੀ ਰੋਕ ਸਕਦੀ? ਇਸ ‘ਤੋਂ ਇਲਾਵਾ ਚਾਚਾ ਜਿਹਦੀ ਡੋਰ ਚਿੱਟੇ ਰੰਗ ਦੀ ਹੁੰਦੀ, ਉਹਨੂੰ ਕਾਲੇ ਰੰਗ ਦੀ ਪਾਉਣ ਨੂੰ ਕਹਿੰਦਾ, ਜਿਹੜੇ ਵੀ ਰੰਗ ਦੀ ਹੁੰਦੀ ਉਹਦੇ ਉਲਟ ਰੰਗ ਦੱਸਦਾ। ਅਗਲਾ ਡੋਰ ਬਦਲਣ ਦੀ ਬਜਾਏ ਚਾਚੇ ‘ਤੋਂ ਉਪਾਅ ਕਰਾ ਲੈਂਦਾਂ। ਦੂਜੇ ਤੀਜੇ ਦਿਨ ਚਾਚੇ ਦੇ ਇੱਕ ਅੱਧਾ ਗਾਹਕ ਹੱਥੇ ਚੜ ਜਾਂਦਾ ਚਾਚਾ ਰੂਹ ਨਾਲ ਨਿਚੋੜਦਾ। ਇੱਕ ਵਾਰ ਚਾਚੇ ਨਾਲ ਇੱਦਾਂ ਵੀ ਹੋਇਆ ਚਾਚਾ ਦੱਸ ਬੈਠਾ, ਭਗਤਾ ਤੇਰੀ ਚਿੱਟੇ ਰੰਗ ਦੀ ਡੋਰ ਤੇਰੇ ਲਈ ਮਨਹੂਸ ਆ ? ਕੋਈ ਹੋਰ ਰੰਗ ਠੀਕ ਰਹੇਗਾ ? ਉਹ ਪਿਉ ਦੇ ਪੁੱਤ ਨੇ ਉਪਾਅ ਤਾਂ ਕੋਈ ਨੀ ਪੁੱਛਿਆ, ਸਗੋਂ ਵੀਹ ਪੌਂਡ ਦਾ ਰੰਗ ਲਿਆ ਕੇ ਡੋਰ ਚਿੱਟੇ ‘ਤੋਂ ਕਾਲੇ ਰੰਗ ਦੀ ਕਰ ਦਿੱਤੀ। ਇਹ ਚਾਚੇ ਦੇ ਬਿਜਨਿਸ ਵਿੱਚ ਪਹਿਲੀ ਵਾਰ ਘਾਟਾ ਪਿਆ ਸੀ। ਚਾਚੇ ਨੂੰ ਥੋੜਾ ਜਿਹਾ ਅਹਿਸਾਸ ਵੀ ਹੋਇਆ ਸੀ, ‘ਕਦੇ ਕਦੇ ਮੋਰ ਵੀ ਚੋਰਾਂ ਨੂੰ ਪੈ ਜਾਂਦੇ ਨੇ ?’ ਚਾਚੇ ਦੇ ਹੱਥ ਵਿੱਚ ਮੀਂਹ ਵਾਂਗ ਪੈਸੇ ਡਿੱਗਣ ਲੱਗ ਪਏ। ਜੇ ਕੋਈ ਚਾਚੇ ਨੂੰ ਕਹਿ ਦਿੰਦਾ। “ਬਾਬਾ ਜੀ ! ਕੋਈ ਫ਼ਰਕ ਨੀ ਪਿਆ ? “ਚਾਚੇ ਦਾ ਸਾਰਿਆਂ ਨੂੰ ਇੱਕੋ ਉਤਰ ਹੁੰਦਾ, “ਭਗਤਾ ਚਾਲੀ ਫੁੱਟ ਟੋਏ ਭਰਨ ਨੂੰ ਟਾਈਮ ਤਾਂ ਲਗਦਾ ਕਿ ਨਹੀਂ ? “ਅਗਲਾ ਨਿਰਉੱਤਰ ਹੋ ਜਾਂਦਾ। ਜੇ ਕੋਈ ਬਾਹਲ਼ਾ ਜੋਰ ਪਾਉਂਦਾ ਤਾ ਚਾਚਾ ਆਖਦਾ, ਭਗਤਾ ਆਹ ਇੱਕ ਪਰਿਵਾਰ ਨਿਊਜ਼ੀਲੈਂਡ ‘ਤੋਂ ਮੈਨੂੰ ਪੰਜ ਤੋਲੇ ਦਾ ਕੜਾ ਪਾ ਕੇ ਗਏ ਨੇ, ਕਹਿੰਦੇ ਅਸੀਂ ਹਜ਼ਾਰਾਂ ਡਾਲਰ ਬਰਬਾਦ ਕੀਤੇ, ਕਿਸੇ ‘ਤੋਂ ਸਾਡਾ ਕੰਮ ਨਹੀਂ ਹੋਇਆ, ਤੁਸੀਂ ਸਾਡਾ ਸਾਲ ਵਿੱਚ ਸਭ ਕੁਝ ਠੀਕ ਕਰ ਮਾਰਿਆ ? ਭਗਤਾ ਸਾਨੂੰ ਤਾਂ ਸੋਨੇ ਨਾਲ ਕੋਈ ਪਿਆਰ ਨਹੀਂ ਪਰ ਅਗਲੇ ਦਾ ਮਾਣ ਵੀ ਹੁੰਦਾ। ਚਾਚਾ ਇੱਦਾਂ ਦੀਆਂ ਦੋ ਚਾਰ ਗੱਲਾਂ ਮਾਰ ਕੇ ਅਗਲੇ ਨੂੰ ਉਡੀਕ ਕਰਨ ਦੇ ਚੱਕਰ ਵਿੱਚ ਪਾ ਦਿੰਦਾ। ਚਾਚਾ ‘ਤੇ ਤੇਜ਼ੀ ਭਾਵੇਂ ਰੱਲ ਕੇ ਇਹ ਕਾਰਾ ‘ਤਾ ਜਲੰਧਰ ‘ਤੋਂ ਕਰਦੇ, ਪਰ ਪਤਾ ਠਿਕਾਣਾ ਫਾਜਿਕਲਾ ਵੱਲ ਦਾ ਦੱਸਦੇ। ਜੇ ਕੋਈ ਬਾਬਾ ਜੀ ਮਿਲਣ ਦੀ ਗੱਲ ਕਰਦਾ ਤਾਂ ਤੇਜ਼ੀ ਝੱਟ ਕਹਿ ਦਿੰਦਾ, ‘ਬਾਬਾ ਜੀ ਦੋ ਮਹੀਨੇ ਵਾਸਤੇ ਭੋਰੇ ਵਿੱਚ ਨੇ, ਹਾਲੇ ਕਿਸੇ ਨੂੰ ਨਹੀਂ ਮਿਲ ਸਕਦੇ ਪੂਜਾ ਕਰਦੇ ਨੇ ? ਚਾਚਾ ਜਿੱਦਾ ਦੋ ਨੰਬਰ ਵਿੱਚ ਪੈਸੇ ਬਾਹਰੋਂ ਮੰਗਵਾਉਂਦਾ, ਉਦਾ ਦੋ ਨੰਬਰ ਵਿੱਚ ਪੌਂਡ ਇੰਗਲੈਂਡ ਆ ਜਾਂਦੇ । ਇਸ ਮਾਮਲੇ ਵਿੱਚ ਤੇਜ਼ੀ ‘ਤੇ ਚਾਚਾ ਦੋਵੇਂ ਇਮਾਨਦਾਰ ਸੀ। ਅੱਧ ਚਾਚੇ ਦਾ, 30/: ਚਾਚੇ ਦੇ ਭਰਾਵਾਂ ਦਾ, 20/: ਤੇਜ਼ੀ ਦਾ । ਚਾਚੇ ਨੂੰ ਸਾਲ ਹੋ ਚੱਲਿਆ ਸੀ, ਇਹ “ਗੋਰਖ ਧੰਦਾ “ਕਰਦੇ ਨੂੰ, ਚਾਚੇ ਨੇ ਸੋਚਿਆ ਇਸ ਧੰਦੇ ‘ਤੋਂ ਪਰਦਾ ਉੱਠੇ , ਇਹ ਧੰਦਾ ਬੰਦ ਕਰ ਦੇਣਾ ਚਾਹੀਦਾ। ਲਾਲਚ ਬਹੁਤਾ ਚੰਗਾ ਨੀ ਹੁੰਦਾ। ਹੋਰ ਨਾ “ਗਧੀ ਗੇੜ “ਪੈ ਜਾਵੇ। ਮਕਾਨ ਵੀ ਵਧੀਆ ਲੈ ਲਿਆ, ਗੱਡੀ ਵੀ ਵਧੀਆ, ਭਰਾਵਾਂ ਦੇ ਵੀ ਮੇਹਣੇ ਧੋ ਦਿੱਤੇ। ਚਾਚੇ ਨੇ ਤੇਜ਼ੀ ਨੂੰ ਵੀ ਦੱਸ ਦਿੱਤਾ ਅੱਜ ‘ਤੋਂ ਇਹ ਧੰਦਾ ਬੰਦ, ਨਾਲੇ ਦੋਵੇਂ ਟੈਲੀਫ਼ੋਨ ਨੂੰ ਅੱਗ ਲਾ ਦੇ, ਜਾਂ ਸਿੰਮਾਂ ਕੱਢ ਕੇ ਕਿਸੇ ਖੂਹ ਵਿੱਚ ਸੁੱਟਿਆ। ਫੇਰ ਨਾ ਆਖੀ, “ਕਣਕ ਨਾਲ ਸੁਸਰੀ ਵੀ ਪੀਠੀ ਗਈ। “ਚਾਚਾ ਐਤਕੀਂ ਪਿੰਡ ਗਿਆ ਤਾਂ ਭਰਾਵਾਂ ਨੇ ਬਹੁਤ ‘ਤੇਹ ਮੋਹ ‘ਕੀਤਾ। ਚਾਚੇ ਨੂੰ ਪਤਾ ਆ ‘ਕਲਜੁਗ ਵਿੱਚ ਸਭ ਰਿਸ਼ਤੇ ਪੈਸੇ ਦੇ ਨੇ? ‘ਭਾਵੇਂ ਕੋਈ ਲੱਖ ਟਾਹਰਾਂ ਮਾਰੀ ਜਾਵੇ। ਚਾਚਾ ਅੱਜ ਫਗਵਾੜੇ ਕਿਸੇ ਕੰਮ ਗਿਆ। ਕੀ ਵੇਖਦਾ, ਇਕ ਕੋਠੀ ‘ਤੇ ਵੱਡਾ ਸਾਰਾ ਬੋਰਡ ਲੱਗਾ ਹੋਇਆ ਸੀ। ਜਿਸ ਉਤੇ ਲਿਖਿਆ ਹੋਇਆ ਸੀ।

....“ਘਰ ਵਿੱਚ ਕਿਸੇ ਕਿਸਮ ਦੀ ਪ੍ਰੇਸ਼ਾਨੀ ਹੋਵੇ, ਹਰ ਤਕਲੀਫ਼ ਦਾ ਪੱਕਾ ਇਲਾਜ, ਲਾਲ ਕਿਤਾਬ ਦੇ ਬਾਦਸ਼ਾਹ, ‘ਪੰਡਤ ਤੇਜ ਰਾਮ ਤੇਜਾ “ਜਦੋਂ ਚਾਚੇ ਨੇ ਅੰਦਰ ਜਾ ਕੇ ਦੇਖਿਆ, ‘ਇਹ ਤਾਂ ਤੇਜ਼ੀ ਸੀ।’ ਅੰਦਰ ਕਾਫੀ ਭੀੜ ਸੀ। ਇਕ ਗਾਹਕ ਤੇਜ਼ੀ ਨਾਲ ਬਹਿਸ ਰਹਿਆ ਸੀ। ਪੰਡਤ ਜੀ ! ਤੁਸੀਂ ਤਾਂ ਕਹਿਆ ਸੀ, ਤੇਰਾ ਵੀਜ਼ਾ ਲੱਗ ਜਾਵੇਗਾ, ਪਰ ਮੈਨੂੰ ਤਾਂ ਵੀਜ਼ਾ ‘ਤੋਂ ਨਾਂ ਹੋ ਗਈ ? “ਲੈ ਭਗਤਾ ! ਮੈਨੂੰ ਪਤਾ ਸੀ ਕਿ ਤੈਨੂੰ ਵੀਜ਼ਾ ਨਹੀਂ ਮਿਲੇਗਾ?

ਪਰ ਜੇ ਮੈਂ ਤੈਨੂੰ ਦੱਸ ਦਿੰਦਾ, ਤੇਰੇ ਮਨ ‘ਤੇ ਕੀ ਅਸਰ ਪੈਂਦਾ, ਹੋ ਸਕਦਾ ਤੂੰ ਮਰਨ ਵਾਰੇ ਸੋਚਣ ਲੱਗ ਜਾਂਦਾ, ਜੇ ਇਹ ਭਾਣਾ ਵਰਤ ਜਾਂਦਾ, ਨਾਲੇ ਤਾ ਮਾਪਿਆਂ ਦਾ ਪੁੱਤ ਜਾਂਦਾ ਲੱਗਦਾ, ਨਾਲੇ 25 ਲੱਖ ਏਜੰਟ ਦਿੱਤੇ ਜਾਂਦੇ ਲੱਗਦੇ ? ਦੁਬਾਰਾ ਫ਼ਾਈਲ ਲਗਾ,ਮੈਂ ਵੀ ਤੇਰੇ ਲਈ ਪਾਠ ਕਰਾਂਗਾ ? ਤੇਜ਼ੀ ਇਹੋ ਜਿਹਾ ਗੱਲਾਂ ਦਾ ਕੜਾਹ ਬਣਾਉਂਦਾ, ਅਗਲਾ ਸਾਰਾ ਆਪਣਾ ਕਸੂਰ ਮੰਨਦਾ। ਚਾਚਾ ਜਦੋਂ ਤੇਜ਼ੀ ਨੂੰ ਮਿਲਿਆ, ਤੇਜ਼ੀ ਨੇ ਚਾਚੇ ਦੇ ਪੈਰੀਂ ਹੱਥ ਲਾਏ। ਜਦੋਂ ਚਾਚੇ ਨੇ ਤੇਜ਼ੀ ਤੋ ਕਈ ਸਵਾਲ ਪੁੱਛੇ, ਚਾਚਾ ਜੀ ! “ਜੁਆਰੀ ਜੂਆ ਤਾਂ ਛੱਡ ਸਕਦਾ, ਪਰ ਆਦਤਾਂ ਨਹੀਂ “ਇਹ ਆਦਤਾਂ ਵੀ ਚਾਚਾ ਤੁਸੀਂ ਮੈਨੂੰ ਪਾਈਆਂ, ਨਾਲੇ ਚਾਚਾ ਵਥੇਰੇ ਅੱਜਕੱਲ੍ਹ ਵੀਜ਼ਾ ਲੁਆਉਣ ਦੇ ਚੱਕਰ ਵਿੱਚ ਲੁੱਟ ਦੇ ਨੇ, ਕੋਈ ਪਾਸਪੋਰਟ ਤੇ ਲੀਕ ਮਾਰ ਕੇ, ਕੋਈ ਪਾਸਪੋਰਟ ‘ਤੇ ਫੂਕ ਮਾਰ ਕੇ, ਕੋਈ ਪਾਸਪੋਰਟ ‘ਤੇ ਕੁੱਝ ਕਰਕੇ, ‘ਤੇ ਕੋਈ ਕੁਝ ਕਰਕੇ, ਇੱਥੇ ਤਾਂ ਚਾਚਾ ਲੋਕ 25,25 ਲੱਖ ਜੇਬਾਂ ਵਿੱਚ ਪਾ ਕੇ ਫਿਰਦੇ ਕੋਈ ਸਾਡਾ ਵੀਜ਼ਾ ਲੁਆ ਦੇਵੇ, ਜੇ ਉਹਦੇ ਵਿੱਚੋਂ ਅਸੀਂ ਲੱਖ ਰੁਪਈਏ ਲੈ ਲਏ ਤਾਂ ਕਿਹੜਾ ਪਹਾੜ ਨੇ ਡਿੱਗ ਪੈਣਾ। ਤੈਨੂੰ ਪਤਾ ਆ ਚਾਚਾ ਜੀ, ਧਾਰਮਿਕ ਸਥਾਨਾਂ ‘ਤੇ ਖਿਡੌਣੇ ਜਹਾਜ਼ ਚੜ੍ਹਦੇ ਨੇ, ਸਾਡੇ ਕੋਲੋਂ ਮੰਤਰ ਦੇ ਪਾਠ ਕਰਾਉਂਦੇ ਨੇ, ਜਦੋਂ ਚਾਚਾ ਦੁਨੀਆਂ ਆਪ ਲੁੱਟ ਹੋਣ ਨੂੰ ਕਹਿੰਦੀਆਂ, ਦੱਸ ਅਸੀਂ ਕੀ ਕਰੀਏ ? ਨਾਲੇ ਚਾਚਾ ਮੈ ਕਿਹੜਾ ਇਕੱਲਾ, ਤੈਨੂੰ ਵੀ ਤਾਂ ਇਸ “ਧੰਦੇ “ਨੇ ਰਿਜ਼ਕ ਦਿੱਤਾ। ਅੱਜ ਤੂੰ ਸਾਨੂੰ ਮੱਤਾਂ ਦੇਣ ਲੱਗ ਪਿਆ, ਬਸ ਫਰਕ ਇੰਨਾ ਕੁ ਆ ਤੈ ਇਹ “ਧੰਦਾ “ਥੋੜੀ ਦੇਰ ਚਲਾ ਕੇ ਤੁਸੀਂ ਮੋਟਾ ਹੱਥ ਮਾਰ ਲਿਆ। ਅਸੀਂ ਅਜੇ ਲੱਗੇ ਹੋਏ ਆ। ਚਾਚਾ ਐਦਾਂ ਅਖਾਣ ਬਣ ਜਾਂਦੀ ਆ। “ਨੌ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ “ਚਾਚਾ ਤੇਜ਼ੀ ਦੀਆਂ ਗੱਲਾਂ ਸੁਣ ਕੇ ਹੈਰਾਨ ਹੋ ਗਿਆ।

ਵੇਖੋ ਅੱਜ ਸਾਡੀ ਬਿੱਲੀ ਸਾਨੂੰ ਮਿਊਅ ਕਰਨ ਲੱਗ ਪਈ। ਚਾਚਾ ਸੋਚਣ ਲੱਗ ਪਿਆ, ਨਾ ਡਿਗਰੀ ਦੀ ਲੋੜ, ਨਾ ਕੁਝ ਹੋਰ ਕਰਨ ਦੀ ਲੋੜ, ਦੁਨੀਆਂ ਅੱਜਕੱਲ੍ਹ ਸੌਖਾ ਰਸਤਾ ਲੱਭ ਦੀ ਆ, ਬਸ ਕੋਈ ਆਪਣਾ ਥੋੜਾ ਜਿਹਾ ਦਿਮਾ਼ਗ ਵਰਤ ਲਵੇ, ਜਿਦਾਂ ਚਾਚਾ ਸੋਚੇ ਮੈਂ ਵਰਤਿਆ, ਬਸ ਪੈਸਾ ਪੈਸਾ, ਨਾ ਫੈਕਟਰੀ ਵਿੱਚ ਹੱਡ ਤੁੜਵਾਉਣ ਦੀ ਲੋੜ, ਨਾ ਕੁੱਝ ਹੋਰ ਕੰਮ ਕਰਨ ਦੀ ਲੋੜ, ਫੇਰ ਕਹਿੰਦੇ ਚਾਚਾ ਬੋਲਦਾ।

## ELECTIONS ARE CONSTITUTIONAL OBLIGATION AND CONTESTING GROUPS TRY THEIR LUCK

There are provisions in our Constitution that there should be elections after each tenure of five years and since we adopted this Constitution, we had been holding elections and we have also notedt hat only two contesting groups are in the field who try to come out as victors. The contest had always been only two leaders and the candidates they nominate for our votes are just members to bring out victor who becomes Prime Minister and the man with low numbers hold charge of the opposition.

The candidates too are identified and parties and groups too are identuified and the people too know much about the programmes and targets of each group. Till date the candidates never gave us their programmes and targets and specifically admit that they shall be there only to strengthen hands of the leader of the wing to which they belong and till date none of the candidates tell or promise the people that he shall be trying to solve such and such problems of the people of the area or shall do such and such things for the country asa whole.

Since there are no specific programmes with the contesting groups, people have lost interest and faith in elections and percentage of votes has started going down. And once even in Punjab only ten percentage of votes were tendered and even then the government completed the tenure of five years. The people are silent and even in press this subject is not coming. What shall be the future of this country none knows. And inspite of all these items pending, we are talking of development andl ast date too has been fixed. Let us see which way the wind goes.

Advocqate Dalip Singh Wasan,
Email dalipsinghwassan@yahoo.co.in

## ਐਡਮਿੰਟਨ ਵਿਖੇ ਮਨਾਇਆ ਗਿਆ 13ਵਾਂ ਮੇਲਾ ਪੰਜਾਬੀਆਂ ਦਾ

ਅਲਬਰਟਾ ਦੀ ਰਾਜਧਾਨੀ ਐਡਮਿੰਟਨ ਦੀ ਪੂਸ਼ਾ ਗਰਾਊਂਡ ਵਿਖੇ 13ਵਾਂ ਮੇਲਾ ਪੰਜਾਬੀਆਂ ਦਾ ਧੂਮ-ਧਾਮ ਅਤੇ ਸ਼ਰਧਾ ਭਾਵ ਨਾਲ ਪੰਜਾਬੀਆਂ ਦੇ ਭਾਰੀ ਇਕੱਠ ਦਰਮਿਆਨ ਦਿਲ ਖਿਚਵੇਂ ਅਤੇ ਅਕਰਸ਼ਕ ਢੰਗ ਨਾਲ ਮਨਾਇਆ ਗਿਆ। ਇਸ ਮੇਲੇ ਵਿਚ ਪ੍ਰਸਿੱਧ ਪੰਜਾਬੀ ਗਾਇਕ ਬਲਕਾਰ ਸਿੱਧੂ, ਸਤਵਿੰਦਰ ਬਿੱਟੀ, ਉਪਿੰਦਰ ਮਠਾਰੂ, ਜੱਸੀ ਸੋਹਲ, ਸੁੱਖੀ ਬਰਾੜ, ਦੋ ਗਾਣਾ ਜੋੜੀ ਹਰਦੀਪ ਸਿੱਧੂ ਤੇ ਪਰਵੀਨ ਦਰਦੀ, ਪ੍ਰੀਮ ਬਰਾੜ, ਕਮਲ ਬਰਾੜ, ਭੁਪਿੰਦਰਪਾਲ ਸਿੰਘ ਰੰਧਾਵਾ, ਸਿੰਘ ਹਰਜੋਤ, ਸਿਮਰਨ ਸਹੋਤਾ, ਗੁਰਇਕਬਾਲ ਬਰਾੜ, ਐਸ. ਰਿਸ਼ੀ, ਸਾਹਿਲ ਸੂਚ, ਰੂਬੀ ਮਦਹੋਕ, ਦਸ਼ਵੀ ਅਦਹੋਕ, ਸਮਰਪਨ ਅਤੇ ਤਾਇਆ ਬੰਤਾ ਨੇ ਅਪਣੀ-ਅਪਣੀ ਗਾਇਨ ਕਲਾ ਦੇ ਜ਼ਰੀਏ ਲੋਕਾਂ ਨੂੰ ਅਪਣੀ ਮਿਕਨਾਤੀਸੀ ਆਵਾਜ਼ ਨਾਲ ਬੰਨੀ ਰੱਖਿਆ। ਇਸ ਮਨਮੋਹਿਕ ਅਤੇ ਪ੍ਰਭਾਵਸ਼ਾਲੀ ਮਨੋਰੰਜਨ ਨੇ ਪੰਜਾਬੀ ਸਭਿਆਚਾਰ ਤੇ ਚਾਰ ਚੰਨ ਲਗਾ ਕੇ ਰੱਖ ਦਿੱਤੇ। ਸਾਰਾ ਮੇਲਾ ਵੱਖ-ਵੱਖ ਰੰਗਦਾਰ ਸੁਸ਼ੋਭਿਤ ਪਗੜੀਆਂ ਲਾਲ ਅਲੰਕਾਰਿਤ ਸੀ। ਏਦਾਂ ਲਗ ਰਿਹਾ ਸੀ ਜਿਵੇਂ ਸਾਰਾ ਪੰਜਾਬ ਹੀ ਉਮੜ ਆਇਆ ਹੋਵੇ। ਇਸੇ ਮੇਲੇ ਦੀ ਸ਼ੋਭਾ ਵਧਾਉਣ ਲਈ ਹਰ ਧਰਮ ਦੇ ਲੋਕ ਸ਼ਾਮਿਲ ਹੋਏ।

ਐਡਮਿੰਟਨ ਵਿਖੇ ਲਗਭਗ ਅੱਸੀ ਹਜ਼ਾਰ ਦੇ ਕਰੀਬ ਪੰਜਾਬੀ ਰਹਿੰਦੇ ਹਨ। ਇਸ ਤਰ੍ਹਾਂ ਦੇ ਮੇਲੇ ਅਪਣੀ ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਨੂੰ ਜ਼ਿੰਦਾ ਰੱਖਣ ਦੇ ਸੁਚੱਜੇ ਉਪਰਾਲੇ ਮੰਨੇ ਜਾਂਦੇ ਹਨ। ਲੋਕਾਂ ਵਿਚ ਪੰਜਾਬੀਅਤ ਦਾ ਇਕ ਜੋਸ਼, ਹੋਸ਼, ਅਪਣੇਂਪਨ ਦਾ ਮੋਹ, ਅਪਣੀ ਮਿੱਟੀ ਦਾ ਮੋਹ ਜ੍ਹਾਗਿਤ ਹੁੰਦਾ ਪ੍ਰਤੀਤ ਹੁੰਦਾ ਹੈ। ਇਸ ਮੇਲੇ ਦੇ ਮੁੱਖ ਪ੍ਰਬੰਧਕ ਅਤੇ ਮੁੱਖ ਸੂਤਰਧਾਰ ਉਪਿੰਦਰ ਮਠਾਰੂ, ਬਿੰਦਰ ਬਿਰਕ, ਕੁਲਬੀਰ ਉਪਲ, ਹਰਜਿੰਦਰ ਸਿੰਘ ਢੇਸੀ, ਦੇਵਮਾਨ ਐਮ. ਐਲ. ਏ., ਬਲਜੀਤ ਕਲਸੀ, ਸੰਦੀਪ ਪੰਧੇਰ, ਪੰਕਜ ਦੂਆ, ਮਹਿੰਦਰ ਤੂਰ ਅਤੇ ਹਰਦੀਪ ਲਾਲੀ ਨੇ ਉਤਮ ਉਧਮ ਕਰਕੇ ਮੇਲੇ ਦੀ ਰੂਪ ਰੇਖਾ ਨੂੰ ਬੁਲੰਦੀ ਤਕ ਪਹੁੰਚਾ ਕੇ ਪੰਜਾਬੀਅਤ ਦੀ ਸੇਵਾ ਦਾ ਵਡਮੁੱਲਾ ਯੋਗਦਾਨ ਪਾਇਆ। ਇਸ ਮੇਲੇ ਦੇ ਸਹਿਯੋਗੀ ਕਨੇਡੀਅਨ ਮੋਸਿਕ ਆਰਟਿਸਟ ਐਸੋਸੀਏਸ਼ਨ ਆਫ਼ ਐਡਮਿੰਟਨ ਅਤੇ ਪੰਜਾਬ ਯੂਨਾਈਟਡ ਸਪੋਰਟਸ ਐਂਡ ਹੈਰੀਟੇਜ ਐਸੋਸੀਏਸ਼ਨ ਅਤੇ ਉਪਲ ਟਰੱਕਿੰਗ ਲਿਮ. ਸਨ। ਸਭ ਗਾਇਕਾਂ ਨੂੰ ਪ੍ਰਬੰਧਕਾਂ ਵਲੋਂ ਸਨਮਾਨਿਤ ਕੀਤਾ ਗਿਆ। ਇਹ ਮੇਲਾ ਦੁਪਹਿਰੇ ਇਕ ਵਜੇ ਤੋਂ ਲੈ ਕੇ ਰਾਤ ਦੇ ਦਸ ਵਜੇ ਦੇ ਕਰੀਬ ਚੱਲਿਆ। ਪ੍ਰਬੰਧਕਾਂ ਨੇ ਮੇਲੇ ਦੇ ਇਕੱਠ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਅਗਲੇ ਸਾਲ ਫਿਰ ਇਸ ਮੇਲੇ ਨੂੰ ਕਰਵਾਉਣ ਦੇ ਪ੍ਰਣ ਨਾਲ ਅਲਵਿਦਾ ਕਿਹਾ। ਮੰਚ ਸੰਚਾਲਨ ਦੇ ਫ਼ਰਜ਼ ਲਾਡੀ ਸੂਸਾਂ ਵਾਲਾ ਨੇ ਬਖ਼ਬੂਬੀ ਨਿਭਾਏ।

ਬਲਵਿੰਦਰ ਬਾਲਮ ਐਡਮਿੰਟਨ ਕਨੇਡਾ